Distributed in Toronto, Calgary, Vancouver, Winnipeg and Edmonton and Online Worldwide.

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-7, ਅੰਕ-10, ਅਕਤੂਬਰ 2017

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਅੱਜ ਦੇ ਆਲਮ ਵਾਸਤੇ ਵੱਡਾ ਖਤਰਾ




# ਨਸਲਪ੍ਰਸਤੀ ਅਤੇ ਫਾਸ਼ੀਵਾਦ



ਮਲਕੀਤ ਸਿੰਘ
ਐਬਸਫੋਰਡ ਬੀ. ਸੀ.

ਗੱਲ ਕੋਈ ਬਹੁਤੀ ਪੁਰਾਣੀ ਨਹੀਂ। ਦਿਨ ਸ਼ਨੀਵਾਰ, 12 ਅਗਸਤ 2017, ਸਥਾਨ, ਅਮਰੀਕਾ ਦਾ ਸੂਬਾ ਵਰਜੀਨੀਆ, ਸ਼ਹਿਰ ਚਾਰਲਸਵਿੱਲ ਦਾ ਇਕ ਪਾਰਕ।

ਇਸ ਪਾਰਕ ਵਿਚ ਗੋਰੇਸ਼ਾਹੀ ਨਸਲਪ੍ਰਸਤਾਂ ਨੇ ਰੈਲੀ ਕਰਨੀ ਮਿਥੀ ਸੀ। ਉਨ੍ਹਾਂ ਦਾ ਅੰਦਾਜ਼ਾ ਸੀ, ਅਮਰੀਕਾ ਭਰ ਦੇ ਦੋ ਸੌ ਚੋਟੀ ਦੇ ਨਸਲਪ੍ਰਸਤਾਂ ਨੂੰ ਇਕੱਠੇ ਕਰਨ ਦਾ। ਤਿਆਰੀਆਂ ਉਹ ਲੰਬੇ ਸਮੇਂ ਤੋਂ ਕਰ ਰਹੇ ਸਨ। ਤਿਆਰੀਆਂ ਵਜੋਂ, 11 ਅਗਸਤ ਉਨ੍ਹਾਂ ਜੋ ਕੀਤਾ ਉਹ ਰੌਂਗਟੇ ਖੜ੍ਹੇ ਕਰਨ ਵਾਲਾ ਹੈ।

12 ਅਗਸਤ ਦੇ ਦਿਨ ਭਰ ਹਮਲਾ ਕਰਕੇ ਮਾਰੀ ਤਾਂ ਇਕੋ ਨੌਜਵਾਨ ਕੁੜੀ ਹੀਥਰ ਡੀ ਹੇਅਰ। ਪਰ 11 ਅਗਸਤ ਨੂੰ ਹਾਲਤ ਅਜਿਹੇ ਸਨ ਕਿ ਦਰਜਨਾਂ ਲੋਕ, ਯੂਨੀਵਰਸਿਟੀ ਦੇ ਵਿਦਿਆਰਥੀਆਂ ਸਮੇਤ ਉਨ੍ਹਾਂ ਦੀ ਦਹਿਸ਼ਤਗਰਦੀ ਦਾ ਸ਼ਿਕਾਰ ਹੋ ਕੇ ਮਾਰੇ ਜਾ ਸਕਦੇ ਸਨ। ਇਸੇ ਦਿਨ ਪਹਿਲੀ ਵਾਰ ਗੋਰੇਸ਼ਾਹੀ ਨਸਲਪ੍ਰਸਤਾਂ ਨੇ, ਜੋ ਤਾਂਡਵ ਨਾਚ ਨੱਚਿਆ, ਉਹ ਆਪਣੇ ਬੁਰਕੇ ਹੁੱਡੀਆਂ ਲਾਹ ਕੇ ਨੱਚਿਆ। ਹੁਣ ਉਨ੍ਹਾਂ ਨੇ ਆਪਣੇ ਸ਼ਾਹ ਕਾਲੇ ਮਖੌਟੇ ਪਾਉਣ ਦੀ ਲੋੜ ਨਹੀਂ ਸਮਝੀ। ਉਨ੍ਹਾਂ ਦਾ ਮਾਲਕ ਪ੍ਰਧਾਨ ਟਰੰਪ ਹੁਣ ਅਮਰੀਕਾ ਦਾ ਤਾਨਾਸ਼ਾਹ ਜੁ ਹੈ।

**12 ਅਗਸਤ ਤੋਂ ਪਹਿਲਾਂ :** ਨਸਲਪ੍ਰਸਤਾਂ ਦੀਆਂ ਤਿਆਰੀਆਂ ਵਿਚ ਸਿਰਫ਼ ਚਾਰਲਸ ਵਿੱਲ ਹੀ ਨਹੀਂ, ਸਗੋਂ ਪੂਰੇ ਵਰਜੀਨੀਆਂ ਵਿਚ ਅਵਾਮ ਨੂੰ ਖੌਫ਼ਜ਼ੁਦਾ ਕਰਨ ਦੀ ਪਲਾਨ ਸੀ। ਚਾਰਲਸਵਿੱਲ ਵਿਚ ਜਮਹੂਰੀਅਤ ਅਤੇ ਅਮਨਪਸੰਦ ਧਿਰ ਉਨ੍ਹਾਂ ਦੇ ਵਿਰੋਧ ਵਿਚ ਵੱਡੀ ਰੈਲੀ ਕਰਨ ਵਾਲੀ ਸੀ। ਇਸ ਕਰਕੇ ਨਸਲਪ੍ਰਸਤਾਂ ਦੀਆਂ ਗੁੰਡਾ ਟੋਲੀਆਂ ਵਿਰੋਧੀਆਂ ਦੀ ਨਿਸ਼ਾਨਦੇਹੀ ਕਰ ਰਹੀਆਂ ਸਨ। ਉਨ੍ਹਾਂ ਦਾ ਪਿਛਾ ਕਰਕੇ ਡਰਾ ਧਮਕਾ ਰਹੀਆਂ ਸਨ। ਆਪਣਾ ਬਚਾਅ ਕਰਨ ਵਾਸਤੇ ਬਹੁਤੇ ਲੋਕ ਘਰਾਂ ਨੂੰ ਜੰਦਰੇ ਮਾਰ ਕੇ, ਦੋਸਤਾਂ ਮਿਤਰਾਂ ਦੀ ਸ਼ਰਨ ਵਿਚ ਚਲੇ ਗਏ ਸਨ।

ਸ਼ੁੱਕਰਵਾਰ ਸ਼ਹਿਰ ਦੀ ਯੂਨੀਵਰਸਿਟੀ ਦੇ ਕੁਝ ਖੱਬੇ ਪੱਖੀ ਅਤੇ ਜਮਹੂਰੀਅਤ ਪਸੰਦ ਵਿਦਿਆਰਥੀਆਂ ਨੇ ਵਿਰੋਧ ਰੈਲੀ ਦੀ ਤਿਆਰੀ ਵਜੋਂ ਪਾਰਕ ਵਿਚ ਲੱਗੇ ਇਕ ਲੋਕ ਨਾਇਕ ਦੇ ਬੁੱਤ ਗਿਰਦ ਘੇਰਾ ਪਾਇਆ ਹੋਇਆ ਸੀ। ਇਹ ਇਕ ਚਿੰਨ੍ਹ ਸੀ ਕਿ ਨਸਲਪ੍ਰਸਤ ਗੋਰਾਸ਼ਾਹਾਂ ਦਾ ਵਿਰੋਧ ਹੋਵੇਗਾ।

ਇਨ੍ਹਾਂ ਵਿਦਿਆਰਥੀਆਂ ਉਪਰ ਨਸਲਪ੍ਰਸਤਾਂ ਦੀਆਂ ਸ਼ਹਿਰ ਵਿਚ ਦਨ-ਦਨਾਉਂਦੀਆਂ ਫਿਰਦੀਆਂ ਟੋਲੀਆਂ ਨੇ ਬਲਦੀਆਂ ਮਸ਼ਾਲਾਂ ਨਾਲ ਹਮਲਾ ਕਰ ਦਿੱਤਾ। ਉਹ ਅਸ਼ਲੀਲ ਧਮਕਾਊ ਅਤੇ ਨਸਲਵਾਦੀ ਨਾਅਰੇ ਮਾਰ ਰਹੇ ਸਨ। ਵਿਦਿਆਰਥੀਆਂ ਉਪਰ ਤੇਲ ਛਿੜਕ ਦਿੱਤਾ ਅਤੇ ਬਲਦੀਆਂ

(ਬਾਕੀ ਸਫ਼ਾ 5)


9

ਯੂਨੀਵਰਸਟੀ ਦੇ ਲ਼ਾਰੇ, ਅਜੇ ਦੂਰ ਦੀ ਗੱਲ ਸਾਰੇ


14

ਸਦਾ ਪ੍ਰੇਰਣਾ ਸਰੋਤ ਰਹੇਗਾ ਰੂਸੀ ਸਮਾਜਵਾਦੀ ਇਨਕਲਾਬ



22

ਯੂਨੀਵਰਸਿਟੀਆਂ, ਸਨਾਤਨੀ ਸੰਸਕਾਰ ਅਤੇ ਦਰਦ ਵਿਹੂਣੀ 'ਮਨ ਕੀ ਬਾਤ'




ਕੈਲਗਰੀ ਵਿਖੇ ਹੋ ਰਹੀਆਂ ਸਿਟੀ ਕੌਂਸਲ ਚੋਣਾਂ ਸੰਬੰਧੀ ਵਿਦਵਾਨਾਂ ਦੇ ਵਿਚਾਰ ਅਤੇ ਹੋਰ ਰਿਪੋਰਟਾਂ ਪੜ੍ਹੋ ਸਫ਼ਾ 32 ਤੋਂ 35

SUPER VISA INSURANCE




Sherjang Singh Rana
416.910.9000

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Sandeep Ahuja
416.660.1010


CAMBRIDGE
Cambridge Park - Phase 3
NOW OPEN!
AMAR
DEVELOPMENTS
#2 Park Drive • T: 403.272.7665 • F: 403.235.1977 • www.amarltd.com
Manjit Dubra 403-690-2885 • Rani Dubra 403-612-7881 • Amar Dubra 403-470-2627


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


FIVE STAR INSURANCE
Save up to 51%
• Auto • Home
• Business
Get the best rates with us!
FIVE STAR
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

## SARO KARAN DI AWAZ

**Publisher**
Pro-People Arts Project Media Group 29 Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Gurbachan Singh Brar
Calgary (NE) Alberta
403-470-2628
brargurbachan@yahoo.ca

**Sports Advisor**
Sukhvir Grewal
778-979-4948
sukhsports@gmail.com

**Advisory Board**
Narbhinder Singh (India)
935-443-0211

Buta Singh Nawan Shahr (India)
946-347-4342
atoozed@gmail.com

Jaswant Zirakh (India)
98151-69825
jaswantzirakh@gmail.com

Jagmohan Singh Dhudike
Winnipeg

Parshotam Dosanjh, Surrey (BC)
1-604-512-8371

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

**Graphic Desinger**
Baljinder Singh
+91-98782-29598
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।












# ਕੀ ਮਨੁੱਖ ਨੂੰ ਧਰਮ ਦੀ ਲੋੜ ਹੈ ?



ਹਰੀਪਾਲ
403-714-4816



ਗੁਫਾ ਯੁਗ ਤੋਂ ਲੈ ਕੇ ਪਿੰਡ ਦੇ ਉਸਾਰਨ ਤੱਕ ਮਨੁੱਖ ਨੂੰ ਬਹੁਤ ਸਮਾਂ ਲੱਗਿਆ। ਸ਼ਿਕਾਰੀ ਮਨੁੱਖ ਨੇ ਜਦ ਬਿਜਲੀ ਡਿੱਗਣ ਦੀ ਅੱਗ ਨਾਲ ਸੜੇ ਹੋਏ ਕਿਸੇ ਜਾਨਵਰ ਦਾ ਮਾਸ ਖਾਧਾ ਤਾਂ ਇਹ ਮਾਸ ਉਸ ਨੂੰ ਕੱਚੇ ਮਾਸ ਨਾਲੋਂ ਜ਼ਿਆਦਾ ਸੁਆਦੀ ਲੱਗਿਆ। ਇਸ ਸਮੇਂ ਮਨੁੱਖ ਅੱਗ ਨੂੰ ਸਾਂਭਣ ਜਾਂ ਇਕ ਦੂਜੇ ਤੋਂ ਅੱਗ ਖੋਹਣ ਵਿਚ ਲੱਗਿਆ ਰਿਹਾ। ਅੱਜ ਬਿਜਲੀ ਤੂਫਾਨ ਚੰਦ ਸੂਰਜ ਤੋਂ ਪ੍ਰਭਾਵਿਤ ਹੋ ਕੇ ਮਨੁੱਖ ਇਨ੍ਹਾਂ ਤੋਂ ਡਰਨ ਵੀ ਲੱਗ ਪਿਆ। ਸ਼ਿਕਾਰ ਦਾ ਟਾਇਮ ਅਤੇ ਪਸ਼ੂ ਪਾਲਣ ਦੇ ਸਮੇਂ ਦੌਰਾਨ ਮਨੁੱਖ ਕੁਦਰਤੀ ਸ਼ਕਤੀਆਂ ਤੋਂ ਡਰਦਾ ਇਨ੍ਹਾਂ ਨੂੰ ਪੂਜਣ ਵੀ ਲੱਗ ਪਿਆ। ਜਦ ਮਨੁੱਖ ਨੂੰ ਖੇਤੀ ਕਰਨ ਦੀ ਸੋਝ ਆਈ ਤਾਂ ਮਨੁੱਖ ਨੇ ਇਕ ਥਾਂ ਟਿਕ ਕੇ ਰਹਿਣਾ ਸ਼ੁਰੂ ਕੀਤਾ ਤਾਂ ਇਥੋਂ ਹੀ ਆਪਦੀ ਸੁਰੱਖਿਆ ਵਾਸਤੇ ਪਿੰਡ ਬੰਨਣ ਦੀ ਸ਼ੁਰੂਆਤ ਹੋਈ। ਪਿੰਡ ਨੇ ਸਮਾਜ ਨੂੰ ਜਨਮ ਦਿੱਤਾ। ਇਹ ਜ਼ਰੂਰੀ ਸੀ ਕਿ ਮਨੁੱਖਾਂ ਨੂੰ ਜਾਲਮਾਨ ਪ੍ਰਵਿਰਤੀਆਂ ਤੋਂ ਰੋਕਣ ਲਈ ਕੋਈ ਡਰ ਪਾਇਆ ਜਾਵੇ ਅਤੇ ਇਸੇ ਡਰ ਨੇ ਪਹਿਲਾਂ ਦੇਵੀ ਦੇਵਤੇ ਅਤੇ ਫਿਰ ਰੱਬ ਦਾ ਡਰ ਪੈਦਾ ਕੀਤਾ। ਰੱਬ ਦੇ ਡਰ ਨੇ ਇਕ ਵਿਹਲੜ ਪੁਜਾਰੀ ਜਮਾਤ ਪੈਦਾ ਕੀਤੀ ਅਤੇ ਇਸ ਪੁਜਾਰੀ ਜਮਾਤ ਨੇ ਆਤਮਾ ਦੀ ਕਾਢ ਕੱਢੀ। ਮਨੁੱਖ ਨੂੰ ਕਿਹਾ ਗਿਆ ਕਿ ਤੂੰ ਮਰਦਾ ਨਹੀਂ ਹੈ; ਇਹ ਤਾਂ ਸਿਰਫ਼ ਤੇਰੀ ਆਤਮਾ ਹੈ ਜੋ ਚੋਲਾ ਬਦਲਦੀ ਹੈ। ਨਰਕ ਸੁਰਗ ਦੀ ਕਾਢ ਕੱਢੀ ਗਈ ਅਤੇ ਹੌਲੀ-ਹੌਲੀ ਧਰਮ ਨੇ ਜਨਮ ਲਿਆ, ਸਮਾਂ ਪਾ ਕੇ ਇਹ ਧਰਮ ਜਥੇਬੰਦਕ ਧਰਮ ਦਾ ਰੂਪ ਧਾਰਨ ਕਰ ਗਿਆ। ਵੱਖ-ਵੱਖ ਜਗ੍ਹਾ 'ਤੇ ਵੱਖੋ-ਵੱਖਰੇ ਧਰਮਾਂ ਦੀ ਸਿਰਜਣਾ ਹੋਈ। ਹੌਲੀ ਹੌਲੀ ਇਹ ਧਰਮ ਕੱਟੜਤਾ ਦਾ ਰੂਪ ਧਾਰਨ ਕਰ ਗਏ। ਬੇਸ਼ੱਕ ਧਾਰਮਿਕ ਗੁਰੂਆਂ ਨੇ ਧਰਮ ਨੂੰ ਸ਼ਾਂਤੀ ਅਤੇ ਮਨੁੱਖ ਦੀ ਭਲਾਈ ਦਾ ਪ੍ਰਤੀਕ ਦੱਸਿਆ ਪਰ ਜਦ ਧਰਮ ਨੂੰ ਸੱਤਾ ਹਥਿਆਉਣ ਲਈ ਵਰਤਿਆ ਜਾਣ ਲੱਗਾ ਤਾਂ ਧਰਮ ਨੇ ਇਕ ਦੂਜੇ ਦੇ ਵਿਰਕਿਆਂ ਦੇ ਆਹੂ ਲਾਹੇ। ਇਤਿਹਾਸ ਗਵਾਹ ਹੈ ਕਿ ਬਹੁਗਿਣਤੀ ਵਾਲੇ ਧਰਮ ਨੇ ਹਮੇਸ਼ਾ ਹੀ, ਘੱਟ ਗਿਣਤੀ ਦੇ ਬੱਚਿਆਂ ਬੁੱਢਿਆਂ ਤੱਕ 'ਤੇ ਜ਼ੁਲਮ ਕੀਤੇ, ਔਰਤਾਂ ਨਾਲ ਬਲਾਤਕਾਰ ਕੀਤੇ ਅਤੇ ਰੱਬ ਦੇ ਨਾਂ 'ਤੇ ਸਭ ਕੁਝ ਜਸਟੀਫਾਈ ਕਰ ਲਿਆ।

**ਧਾਰਮਿਕ ਅਦਾਰੇ** : ਹੁਣ ਹਰ ਜਗ੍ਹਾ ਵੱਡੇ ਵੱਡੇ ਧਾਰਮਿਕ ਕੇਂਦਰ ਉਸਰ ਰਹੇ ਹਨ ਜਾਂ ਬਹੁਤ ਚਿਰਾਂ ਤੋਂ ਉਸਰੇ ਹਨ। ਸੰਗਮਰਮਰ ਇਨ੍ਹਾਂ ਧਾਰਮਿਕ ਕੇਂਦਰਾਂ ਤੇ ਲਾਇਆ ਜਾ ਰਿਹਾ ਹੈ, ਵੱਡੇ ਗੁੰਬਦ ਬਣਾਏ ਜਾ ਰਹੇ ਹਨ, ਸੋਨੇ ਦੇ ਪੱਤਰੇ ਚੜ੍ਹਾਏ ਜਾ ਰਹੇ ਹਨ ਅਤੇ ਨਾਲ ਦੀ ਨਾਲ ਬੇਘਰਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਗਰੀਬ ਲੋਕ ਜਿਹੜੀ ਥੋੜ੍ਹੀ ਬਹੁਤ ਕਮਾਈ ਕਰਦੇ ਹਨ, ਉਸ ਦਾ ਕਿੰਨਾ ਹੀ ਵੱਡਾ ਹਿੱਸਾ ਇਨ੍ਹਾਂ ਧਾਰਮਿਕ ਕੇਂਦਰਾਂ 'ਤੇ, ਪੈਸੇ ਦੇ ਅਤੇ ਪਾਵਰ ਦੇ ਕੰਟਰੋਲ ਲਈ ਲੜਾਈਆਂ ਹੋ ਰਹੀਆਂ ਹਨ। ਫਿਰ ਵੀ ਲੋਕਾਂ ਦਾ ਇਨ੍ਹਾਂ ਧਾਰਮਿਕ ਕੇਂਦਰਾਂ 'ਤੇ ਆਉਣ ਜਾਣ ਘਟਿਆ ਨਹੀਂ ਸਗੋਂ ਵਧਿਆ ਹੈ। ਆਰਥਿਕ ਤੌਰ 'ਤੇ ਤੰਗ ਲੋਕ ਸੋਚਦੇ ਹਨ ਕਿ ਇਨ੍ਹਾਂ ਧਾਰਮਿਕ ਕੇਂਦਰਾਂ 'ਤੇ ਜਾਣ ਨਾਲ ਉਨ੍ਹਾਂ ਦੇ ਦੁੱਖ ਦਰਦ ਦੂਰ ਹੋ ਜਾਣਗੇ। ਪੂੰਜੀਵਾਦ ਇਸ ਸਭ ਕਾਸੇ ਨੂੰ ਹੋਰ ਬੜ੍ਹਾਵਾ ਦੇ ਰਿਹਾ ਹੈ। ਕਿਸੇ ਸਮੇਂ ਰਾਜਿਆਂ ਨੂੰ ਧਰਮਾਂ ਦੀ ਲੋੜ ਹੁੰਦੀ ਸੀ, ਪੁਜਾਰੀ ਜਮਾਤ ਲੋਕਾਂ ਨੂੰ ਇਹ ਸਿੱਖਿਆ ਦਿੰਦੀ ਸੀ ਕਿ ਰਾਜੇ ਤਾਂ ਰੱਬ ਨੇ ਪੈਦਾ ਕੀਤੇ ਹਨ ਤਾਂ ਕਿ ਲੋਕ ਰਾਜਿਆਂ ਦੇ ਉਲਟ ਬਗਾਵਤ ਨਾ ਕਰ ਸਕਣ। ਪਰ ਹੁਣ ਰਾਜਿਆਂ ਦੇ ਯੁੱਗ ਤੋਂ ਬਾਅਦ ਪੂੰਜੀਤੰਤਰ (ਲੋਕਤੰਤਰ) ਨੂੰ ਵੀ ਧਰਮ ਦੀ ਉਨੀ ਹੀ ਜ਼ਰੂਰਤ ਹੈ, ਆਪਦੀ ਉਮਰ ਲੰਮੀ ਕਰਨ ਲਈ। ਇਸੇ ਕਰਕੇ ਹੀ ਸੰਸਦ ਭਵਨਾਂ ਵਿਚ ਵੱਖ-ਵੱਖ ਧਰਮਾਂ ਦੀਆਂ ਧਾਰਮਿਕ ਰਸਮਾਂ ਨਿਭਾਈਆਂ ਜਾ ਰਹੀਆਂ ਹਨ।

ਹੁਣ ਦੂਜਾ ਪਾਸਾ ਇਹ ਹੈ ਕਿ ਸਕੂਲ ਜਿਥੇ ਕਿ ਟੇਲੈਂਟ ਪੈਦਾ ਹੁੰਦਾ ਹੈ, ਉਸਦੀਆਂ ਬਿਲਡਿੰਗਾਂ ਢਹਿ ਰਹੀਆਂ ਹਨ, ਉਨ੍ਹਾਂ ਸਰਕਾਰੀ ਸਕੂਲਾਂ 'ਚ ਅਧਿਆਪਕਾਂ ਦੀ ਘਾਟ ਹੈ, ਬੱਚਿਆਂ ਨੂੰ ਨਾ ਹੀ ਡੈਸਕ ਨਾ ਹੀ ਪੱਖੇ ਸਗੋਂ ਬਹੁਤ ਜਗ੍ਹਾ ਪੀਣ ਵਾਲੇ ਪਾਣੀ ਦਾ ਵੀ ਕੋਈ ਖਾਸ ਪ੍ਰਬੰਧ ਨਹੀਂ ਹੈ। ਕਿਉਂਕਿ ਸਰਕਾਰੀ ਸਕੂਲ ਅਧਿਆਪਕ ਜਥੇਬੰਦੀਆਂ ਪੈਦਾ ਕਰਦਾ ਹੈ, ਇਸ ਕਰਕੇ ਜਥੇਬੰਦੀਆਂ 'ਚੋਂ ਡਰੀਆਂ ਹੋਈਆਂ ਸਰਕਾਰਾਂ ਪ੍ਰਾਈਵੇਟ ਸਕੂਲਾਂ ਨੂੰ ਗਰਾਂਟਾਂ ਦੇ ਰਹੀਆਂ ਹਨ। ਅਸੀਂ ਭੋਲੇ-ਭਾਲੇ ਲੋਕ ਸਰਕਾਰਾਂ ਦੀਆਂ ਇਨ੍ਹਾਂ ਚਾਲਾਂ ਨੂੰ ਸਮਝ ਨਹੀਂ ਰਹੇ। ਧਾਰਮਿਕ ਸਕੂਲਾਂ ਨੂੰ, ਧਾਰਮਿਕ ਅਦਾਰਿਆਂ ਨੂੰ ਗਰਾਂਟਾਂ ਦੇ ਗੱਫੇ ਦਿੱਤੇ ਜਾ ਰਹੇ ਹਨ ਤਾਂ ਕਿ ਲੋਕ ਧਰਮਾਂ ਵਿਚ ਵੰਡੇ ਰਹਿਣ ਅਤੇ ਇਕੱਠੇ ਹੋ ਕੇ ਆਪਦੇ ਹੱਕ ਮੰਗਣ ਦੀ ਕੋਸ਼ਿਸ਼ ਨਾ ਕਰਨ ਅਤੇ ਪੂੰਜੀਵਾਦ ਦੀ ਲੁੱਟ ਜਾਰੀ ਰਹੇ।

**ਧਰਮ ਤੋਂ ਬਿਨਾਂ ਅਰਥ-ਪੂਰਨ ਜ਼ਿੰਦਗੀ** : ਧਰਮ ਲੋਕਾਂ ਨੂੰ ਉਨ੍ਹਾਂ ਦਾ ਡਰ ਦੂਰ ਕਰਨ ਲਈ ਇਕ ਆਸਰਾ ਦਿੰਦਾ ਹੈ ਪਰ ਬਹੁਤ ਲੋਕ ਹਨ ਜਿਹੜੇ ਕਿ ਇਸ ਆਸਰੇ ਤੋਂ ਮੁਕਤ ਹੋ ਕੇ ਆਪਦੀ ਜ਼ਿੰਦਗੀ ਦੇ ਅਰਥ ਢੂੰਡਦੇ ਹਨ। ਆਪਦੀ ਜ਼ਿੰਦਗੀ ਦੇ ਵੱਡੇ ਵੱਡੇ ਨਿਸ਼ਾਨੇ ਮਿਥਕੇ, ਲੋਕ ਭਲਾਈ ਦੇ ਕੰਮ, ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਚੇਤੰਨ ਕਰਨ ਦੇ ਕੰਮ, ਲੋਕਾਂ ਨੂੰ ਸਿੱਖਿਆ ਦੇਣ ਦੇ ਕੰਮ, ਵਾਤਾਵਰਣ ਪ੍ਰਤੀ ਚੇਤਨਤਾ ਪੈਦਾ ਕਰਨਾ ਅਤੇ ਸਭ ਤੋਂ ਵੱਡੀ ਰਾਜਸੀ ਗੁਲਾਮੀ ਅਤੇ ਆਰਥਿਕ ਗੁਲਾਮੀ ਤੋਂ ਨਿਜਾਤ ਪਾਉਣ ਲਈ ਲੋਕਾਂ ਨੂੰ ਤਿਆਰ ਕਰਨਾ, ਬਜ਼ੁਰਗਾਂ ਦੀ ਦੇਖ ਭਾਲ ਲਈ ਸੀਨੀਅਰ ਕੇਅਰਜ਼ ਹੋਮ ਬਣਾਉਣਾ, ਬੇਸਹਾਰਾ ਲੋਕਾਂ ਲਈ ਸੈਲਟਰ ਬਣਾਉਣਾ। ਧਰਮ ਦੇ ਕੋਲ ਆਪਦੇ ਆਪ ਨੂੰ ਬੇਸਹਾਰਾ ਕਹਿ ਕੇ ਜਾਣ ਦੀ ਥਾਂ ਆਪ ਕਿਸੇ ਦਾ ਸਹਾਰਾ ਬਣਨਾ। ਸਾਨੂੰ ਸਭ ਨੂੰ ਪਤਾ ਹੈ ਅਸੀਂ ਔਰਤ ਦੇ ਮਰਦ ਦੇ ਮੇਲ 'ਚੋਂ ਪੈਦਾ ਹੋਏ ਹਾਂ, ਇਸੇ ਪ੍ਰਕਿਰਿਆ ਨਾਲ ਹੀ ਹੋਰ ਜੀਵ ਜਾਨਵਰ ਪੈਦਾ ਹੋਏ ਹਨ ਜਾਂ ਹੁਣ ਤਾਂ ਕਿਸੇ ਦਾ ਸਰੀਰ ਦਾ ਇਕ ਸੈੱਲ ਲੈ ਕੇ ਉਸ ਨੂੰ ਕਲੋਨ ਵੀ ਕੀਤਾ ਜਾ ਸਕਦਾ ਹੈ, ਭਾਵ ਬਿਲਕੁਲ ਉਹ ਜਿਹਾ ਮਨੁੱਖ ਬਣਾਇਆ ਜਾ ਸਕਦਾ ਹੈ ਜਿਸ ਤੋਂ ਇਹ ਸੈਲ ਲਿਆ ਗਿਆ ਹੋਵੇ। ਫਿਰ ਰੱਬ ਦਾ ਕੀ ਰੋਲ ਰਹਿ ਜਾਂਦਾ ਹੈ। ਕਿਸੇ ਅਦਿੱਖ ਸ਼ਕਤੀ ਦਾ ਡਰ, ਮਨ ਵਿਚ ਸਾਰੀ ਉਮਰ ਪਾਲੀ ਜਾਣਾ, ਮਨੁੱਖ ਦੇ ਵਿਕਾਸ ਵਿਚ ਰੋੜਾ ਹੀ ਅਟਕਾ ਸਕਦਾ ਹੈ।

ਨਾਨ-ਧਾਰਮਿਕ ਹੋਣ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਮਨੁੱਖ ਨਰਕ ਸੁਰਗ ਦੇ ਚੱਕਰ 'ਚੋਂ ਨਿਕਲ ਜਾਂਦਾ ਹੈ। ਬਹੁਤ ਲੋਕ ਨੇ ਜਿਹੜੇ ਨਰਕ ਸੁਰਗ ਦੇ ਡਰ ਵਿਚ ਆਪਦੀ ਜ਼ਿੰਦਗੀ ਨਰਕ ਬਣਾਈ ਜਾਂਦੇ ਹਨ। ਨਰਕ ਸੁਰਗ ਬਾਰੇ ਮਹਾਤਮਾ ਬੁੱਧ ਦੀ ਕਹੀ ਹੋਈ ਇਕ ਗੱਲ ਜ਼ਰੂਰ ਚੇਤੇ ਰੱਖਣੀ ਚਾਹੀਦੀ ਹੈ। ਮਹਾਤਮਾ ਬੁੱਧ ਨੂੰ ਕਿਸੇ ਨੇ ਪੁੱਛਿਆ ਕਿ ਨਰਕ ਸੁਰਗ ਕਿਥੇ ਹੈ ਤਾਂ ਬੁੱਧ ਦਾ ਜਵਾਬ ਬੜਾ ਵਧੀਆ ਸੀ ਕਿ ਜੇਕਰ ਸਾਡੀਆਂ ਲੋੜਾਂ, ਸਾਡੀ ਆਮਦਨ ਤੋਂ ਜ਼ਿਆਦਾ ਹਨ ਤਾਂ ਅਸੀਂ ਜਿਉਂਦੇ ਜੀਅ ਨਰਕ ਭੋਗਦੇ ਹਾਂ ਅਤੇ ਜੇਕਰ ਸਾਡੀਆਂ ਲੋੜਾਂ ਸਾਡੀ ਆਮਦਨ ਤੋਂ ਘੱਟ ਹਨ ਤਾਂ ਅਸੀਂ ਜਿਉਂਦੇ ਜੀਅ ਸੁਰਗ ਹੰਢਾਉਂਦੇ ਹਾਂ। ਹਰ ਇਕ ਨੂੰ ਪਤਾ ਹੈ ਕਿ ਅਸੀਂ ਕੰਮ ਕਰਾਂਗੇ ਤਾਂ ਹੀ ਰੋਟੀ ਮਿਲੂਗੀ। ਫੇਰ ਰੱਬ ਤਾਂ ਦਿੰਦਾ ਨਹੀਂ ਰੋਟੀ ਤਾਂ ਅਸੀਂ ਕੰਮ ਕਰਕੇ ਕਮਾਈ ਹੈ। ਧਰਮਾਂ ਦੇ ਚੱਕਰ 'ਚੋਂ ਨਿਕਲ ਕੇ ਇਕ ਖਾਸ ਤਰ੍ਹਾਂ ਦੀ ਅਜ਼ਾਦੀ ਦਾ ਅਹਿਸਾਸ ਹੋ ਜਾਂਦਾ ਹੈ। ਸਾਨੂੰ ਪਤਾ ਲੱਗ ਜਾਂਦਾ ਹੈ ਕਿ ਕੋਈ ਨਰਕ ਸੁਰਗ ਨਹੀਂ ਹੈ, ਸਾਨੂੰ ਸਿਰਫ਼ ਇਕ ਜ਼ਿੰਦਗੀ ਮਿਲੀ ਹੈ ਜਿਹੜੀ ਅਸੀਂ ਬੜੇ ਸਾਰਥਿਕ ਤਰੀਕੇ ਨਾਲ ਜਿਊਣੀ ਹੈ। ਜਿਹੜੇ ਤੱਤ ਕੁਦਰਤ 'ਚੋਂ ਆ ਕੇ ਸਾਨੂੰ ਜ਼ਿੰਦਗੀ ਬਖ਼ਸ਼ਦੇ ਹਨ ਉਹ ਤੱਤ ਸਾਡੀ ਮੌਤ ਤੋਂ ਬਾਅਦ ਕੁਦਰਤ ਵਿਚ ਵਾਪਸ ਚਲੇ ਜਾਂਦੇ ਹਨ। ਕਹਿੰਦੇ ਹਨ ਕਿ ਕਿਊਬਾ ਦੇ ਇਨਕਲਾਬ ਤੋਂ ਬਾਅਦ ਕਾਸਟਰੋ ਨੇ ਚਰਚਾ ਦੇ ਜਾ ਗਿਰਜਾ ਘਰਾਂ ਦੇ ਵੇਅਰ ਹਾਊਸ ਬਣਾ ਦਿੱਤੇ ਅਤੇ ਪਾਦਰੀਆਂ ਦੀ ਛੁੱਟੀ ਕਰ ਦਿੱਤੀ ਤਾਂ ਪਾਦਰੀਆਂ ਨੇ ਕਿਹਾ ਕਿ ਅਸੀਂ ਤੈਨੂੰ ਸਰਾਪ ਦਿੰਦੇ ਹਾਂ ਤੂੰ ਰੱਬ ਦੇ ਘਰ ਬੰਦ ਕੀਤੇ ਹਨ ਤਾਂ ਕਾਸਟਰੋ ਦਾ ਜਵਾਬ ਸੀ ਪਹਿਲੀ ਗੱਲ ਤਾਂ ਮੈਨੂੰ ਸਰਾਪ ਨਹੀਂ ਲੱਗਦਾ ਮੈਂ ਕਿਸੇ ਅਦਿੱਖ ਸ਼ਕਤੀ ਨੂੰ ਨਹੀਂ ਮੰਨਦਾ, ਦੂਜੀ ਗੱਲ ਜੇ ਤੁਹਾਡੀ ਤਸੱਲੀ ਨਹੀਂ ਹੁੰਦੀ ਤਾਂ ਤੁਹਾਨੂੰ ਦੱਸਦਾ ਹਾਂ ਕਿ ਏਨੇ ਵੱਡੇ-ਵੱਡੇ ਗਿਰਜਾ ਘਰਾਂ ਵਿਚ ਪਹਿਲਾਂ ਕੋਲ ਰੱਬ ਹੀ ਰਹਿੰਦਾ ਸੀ ਹੁਣ ਉਨ੍ਹਾਂ ਵਿਚ ਉਸਦੇ ਬੇਘਰੇ ਬੱਚੇ ਰਹਿਣਗੇ ਕੰਮ ਕਰਨਗੇ। ਜਦੋਂ ਲੋਕ ਨਰਕਾਂ ਸੁਰਗਾਂ ਦੇ ਚੱਕਰ 'ਚੋਂ ਨਿਕਲ ਜਾਣਗੇ ਤਾਂ ਪੁਜਾਰੀਆਂ ਨੂੰ ਵੀ ਪੂਜਾ ਕਿਸਨੇ ਭੇਟ ਕਰਨੀ ਹੈ। ਇਸੇ ਕਰਕੇ ਨਾਸਤਿਕ ਲੋਕਾਂ ਦਾ ਵਿਰੋਧ ਕਰਨ ਲਈ ਸਰਮਾਏਦਾਰਾਂ ਨਾਲ ਪੁਜਾਰੀ ਵੀ ਲਾਮਬੰਦੀ ਕਰਦੇ ਹਨ। ਜਦੋਂ ਆਤਮਾ ਨਾਂ ਦੀ ਕੋਈ ਚੀਜ਼ ਨਹੀਂ ਫਿਰ ਪ੍ਰਮਾਤਮਾ (ਪਰਮ-ਆਤਮਾ) ਦਾ ਚੱਕਰ ਕਿਥੋਂ ਆ ਗਿਆ। ਆਤਮਾ ਪ੍ਰਮਾਤਮਾ ਦੇ ਚੱਕਰ ਵਿਚ ਗਰੀਬ ਮਿਹਨਤਕਸ਼ ਲੋਕਾਂ ਨੂੰ ਇਸ ਤਰ੍ਹਾਂ ਪਾਇਆ ਗਿਆ ਹੈ ਤਾਂ ਕਿ ਉਹ ਹੋਰ ਕੁਝ ਸੋਚ ਹੀ ਨਾ ਸਕੇ। ਜਿਹੜੇ ਲੋਕ ਧਰਮ ਦਾ ਨਾਂ ਵਰਤਕੇ ਲੋਕਾਂ ਦੀ ਨਸਲਕੁਸ਼ੀ ਕਰਦੇ ਹਨ, ਜਿਹੜੇ ਲੋਕ ਲੋਕਾਂ ਦੀ ਲੁੱਟ ਕਰਕੇ (ਫਾਰਮਾ ਟੈਕਸੀ ਟਰੱਕਾਂ ਕਲੀਨ ਆਪਦੇ ਕੰਮਾਂ 'ਚ ਦੇਖੀ ਜਾ ਸਕਦੀ ਹੈ) ਫਿਰ ਧਾਰਮਿਕ ਅਦਾਰਿਆਂ 'ਚ ਜਾ ਕੇ ਵੱਡੇ-ਵੱਡੇ ਦਾਨ ਕਰਦੇ ਹਨ ਕੀ ਉਹ ਲੋਕ ਧਰਮੀ ਹੋ ਸਕਦੇ ਹਨ। ਜੇਕਰ ਧਰਮ, ਦਿਆ, ਤਰਸ, ਪਿਆਰ ਤੇ ਸ਼ਾਂਤੀ ਦਾ ਪ੍ਰਤੀਕ ਹੈ ਤਾਂ ਫਿਰ ਇਸ ਦਾ ਨਾਉਂ ਵਰਤਕੇ ਲੋਕਾਂ ਤੇ ਜ਼ੁਲਮ ਕਿਉਂ? ਇਕ ਬੜੀ ਵਧੀਆ ਗੱਲ ਹੈ ਕਿ ਉਤਰੀ ਅਮਰੀਕਾ ਦੇ ਪੈਂਤੀ ਚਾਲੀ ਪਰਸੈਂਟ ਲੋਕ ਧਰਮਾਂ ਤੋਂ ਪਰੇ ਹਨ ਜਾਂ ਕਿਸੇ ਅਦਿੱਖ ਸ਼ਕਤੀ ਨੂੰ ਨਹੀਂ ਮੰਨਦੇ। ਇਸ ਕਰਕੇ ਹੀ ਇਨ੍ਹਾਂ ਮੁਲਕਾਂ ਵਿਚ ਧਾਰਮਿਕ ਲੜਾਈਆਂ ਨਹੀਂ ਹੁੰਦੀਆਂ। ਹਰ ਐਤਵਾਰ ਧਾਰਮਿਕ ਸਥਾਨ ਤੇ ਜਾਣਾ, ਧਾਰਮਿਕ ਰਸਮਾਂ ਦੇ ਬੰਨ੍ਹਣ ਵਿਚ ਬੰਨ੍ਹ ਜਾਣਾ, ਇਕ ਗੁਲਾਮੀ ਨਹੀਂ ਤਾਂ ਹੋਰ ਕੀ ਹੈ। ਜਦ ਬੰਦਾ ਇਨ੍ਹਾਂ ਰਸਮਾਂ ਭਰਮਾਂ ਵਿਚੋਂ ਨਿਕਲ ਜਾਂਦਾ ਹੈ ਤਾਂ ਇਕ ਅਜ਼ਾਦ ਹਵਾ ਵਿਚ ਸਾਹ ਲੈਂਦਾ ਹੈ।

ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਜਥੇਬੰਦਕ ਧਰਮ ਇਕ ਭਾਈਚਾਰਾ ਸਿਰਜਦਾ ਹੈ। ਇਕ ਫਿਰਕੇ ਵਿਚ ਇਕ ਲਗਾਅ ਦੀ ਭਾਵਨਾ ਵਧਾਉਂਦਾ ਹੈ ਪਰ ਇਹੀ ਲਗਾਅ ਦੂਜਿਆਂ ਪ੍ਰਤੀ ਅਸਹਿਣਸ਼ੀਲਤਾ ਵੀ ਪੈਦਾ ਕਰਦਾ ਹੈ, ਇਸ ਦਾ ਇਤਿਹਾਸ ਗਵਾਹ ਹੈ।

**ਧਰਮਾਂ ਦਾ ਫਾਇਦਾ ਕਿਸ ਨੂੰ ਹੈ** : ਹਰ ਰੋਜ਼ ਦਿਹਾੜੀ ਲਾ ਕੇ ਰੋਟੀ ਰੋਜ਼ੀ ਕਮਾਉਣ ਵਾਲੇ ਨੂੰ ਧਰਮ ਤੋਂ ਕੀ ਫਾਇਦਾ ਹੋ ਸਕਦਾ ਹੈ। ਉਹ ਤਾਂ ਧਾਰਮਿਕ ਅਦਾਰੇ ਨੂੰ ਆਪਦੀ ਸਖ਼ਤ ਕਮਾਈ ਵਿਚੋਂ ਕੁਝ ਦੇਵੇਗਾ ਹੀ, ਲਵੇਗਾ ਕੁਝ ਵੀ ਨਹੀਂ। ਫਿਰ ਧਰਮ ਦਾ ਫਾਇਦਾ ਕੌਣ ਉਠਾਉਂਦਾ ਹੈ? ਇਹ ਫਾਇਦਾ ਪੁਲੀਟੀਕਲ ਲੀਡਰ ਉਠਾਉਂਦੇ ਹਨ। ਆਪਦੀਆਂ ਕੁਰਸੀਆਂ ਕਾਇਮ ਕਰਨ ਲਈ ਧਰਮ ਦੇ ਨਾਂ 'ਤੇ ਦੇਸ਼ ਬਣਾਉਂਦੇ ਹਨ, ਸਦੀਆਂ ਤੋਂ ਇਕ ਜਗ੍ਹਾ ਵਸਦਿਆਂ ਨੂੰ ਉਜਾੜਦੇ ਹਨ, ਰੇਪ ਕਤਲ ਦਾ ਚੱਕਰ ਚਲਾਉਂਦੇ ਹਨ ਪਰ ਜੇਕਰ ਧਰਮ ਦੇ ਨਾਂ 'ਤੇ ਕੇਸ ਬਣ ਵੀ ਗਿਆ ਤਾਂ ਗਰੀਬਾਂ ਨੂੰ ਤਾਂ ਫਿਰ ਵੀ ਕੋਈ ਫਾਇਦਾ ਨਹੀਂ ਹੁੰਦਾ। ਹਿੰਦੁਸਤਾਨ ਭਾਰਤ ਪਾਕਿਸਤਾਨ ਵੰਡ ਦੀ ਉਦਾਹਰਣ ਹੀ ਬਹੁਤ ਹੈ। ਅਜ਼ਾਦੀ ਤੋਂ 37 ਸਾਲਾਂ ਬਾਅਦ ਦਿੱਲੀ ਵਿਚ ਸਿੱਖਾਂ ਨੂੰ ਮਾਰਕੇ ਕਾਂਗਰਸ ਪਾਵਰ ਵਿਚ ਆ ਜਾਂਦੀ ਹੈ। 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਨੂੰ ਮਾਰਕੇ ਭਾਜਪਾ ਤਾਕਤ ਵਿਚ ਆ ਜਾਂਦੀ ਹੈ। ਇਹ ਰਾਜਨੀਤਕ ਪਾਰਟੀਆਂ ਤਾਕਤ ਵਿਚ ਆਉਣ ਲਈ ਹਮੇਸ਼ਾ ਹੀ ਘੱਟ ਗਿਣਤੀ (ਧਾਰਮਿਕ ਘੱਟ ਗਿਣਤੀ ਹੋਵੇ ਜਾਂ ਇਲਾਕਾਈ ਘੱਟ ਗਿਣਤੀ ਹੋਵੇ) ਦੀ ਬਲੀ ਦਿੰਦੀਆਂ ਹਨ। ਹੁਣੇ ਹੁਣੇ ਅਹਿੰਸਾ ਦੇ ਪੁਜਾਰੀ ਬੋਧੀ ਲੋਕ ਜਿਸ ਤਰ੍ਹਾਂ ਰੋਹਿੰਗਿਆ ਮੁਸਲਮਾਨਾਂ ਦਾ ਜੀਅ ਘਾਤ ਕਰ ਰਹੇ ਹਨ ਉਸ ਨੂੰ ਦੇਖਕੇ ਕੋਈ ਵੀ ਸਾਧਾਰਨ ਆਦਮੀ ਪਾਗਲ ਹੋ ਸਕਦਾ ਹੈ। ਜਿਥੇ ਇਕ ਪਾਸੇ ਧਰਮ ਸ਼ਾਂਤੀ, ਪਿਆਰ ਤੇ ਦਿਆਵਾਨ ਹੋਣ ਦਾ ਦਿਖਾਵਾ ਕਰਦਾ ਹੈ, ਦੂਜੇ ਪਾਸੇ ਪਤਾ ਨਹੀਂ ਕਦੋਂ ਇਹ ਸਤਾ ਪ੍ਰਾਪਤੀ ਦੀ ਦੌੜ ਵਿਚ ਬਘਿਆੜ ਦੇ ਦੰਦ ਕੱਢ ਲਵੇ।

**ਰੱਬ ਦੀ ਹੋਂਦ** : ਯੂਨੀਵਰਸ, ਇਹ ਕੁਦਰਤ, ਇਹ ਕਾਇਆਨਾਤ, ਅਸੀਂ ਇਸ ਸਭ ਕਾਸੇ ਦਾ ਹਿੱਸਾ ਹਾਂ। ਅਸੀਂ ਵੀ ਉਨ੍ਹਾਂ ਤੱਤਾਂ ਦੇ ਬਣੇ ਹੋਏ ਹਾਂ ਜਿਨ੍ਹਾਂ ਤੱਤਾਂ ਨਾਲ ਮੱਖੀਆਂ, ਮੱਛੀਆਂ ਜਾਂ ਧਰਤੀ ਦੇ ਹੋਰ ਜੀਅ ਬਣੇ ਹਨ। ਅਸੀਂ ਜੇਕਰ ਗੁਫਾ 'ਚੋਂ ਨਿਕਲ ਕੇ ਰਾਕਟ ਦੀ ਦੁਨੀਆਂ ਵਿਚ ਪਹੁੰਚੇ ਹਾਂ, ਇਹ ਸਭ ਸਾਇੰਸ ਦੀ ਦੇਣ ਹੈ ਨਾ ਕਿ ਕਿਸੇ ਧਰਮ ਜਾਂ ਧਾਰਮਿਕ ਵਿਸ਼ਵਾਸ ਦੀ। ਅਸੀਂ ਗੁਣ ਔਗੁਣ ਨੈਤਿਕਤਾ ਸਾਰਾ ਕੁਝ ਸਮਾਜ ਤੋਂ ਸਿੱਖਦੇ ਹਾਂ। ਅਸੀਂ ਦੋਸਤਾਂ ਮਿੱਤਰਾਂ ਦੇ ਦੁੱਖਾਂ ਸੁੱਖਾਂ ਵਿਚ ਸ਼ਰੀਕ ਹੁੰਦੇ ਹਾਂ। ਸਾਨੂੰ ਪਤਾ ਹੈ ਕਿ ਸਾਡੀ ਜ਼ਿੰਦਗੀ ਦਾ ਇਕ ਦਿਨ ਅੰਤ ਹੋਣਾ ਹੈ। ਸਾਡਾ ਕੋਈ ਦੁਬਾਰਾ ਜਨਮ ਨਹੀਂ ਹੋਣਾ, ਕਿਉਂਕਿ ਆਤਮਾ ਨਾਂ ਦੀ ਕੋਈ ਚੀਜ਼ ਨਹੀਂ ਹੈ। ਜੇਕਰ ਮਾੜੀ ਜਿਹੀ ਪਿੱਛਲ ਝਾਤ ਮਾਰੀਏ ਕਿ ਜਦੋਂ ਧਰਤੀ 'ਤੇ ਜੀਵ ਦਾ ਵਿਕਾਸ ਨਹੀਂ ਹੋਇਆ ਸੀ ਤਾਂ ਇਹ ਸਾਰੀਆਂ ਆਤਮਾਵਾਂ (ਜੇ ਇਹ ਹੁੰਦੀਆਂ ਹਨ) ਕਿਥੇ ਬੈਠੀਆਂ ਸਨ।

ਸਰਮਾਏਦਾਰਾਂ, ਲੁਟੇਰਿਆਂ ਨੂੰ ਸਭ ਪਤਾ ਹੈ ਕਿ ਰੱਬ ਨਾਂ ਦੀ ਕੋਈ ਚੀਜ਼ ਨਹੀਂ। ਜੇਕਰ ਰੱਬ ਦਾ ਡਰ ਹਿਟਲਰ ਨੂੰ ਹੁੰਦਾ ਤਾਂ ਲੱਖਾਂ ਯਹੂਦੀਆਂ ਨੂੰ ਕਿਉਂ ਮਾਰਦਾ, ਜੇਕਰ ਰੱਬ ਦਾ ਡਰ ਰੋਮਨਾਂ ਨੂੰ ਹੁੰਦਾ ਤਾਂ ਕਿਉਂ ਭੁੱਖੇ ਸ਼ੇਰਾਂ ਮੂਹਰੇ ਆਪਦੇ ਗੁਲਾਮਾਂ ਨੂੰ ਸਿੱਟ ਕੇ ਆਪ ਤਮਾਸ਼ਾ ਦੇਖਦੇ ਰਹੇ, ਜੇਕਰ ਰੱਬ ਦਾ ਡਰ ਹੁੰਦਾ ਤਾਂ ਸ਼ੀਆ ਤੇ ਸ਼ੁੰਨੀ (ਜਿਨ੍ਹਾਂ ਦਾ ਧਰਮ ਵੀ ਇਕ ਹੀ ਹੈ) ਕਿਉਂ ਇਕ ਦੂਜੇ ਗਲ ਵੱਢ ਰਹੇ ਹਨ, ਜੇਕਰ ਰੱਬ ਦਾ ਡਰ ਹੁੰਦਾ ਤਾਂ ਅਮਰੀਕਾ (ਜਿਹਨੇ ਆਪਦੇ ਡਾਲਰ ਤੇ ਵੀ ਲਿਖਿਆ ਹੈ 100 God We Trust) ਕਿਉਂਕਿ ਇਰਾਕ, ਲਿਬੀਆ, ਸੀਰੀਆ ਅਫਗਾਨਿਸਤਾਨ ਵਿਚ ਇੰਨੇ ਨਿਰਦੋਸ਼ ਲੋਕਾਂ ਨੂੰ ਕਿਉਂ ਮਾਰਦਾ। ਅਸਲ ਵਿਚ ਇਸ ਅਦਿੱਖ ਸ਼ਕਤੀ ਦਾ ਡਰ ਕੋਈ ਨਹੀਂ ਮੰਨਦਾ ਇਹ ਤਾਂ ਸਿਰਫ਼ ਲੋਕਾਂ ਨੂੰ ਡਰਾ ਕੇ, ਪਾੜ ਕੇ ਰੱਖਣ ਲਈ ਹੈ ਤਾਂ ਕਿ ਉਨ੍ਹਾਂ ਤੇ ਰਾਜ ਕੀਤਾ ਜਾ ਸਕੇ। ਪੂੰਜੀਵਾਦੀਆਂ ਨੂੰ ਪਤਾ ਹੈ ਕਿ ਰੱਬ ਨਾਂ ਦੀ ਕੋਈ ਚੀਜ਼ ਨਹੀਂ ਉਨ੍ਹਾਂ ਨੂੰ ਪਤਾ ਹੈ ਕਿ ਜੇਕਰ ਲੋਕਾਂ 'ਚੋਂ ਰੱਬ ਦਾ ਡਰ ਨਿਕਲ ਗਿਆ ਤਾਂ ਇਸ ਦੇ ਨਾਲ ਹੀ ਲੋਕ ਧਰਮਾਂ ਭਰਮਾਂ ਦੇ ਚੱਕਰ 'ਚੋਂ ਨਿਕਲ ਜਾਣਗੇ। ਜੇਕਰ ਲੋਕ ਧਰਮਾਂ ਦੇ ਚੱਕਰ 'ਚੋਂ ਨਿਕਲ ਗਏ ਤਾਂ ਉਨ੍ਹਾਂ ਦੇ ਆਪਸ ਵਿਚ ਲੜਨ ਦੇ ਚਾਂਸ ਬਹੁਤ ਘੱਟ ਜਾਣਗੇ। ਜੇਕਰ ਲੋਕ ਆਪਸ ਵਿਚ ਲੜਨੋਂ ਹਟ ਗਏ ਤਾਂ ਉਹ ਇਕੱਠੇ ਹੋ ਕੇ ਆਪਦੇ ਹੱਕਾਂ ਪ੍ਰਤੀ ਚੇਤੰਨ ਹੋ ਕੇ ਪੂੰਜੀਪਤੀਆਂ ਦੇ ਗਲਾਂ 'ਚ ਹੱਥ ਪਾਉਣਗੇ। ਇਹ ਸੋਚ ਕੇ ਪੂੰਜੀਵਾਦੀਆਂ ਨੂੰ ਸਰਮਾਏਦਾਰਾਂ ਨੂੰ ਕਾਂਬਾ ਛਿੜਦਾ ਹੈ। ਇਸ ਕਰਕੇ ਟੀ. ਵੀ. ਅਖ਼ਬਾਰਾਂ 'ਚ ਇਸ ਧਾਰਮਿਕ ਕਰਾਮਾਤਾਂ ਡੇਰਿਆਂ ਸਾਧਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ। ਜੇਕਰ ਮਜ਼ਦੂਰ ਨੂੰ ਇਹ ਪਤਾ ਹੈ ਕਿ ਕੰਮ ਕਰੂੰਗਾ ਤਾਂ ਰੋਟੀ ਮਿਲਣੀ ਹੈ ਫਿਰ ਮਜ਼ਦੂਰ ਕਿਸੇ ਦੈਵੀ ਸ਼ਕਤੀ ਦੀ ਪ੍ਰਵਾਹ ਕਿਉਂ ਕਰੇ? ਜਦੋਂ ਅਸੀਂ ਇਨ੍ਹਾਂ ਧਰਮਾਂ ਭਰਮਾਂ ਦੇ ਚੱਕਰ 'ਚੋਂ ਨਿਕਲ ਜਾਂਦੇ ਹਾਂ ਤਾਂ ਸੋਚਦੇ ਹਾਂ ਕਿ ਸਾਡੇ ਮੁਲਕਾਂ ਵਿਚ ਕਿੰਨਾ ਤੇਲ ਘਿਓ ਜੋਤਾਂ ਵਿਚ ਜਲ ਜਾਂਦਾ ਹੈ ਜਦ ਕਿ ਕਰੋੜਾਂ ਲੋਕ ਆਪਦੀ ਰੋਟੀ ਵੀ ਨਹੀਂ ਚੋਪੜ ਸਕਦੇ। ਕਿੰਨਾ ਸੋਨਾ ਧਾਰਮਿਕ ਕੇਂਦਰਾਂ 'ਚ ਪਿਆ ਹੈ ਜਦਕਿ ਉਨ੍ਹਾਂ ਧਰਮਾਂ ਨੂੰ ਮੰਨਣ ਵਾਲੇ ਲੋਕ ਭੁੱਖੇ ਨੰਗੇ ਬੇਘਰੇ ਹਨ। ਨੈਤਿਕਤਾ ਸਿੱਖਿਆ ਦੇਣ ਵਾਲੇ ਕਿਵੇਂ ਭੋਲੀਆਂ ਭਾਲੀਆਂ ਔਰਤਾਂ ਨਾਲ ਬਲਾਤਕਾਰ ਕਰਦੇ ਹਨ। ਧਾਰਮਿਕ ਰਸਮਾਂ ਤੇ ਹੁੰਦਾ ਕਰੋੜਾਂ ਦਾ ਖਰਚ ਕਿੰਨੇ ਸੀਨੀਅਰ ਕੇਅਰ ਹੋਮ ਬਣਾ ਸਕਦਾ ਹੈ ਅਤੇ ਕਿੰਨੇ ਬੇਘਰਿਆਂ ਲਈ ਸੈਲਟਰ ਬਣਾ ਸਕਦਾ ਹੈ। ਆਖਿਰ ਵਿਚ ਮਜ਼ਦੂਰ ਦਾ ਰੱਬ ਤਾਂ ਰੁਜ਼ਗਾਰ ਹੈ ਅਤੇ ਉਸ ਦੀ ਮਸ਼ੂਕ ਰੋਟੀ ਹੈ, ਫਿਰ ਉਹ ਤਾਂ ਸਿਰਫ਼ ਆਪਦੇ ਹੱਕਾਂ ਪ੍ਰਤੀ ਚੇਤੰਨ ਹੋਵੇ ਨਾ ਕਿ ਕਿਸੇ ਅਦਿੱਖ ਸ਼ਕਤੀ ਤੋਂ ਕੋਈ ਆਸ ਕਰੇ।

# ਅੱਜ ਦੇ ਆਲਮ ਵਾਸਤੇ ਵੱਡਾ ਖਤਰਾ - ਨਸਲਪ੍ਰਸਤੀ ਅਤੇ ਫਾਸ਼ੀਵਾਦ

ਮਸ਼ਾਲਾਂ ਉਨ੍ਹਾਂ ਉਪਰ ਵਗਾਹ ਮਾਰੀਆਂ।

ਪਾਰਕ ਵਿਚ ਹਾਜ਼ਰ ਕੁਝ ਪਾਦਰੀਆਂ ਅਤੇ ਡਾਕਟਰਾਂ ਨੇ ਵਿਦਿਆਰਥੀਆਂ ਦਾ ਬਚਾਅ ਕੀਤਾ। ਡਾਕਟਰਾਂ ਵਿਚ ਯਹੂਦੀ ਟੋਪੀ ਦੀ ਪਛਾਣ ਵਾਲਾ ਡਾਕਟਰ ਵੀ ਸੀ। ਉਸਦਾ ਘਰ ਨੂੰ ਵਾਪਸ ਜਾਂਦੇ ਦਾ ਹਨ੍ਹੇਰੇ ਵਿਚ ਪਿਛਾ ਕੀਤਾ। ਸਿਆਹਫਾਮ ਲੋਕਾਂ ਦੇ ਇਕ ਚਰਚ ਨੂੰ ਵੀ ਇਕ ਹੋਰ ਟੋਲੀ ਨੇ ਸਾੜਣ ਦੀ ਨੀਅਤ ਨਾਲ ਘੇਰਿਆ ਹੋਇਆ ਸੀ।

ਸ਼ਹਿਰ ਦੀ ਪੁਲਿਸ ਮੂਕ ਦਰਸ਼ਕ ਬਣ ਕੇ ਹੋ ਰਹੀ ਰਿਹਰਸਲ ਦਾ ਨਜ਼ਾਰਾ ਦੇਖ ਰਹੀ ਸੀ। ਉਹ ਸਗੋਂ ਨਸਲਪ੍ਰਸਤ ਵਿਰੋਧੀਆਂ ਨੂੰ ਡਰਾ ਧਮਕਾ ਰਹੀ ਸੀ। 12 ਅਗਸਤ ਦੇ ਦਿਨ ਵੀ ਪੁਲਿਸ ਦਾ ਵਤੀਰਾ ਨਸਲਪ੍ਰਸਤਾਂ ਦੇ ਪੱਖੀ ਹੀ ਸੀ।

**ਦਿਨ 12 ਅਗਸਤ** 2017 : ਸ਼ਹਿਰ ਦੀਆਂ ਅਮਨ ਪਸੰਦ, ਜਮਹੂਰੀ ਅਤੇ ਖੱਬੇ ਪੱਖੀ ਸ਼ਕਤੀਆਂ ਨੇ, ਇਸ ਦਿਨ ਸਵੇਰ ਤੋਂ ਲੈ ਕੇ ਪਾਰਕ ਦੇ ਪਹੁੰਚ ਰਸਤਿਆਂ 'ਤੇ ਇਕੱਠ ਕੀਤੇ ਹੋਏ ਸਨ। ਇਨ੍ਹਾਂ ਇਕੱਠਾਂ ਵਿਚ ਸ਼ਹਿਰ ਦੇ ਧਾਰਮਿਕ ਆਗੂ, ਪਾਦਰੀ ਅਤੇ ਲੋਕ ਹਿਤੈਸ਼ੀ ਲੋਕ ਹਾਜ਼ਰ ਸਨ। ਲੋਕ ਪੱਖੀ ਕੁਝ ਡਾਕਟਰ ਅਤੇ ਉਨ੍ਹਾਂ ਦੇ ਸਹਾਇਕ ਵੀ ਨਾਲ ਸਨ।

ਨਸਲਪ੍ਰਸਤ, ਆਪਣੇ ਨਾਜ਼ੀਵਾਦੀ, ਫਾਸ਼ੀਵਾਦੀ ਨਾਅਰਿਆਂ ਨਾਲ ਅੱਗ ਵਰਸਾ ਰਹੇ ਸਨ। ਉਹ ਸਾਰੇ ਹਥਿਆਰਬੰਦ ਸਨ। ਆਪਣੇ ਹਥਿਆਰ ਲੋਕਾਂ ਵੱਲ ਸੇਧਤ ਕਰਕੇ ਡਰਾ ਧਮਕਾ ਰਹੇ ਸਨ। ਲੋਕਾਂ ਨੂੰ ਗੰਦੀਆਂ ਗਾਲ੍ਹਾਂ ਕੱਢ ਰਹੇ ਸਨ। ਪੁਲਿਸ ਫੋਰਸ ਵੀ ਆਪਣੀਆਂ ਹਥਿਆਰਬੰਦ ਗੱਡੀਆਂ ਵਿਚ ਘੁੰਮਦੀ ਲੋਕਾਂ ਨੂੰ ਡਰਾਉਂਦੀ ਹੋਈ ਭੱਜ ਜਾਣ ਵਾਸਤੇ ਆਖ ਰਹੀ ਸੀ।

ਪੂਰੇ ਤਣਾਅ ਭਰੇ ਮਾਹੌਲ ਵਿਚ ਨਸਲਪ੍ਰਸਤ ਅਤੇ ਉਨ੍ਹਾਂ ਦੇ ਵਿਰੋਧੀ ਨਾਅਰੇ ਗੂੰਜ ਰਹੇ ਸਨ। ਕੁਝ ਚਿਰ ਇਸੇ ਤਰ੍ਹਾਂ ਚਲਦੇ ਮਾਹੌਲ ਤੋਂ ਬਾਅਦ ਲੋਕ ਘਰਾਂ ਨੂੰ ਜਾਣੇ ਸ਼ੁਰੂ ਹੋ ਚੁੱਕੇ ਸਨ। ਜਮਹੂਰੀ, ਅਮਨਪਸੰਦ ਲੋਕਾਂ ਨੇ ਸ਼ਹਿਰ ਵਿਚ ਅਮਨ ਮਾਰਚ ਸ਼ੁਰੂ ਕਰ ਦਿੱਤਾ। ਮਾਰਚ ਇਕ ਸੜਕ ਦੇ ਮੋੜ ਤੋਂ ਮੁੜ ਰਿਹਾ ਸੀ ਕਿ ਨਸਲਵਾਦੀ ਇਕ ਸਿਰ ਫਿਰੇ, 20 ਸਾਲਾ ਜੇਮਜ਼ ਅਲੈਕਸ ਫੀਲਡਜ਼ ਨੇ ਮਾਰਚ ਕਰਦੇ ਲੋਕਾਂ ਦੇ ਮੂਹਰਲੇ ਹਿੱਸੇ 'ਤੇ ਕਾਰ ਨਾਲ ਘਾਤਕ ਹੱਲਾ ਬੋਲ ਦਿੱਤਾ। ਉਹ ਮੂੰਹੋਂ ਵੀ ਅੱਗ ਵਰਸਾ ਰਿਹਾ ਸੀ।

ਇਸੇ ਹਮਲੇ ਵਿਚ 32 ਸਾਲਾ, ਨੌਜਵਾਨ, ਲੋਕ ਹਿਤੈਸ਼ੀ, ਅਮਨ ਪਸੰਦ ਉਹ ਦਲੇਰ ਕੁੜੀ ਹੇਅਰ ਸਖ਼ਤ ਜ਼ਖ਼ਮੀ ਹੋ ਗਈ। ਮੌਕੇ 'ਤੇ ਹਾਜ਼ਰ ਸਹਾਇਕ ਡਾਕਟਰ ਉਸ ਨੂੰ ਡਾਕਟਰੀ ਸਹਾਇਤਾ ਦੇਣ ਦਾ ਉਪਰਾਲਾ ਕਰ ਰਹੇ ਸਨ। ਪਰ ਪੁਲਿਸ ਦੇ ਅਫ਼ਸਰ ਡਾਕਟਰਾਂ ਨੂੰ ਧਮਕਾ ਰਹੇ ਸਨ। ਇਸ ਵਾਰਦਾਤ ਤੋਂ ਪਹਿਲਾਂ ਵੀ ਨਸਲਪ੍ਰਸਤਾਂ ਨੇ ਇਕ 13 ਸਾਲ ਦੀ ਅਪੰਗ ਕੁੜੀ ਜੋ ਵ੍ਹੀਲ ਚੇਅਰ ਵਿਚ ਬੈਠੀ ਸੀ, ਨੂੰ ਸੋਟੀਆਂ ਨਾਲ ਕੁੱਟਿਆ ਸੀ।

ਹੀਥਰ ਡੀ ਹੇਅਰ ਥਾਏਂ ਦਮ ਤੋੜ ਗਈ। ਹੀਰਥ ਜੋ ਹਮੇਸ਼ਾ ਜਮਹੂਰੀਅਤ, ਅਮਨਪਸੰਦ ਲੋਕਾਂ ਦੀ ਪਹਿਲੀ ਕਤਾਰ ਵਿਚ ਖੜ੍ਹਦੀ ਹੁੰਦੀ ਸੀ। ਆਪਣੀ ਸ਼ਹੀਦੀ ਦੇ ਕੇ ਉਹ ਲੱਖਾਂ ਹੀ ਲੋਕਾਂ ਦੀਆਂ ਸੁੱਤੀਆਂ ਅਣਖਾਂ ਨੂੰ ਜਗ੍ਹਾ ਗਈ।

**ਸ਼ਹੀਦੀ ਤੋਂ ਬਾਅਦ** : ਇਸ ਦਿਨ ਦੇ ਵਰਤਾਰੇ ਨੇ ਲੋਕਾਂ ਦੇ ਏਕੇ ਨੂੰ ਮਜਬੂਤ ਕਰ ਦਿੱਤਾ। ਖੱਬੇ ਪੱਖੀ, ਲੋਕ ਹਿਤੈਸ਼ੀ ਸ਼ਕਤੀਆਂ ਸਮੇਂ ਦੀ ਨਜ਼ਾਕਤ ਨੂੰ ਸਮਝ ਕੇ ਹਰਕਤ ਵਿਚ ਆ ਗਈਆਂ। ਕਿੰਤੂ ਪ੍ਰੰਤੂ ਇਕ ਪਾਸੇ ਕਰ ਦਿੱਤੇ। ਅਮਰੀਕਾ, ਕੈਨੇਡਾ ਦੇ ਦਰਜਨਾਂ ਸ਼ਹਿਰਾਂ ਵਿਚ ਨਸਲਵਾਦ ਵਿਰੋਧੀ ਵਿਖਾਵੇ ਸ਼ੁਰੂ ਏ ਗਏ। ਵੈਨਕੂਵਰ ਵਿਚ ਵੀ ਇਸੇ ਕੜੀ ਤਹਿਤ 19 ਅਗਸਤ ਨੂੰ ਵੱਡਾ ਇਕੱਠ ਹੋਇਆ। ਉਸੇ ਦਿਨ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਚਾਲੀ ਹਜ਼ਾਰ ਲੋਕਾਂ ਨੇ ਇਕੱਠੇ ਹੋ ਕੇ ਨਸਲਪ੍ਰਸਤਾਂ ਨੂੰ ਹਿੱਕਾਂ ਠੋਕ ਕੇ ਵੰਗਾਰਿਆ।

(ਸਫ਼ਾ 1 ਦੀ ਬਾਕੀ)

ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਵਿਚ ਅਮਰੀਕਾ ਕੈਨੇਡਾ ਦੀਆਂ ਮੁਲਾਜ਼ਮ ਜਥੇਬੰਦੀਆਂ ਨੇ ਵੀ ਭਰਵੀ ਸ਼ਮੂਲੀਅਤ ਕੀਤੀ। ਕੈਨੇਡੀਅਨ ਯੂਨੀਅਨ ਆਫ਼ ਪਬਲਿਕ ਇੰਪਲਾਈਜ਼ ਦੇ ਛੇ ਲੱਖ ਪੰਜਾਹ ਹਜ਼ਾਰ ਮੈਂਬਰਾਂ ਨੇ ਨਾਅਰਾ ਦਿੱਤਾ ਹੈ, "ਅਸੀਂ ਵੀ ਚੁੱਪ ਨਹੀਂ ਰਹਾਂਗੇ।" ਉਨ੍ਹਾਂ ਨੇ ਇਸ ਘਟਨਾਕ੍ਰਮ ਵਾਸਤੇ ਪ੍ਰਧਾਨ ਟਰੰਪ ਨੂੰ ਸਿੱਧਾ ਦੋਸ਼ੀ ਗਰਦਾਨਿਆ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਅਜਿਹਾ ਕੁਝ ਕੈਨੇਡਾ ਵਿਚ ਵੀ ਹੋ ਸਕਦਾ ਹੈ-ਕਿਊਬਕ ਵਿਚ ਇਕ ਘਟਨਾ ਹੋਰ ਵੀ ਵਾਪਰ ਚੁੱਕੀ ਹੈ। ਉਨ੍ਹਾਂ ਨੇ ਡਾਕਟਰ ਮਾਰਟਨ ਲੂਥਰ ਕਿੰਗ ਦਾ ਕਥਨ ਯਾਦ ਕਰਵਾਇਆ ਹੈ "ਜਿਸ ਦਿਨ ਅਸੀਂ ਚੁੱਪ ਵੱਟ ਲੈਂਦੇ ਹਾਂ, ਉਸ ਦਿਨ ਸਾਡੀ ਅਖਲਾਕੀ ਮੌਤ ਹੋ ਜਾਂਦੀ ਹੈ।"

ਅਮਰੀਕਾ ਵਿਚ ਵੀ ਸਾਰੀਆਂ ਮੁਲਾਜ਼ਮ ਵਰਕਰ ਜਥੇਬੰਦੀਆਂ ਨੇ ਇਕੱਠੇ ਹੋ ਕੇ, ਨਸਲਪ੍ਰਸਤੀ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਹੈ। ਲਾਂਗ ਸ਼ੋਚ ਵਰਕਰ ਯੂਨੀਅਨ ਅਗਵਾਈ ਕਰ ਰਹੀ ਹੈ। ਉਨ੍ਹਾਂ ਨੇ ਆਖਿਆ ਹੈ ਕਿ ਨਸਲਵਾਦੀਆਂ ਦੇ ਨਿਸ਼ਾਨੇ 'ਤੇ ਸਿਰਫ਼ ਸਿਆਹਫਾਸ਼, ਇੰਮੀਗਰਾਂਟਸ, ਲਾਤੀਨੋ, ਮੁਸਲਿਮ, ਜਿਊਜ਼ ਅਤੇ ਹੋਰ ਘੱਟ ਗਿਣਤੀਆਂ ਦੇ ਲੋਕ ਹੀ ਨਹੀਂ ਹਨ; ਸਗੋਂ ਨਸਲਵਾਦੀਆਂ ਨੇ ਸਮੁੱਚੀ ਮਜਦੂਰ ਜਮਾਤ ਵੱਲ ਨਿਸ਼ਾਨਾ ਸੇਧਿਆ ਹੋਇਆ ਹੈ। ਅਮਰੀਕਾ ਦੀਆਂ ਅਧਿਆਪਕ, ਡਾਕਟਰ, ਫੈਡਰਲ, ਸੂਬਾ ਅਤੇ ਸਥਾਨਕ ਸਰਕਾਰਾਂ ਦੇ ਕਾਮਿਆਂ ਨੇ ਵੀ ਨਸਲਵਾਦ ਵਿਰੋਧੀ ਜੰਗ ਦਾ ਐਲਾਨ ਕੀਤਾ ਹੈ। ਜਮਹੂਰੀਅਤ ਪਸੰਦ ਖੱਬੇਪੱਖੀ ਵਿਦਿਆਰਥੀ ਜਥੇਬੰਦੀਆਂ ਵੀ ਹਰ ਯੂਨੀਵਰਸਿਟੀ, ਕਾਲਜ ਵਿਚ ਆਗੂ ਰੋਲ ਵਿਚ ਸਰਗਰਮ ਹੋ ਗਈਆਂ ਹਨ।

ਕੈਲੇਫੋਰਨੀਆਂ ਦੀ ਬਰਕਲੇ ਯੂਨੀਵਰਸਿਟੀ ਨਸਲਵਾਦ ਵਿਰੋਧੀ ਵਿਚਾਰਧਾਰਾ ਦਾ ਗੜ੍ਹ ਹੈ। ਇਹ ਇਸਦਾ ਇਤਿਹਾਸਕ ਵਿਰਸਾ ਹੈ। ਤੁਹਾਨੂੰ ਯਾਦ ਹੋਵੇਗਾ ਕਿ ਸਾਡਾ ਮਹਾਨ, ਇਨਕਲਾਬੀ ਯੋਧਾ ਸ਼ਹੀਦ ਕਰਤਾਰ ਸਿੰਘ ਸਰਾਭਾ ਇਸ ਯੂਨੀਵਰਸਿਟੀ ਵਿਚ ਮਕੈਨੀਕਲ ਇੰਜੀਨੀਅਰਿੰਗ ਦਾ ਵਿਦਿਆਰਥੀ ਸੀ। ਇਹੀ ਯੂਨੀਵਰਸਿਟੀ ਭਾਰਤ ਦੇ ਪਹਿਲੇ ਸਮਾਜਵਾਦੀ ਇਨਕਲਾਬ-1914 ਦੀ ਜਨਮ ਭੂਮੀ ਹੈ। ਵੀਅਤਨਾਮ ਦੀ ਲੜਾਈ ਦਾ ਵਿਰੋਧ, ਸਿਆਹਫਾਸ਼ ਲੋਕਾਂ ਦੀ ਸਿਵਲ ਰਾਈਟਸ ਦੀ ਲੜਾਈ ਬੱਝਵੇਂ ਰੂਪ ਵਿਚ ਇਥੇ ਹੀ ਲੜੀ ਗਈ ਸੀ। ਇਸ ਲੜਾਈ ਦੇ ਦਿਲ ਹੂਲਵੇਂ ਦ੍ਰਿਸ਼ ਅਤੇ ਲੜਦਿਆਂ ਸ਼ਹੀਦ ਹੋਏ ਵਿਦਿਆਰਥੀਆਂ ਵਾਸਤੇ ਸ਼ਰਧਾਂਜਲੀਆਂ ਦਿੰਦੇ ਲੋਕਾਂ ਦੇ ਦ੍ਰਿਸ਼ ਅੱਜ ਤੱਕ ਵੀ ਇਥੋਂ ਦੀ ਵਿਦਿਆਰਥੀ ਯੂਨੀਅਨ ਦੀ ਕੈਫੇਟੇਰੀਆ ਦੀਆਂ ਮੇਜ਼ਾਂ 'ਤੇ ਉਕਰੇ ਹੋਏ ਹਨ। ਇਥੇ ਭਰਵੀਆਂ ਸਿਆਸੀ ਬਹਿਸਾਂ ਛਿੜਦੀਆਂ ਹਨ। ਚਾਹ, ਕਾਫ਼ੀ ਦੇ ਨਾਲ ਵਿਦਿਆਰਥੀ ਲਹਿਰ ਦਾ ਸ਼ਾਨਾਂਮੱਤਾ ਇਤਿਹਾਸ ਵੀ ਵਿਦਿਆਰਥੀ ਸੋਚ ਦਾ ਹਿੱਸਾ ਬਣਦਾ ਰਹਿੰਦਾ ਹੈ। ਉਪਰੋਕਤ ਕਾਰਨ ਕਰਕੇ ਹੀ ਇਨ੍ਹੀਂ ਦਿਨੀਂ ਇਹ ਯੂਨੀਵਰਸਿਟੀ ਗੋਰਾਸ਼ਾਹੀ ਨਸਲਵਾਦੀਆਂ ਦੇ ਖਾਸ ਨਿਸ਼ਾਨੇ 'ਤੇ ਹੈ। 14 ਸਤੰਬਰ ਨੂੰ ਇਸੇ ਚੋਟੀ ਦਾ ਨਸਲਪ੍ਰਸਤ, ਬਨ ਜਪੀਰੋ ਨੇ ਅੱਗ ਉਗਲੀ ਹੈ ਅਤੇ 24 ਸਤੰਬਰ ਤੋਂ 27 ਸਤੰਬਰ ਤੱਕ, ਇਕ ਤੋਂ ਇਕ ਵੱਡਾ ਨਸਲਵਾਦੀ ਬਲਦੀ ਨੂੰ ਹਵਾ ਦੇਣ ਵਾਸਤੇ ਇਥੇ ਆ ਰਿਹਾ ਹੈ। ਲਿਸਟ ਇਸ ਤਰ੍ਹਾਂ ਹੈ। ਸਟੀਵੀ ਬਾਨਨ, ਮੀਲੋ ਜੀਆਨੋਪਾਲਸ, ਅਨਕਟਰ ਅਤੇ ਇਰੋਕ ਪ੍ਰਿੰਸ। ਇਰੈਕ ਅਮਰੀਕਾ ਦੀ ਪ੍ਰਾਈਵੇਟ ਫੌਜ ਦਾ ਪ੍ਰਧਾਨ ਹੈ। ਅਮਰੀਕੀ ਰਾਜ ਪ੍ਰਬੰਧ ਦੇਸ਼ ਬਦੇਸ਼ ਦੇ ਕਾਇਦੇ ਕਾਨੂੰਨਾਂ ਤੋਂ ਬਚਣ ਵਾਸਤੇ, ਆਪਣੀਆਂ ਘਿਣਾਉਣੀਆਂ ਫੌਜੀ ਕਾਰਵਾਈਆਂ ਇਸ ਨੂੰ ਠੇਕੇ 'ਤੇ ਦੇ ਦਿੰਦਾ ਹੈ। ਇਸ ਦੀ ਪ੍ਰਾਈਵੇਟ ਫੌਜ ਉਪਰ ਕੋਈ ਰਾਸ਼ਟਰੀ, ਅੰਤਰਰਾਸ਼ਟਰੀ ਕਾਨੂੰਨ ਲਾਗੂ ਨਹੀਂ ਹੁੰਦਾ।

ਸੋ ਇਹ ਹੈ ਇਕ ਦਿਨ ਦੀ ਗਾਥਾ ਦਾ ਸੰਦਰਭ। ਇਹ ਇਕ ਝਰੋਖਾ ਮਾਤਰ ਹੈ। ਇਸ ਵਿਚੋਂ ਆਉਣ ਵਾਲੇ ਸਮੇਂ ਦੇ ਨੁਕਸ ਪਛਾਣੇ ਜਾ ਸਕਦੇ ਹਨ। ਬੜੀ ਬੇਸ਼ਰਮੀ ਦੀ ਹੱਦ ਤੱਕ, ਮੇਨ ਸਟਰੀਮ ਮੀਡੀਆ, ਅਖ਼ਬਾਰਾਂ ਅਤੇ ਟੀ.ਵੀ. ਚੈਨਲ ਦਿਨ ਰਾਤ ਪ੍ਰਚਾਰ ਕਰ ਰਹੇ ਹਨ ਕਿ ਹਿੰਸਕ ਘਟਨਾਵਾਂ ਵਾਸਤੇ ਦੋਵੇਂ ਧਿਰਾਂ ਕਸੂਰਵਾਰ ਹਨ। ਟਰੰਪ ਨੇ ਜੋ ਕਿਹਾ ਹੈ, ਉਹੀ ਸੁਰ ਅਮਰੀਕਾ ਕੈਨੇਡਾ ਦੇ ਅਖ਼ਬਾਰ ਨਿਊਯਾਰਕ ਟਾਈਮਜ਼, ਐਲ. ਏ. ਟਾਈਮਜ਼, ਵਾਸ਼ਿੰਗਟਨ ਪੋਸਟ, ਗਲੋਬ ਐਂਡ ਮੇਲ ਅਤੇ ਵੈਨਕੂਵਰ ਸਨ, ਅਲਾਪ ਰਹੇ ਹਨ। ਚਾਟੜੇ ਬੁੱਧੀਜੀਵੀ ਵੀ ਦੋਵੇਂ ਧਿਰਾਂ ਦਾ ਕਸੂਰ ਦੱਸ ਰਹੇ ਹਨ। ਬਰਕਲੇ ਯੂਨੀਵਰਸਿਟੀ ਵਿਚ ਜਮਹੂਰੀਅਤ ਪਸੰਦ ਵਿਦਿਆਰਥੀਆਂ ਨੇ ਆਪਣੇ ਵਾਸਤੇ ਰੱਖਿਅਕ ਦਸਤੇ ਉਸਾਰ ਲਏ ਹਨ। ਇਹ ਕਾਰਵਾਈ ਇਨ੍ਹਾਂ ਬੁੱਧੀਜੀਵੀਆਂ ਨੂੰ ਬੜੀ ਚੁੱਭਦੀ ਹੈ।

ਪਰ ਨਿਆਂਪਸੰਦ ਅਵਾਜ਼ਾਂ ਵੀ ਹਨ ਜੋ ਸੋਸ਼ਲ ਮੀਡੀਏ ਰਾਹੀਂ ਸਭ ਨੂੰ ਸੱਚ ਕਹਿ ਰਹੀਆਂ ਹਨ। ਅੱਜ 15 ਸਤੰਬਰ ਨੂੰ ਅਲ ਜਜੀਰਾ ਦੇ ਚੈਨਲ ਨੇ ਮੈਗਜ਼ੀਨ ਸੈਕਸ਼ਨ ਵਿਚ ਅਜਿਹਾ ਇਕ ਵੱਡਾ ਲੇਖ ਛਾਇਆ ਕੀਤਾ ਹੈ। ਆਖਿਆ ਗਿਆ ਹੈ ਕਿ ਨਸਲਵਾਦ, ਫਾਸ਼ੀਵਾਦ ਵਿਰੋਧੀ ਧਿਰ ਨੂੰ ਕਿਵੇਂ ਵੀ ਦੂਜੀ ਧਿਰ ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ ਹੈ।

ਵੱਡਾ ਸਵਾਲ ਇਹ ਹੈ ਕਿ ਨਸਲਵਾਦੀਆਂ ਨੇ ਚਾਰਲਸਵਿੱਲ ਕਿਉਂ ਚੁਣਿਆ। ਇਸ ਦਾ ਜਵਾਬ ਉਥੋਂ ਦੀ ਵੋਟ ਰਾਜਨੀਤੀ ਵਿਚ ਹੈ। ਵਰਜੀਨੀਆਂ ਇਤਿਹਾਸਕ ਤੌਰ 'ਤੇ ਗੋਰਾਸ਼ਾਹੀ ਸੂਬਾ ਹੈ। ਇਥੇ ਹੀ ਬਦਨਾਮ ਜਿੰਮ ਕਰੋ ਕਾਨੂੰਨ ਬਣੇ ਸਨ ਅਤੇ ਆਮ ਕਰਕੇ ਇਹ ਰਿਪਬਲੀਕਨ ਪਾਰਟੀ ਦਾ ਸੂਬਾ ਹੈ। ਪਰ 2008 ਦੀ ਪ੍ਰਧਾਨਗੀ ਚੋਣ ਉਬਾਮਾ ਜਿੱਤਿਆ 2012 ਵਿਚ ਮੁੜ ਡੈਮੋਕਰੈਟਿਕ ਪਾਰਟੀ ਜਿੱਤੀ ਅਤੇ 2016 ਵਿਚ ਵੀ ਇਥੋਂ ਕਲਿੰਟਨ ਦੀ ਜਿੱਤ ਹੋਈ। ਇਸ ਕਰਕੇ ਰਿਪਬਲਿਕਨ ਪਾਰਟੀ ਆਪਣਾ ਖੁਸਿਆ ਆਧਾਰ ਮੁੜ ਖੋਹਣ ਵਾਸਤੇ, ਕੋਕੇ ਸਵੀਟਰਟ ਰਾਹੀਂ ਜੋ ਨਸਲਵਾਦੀ ਦਹਿਸ਼ਤ ਦਾ ਮਾਹੌਲ ਉਸਾਰ ਰਹੀ ਹੈ। ਉਹ ਇੰਮੀਗਰਾਂਟਸ ਅਤੇ ਸ਼ਿਆਹਫ਼ਾਮ ਲੋਕਾਂ ਦਾ ਦੁਸ਼ਮਣ ਹੈ ਅਤੇ ਚਾਰਲਸਵਿੱਲ ਵਰਗੀਆਂ ਚਾਲਾਂ ਕਰਕੇ ਨਸਲਵਾਦੀ ਵੋਟ ਬੈਂਕ ਆਪਣੇ ਪਿਛੇ ਇਕੱਠੀ ਕਰਕੇ ਜਿੱਤ ਪ੍ਰਾਪਤ ਕਰਨੀ ਲੋਚਦਾ ਹੈ। ਅਸਲ ਵਿਚ ਤਾਂ ਇਹ ਹੈ ਅੱਜ ਸਰਮਾਏਦਾਰੀ ਲੋਕ ਰੋਹ ਦੀ ਉੱਠ ਰਹੀ ਜਵਾਲਾ ਤੋਂ ਭੈਅਭੀਤ ਹੈ ਅਤੇ ਅਵਾਮ ਨੂੰ ਨਸਲਪ੍ਰਸਤੀ ਵਿਚ ਉਲਝਾ ਕੇ ਆਪਣੀ ਉਮਰ ਲੰਮੇਰੀ ਕਰਨੀ ਚਾਹੁੰਦੀ ਹੈ।

ਅਸੀਂ ਇੰਡੀਅਨ ਡਾਇਸਪੋਰਾ ਆਪਣੇ ਲੋਕਾਂ ਸਮੇਤ ਪਹਿਲਾਂ ਤੋਂ ਹੀ ਨਸਲਵਾਦ ਦਾ ਸੇਕ ਹੰਢਾਉਂਦੇ ਆਏ ਹਾਂ। ਅੱਜ ਆਰ. ਆਰ. ਐਸ. ਦੀ ਅਗਵਾਈ ਵਿਚ ਮੋਦੀ ਅਤੇ ਉਸਦਾ ਪੂਰਾ ਮੰਤਰੀ ਮੰਡਲ, ਬੀ. ਜੇ. ਪੀ. ਦੀਆਂ ਰਾਜ ਸਰਕਾਰਾਂ, ਫਾਸ਼ੀਵਾਦੀ ਨਸਲਪ੍ਰਸਤਾਂ ਦੀ ਪਿੱਠ ਠੋਕ ਰਹੀਆਂ ਹਨ। ਇਸੇ ਕਰਕੇ ਗੌਰੀ ਲੰਕੇਸ਼ ਦੀ ਹੱਤਿਆ ਹੋਈ ਹੈ। ਇਸ ਤੋਂ ਪਹਿਲਾਂ ਪਨਸਾਰੇ ਅਤੇ ਕੁਲਬੁਰਗੀ ਦੀਆਂ ਸ਼ਹਾਦਤਾਂ ਅਜੇ ਤਾਜ਼ੀਆਂ ਹਨ। ਗਊ ਰੱਖਿਆ ਦੇ ਨਾਉਂ 'ਤੇ ਫਾਸ਼ੀਵਾਦੀ ਟੋਲੇ ਅੱਜ ਤੱਕ ਸੈਂਕੜੇ ਮੁਸਲਮਾਨ ਕਿਰਤੀਆਂ ਨੂੰ ਮਾਰ ਚੁੱਕੇ ਹਨ। ਸਵਾਲਾਂ ਦਾ ਸਵਾਲ ਹੈ ਕਿ ਕੀ ਅਸੀਂ ਚੁੱਪ ਰਹਾਂਗੇ ਅਤੇ ਇਖਲਾਕੀ ਮੌਤ ਮਰਨਾ ਸਵੀਕਾਰ ਕਰ ਲਵਾਂਗੇ। ਵੇਲਾ ਤਾਂ ਨਸਲਵਾਦ, ਫਾਸ਼ੀਵਾਦ ਵਿਰੋਧੀ ਕਤਾਰ ਵਿਚ ਖੜ੍ਹੋਣ ਦਾ ਹੈ। ਨਹੀਂ ਤਾਂ ਉੱਠ ਰਹੀ ਨਸਲਵਾਦੀ ਹਨ੍ਹੇਰੀ ਨੇ ਸਭ ਆਹਲਣਿਆਂ ਨੂੰ ਤੀਲਾ ਤੀਲਾ ਕਰ ਸੁੱਟਣਾ ਹੈ।

ਨੋਟ : ਇਸ ਲੇਖ ਦੀ ਜ਼ਿਆਦਾ ਵਾਰਤਾ, ਕਮਿਊਨਿਸਟ ਪਾਰਟੀ ਕੈਨੇਡਾ ਦੇ ਪੰਦਰਵਾੜੇ ਪੇਪਰ ਪੀਪਲਜ਼ ਵਾਇਸ, 1-15 ਸਤੰਬਰ ਵਿਚੋਂ ਹੈ। ਸਫ਼ਾ 3,4,7 ਉਪਰ ਵੱਖ-ਵੱਖ ਲੇਖ ਹਨ ਅਤੇ ਵੱਖਰਾ ਸੰਪਾਦਕੀ ਵੀ ਹੈ।

# ਲੋਕ ਕਵੀ ਸੰਤ ਰਾਮ ਉਦਾਸੀ ਦੀ ਯਾਦ ਵਿੱਚ ਸਲਾਨਾ ਸਮਾਗਮ



ਬਰਨਾਲਾ : ਸੰਤ ਰਾਮ ਉਦਾਸੀ ਯਾਦਗਾਰੀ ਕਮੇਟੀ ਬਰਨਾਲਾ ਵੱਲੋਂ ਹਰ ਸਾਲ ਉਦਾਸੀ ਜੀ ਦੇ ਜਨਮ ਦਿਨ ਨੂੰ ਸਮਰਪਿਤ ਕਰਵਾਏ ਜਾਂਦੇ ਪ੍ਰੋਗਰਾਮਾਂ ਦੀ ਲੜੀ ਤਹਿਤ ਵੱਲੋਂ ਜਾਤ-ਪਾਤ ਦਾ ਸਵਾਲ ਵਿਸ਼ੇ ਉੱਪਰ ਕਨਵੈਨਸ਼ਨ ਸਥਾਨਕ ਸੀਨੀਅਰ ਸਕੈਂਡਰੀ ਸਕੂਲ ਵਿੱਚ ਕਰਵਾਈ ਗਈ। ਇਸ ਕਨਵੈਨਸ਼ਨ ਦੀ ਸ਼ੁਰੂਆਤ ਲੋਕ ਗਾਇਕ ਜਗਰਾਜ ਧੌਲਾ ਵੱਲੋਂ ਸੰਤ ਰਾਮ ਉਦਾਸੀ ਨਾਲ ਬਿਤਾਏ ਆਪਣੇ ਅਨੁਭਵ ਸਾਂਝੇ ਕਰਦਿਆ, ਉਦਾਸੀ ਜੀ ਦੀ ਵਿਚਾਰਧਾਰਾ ਅਤੇ ਗੀਤਾਂ ਨਾਲ ਕੀਤੀ ਗਈ। ਜਾਤ-ਪਾਤ ਦਾ ਸਵਾਲ ਵਿਸ਼ੇ ਉੱਪਰ ਬੋਲਦਿਆਂ ਉੱਘੇ ਮਰਾਠੀ ਕਵੀ ਅਤੇ ਦਲਿਤ ਚਿੰਤਕ ਸੁਧੀਰ ਡਾਵਰੇ ਨੇ ਕਿਹਾ ਕਿ ਅੱਜ ਵੀ ਸਾਡੇ ਸਮਾਜ ਵਿੱਚ ਦਲਿਤਾਂ ਨਾਲ ਸਮਾਜਿਕ ਤੌਰ ਤੇ ਵਿਤਕਰਾ ਹੋ ਰਿਹਾ ਹੈ ਅਤੇ ਜਦ ਤੱਕ ਸਮਾਜ ਵਿੱਚ ਆਰਥਿਕ ਬਰਾਬਰੀ ਨਹੀਂ ਹੁੰਦੀ ਤਦ ਤੱਕ ਸਮਾਜਿਕ ਬਰਾਬਰੀ ਸੰਭਵ ਹੀ ਨਹੀਂ ਹੈ। ਜੈ ਭੀਮ ਲਾਲ ਸਲਾਮ ਦਾ ਨਾਅਰਾ ਦਿੰਦਿਆਂ ਉਹਨਾਂ ਕਿਹਾ ਕਿ ਅੱਜ ਸਮਾਜ ਦੇ ਪੀੜਤ ਵਰਗਾਂ ਅਤੇ ਦਲਿਤਾਂ ਨੂੰ ਆਪਣੀ ਮੁਕਤੀ ਲਈ ਇਨਕਲਾਬੀ ਵਿਚਾਰਧਾਰਾ ਸੰਗ ਜੁੜਣਾ ਚਾਹੀਦਾ ਹੈ ਅਤੇ ਉਹਨਾਂ ਕਿਹਾ ਕਿ ਡਾ. ਭੀਮ ਅੰਬੇਦਕਰ ਨੇ ਵੀ ਜਾਤ-ਪਾਤ ਦਾ ਸਵਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਤੇ ਉਹ ਕੁੱਝ ਰਿਆਇਤਾਂ ਦਿਵਾਉਣ ਵਿੱਚ ਸਫ਼ਲ ਵੀ ਰਹੇ ਪਰ ਇਸ ਮਸਲੇ ਦਾ ਠੋਸ ਹੱਲ ਪਾਰਲੀਮੈਂਟਰੀ ਪਾਰਟੀਆਂ ਕਰ ਹੀ ਨਹੀਂ ਸਕਦੀਆਂ ਉਹ ਇਨਕਲਾਬੀ ਸ਼ਕਤੀਆਂ ਸੰਗ ਜੁੜਕੇ ਹੀ ਸੰਭਵ ਹੈ। ਉਹਨਾਂ ਇਸ ਗੱਲ ਉੱਪਰ ਵੀ ਡੂੰਘੀ ਚਿੰਤਾ ਜ਼ਾਹਿਰ ਕੀਤੀ ਕਿ ਦੇਸ਼ ਫਿਰਕੂ ਫਾਸ਼ੀਵਾਦ ਦੇ ਵੱਡੇ ਹੱਲੇ ਦਾ ਸਾਹਮਣਾ ਕਰ ਰਿਹਾ ਹੈ ਜਿਸ ਦਾ ਮੁੱਖ ਨਿਸ਼ਾਨਾ ਦਲਿਤ, ਔਰਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜੇਕਰ ਅੱਜ ਵੀ ਕੁੱਝ ਪਿੰਡਾਂ ਅੰਦਰ ਦਲਿਤਾਂ ਦੇ ਬਾਈਕਾਟ ਦੀਆਂ ਖ਼ਬਰਾਂ ਮਿਲ ਰਹੀਆਂ ਹਨ ਤਾਂ ਇਸ ਦਾ ਸਪੱਸ਼ਟ ਮਤਲਵ ਹੈ ਕਿ ਅਜੇ ਵੀ ਦੇਸ਼ ਅੰਦਰ ਜਾਤ-ਪਾਤ ਦੀਆਂ ਜੜ੍ਹਾਂ ਡੂੰਘੀਆਂ ਲੱਗੀਆਂ ਹੋਈਆਂ ਹਨ।

ਉਦਾਸੀ ਯਾਦਗਾਰੀ ਕਮੇਟੀ ਦੀ ਆਗੂ ਮੈਡਮ ਚਰਨਜੀਤ ਕੌਰ ਨੇ ਇਸ ਮੌਕੇ ਕਈ ਮਤੇ ਪੇਸ਼ ਕੀਤੇ ਗਏ ਜਿੰਨ੍ਹਾਂ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਪ੍ਰਿੰਸੀਪਲ ਇਕਬਾਲ ਇਕਬਾਲ ਕੌਰ ਉਦਾਸੀ ਨੇ ਲੋਕ ਕਵੀ ਸੰਤ ਰਾਮ ਉਦਾਸੀ ਦੀ ਰਚਨਾ 'ਅਜੇ ਨਾ ਆਈ ਮੰਜ਼ਿਲ ਤੇਰੀ, ਅਜੇ ਵਡੇਰਾ ਪਾੜਾ ਹੈ' ਨਾਲ ਉਨ੍ਹਾਂ ਨੂੰ ਯਾਦ ਕੀਤਾ। ਮਨਿੰਦਰ ਰੰਧਾਵਾ ਨੇ ਆਏ ਸੋਰਤਿਆਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਨੂੰ ਸਫ਼ਲ ਬਨਾਉਣ ਵਿੱਚ ਰਜਿੰਦਰ ਭਦੌੜ, ਅਮਿਤ ਮਿੱਤਰ, ਪ੍ਰਦੀਪ ਕਸਬਾ, ਗੁਰਪ੍ਰੀਤ ਰੂੜੇਕੇ, ਰਾਜੀਵ ਕੁਮਾਰ ਨੇ ਅਹਿਮ ਭੂਮਿਕਾ ਨਭਾਈ। ਅੰਤ ਵਿੰਚ ਕਮੇਟੀ ਵੱਲੋਂ ਮੁੱਖ ਬੁਲਾਰੇ ਨੂੰ ਕਿਤਾਬਾਂ ਦੇ ਸੈੱਟ ਨਾਲ ਸਨਮਾਨਤ ਕੀਤਾ ਗਿਆ। ਸਟੇਜ ਸਕੱਤਰ ਦਾ ਫਰਜ਼ ਜਗਰਾਜ ਟੱਲੇਵਾਲ ਨੇ ਨਿਭਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾਂ ਪ੍ਰਸਿਧ ਲੇਖਕ ਓਮ ਪ੍ਰਕਾਸ਼ ਗਾਸੋ, ਸਰਜੀਤ ਤਲਵਾਰ, ਰਾਜਾ ਰਾਮ ਹੰਢਿਆਇਆ, ਜਗਮੋਹਣ ਪਟਿਆਲਾ, ਸਵਰਨਜੀਤ ਸੰਗਰੂਰ, ਗੁਰਪ੍ਰੀਤ ਸ਼ਹਿਣਾ, ਰਾਮ ਸਰੂਪ ਸ਼ਰਮਾ ਆਦਿ ਵੀ ਮੌਜੂਦ ਸਨ।

# 'ਅਧਿਆਪਕ, ਵਿਦਿਆਰਥੀ ਅਤੇ ਵਿਗਿਆਨਕ ਨਜ਼ਰੀਆ' ਵਿਸ਼ੇ 'ਤੇ ਚਰਚਾ



ਲਹਿਰਾਗਾਗਾ : ਸੰਤ ਬਾਬਾ ਅਤਰ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਹਰਿਆਊ ਵਿਖੇ 'ਕੌਮੀ ਅਧਿਆਪਕ ਦਿਵਸ' ਉਤਸ਼ਾਹ ਨਾਲ ਮਨਾਇਆ ਗਿਆ। ਸਮਾਰੋਹ ਦੌਰਾਨ 'ਅਧਿਆਪਕ, ਵਿਦਿਆਰਥੀ ਅਤੇ ਵਿਗਿਆਨਕ ਦ੍ਰਿਸ਼ਟੀਕੋਣ' 'ਤੇ ਵਿਚਾਰ-ਚਰਚਾ ਕੀਤੀ ਗਈ ਅਤੇ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪੇਸ਼ਕਾਰੀਆਂ ਵੀ ਕੀਤੀਆਂ ਗਈਆਂ। ਸਮਾਰੋਹ ਦੀ ਸ਼ੁਰੂਆਤ ਕਰਦਿਆਂ ਸਕੂਲ ਕਮੇਟੀ ਦੇ ਪ੍ਰਧਾਨ ਵਾਸਦੇਵ ਸ਼ਰਮਾ ਨੇ ਸਕੂਲ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਸ਼ੁਭ-ਕਾਮਨਾਵਾਂ ਦਿੱਤੀਆਂ। ਵਿਚਾਰ ਚਰਚਾ ਦੌਰਾਨ ਮਾ. ਰਣਦੀਪ ਸੰਗਤਪੁਰਾ ਨੇ ਕਿਹਾ ਕਿ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਿਗਿਆਨਕ ਨਜ਼ਰੀਆ ਅਪਨਾਉਂਦਿਆਂ, ਸਮਾਜਿਕ ਸਰੋਕਾਰ ਸਮਝਦਿਆਂ ਬਿਹਤਰ ਸਮਾਜ ਦੀ ਸਿਰਜਣਾ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਅਮਰਜੀਤ ਕੌਰ ਨੇ ਅਧਿਆਪਕ ਦਿਵਸ ਸਬੰਧੀ ਜਾਣਕਾਰੀ ਦਿੰਦਿਆਂ ਦੇਸ਼ ਦੇ ਰਾਸ਼ਟਰਪਤੀ ਰਹੇ ਡਾ? ਰਾਧਾਕ੍ਰਿਸ਼ਨਨ ਦੀ ਜ਼ਿੰਦਗੀ ਬਾਰੇ ਦੱਸਿਆ। ਪਰਮਿੰਦਰ ਕੌਰ ਨੇ ਹਿੰਮਤੀ ਅਧਿਆਪਕਾਂ ਸਵਿੱਤਰੀ ਬਾਈ ਫੂਲੇ, ਦੂਈਸ਼ੇਨ ਅਤੇ ਸੁਖੋਮਲਿੰਸਕੀ ਬਾਰੇ ਵਿਚਾਰ ਪੇਸ਼ ਕੀਤੇ। ਮਾ. ਕ੍ਰਿਸ਼ਨ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ 'ਸਿੱਖਣ ਪ੍ਰਕਿਰਿਆ ਅਤੇ ਅਧਿਆਪਕ-ਵਿਦਿਆਰਥੀ ਰਿਸ਼ਤੇ' ਬਾਰੇ ਵਿਚਾਰ ਪੇਸ਼ ਕੀਤੇ। ਸਭਿਆਚਾਰਕ ਪੇਸਸ਼ਕਾਰੀਆਂ ਦੌਰਾਨ ਵਿਦਿਆਰਥੀ ਕੁਲਦੀਪ ਸਿੰਘ, ਮਨਪ੍ਰੀਤ ਕੌਰ, ਨਵਜੋਤ ਕੌਰ, ਨੇ ਗੀਤ, ਕੋਰਿਓਗ੍ਰਾਫੀ, ਕਵਿਸ਼ਰੀਆਂ ਪੇਸ਼ ਕੀਤੇ। ਇਸ ਮੌਕੇ ਮੈਡਮ ਜਸਵੀਰ ਕੌਰ, ਜਸਪਾਲ ਕੌਰ ਵੀ ਹਾਜ਼ਰ ਸਨ। ਮੰਚ ਸੰਚਾਲਨ ਮੈਡਮ ਸਿਮਰਤਪਾਲ ਕੌਰ ਨੇ ਕੀਤਾ।


# ਗੌਰੀ ਲੰਕੇਸ਼ ਦੇ ਕਤਲ ਖਿਲਾਫ ਟੋਰਾਂਟੋ ਦੇ ਪ੍ਰੈਸ-ਕਰਮੀਆਂ ਵਲੋਂ ਰੋਸ ਕੈਂਡਲ ਮਾਰਚ








ਬਰੈਂਪਟਨ, (ਡਾ. ਝੰਡ/ਡਾ. ਹਰਦੀਪ) : ਬੀਤੇ ਦਿਨੀਂ ਭਾਰਤੀ ਵਿੱਚ ਮਹਿਲਾ ਪੱਤਰਕਾਰ ਗੌਰੀ ਲੰਕੇਸ਼ ਦੇ ਹੋਏ ਕਤਲ ਖਿਲਾਫ ਰੋਸ ਦਾ ਇਜ਼ਹਾਰ ਕਰਨ ਲਈ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆਕਾਰਾਂ ਦਾ ਇਕ ਭਾਰੀ ਇਕੱਠ 'ਰਾਇਲ ਸਟਾਰ ਰਿਅਲਟੀ' ਦੇ ਬਰੈਂਪਟਨ ਸਥਿਤ ਮੀਟਿੰਗ ਹਾਲ ਵਿਚ ਹੋਇਆ ਜਿਸ ਵਿਚ ਟੋਰਾਂਟੋ, ਮਿਸੀਸਾਗਾ, ਬਰੈਂਪਟਨ ਅਤੇ ਆਸ-ਪਾਸ ਦੇ ਪੱਤਰਕਾਰਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਬੁਲਾਰਿਆਂ ਵੱਲੋਂ ਭਾਰਤ ਵਿੱਚ ਸਿਆਸੀ ਸਰਪ੍ਰਸਤੀ ਵਾਲੇ ਧਾਰਮਿਕ ਕੱਟੜ-ਪੰਥੀ ਲੋਕਾਂ ਵੱਲੋਂ ਪੱਤਰਕਾਰਾਂ ਦੀ ਆਵਾਜ ਨੂੰ ਗਾਲੀ-ਗਲੋਚ, ਧਮਕੀਆਂ ਅਤੇ ਕਤਲਾਂ ਨਾਲ ਦਬਾਉਣ ਦੀ ਸਖਤ ਨਿਖੇਧੀ ਕੀਤੀ ਗਈ. ਭਾਰਤ ਵਿੱਚ ਘਟ-ਗਿਣਤੀ ਧਾਰਮਿਕ ਫਿਰਕਿਆਂ ਪ੍ਰਤੀ ਦਿਨੋਂ-ਦਿਨ ਵਧ ਰਹੇ ਫਿਰਕੂ ਜਹਿਰ, ਅਸਹਿਣ-ਸ਼ੀਲਤਾ ਅਤੇ ਪ੍ਰੈਸ ਦੀ ਆਜਾਦੀ ਵਿਰੁੱਧ ਹਮਲੇ ਦੀ ਨਿਖੇਧੀ ਕੀਤੀ ਗਈ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਪੰਜਾਬ ਤੋਂ ਆਏ ਉੱਘੇ ਟੀ|ਵੀ। ਪੱਤਰਕਾਰ ਕੰਵਰ ਸੰਧੂ, ਪਿਛਲੇ ਲੰਮੇਂ ਸਮੇਂ ਤੋਂ ਰੇਡੀਓ ਤੇ ਟੀ.ਵੀ. ਨਾਲ ਜੁੜੇ ਪੱਤਰਕਾਰ ਡਾ। ਬਲਵਿੰਦਰ ਸਿੰਘ, 'ਪੰਜਾਬੀ ਡੇਲੀ' ਦੇ ਸੰਪਾਦਕ ਸੁਖਮਿੰਦਰ ਸਿੰਘ ਹੰਸਰਾ ਅਤੇ 'ਵਿਜ਼ਨ' ਟੀ. ਵੀ. ਦੇ ਪ੍ਰੋਗਰਾਮ 'ਮੁਲਾਕਾਤ' ਦੇ ਸੰਚਾਲਕ ਚਰਨਜੀਤ ਸਿੰਘ ਬਰਾੜ ਸ਼ਾਮਲ ਸਨ. 'ਰਮਜ਼' ਰੇਡੀਓ ਦੇ ਸੰਚਾਲਕ ਹਰਜਿੰਦਰ ਸਿੰਘ ਗਿੱਲ ਵੱਲੋਂ ਮੰਚ-ਸੰਚਾਲਨ ਦੀ ਜਿੰਨਿਭਾਉਂਦਿਆਂ ਹੋਇਆਂ, ਹਾਜ਼ਰ ਪੱਤਰਕਾਰਾਂ ਨੂੰ ਵਾਰੋ-ਵਾਰੀ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪੋ ਆਪਣੇ ਸੰਬੋਧਨਾਂ ਵਿਚ ਅਣਪਛਾਤੇ ਕਾਤਲਾਂ ਵੱਲੋਂ 'ਗੌਰੀ ਲੰਕੇਸ਼ ਪੱਤ੍ਰਿਕਾ' ਦੀ ਸੰਪਾਦਕ ਗੌਰੀ ਲੰਕੇਸ਼ ਦੇ ਕੀਤੇ ਗਏ 'ਕੋਲਡ-ਬਲੱਡਿਡ' ਕਤਲ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਉਨ੍ਹਾਂ ਵੱਲੋਂ ਇਸ ਕਤਲ 'ਤੇ ਭਾਰੀ ਗੁੱਸੇ ਅਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਬੁਲਾਰਿਆਂ ਨੇ ਬਹਾਦਰ ਤੇ ਨਿੱਡਰ ਪੱਤਰਕਾਰ ਗੌਰੀ ਲੰਕੇਸ਼ ਨੂੰ ਭਾਰਤੀ-ਪੱਤਰਕਾਰੀ ਦੇ ਮਿਆਰੀ ਸੱਚ ਦਾ ਬੁਲੰਦ ਰਖਣ ਦੇ ਫਰਜ ਲਈ 'ਸ਼ਹੀਦ' ਕਰਾਰ ਦਿੱਤਾ ਅਤੇ ਕਿਹਾ ਉਹ ਆਪਣੀ ਪੱਤ੍ਰਿਕਾ ਵਿਚ ਦੇਸ਼ ਦੇ ਪਿਛਾਖੜੀ ਧਾਰਮਿਕ ਕੱਟੜਵਾਦੀ ਤਾਕਤਾਂ ਵੱਲੋਂ ਫਿਰਕੂ ਜਹਿਰ ਦੇ ਝੂਠੇ ਪ੍ਰਚਾਰ ਦਾ ਪਰਦਾਫਾਸ ਕਰਕੇ ਸਮਾਜਿਕ ਭਾਈਚਾਰੇ ਦੀ ਰਾਖੀ ਕਰਦੀ ਸੀ। ਉਸ ਦੀ ਕਲਮ ਨੇ ਹਮੇਸ਼ਾ ਘੱਟ-ਗਿਣਤੀਆਂ, ਦਲਿਤਾਂ, ਮਜਦੂਰ-ਕਿਸਾਨਾਂ ਅਤੇ ਹੋਰ ਮਿਹਨਤਕਸ਼ਾਂ ਦੇ ਹੱਕਾਂ ਲਈ ਆਵਾਜ ਉਠਾਉਂਦੀ ਰਹੀ। ਇਸੇ ਕਰਕੇ ਧਾਰਮਿਕ ਕੱਟੜਵਾਦੀ ਤਾਕਤਾਂ ਵੱਲੋਂ ਉਸਨੂੰ ਧਮਕੀਆਂ ਮਿਲਦੀਆਂ ਰਹੀਆਂ ਅਤੇ ਉਸਦੇ ਕਤਲ ਬਾਅਦ ਵੀ ਇਸੇ ਫਿਰਕੂ ਵਿਚਾਰਧਾਰਾ ਵਾਲੇ ਲੋਕ ਭੈੜੀ ਸ਼ਬਦਾਵਲੀ ਨਾਲ ਖੁਸ਼ੀ ਮਨਾ ਰਹੇ ਹਨ। ਉਨ੍ਹਾਂ ਵਿੱਚੋਂ ਬਹੁਤਿਆਂ ਦਾ ਕਹਿਣਾ ਸੀ ਇਸ ਕਤਲ ਅਤੇ ਇਸ ਤੋਂ ਪਹਿਲਾਂ ਹੋਰ ਕਈ ਪੱਤਰਕਾਰਾਂ ਦੇ ਕਤਲਾਂ ਨਾਲ ਮੀਡੀਆ ਦੀ ਆਵਾਜ਼ ਨੂੰ ਦਬਾਉਣ ਦਾ ਘਿਨਾਉਣਾ ਯਤਨ ਕੀਤਾ ਗਿਆ ਹੈ ਪਰ ਅਜਿਹੇ ਫਾਸ਼ੀਵਾਦੀ ਲੋਕ ਮੀਡੀਆ ਦੀ ਇਸ ਆਵਾਜ਼ ਨੂੰ ਨਹੀਂ ਦਬਾਉਣ ਵਿੱਚ ਕਦੇ ਕਾਮਯਾਬ ਨਹੀਂ ਹੋ ਸਕਦੇ। ਮੀਡੀਆ ਦੇ ਸੱਚ ਦੀ ਆਵਾਜ਼ ਲੋਕਾਂ ਦੀ ਆਵਾਜ਼ ਹੈ ਅਤੇ ਹਰ ਝੂਠ ਦਾ ਮੁਕਾਬਲਾ ਕਰਣਾ ਇਸ ਦਾ ਫਰਜ ਹੈ। ਲੋਕਾਂ ਨੂੰ ਹੱਕਾਂ ਲਈ ਜਾਗਰੂਕ ਕਰਨਾਂ ਵੀ ਇਸ ਦਾ ਫਰਜ ਹੈ ਜਿਸ ਲਈ ਗੌਰੀ ਲੰਕੇਸ਼ ਨੂੰ ਸ਼ਹਾਦਤ ਦੇਣੀ ਪਈ। ਕਈਆਂ ਦਾ ਕਹਿਣਾ ਸੀ ਕਿ ਭਾਰਤ ਵਰਗੇ ਜਮਹੂਰੀ ਦੇਸ਼ ਵਿਚ ਧਾਰਮਿਕ ਕੱਟੜਤਾ ਲਈ ਕੋਈ ਥਾਂ ਨਹੀਂ ਹੈ ਤੇ ਧਰਮਾਂ ਦੇ ਨਾਂ 'ਤੇ ਫ਼ੈਲਾਈ ਜਾ ਰਹੀ ਹਿੰਸਾ ਬੰਦ ਹੋਣੀ ਚਾਹੀਦੀ ਹੈ ਅਤੇ ਪੱਤਰਕਾਰਾਂ ਨੂੰ ਇਸ ਹਿੰਸਾ ਦਾ ਨਿਸ਼ਾਨਾ ਬਨਾਉਣਾ ਤੁਰੰਤ ਬੰਦ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਇਸ ਕਤਲ ਦੇ ਕਾਤਲਾਂ ਦਾ ਪਤਾ ਲਗਾਉਣਾ ਲਈ ਚਾਹੀਦਾ ਹੈ ਤਾਂ ਜੋ ਅਦਾਲਤ ਵੱਲੋਂ ਉਨ੍ਹਾਂ ਨੂੰ ਯੋਗ ਸਜ਼ਾਵਾਂ ਦਿੱਤੀਆਂ ਜਾ ਸਕਣ। ਪ੍ਰਧਾਨਗੀ-ਮੰਡਲ ਵਿੱਚ ਸ਼ਾਮਲ ਟੀ. ਵੀ. ਪੱਤਰਕਾਰ ਕੰਵਰ ਸੰਧੂ ਨੇ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਭਾਰਤ ਤੋਂ 12-13 ਹਜ਼ਾਰ ਕਿਲੋਮੀਟਰ ਦੂਰ ਬੈਠੇ ਪੱਤਰਕਾਰ ਇਕੱਠੇ ਹੋ ਕੇ ਆਪਣੇ ਸਾਥੀ ਪੱਤਰਕਾਰ ਦੇ ਹੋਏ ਕਤਲ 'ਤੇ ਦੁੱਖ ਦਾ ਪ੍ਰਗਟਾਵਾ ਕਰ ਰਹੇ ਹਨ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਵੀ ਗੌਰੀ ਲੰਕੇਸ਼ ਨਾਲ ਸਬੰਧਿਤ ਅਜਿਹੇ ਸ਼ਰਧਾਂਜਲੀ ਸਮਾਗਮ ਹੋ ਰਹੇ ਹਨ. ਇਹ ਇਕੱਠ ਪੱਤਰਕਾਰ ਬਰਾਦਰੀ ਦੀ ਇੱਕ-ਮੁੱਠਤਾ ਨੂੰ ਦਰਸਾਉਂਦੇ ਹਨ। ਸੁਖਮਿੰਦਰ ਹੰਸਰਾ ਦਾ ਕਹਿਣਾ ਸੀ ਕਿ ਬੀਤੇ ਸਮੇਂ ਵਿਚ ਭਾਰਤ ਵਿਚ ਘੱਟੋ-ਘੱਟ 115 ਪੱਤਰਕਾਰਾਂ ਦੇ ਕਤਲ ਹੋ ਚੁੱਕੇ ਹਨ ਜੋ ਕਿ ਪੱਤਰਕਾਰਾਂ ਅਤੇ ਲੇਖਕਾਂ ਲਈ ਗੰਭੀਰਤਾ ਦਾ ਵਿਸ਼ਾ ਹੈ ਅਤੇ ਇਹ ਲਿਖਣ ਅਤੇ ਬੋਲਣ ਦੀ ਆਜ਼ਾਦੀ 'ਤੇ ਸਿੱਧਾ ਡਾਕਾ ਹੈ। ਡਾ. ਬਲਵਿੰਦਰ ਨੇ ਗੌਰੀ ਲੰਕੇਸ਼ ਦੇ ਕਤਲ ਨੂੰ ਭਾਰਤੀ ਸੰਵਿਧਾਨ ਦੇ ਮੁੱਢਲੇ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਭਾਰਤੀ ਸ਼ਹਿਰੀਆਂ ਦੇ ਲਿਖਣ ਤੇ ਬੋਲਣ ਦੇ ਅਧਿਕਾਰ ਨੂੰ ਕੁਚਲਿਆ ਗਿਆ ਹੈ। ਚਰਨਜੀਤ ਬਰਾੜ ਵੱਲੋਂ ਇਸ ਸ਼ਰਧਾਂਜਲੀ ਸਮਾ.ਗਮ ਵਿਚ ਹੋਣ ਵਾਲੇ ਸਾਰੇ ਪੱਤਰਕਾਰਾਂ, ਅਗਾਂਹ-ਵਧੂ ਜੱਥੇਬੰਦੀਆਂ ਅਤੇ ਵਿਅਕਤੀਆਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਕੇਵਲ 24 ਘੰਟੇ ਹੀ ਪਹਿਲਾਂ ਦਿੱਤੀ ਗਈ ਸੂਚਨਾ 'ਤੇ ਹੀ ਏਨੀ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ ਹੈ। ਉਨ੍ਹਾਂ 'ਰਾਇਲ ਸਟਾਰ ਰਿਅਲਟੀ' ਦੇ ਮਾਲਕ ਪਰਮਿੰਦਰ ਸਿੰਘ ਢਿੱਲੋਂ ਵੱਲੋਂ ਇਸ ਸਮਾ.ਗਮ ਲਈ ਹਾਲ ਦੀ ਸੁਵਿਧਾ ਪ੍ਰਦਾਨ ਕਰਨ ਲਈ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਸ਼ਰਧਾਂਜਲੀ ਸਮਾਰੋਹ ਦੇ ਬੁਲਾਰਿਆਂ ਵਿਚ 'ਚੈਨਲ ਪੰਜਾਬੀ ਤੇ ਗਲੋਬਲ ਟੀ.ਵੀ.' ਤੋਂ ਪ੍ਰੋ। ਜਗੀਰ ਸਿੰਘ ਕਾਹਲੋਂ, 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ-ਸੰਪਾਦਕ ਹਰਬੰਸ ਸਿੰਘ, 'ਪਰਵਾਸੀ ਮੀਡੀਆ' ਤੋਂ ਤਲਵਿੰਦਰ ਮੰਡ, 'ਸਿੱਖ ਸਪੋਕਸਮੈਨ' ਤੋਂ ਸੁਖਦੇਵ ਸਿੰਘ ਝੰਡ, 'ਪੰਜ-ਆਬ' ਟੀ.ਵੀ. ਤੋਂ ਰਵਿੰਦਰ ਸਿੰਘ, ਰੇਡੀਓ 'ਪੰਜਾਬ ਦੀ ਗੂੰਜ' ਦੇ ਸੰਚਾਲਕ ਕੁਲਦੀਪ ਦੀਪਕ, 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੇ ਕਰਨ ਅਜਾਇਬ ਸਿੰਘ ਸੰਘਾ, ਤਰਕਸ਼ੀਲ ਸੁਸਾਇਟੀ ਤੋਂ ਡਾ: ਬਲਜਿੰਦਰ ਸੇਖੋਂ, ਵਿੰਨੀਪੈਗ ਤੋਂ ਜਗਮੋਹਣ ਗਿੱਲ ਢੁੱਡੀਕੇ, ਪੰਜਾਬ ਤੋਂ ਆਏ ਡਾ: ਤੇਜਪਾਲ, ਅੰਗਰੇਜ਼ੀ ਅਖ਼ਬਾਰ ਦੀ ਸੰਪਾਦਕ ਸਤਵੰਤ ਕੌਰ, ਉੱਘੇ ਸਮਾਜ-ਸੇਵੀ ਪਾਲ ਬਡਵਾਲ, ਮੈਨਨ ਗੁਪਤਾ, ਸੁਰਜੀਤ ਖੋਟ, ਕਾਮਰੇਡ ਸੁਖਦੇਵ ਧੂੜਕੋਟ, ਐਸੋਸੀਏਸ਼ਨ ਆਫ਼ ਸੀਨੀਅਰਜ਼ ਦੇ ਪ੍ਰਧਾਨ ਪਰਮਜੀਤ ਸਿੰਘ ਬੜਿੰਗ ਤੇ ਕਈ ਹੋਰ ਸ਼ਾਮਲ ਸਨ।









# ਤਰਕਸ਼ੀਲ ਸੋਸਾਇਟੀ ਆਫ਼ ਓਨਟਾਰੀਓ ਨੇ ਕਰਵਾਇਆ ਇਕਬਾਲ ਰਾਮੂਵਾਲੀਆ ਅਤੇ ਅਜਮੇਰ ਔਲਖ ਦੀ ਯਾਦ 'ਚ ਸਾਂਝਾ ਸ਼ਰਧਾਂਜਲੀ ਸਮਾਗਮ



ਬਰੈਂਪਟਨ, (ਡਾ. ਸੁਖਦੇਵ ਸਿੰਘ ਝੰਡ) : ਜੂਨ ਮਹੀਨੇ ਵਿਚ ਸਦੀਵੀ-ਵਿਛੋੜਾ ਦੇ ਗਈਆਂ ਦੋ ਮਹਾਨ ਸਾਹਿਤਕ ਤੇ ਰੰਗਕਰਮੀ ਸ਼ਖ਼ਸੀਅਤਾਂ ਇਕਬਾਲ ਰਾਮੂਵਾਲੀਆ ਅਤੇ ਅਜਮੇਰ ਸਿੰਘ ਔਲਖ ਦੀ ਨਿੱਘੀ ਯਾਦ ਨੂੰ ਸਮੱਰਪਿਤ ਸਾਂਝਾ ਸ਼ਰਧਾਂਜਲੀ ਸਮਾਗਮ ਬੀਤੇ ਐਤਵਾਰ 30 ਜੁਲਾਈ ਨੂੰ ਤਰਕਸ਼ੀਲ ਸੋਸਾਇਟੀ ਆਫ਼ ਓਨਟਾਰੀਓ ਵੱਲੋਂ ਸਾਹਿਤਕ ਤੇ ਸਮਾਜਿਕ ਜੱਥੇਬੰਦੀਆਂ ਦੇ ਸਹਿਯੋਗ ਨਾਲ ਰਾਇਲ ਬੈਂਕੁਇਟ ਹਾਲ ਵਿਚ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਪ੍ਰਿੰ.ਸਰਵਣ ਸਿੰਘ, ਸੇਵਾ-ਮੁਕਤ ਸੈਸ਼ਨ ਜੱਜ ਅਵਤਾਰ ਸਿੰਘ, ਕਮਿਊਨਿਟੀ ਸੋਸ਼ਲ ਵਰਕਰ ਬਲਦੇਵ ਸਿੰਘ ਮੁੱਤਾ, ਡਾ. ਹਰਦੀਪ ਸਿੰਘ ਅਤੇ ਡਾ. ਭਾਨ ਗਰਗ ਸ਼ਾਮਲ ਸਨ।

ਮੰਚ-ਸੰਚਾਲਕ ਚਰਨਜੀਤ ਬਰਾੜ ਵੱਲੋਂ ਦੋਹਾਂ ਸ਼ਖ਼ਸੀਅਤਾਂ ਬਾਰੇ ਸੰਖੇਪ ਵਿਚ ਦੱਸਣ ਤੋਂ ਬਾਅਦ ਇਕਬਾਲ ਰਾਮੂੰਵਾਲੀਏ ਦੇ ਪੁਰਾਣੇ ਸਾਥੀ ਪਿਆਰਾ ਸਿੰਘ ਤੂਰ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਕੈਨੇਡਾ ਵਿਚ ਇਕਬਾਲ ਨਾਲ ਆਪਣੀ ਮੁਢਲੇ ਦਿਨਾਂ ਦੀ ਸਾਂਝ ਦੀ ਗੱਲ ਕੀਤੀ। ਪ੍ਰਿੰ. ਸਰਵਣ ਸਿੰਘ ਨੇ ਕਵੀ, ਕਹਾਣੀਕਾਰ, ਨਾਵਲਕਾਰ, ਨਾਟਕਕਾਰ ਤੇ ਜੀਵਨੀ ਲੇਖਕ ਇਕਬਾਲ ਰਾਮੂਵਾਲੀਏ ਬਾਰੇ ਆਪਣੇ ਨਿੱਜੀ ਸੰਪਰਕ ਨਾਲ ਜੁੜੀਆਂ ਕਈ ਗੱਲਾਂ ਕੀਤੀਆਂ। ਉਨ੍ਹਾਂ ਪ੍ਰਸਿੱਧ ਨਾਟਕਕਾਰ ਅਜਮੇਰ ਔਲਖ ਨਾਲ ਸਬੰਧਿਤ ਯਾਦਾਂ ਵੀ ਸਾਂਝੀਆਂ ਕੀਤੀਆਂ। ਬਲਦੇਵ ਸਿੰਘ ਮੁੱਤਾ ਨੇ ਆਪਣੇ ਸੰਬੋਧਨ ਵਿਚ ਇਕਬਾਲ ਨਾਲ ਸਾਂਝੇ ਕਮਿਊਨਿਟੀ ਪ੍ਰਾਜੈਕਟਾਂ ਬਾਰੇ ਦੱਸਿਆ। ਹੀਰਾ ਰੰਧਾਵਾ ਨੇ ਗੁਰਸ਼ਰਨ ਭਾਅ ਜੀ ਅਤੇ ਅਜਮੇਰ ਔਲਖ ਦੇ ਨਾਟਕਾਂ ਦੀ ਗੱਲ ਕਰਦਿਆਂ ਅਜਮੇਰ ਔਲਖ ਨੂੰ ਮਾਲਵੇ ਦਾ 'ਮਹਾਨ ਨਾਟਕਕਾਰ' ਕਿਹਾ। ਇੰਜ ਹੀ, ਟੋਰਾਂਟੋ ਦੇ 'ਰੰਗ-ਮੰਚ ਧਨੀਆਂ' ਬਲਜਿੰਦਰ ਲੇਲਣਾ ਅਤੇ ਜਸਪਾਲ ਢਿੱਲੋਂ ਨੇ ਬੜੇ ਭਾਵ-ਪੂਰਤ ਸ਼ਬਦਾਂ ਵਿਚ ਦੋਹਾਂ ਸਾਹਿਤਕਾਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉੱਘੇ ਲੇਖਕ ਪੂਰਨ ਸਿੰਘ ਪਾਂਧੀ ਨੇ ਇਕਬਾਲ ਦੇ ਪਿਤਾ ਜੀ ਸ਼੍ਰੋਮਣੀ ਕਵੀਸ਼ਰ ਕਰਨੈਲ ਪਾਰਸ ਨਾਲ ਆਪਣੀ ਨੇੜਤਾ ਨੂੰ ਯਾਦ ਕਰਦਿਆਂ ਇਕਬਾਲ ਵੱਲੋਂ ਉਨ੍ਹਾਂ ਨੂੰ 'ਯਾਰ ਚਾਚਾ' ਅਤੇ ਕਈ ਵਾਰੀ ਪਿਆਰ ਤੇ ਸਤਿਕਾਰ ਨਾਲ 'ਬੁੜ੍ਹਿਆ' ਕਹਿ ਕੇ ਬੁਲਾਉਣ ਦੀ ਵੀ ਗੱਲ ਕਹੀ।

ਇਕਬਾਲ ਰਾਮੂਵਾਲੀਏ ਦੀਆਂ ਬੇਟੀਆਂ ਸੁੱਖੀ ਤੇ ਕਿਨੂੰ ਨੇ ਮੰਚ 'ਤੇ ਹਾਜ਼ਰੀਨ ਨੂੰ ਇਕੱਠਿਆਂ ਸੰਬੋਧਨ ਹੁੰਦਿਆਂ ਆਪੋ ਆਪਣੇ ਸ਼ਬਦਾਂ ਵਿਚ ਆਪਣੇ ਪਾਪਾ ਦੀ ਸੰਗਤ ਵਿਚ ਗੁਜ਼ਾਰੇ ਬਚਪਨ ਦੇ ਦਿਨਾਂ, ਜਵਾਨੀ ਵਿਚ ਪੈਰ ਧਰਦਿਆਂ ਆਪਣੇ ਫ਼ੈਸਲੇ ਖ਼ੁਦ ਲੈਣ ਅਤੇ ਜੀਵਨ ਵਿਚ ਅਡੋਲ ਤੇ ਨਿੱਡਰ ਹੋ ਕੇ ਚੱਲਣ ਦੇ ਪਾਪਾ ਵੱਲੋਂ ਆਏ ਖ਼ੂਬਸੂਰਤ 'ਸੁਝਾਆਂ' ਬਾਰੇ ਕਈ ਮਿੱਠੀਆਂ ਯਾਦਾਂ ਤਾਜ਼ਾ ਕੀਤੀਆਂ। 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਵੱਲੋਂ ਡਾ. ਸੁਖਦੇਵ ਸਿੰਘ ਝੰਡ ਨੇ ਇਕਬਾਲ ਰਾਮੂਵਾਲੀਆ ਦੀਆਂ ਹੋਰ ਪੁਸਤਕਾਂ ਨਾਲ ਉਨ੍ਹਾਂ ਦੀ ਸਵੈ-ਜੀਵਨੀ ਦੇ ਦੋ ਭਾਗਾਂ 'ਸੜਦੇ ਸਾਜ਼ ਦੀ ਸਰਗ਼ਮ' ਅਤੇ 'ਬਰਫ਼ 'ਚੋਂ ਉੱਗਦਿਆਂ' ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਸਵੈ-ਜੀਵਨੀ ਦੇ ਖ਼ੇਤਰ ਵਿਚ ਨਵੀਆਂ ਪੈੜਾਂ ਪਾਈਆਂ ਹਨ। ਉਨ੍ਹਾਂ ਕਿਹਾ ਬੜੇ ਦੁੱਖ ਦੀ ਗੱਲ ਹੈ ਕਿ ਇਸ ਸਵੈ-ਜੀਵਨੀ ਦਾ ਤੀਸਰਾ ਭਾਗ ਜੋ ਅਜੇ ਇਕਬਾਲ ਜੀ ਦੀ ਲਿਖਤ ਅਧੀਨ ਸੀ, ਸਾਨੂੰ ਪੰਜਾਬੀ ਪਾਠਕਾਂ ਨੂੰ ਨਸੀਬ ਨਹੀਂ ਹੋ ਸਕਿਆ।

## ਕੈਂਸਰ ਅਤੇ ਮਨੁੱਖੀ-ਅੰਗਦਾਨ ਬਾਰੇ ਵੀ ਵਿਚਾਰਾਂ ਹੋਈਆਂ

'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਹਰਬੰਸ ਸਿੰਘ ਨੇ ਕਿਹਾ ਜਿਹੜੇ ਲੇਖਕ ਲੋਕਾਂ ਲਈ ਲਿਖਦੇ ਹਨ, ਉਹ ਲੋਕਾਂ ਵਿਚ ਹਮੇਸ਼ਾ ਜਿੰਦੇ ਰਹਿੰਦੇ ਹਨ ਅਤੇ ਦੁਨਿਆਵੀ ਮੌਤ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ। ਉਨ੍ਹਾਂ ਕਿਹਾ ਕਿ ਅਜਮੇਰ ਔਲਖ ਅਤੇ ਇਕਬਾਲ ਰਾਮੂੰਵਾਲੀਏ ਨੇ ਲੋਕਾਂ ਲਈ ਲਿਖਿਆ ਹੈ ਅਤੇ ਉਹ ਆਪਣੀਆਂ ਪੁਸਤਕਾਂ ਦੇ ਰੂਪ ਵਿਚ ਸਦਾ ਲਈ ਲੋਕਾਂ ਵਿਚ ਮੌਜੂਦ ਰਹਿਣਗੇ। 'ਪਰਵਾਸੀ' ਮੀਡੀਏ ਤੋਂ ਰਜਿੰਦਰ ਸੈਣੀ ਨੇ ਦੋਹਾਂ ਸਾਹਿਤਕਾਰਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਦੋਹਾਂ ਨੇ ਆਪੋ-ਆਪਣੇ ਖੇਤਰ ਵਿਚ ਬਹੁਤ ਵਧੀਆ ਕੰਮ ਕੀਤਾ ਹੈ। ਇਕਬਾਲ ਦੀ ਕਵਿਤਾ, ਕਵੀਸ਼ਰੀ, ਕਹਾਣੀ ਤੇ ਨਾਟਕ 'ਪਲੰਘ-ਭੰਗੂੜਾ' ਦਾ ਜ਼ਿਕਰ ਕਰਦਿਆਂ ਉਨ੍ਹਾਂ ਆਪਣੇ ਵਿਦਿਆਰਥੀ ਜੀਵਨ ਵਿਚ ਅਜਮੇਰ ਔਲਖ ਦੇ ਲਿਖੇ ਹੋਏ ਨਾਟਕ ਖੇਡਣ ਦੀ ਵੀ ਗੱਲ ਕੀਤੀ। ਹੋਰ ਕਈਆਂ ਤੋਂ ਇਲਾਵਾ ਇਕਬਾਲ ਰਾਮੂਵਾਲੀਆ ਦੀ ਭੈਣ ਕਰਮਜੀਤ ਸੇਖੋਂ, ਉਨ੍ਹਾਂ ਦੇ ਪਰਿਵਾਰਕ ਮੈਂਬਰ ਕੁਲਦੀਪ ਸਿੰਘ ਹੇਅਰ ਅਤੇ ਨੇੜਲੇ ਸਾਥੀਆਂ ਪ੍ਰੋ. ਰਾਮ ਸਿੰਘ ਤੇ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਵੀ ਦੋਹਾਂ ਸਾਹਿਤਕਾਰਾਂ ਨਾਲ ਜੁੜੀਆਂ ਕਈ ਯਾਦਾਂ ਸਾਂਝੀਆਂ ਕੀਤੀਆਂ। ਇਸ ਮੌਕੇ 'ਕੈਂਸਰ' ਨਾਂ ਦੀ ਨਾ-ਮੁਰਾਦ ਬੀਮਾਰੀ ਜਿਸ ਨਾਲ 8-10 ਸਾਲ ਲਗਾਤਾਰ ਜੂਝਦਿਆਂ ਇਹ ਦੋਵੇਂ ਮਹਾਨ ਸਾਹਿਤਕਾਰ ਸਾਥੋਂ ਸਦਾ ਲਈ ਵਿੱਛੜ ਗਏ ਹਨ, ਬਾਰੇ ਡਾ. ਹਰਦੀਪ ਸਿੰਘ ਨੇ ਇਸ ਦੇ ਕਾਰਨਾਂ, ਲੱਛਣਾਂ, ਇਸ ਦੀ ਮੁੱਢਲੀ ਜਾਂਚ-ਪੜਤਾਲ ਅਤੇ ਮੌਜੂਦਾ ਪ੍ਰਚੱਲਤ ਡਾਕਟਰੀ ਇਲਾਜ ਬਾਰੇ ਜਾਣਕਾਰੀ ਦਿੱਤੀ। ਏਸੇ ਤਰ੍ਹਾਂ ਡਾ. ਭਾਨ ਗਰਗ ਨੇ ਮੌਤ ਤੋਂ ਬਾਅਦ ਕੰਮ ਆ ਜਾਣ ਬਾਰੇ ਮਨੁੱਖੀ-ਅੰਗਾਂ ਦੇ ਦਾਨ ਬਾਰੇ ਵੱਡਮੁੱਲੀ ਜਾਣਕਾਰੀ ਦਿੰਦਿਆਂ ਕਿਹਾ ਕਿ ਦਿਮਾਗ਼ ਤੋਂ ਬਿਨਾਂ ਸਾਡੇ ਸਰੀਰ ਦੇ ਅੱਠ ਮੁੱਖ ਅੰਗ ਅੱਠ ਅਣਮੋਲ ਮਨੁੱਖੀ ਜਾਨਾਂ ਬਚਾਉਣ ਦੇ ਕੰਮ ਆ ਸਕਦੇ ਹਨ ਅਤੇ ਉਨ੍ਹਾਂ ਲੋਕਾਂ ਵਿਚ ਇਸ ਸਬੰਧੀ ਜਾਗਰੂਕਤਾ ਪੈਦਾ ਕਰਨ ਦੀ ਗੱਲ ਕੀਤੀ। ਅਖ਼ੀਰ ਵਿਚ ਪ੍ਰਧਾਨਗੀ-ਮੰਡਲ ਵਿੱਚੋਂ ਸਾਬਕਾ ਸੈਸ਼ਨ ਜੱਜ ਅਵਤਾਰ ਸਿੰਘ ਨੇ ਸਮੁੱਚੇ ਸਮਾਗ਼ਮ ਦੀ ਕਾਰਵਾਈ ਸਮੇਟਦਿਆਂ ਹੋਇਆਂ ਆਏ ਸਾਰੇ ਮਹਿਮਾਨਾਂ ਦਾ ਆਪਣੇ ਵੱਲੋਂ, ਤਰਕਸ਼ੀਲ ਸੋਸਾਇਟੀ ਆਫ਼ ਓਨਟਾਰੀਓ ਵੱਲੋਂ ਤੇ ਵਿੱਛੜੀਆਂ ਰੂਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਧੰਨਵਾਦ ਕੀਤਾ। ਇਸ ਮੌਕੇ ਹਾਜ਼ਰੀਨ ਵਿਚ ਇਕਬਾਲ ਰਾਮੂਵਾਲੀਏ ਦੇ ਪਰਿਵਾਰਕ ਮੈਂਬਰਾਂ ਛੋਟੇ ਭਰਾ ਰਛਪਾਲ ਸਿੰਘ, ਪਤਨੀ ਸੁਖਸਾਗਰ, ਭੈਣਾਂ ਕਰਮਜੀਤ ਸੇਖੋਂ ਤੇ ਇੰਦਰਜੀਤ, ਧੀਆਂ ਸੁੱਖੀ ਤੇ ਕਿੰਨੂ ਤੋਂ ਇਲਾਵਾ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਸਰਗ਼ਰਮ ਮੈਂਬਰ ਤਲਵਿੰਦਰ ਮੰਡ, 'ਸਾਂਝਾ ਪੰਜਾਬ' ਰੇਡੀਓ ਦੇ ਸੰਚਾਲਕ ਬੌਬ ਦੋਸਾਂਝ, ਸੰਪੂਰਨ ਸਿੰਘ ਚਾਨੀਆਂ ਸਮੇਤ ਸੈਂਕੜੇ ਵਿਅਕਤੀ ਸ਼ਾਮਲ ਸਨ।

# ਹਰਨੇਕ ਬੱਧਨੀ ਰਚਿਤ ਕਾਵਿ ਸੰਗ੍ਰਹਿ 'ਵਤਨ ਦੀ ਮਿੱਟੀ ਉਦਾਸ ਹੈ' ਪਾਠਕ ਅਰਪਣ

**ਚੰਦ ਸਿੰਘ ਸਦਿਉੜਾ/ਕੈਲਗਰੀ**

***ਕਲਮਾਂ ਦੇ ਵਾਰਿਸੋਂ ਕਲਮਾਂ ਦਾ ਮਾਣ ਰੱਖਿਓ ਇਸ ਵੱਡੀ ਜ਼ਿੰਮੇਵਾਰੀ ਨੂੰ ਛੋਟੀ ਨਾ ਜਾਣ ਰੱਖਿਆ। -ਹਰਨੇਕ ਬੱਧਨੀ***



ਜੀਵਨ ਦੇ ਛੇ ਦਹਾਕੇ ਪੂਰੇ ਕਰਨ ਉਪਰੰਤ ਅਤੇ ਲੰਬਾ ਸਮਾਂ ਪੰਜਾਬ ਦੀ ਧਰਤੀ 'ਤੇ ਅਧਿਆਪਨ ਸੇਵਾ ਉਪਰੰਤ ਪਿਛਲੇ 7-8 ਸਾਲ ਤੋਂ ਕੈਲਗਰੀ ਦੀ ਧਰਤੀ 'ਤੇ ਆਪਣੇ ਪਰਿਵਾਰ ਨਾਲ ਜੁੜੇ ਅਗਾਂਹਵਧੂ ਲੇਖਕ ਸ੍ਰੀ ਹਰਨੇਕ ਬੱਧਨੀ ਨੇ ਆਪਣੀ ਸਾਹਿਤਕ ਜ਼ਿੰਦਗੀ ਦਾ ਅਗਾਜ਼ ਕੀਤਾ। ਜਿਹੜੇ 2013 ਵਿਚ 'ਜੀਵ ਰਿਸ਼ਤਾ' ਅਤੇ 2016 ਵਿਚ 'ਨਹੀਓਂ ਲੱਭਣੇ ਲਾਲ ਗੁਆਚੇ' ਕਹਾਣੀ ਸੰਗ੍ਰਹਿ ਲੈ ਪੰਜਾਬੀ ਪਾਠਕ ਦਰਬਾਰ ਵਿਚ ਪੇਸ਼ ਹੋਏ। 'ਵਤਨ ਦੀ ਮਿੱਟੀ ਉਦਾਸ ਹੈ' ਨਵੇਂ ਕਾਵਿ ਸੰਗ੍ਰਹਿ ਨਾਲ ਉਹ ਗ਼ਜ਼ਲਾਂ, ਗੀਤਾਂ ਅਤੇ ਕਵਿਤਾਵਾਂ 'ਤੇ ਹੱਥ ਅਜਮਾ ਰਹੇ ਹਨ।

ਕੈਲਗਰੀ ਸ਼ਹਿਰ ਵਿਚ ਕੁਝ ਕੁ ਸਮੇਂ ਤੋਂ ਹੋਂਦ ਵਿਚ ਆਈ ਨਵੀਂ ਸਾਹਿਤਕ ਸੰਸਥਾ 'ਸ਼ਬਦ ਸਾਂਝ' ਦੇ ਮੰਚ ਤੋਂ 17 ਸਤੰਬਰ 2017 ਦੀ ਬਾਅਦ ਦੁਪਹਿਰ ਇਸ ਨਵਸਿਰਜੇ ਕਾਵਿ ਸੰਗ੍ਰਹਿ ਦਾ ਪਾਠਕ ਅਰਪਣ ਕੀਤਾ ਗਿਆ। ਸਮਾਗਮ ਦੇ ਮੰਚ ਸੰਚਾਲਕ ਡਾ. ਮੁਖਤਿਆਰ ਸਿੰਘ ਬੱਡੂਵਾਲੀਆ ਵਲੋਂ ਡਾ. ਸ੍ਰੀਮਤੀ ਬਲਵਿੰਦਰ ਕੌਰ ਬਰਾੜ, ਡਾ. ਲਖਵੀਰ ਸਿੰਘ ਰਿਆੜ, ਸ੍ਰੀ ਹਰਨੇਕ ਸਿੰਘ ਬੱਧਨੀ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਨਰਿੰਦਰਜੀਤ ਕੌਰ ਨੂੰ ਸਤਿਕਾਰਤ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਕੀਤਾ। ਡਾ. ਸ੍ਰੀਮਤੀ ਸਰਬਜੀਤ ਕੌਰ ਜਵੰਦਾ, ਡਾ. ਬੱਡੂਵਾਲੀਆ, ਡਾ. ਰਿਆੜ ਅਤੇ ਡਾ. ਬਲਵਿੰਦਰ ਕੌਰ ਬਰਾੜ ਨੇ ਸ੍ਰੀ ਹਰਨੇਕ ਬੱਧਨੀ ਦੁਆਰਾ ਰਚਿਤ ਗ਼ਜ਼ਲਾਂ, ਗੀਤਾਂ ਅਤੇ ਕਵਿਤਾਵਾਂ ਵਾਲੇ ਕਾਵਿ ਸੰਗ੍ਰਹਿ ਬਾਰੇ ਪੇਪਰ ਪੜ੍ਹੇ। ਉਪਰੰਤ ਪ੍ਰਧਾਨਗੀ ਮੰਡਲ ਤੋਂ ਇਲਾਵਾ ਸ੍ਰੀ ਰਿਸ਼ੀ ਨਾਗਰ ਅਤੇ ਮਾਸਟਰ ਬਚਿੱਤਰ ਗਿੱਲ ਨੇ ਇਸ ਕਾਵਿ ਸੰਗ੍ਰਹਿ ਦਾ ਪਾਠਕ ਅਰਪਣ ਕੀਤਾ। ਸਮੇਂ-ਸਮੇਂ ਸਮਾਗਮ ਨੂੰ ਸੂਖਮ ਰੰਗ ਦੇਣ ਲਈ ਇਸੇ ਕਾਵਿ ਸੰਗ੍ਰਹਿ ਵਿਚੋਂ ਸ੍ਰੀਮਤੀ ਸੁਰਿੰਦਰਜੀਤ, ਜਸਵੰਤ ਸਿੰਘ ਸੇਖੋਂ, ਸੁਖਮਿੰਦਰ ਤੂਰ, ਮਾਸਟਰ ਬਚਿੱਤਰ ਗਿੱਲ, ਡਾ. ਬਾਠ, ਤਰਲੋਚਨ ਸੈਂਬੀ, ਮਨਜੀਤ ਬਰਾੜ ਅਤੇ ਅਮਰੀਕ ਸਿੰਘ ਚੀਮਾ ਨੇ ਗ਼ਜ਼ਲ, ਕਵਿਤਾ ਤੇ ਕਵੀਸ਼ਰੀ ਗਾਈ। ਮਾਸਟਰ ਭਜਨ, ਸ੍ਰੀਮਤੀ ਗੁਰਚਰਨ ਕੌਰ ਥਿੰਦ, ਸ੍ਰੀ ਨਰਿੰਦਰ ਢਿੱਲੋਂ, ਗੁਰਬਚਨ ਬਰਾੜ ਅਤੇ ਜਸਵੀਰ ਸਹੋਤਾ ਨੇ ਆਪਣੇ ਅੰਦਾਜ਼ ਵਿਚ ਲੇਖਕ ਨੂੰ ਵਧਾਈ ਪੇਸ਼ ਕੀਤੀ। ਸਮਾਗਮ ਦੇ ਅੰਤ ਵਿਚ ਸ੍ਰੀ ਹਰਨੇਕ ਬੱਧਨੀ ਨੇ ਸਮੂਹ ਬੁਲਾਰਿਆਂ ਦੀਆਂ ਟਿੱਪਣੀਆਂ ਨੂੰ ਝੋਲੀ ਪਾਉਂਦਿਆਂ ਸਮੁੱਚੀ ਇਕੱਤਰਤਾ ਦਾ ਧੰਨਵਾਦ ਕੀਤਾ। ਸਮਾਗਮ ਦੇ ਮਧ ਵਿਚ ਹਰਨੇਕ ਬੱਧਨੀ ਦੇ ਪੋਤੇ ਰਣਜੋਤ ਧਾਲੀਵਾਲ ਉਮਰ ਕਰੀਬ 10 ਕੁ ਸਾਲ ਨੇ ਵਡੇਰਿਆਂ ਨੂੰ ਆਪਣੀ ਤੀਜੀ ਪੀੜ੍ਹੀ ਨੂੰ ਪੰਜਾਬੀ ਵਿਚ ਕੁਝ ਕਾਵਿਬੰਧ ਪੇਸ਼ ਕੀਤੇ। ਸਮੂਹ ਸਰੋਤੇ ਸ੍ਰੀ ਹਰਨੇਕ ਬੱਧਨੀ ਨੂੰ ਵਧਾਈ ਦੇਣ, ਪੁਸਤਕ ਖਰੀਦਣ ਅਤੇ ਚਾਹ ਪਾਣੀ ਪੀਣ ਉਪਰੰਤ ਆਪਣੇ-ਆਪਣੇ ਆਲ੍ਹਣਿਆਂ ਵੱਲ ਪਰਵਾਜ਼ ਕਰ ਗਏ।






# ਵਿਦਿਆਰਥੀਆਂ ਵੱਲੋਂ ਕੈਪਟਨ ਦੇ ਮੋਤੀ ਮਹਿਲ ਵੱਲ ਰੋਸ ਮਾਰਚ






ਪੰਜਾਬ ਸਟੂਡੈਂਟਸ ਯੂਨੀਅਨ (ਪੀਐੱਸਯੂ) ਨੇ ਵਿਦਿਆਰਥੀ ਮੰਗਾਂ ਸਬੰਧੀ ਸ਼ਹਿਰ ਵਿੱਚ ਰੋਹ ਭਰੀ ਰੈਲੀ ਕਰਨ ਪਿੱਛੋਂ ਮੁੱਖ ਮੰਤਰੀ ਦੀ ਰਿਹਾਇਸ਼ 'ਨਿਊ ਮੋਤੀ ਮਹਿਲ' ਵੱਲ ਰੋਸ ਮਾਰਚ ਕੀਤਾ। ਤ੍ਰਿਪੜੀ ਚੌਕ ਤੋਂ ਤੁਰੇ ਇਸ ਮਾਰਚ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਅਖ਼ੀਰ ਜ਼ਿਲ੍ਹਾ ਪ੍ਰਸ਼ਾਸਨ ਨੇ ਯੂਨੀਅਨ ਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ 3 ਅਕਤੂਬਰ ਨੂੰ ਚੰਡੀਗੜ੍ਹ ਵਿੱਚ ਬੈਠਕ ਤੈਅ ਕਰਵਾਈ, ਜਿਸ ਮਗਰੋਂ ਵਿਦਿਆਰਥੀ ਸ਼ਾਂਤ ਹੋਏ ? ਉਂਜ ਵਿਦਿਆਰਥੀਆਂ ਨੂੰ ਰੋਕਣ ਲਈ ਪੁਲੀਸ ਨੇ ਮਹਿਲ ਤੱਕ ਕਈ ਥਾਈਂ ਬੈਰੀਕੇਡ ਲਾਏ ਹੋਏ ਸਨ।

ਪੰਜਾਬ ਸਟੂਡੈਂਟਸ ਯੂਨੀਅਨ ਦੇ ਸੱਦੇ 'ਤੇ ਸੂਬੇ ਦੇ ਵੱਖ-ਵੱਖ ਕੋਨਿਆਂ ਤੋਂ ਸੈਂਕੜੇ ਵਿਦਿਆਰਥੀ ਲਾਲ ਝੰਡਿਆਂ ਸਮੇਤ ਅੱਜ ਪਟਿਆਲਾ ਪੁੱਜੇ ? ਰੋਸ ਮੁਜ਼ਾਹਰੇ ਤੋਂ ਪਹਿਲਾਂ ਤ੍ਰਿਪੜੀ ਚੌਕ ਨੇੜੇ ਰੈਲੀ ਨੂੰ ਸੰਬੋਧਨ ਕਰਦਿਆਂ ਪੀ.ਐਸ.ਯੂ. ਦੇ ਸੂਬਾ ਪ੍ਰਧਾਨ ਰਜਿੰਦਰ ਸਿੰਘ ਤੇ ਸੂਬਾ ਸਕੱਤਰ ਪ੍ਰਦੀਪ ਕਸਬਾ ਨੇ ਕਿਹਾ ਕਿ ਲੜਕੀਆਂ ਦੀ ਨਰਸਰੀ ਤੋਂ ਪੀ.ਐਚ.ਡੀ. ਤਕ ਦੀ ਪੜ੍ਹਾਈ ਮੁਫ਼ਤ ਹੋਣੀ ਚਾਹੀਦੀ ਹੈ? ਪੰਜਾਬ ਸਰਕਾਰ ਨੇ ਲੜਕੀਆਂ ਦੀ ਮੁਫ਼ਤ ਵਿੱਦਿਆ ਦਾ ਐਲਾਨ ਤਾਂ ਕੀਤਾ ਹੈ ਪਰ ਇਸ ਨੂੰ ਅਮਲੀਜਾਮਾ ਨਹੀਂ ਪਹਿਨਾਇਆ ? ਸੂਬਾ ਵਿੱਤ ਸਕੱਤਰ ਕਰਮਜੀਤ ਕੋਟਕਪੂਰਾ ਅਤੇ ਪ੍ਰੈਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਦਲਿਤ ਵਿਦਿਆਰਥੀਆਂ ਦੀ ਫ਼ੀਸ ਮੁਆਫ਼ੀ ਲਈ ਆਮਦਨ ਸੀਮਾ ਖ਼ਤਮ ਹੋਣੀ ਚਾਹੀਦੀ ਹੈ। ਸੂਬਾ ਆਗੂ ਰਣਵੀਰ ਰੰਧਾਵਾ ਅਤੇ ਗਗਨ ਸੰਗਰਾਮੀ ਨੇ ਕਿਹਾ ਕਿ ਯੂਨੀਵਰਸਿਟੀਆਂ ਪੈਸੇ ਇਕੱਠੇ ਕਰਨ ਲਈ ਹਜ਼ਾਰਾਂ ਵਿਦਿਆਰਥੀਆਂ ਦੀ ਜਾਣਬੁੱਝ ਕੇ ਰੀ-ਅਪੀਅਰ ਕੱਢ ਰਹੀਆਂ ਹਨ। ਜਦੋਂ ਤੱਕ ਰੀ-ਅਪੀਅਰ ਦੀ ਫ਼ੀਸ ਮੁਆਫ਼ ਨਹੀਂ ਹੁੰਦੀ, ਵਿਦਿਆਰਥੀਆਂ ਦੇ ਨਤੀਜੇ ਮਾੜੇ ਆਉਂਦੇ ਰਹਿਣਗੇ ? ਸੂਬਾ ਆਗੂ ਗੁਰਸੇਵਕ ਸਿੰਘ ਤੇ ਹਰਦੀਪ ਕੌਰ ਕੋਟਲਾ ਨੇ ਕਿਹਾ ਕਿ ਯੂਨੀਵਰਸਿਟੀ ਕਾਲਜਾਂ 'ਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰੀਆਂ ਜਾਣ ਤੇ ਪਹਿਲਾਂ ਤੋਂ ਕੰਮ ਕਰ ਰਹੇ ਅਧਿਆਪਕਾਂ ਨੂੰ ਪੱਕਾ ਕੀਤਾ ਜਾਵੇ ?

ਪੀ. ਐਸ. ਯੂ. ਦੇ ਸੂਬਾ ਆਗੂ ਅਮਰ ਕ੍ਰਾਂਤੀ ਅਤੇ ਬਲਜੀਤ ਧਰਮਕੋਟ ਨੇ ਫ਼ਿਰੋਜ਼ਪੁਰ ਦੇ ਤੂੜੀ ਬਾਜ਼ਾਰ ਵਿੱਚ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਗੁਪਤ ਟਿਕਾਣੇ ਨੂੰ ਲਾਇਬ੍ਰੇਰੀ ਅਤੇ ਅਜਾਇਬਘਰ ਦੇ ਰੂਪ ਵਿੱਚ ਵਿਕਸਿਤ ਕਰਨ ਦੀ ਮੰਗ ਕੀਤੀ।

# ਐਨ. ਸੀ. ਈ. ਆਰ. ਟੀ ਦੇ ਸਿਲੇਬਸ ਵਿਚੋਂ ਕਵੀ ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਨੂੰ ਹਟਾਇਆ ਨਹੀਂ ਜਾਵੇਗਾ

ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨ ਰਿਸਰਚ ਐਂਡ ਟਰੇਨਿੰਗ (ਐਨ. ਸੀ. ਈ. ਆਰ. ਟੀ) ਦੇ ਡਾਇਰੈਕਟਰ ਹਰਿਸ਼ਕੇਸ਼ ਸੇਨਾਪਤੀ ਵਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਐਨ. ਸੀ. ਈ. ਆਰ. ਟੀ ਦੇ ਸਿਲੇਬਸ ਵਿਚੋਂ ਕਵੀ ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਨੂੰ ਹਟਾਇਆ ਨਹੀਂ ਜਾਵੇਗਾ।



ਇਹ ਫੈਸਲਾ ਅਸਲ 'ਚ ਕਲਾ, ਕਲਮ, ਵਿਚਾਰਾਂ ਦੀ ਆਜ਼ਾਦੀ ਲਈ ਤੁਰੰਤ ਪੈਰ ਚੁਫ਼ੇਰਿਓਂ ਉੱਠੀ ਜ਼ਬਰਦਸਤ ਲੋਕ-ਆਵਾਜ਼ ਦੀ ਜਿੱਤ ਹੈ। ਇਹ ਕਹਿਣਾ ਹੈ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦਾ।

ਪਲਸ ਮੰਚ ਨੇ ਪਾਸ਼ ਦੀ ਤਸਵੀਰ ਅਤੇ 'ਸਭ ਤੋਂ ਖਤਰਨਾਕ' ਕਵਿਤਾ ਛਾਪ ਕੇ ਭਾਵਪੂਰਤ ਪੋਸਟਰ, ਕਵੀ ਪਾਸ਼ ਦੇ 67ਵੇਂ ਜਨਮ ਦਿਨ ਮੌਕੇ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵਲੋਂ ਟੀਚਰਜ਼ ਹੋਮ ਬਠਿੰਡਾ ਵਿਖੇ ਮਨਾਏ ਸੂਬਾਈ ਸਾਲਾਨਾ ਸਾਹਿਤਕ ਸਮਾਗਮ ਮੌਕੇ ਲੋਕ ਅਰਪਣ ਕੀਤਾ ਸੀ। ਐਨ. ਸੀ. ਈ. ਆਰ. ਟੀ. ਦੇ ਡਾਇਰੈਕਟਰ ਹਰਿਸ਼ਕੇਸ਼ ਸੇਨਾਪਤੀ ਨੇ ਬਠਿੰਡਾ ਸਮਾਗਮ ਅਤੇ ਪ੍ਰੈਸ ਵਿੱਚ ਉੱਠੇ ਇਸ ਸੁਆਲ ਦਾ ਜੁਆਬ ਦਿੰਦਿਆਂ ਐਲਾਨ ਕੀਤਾ ਹੈ ਕਿ ਐਨ. ਸੀ. ਈ. ਆਰ. ਟੀ. ਦੇ ਸਿਲੇਬਸ ਵਿਚੋਂ 'ਸਭ ਤੋਂ ਖਤਰਨਾਕ' ਕਵਿਤਾ ਕੱਢੀ ਨਹੀਂ ਜਾਵੇਗੀ। ਇਸਦੇ ਨਾਲ ਹੀ ਉਹਨਾਂ ਨੇ ਹੋਰ ਕਲਾ ਕਿਰਤਾਂ ਵੀ ਨਾ ਕੱਢਣ ਦਾ ਯਕੀਨ ਦੁਆਇਆ ਹੈ। ਚੇਤੇ ਰਹੇ ਕਿ ਪਾਸ਼ ਦੀ ਕਵਿਤਾ ਦੇ ਨਾਲ ਹੀ ਰਾਬਿੰਦਰ ਨਾਥ ਟੈਗੋਰ ਅਤੇ ਐਮ. ਐਫ. ਹੁਸੈਨ ਦੀਆਂ ਕਲਾ ਕਿਰਤਾਂ ਨੂੰ ਵੀ ਸਿਲੇਬਸ 'ਚੋਂ ਖਾਰਜ ਕਰਨ ਦਾ ਦੀਨਾ ਨਾਥ ਬੱਤਰਾ ਵਲੋਂ ਐਲਾਨ ਕੀਤਾ ਗਿਆ ਸੀ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਜ਼ਿਕਰਯੋਗ ਹੈ ਕਿ ਪ੍ਰੈਸ ਅਤੇ ਪਾਸ਼ ਯਾਦਗਾਰੀ ਸੁਬਾਈ ਸਾਹਿਤਕ ਸਮਾਗਮ ਬਠਿੰਡਾ 'ਚ ਜਾਰੀ ਪੋਸਟਰ ਨੇ ਐਨ. ਸੀ. ਈ. ਆਰ. ਟੀ ਨੂੰ ਜਨਤਕ ਰਾਏ ਅੱਗੇ ਪਿਛਲਮੋੜੇ ਲਈ ਮਜ਼ਬੂਰ ਕਰ ਦਿੱਤਾ ਹੈ।


ਪਾਸ਼ ਦੀ ਕਵਿਤਾ ਸਿਲੇਬਸ 'ਚੋਂ ਨਾ ਕੱਢੇ ਜਾਣ ਦੀ ਅੰਸ਼ਕ ਜਿੱਤ ਨੂੰ ਲੋਕ-ਆਵਾਜ਼ ਦੀ ਜਿੱਤ ਕਰਾਰ ਦਿੰਦਿਆਂ ਸੱਦਾ ਦਿੱਤਾ ਹੈ ਕਿ ਲੋਕ-ਏਕਤਾ, ਚੇਤਨ ਜਨਤਕ ਲਹਿਰ ਅਤੇ ਆਵਾਮ ਵਿਰੋਧੀ ਫੈਸਲਿਆਂ ਖਿਲਾਫ਼ ਉਠ ਖੜ੍ਹੇ ਹੋਣਾ ਹੀ ਅਸਲ 'ਚ ਲੋਕਾਂ ਕੋਲ ਸੁਵੱਲੜਾ ਰਾਹ ਹੈ।


MAROK LAW OFFICE
Always Taking You Forward
• Corporate Law • Real Estate
Wills • Affidavits • Power of Attorney



VIPANDEEP SINGH MAROK M.A., LLB
Barrister, Solicitor & Notary Public
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis



Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਅਤੇ ਕੈਲਗਰੀ ਹਾਕਸ ਫੀਲਡ ਹਾਕੀ ਅਕੈਡਮੀ
ਦੇ ਸਾਂਝੇ ਉੱਦਮ ਤੇ ਤਹਿਤ ਪੰਜਾਬੀ ਬੋਲੀ ਸਿਖਾਉਣ ਦੀਆਂ ਮੁਫਤ ਕਲਾਸਾਂ ਹਰ ਐਤਵਾਰ
ਜੈਨੇਸਿਸ ਸੈਂਟਰ ਵਿਚ 1000 ਵਾਇਸਜ਼ ਵਿਚ ਲਗਾਈਆਂ ਜਾਂਦੀਆਂ ਹਨ।
ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਹਿਰ 12 ਵਜੇ ਤੱਕ
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਮਾਸਟਰ ਭਜਨ ਸਿੰਘ: 403-455-4220 ਸੁਖਵੀਰ ਗਰੇਵਾਲ: 403-402-0770

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6

For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca



Taranjit " T.J" Mand
Real Estate Associate
MaxValue Reality Ltd.

Metro Immigration .com
FOR 100% HONEST ADVICE
EXPRESS ENTRY $500
SPOUSAL VISA $750
VISITOR VISA $100
SUPER VISA $200
APPEALS $1000+$2000
PNP = REQUIRED NET WORTH (Assets) of $400,000 (2 crores) & INVEST $200,000
LMIA/AEO (Work Permit) 2X$750
20 YEARS OF SOLID EXPERIENCE



SURESH GUPTA
Licenced Immigration Practitioner
Member ICCRC
Head Office:
Tel: 905-673-1200
Brampton: 905-794-6003 Toronto: 416-640-7554

# ਯੂਨੀਵਰਸਿਟੀ ਦੇ ਲ਼ਾਰੇ, ਅਜੇ ਦੂਰ ਦੀ ਗੱਲ ਸਾਰੇ



ਡਾ. ਹਰਦੀਪ ਸਿੰਘ, ਮਿਲਟਨ, ਓਂਟਾਰੀਓ

ਬਰੈਂਪਟਨ ਸ਼ਹਿਰ ਆਬਾਦੀ ਦੇ ਲਿਹਾਜ਼ ਨਾਲ, ਟੋਰਾਂਟੋ ਖੇਤਰ ਦਾ ਮਿਸੀਸਾਗਾ ਸ਼ਹਿਰ ਤੋਂ ਬਾਅਦ ਵੱਡਾ ਸ਼ਹਿਰ ਹੈ। ਇਸ ਦੀ ਆਬਾਦੀ ਸੰਨ 2016 ਦੇ ਸੈਂਸਜ਼ ਦੇ ਮੁਤਾਬਿਕ 593,638 ਹੈ। ਇਸ ਤਰ੍ਹਾਂ, ਇਹ ਸ਼ਹਿਰ ਕੈਨੇਡਾ ਦਾ ਨੌਂਵਾਂ ਵੱਡਾ ਸ਼ਹਿਰ ਹੈ। ਟੋਰਾਂਟੋ ਦੇ ਉਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਦੇ ਨੇੜੇ ਹੋਣਾ ਅਤੇ ਟੋਰਾਂਟੋ ਦੀ ਰੀਅਲ ਸਟੇਟ ਘਰਾਂ ਦੀ ਅਸਮਾਨੀ ਚੜ੍ਹੀ ਕੀਮਤ, ਇਸ ਸ਼ਹਿਰ ਦੀ ਵੱਧ ਰਹੀ ਵਸੋਂ ਦਾ ਕਾਰਨ ਹੈ। ਟੋਰਾਂਟੋ ਦੇ ਮੁਕਾਬਲੇ ਸੁਖਾਵੀਂਆਂ ਕੀਮਤਾਂ, ਟਰਾਂਸਪੋਰਟ ਨੈਟਵਰਕ ਕਾਰਪੋਰੇਟ ਸਨਅਤ ਲਈ ਢੁਕਵਾਂ ਹੈ। ਇਸੇ ਕਰਕੇ ਵੱਡੇ ਕਾਰਪੋਰੇਟ ਦਫਤਰ, ਫੈਕਟਰੀਆਂ, ਵੇਅਰਹਾਊਸ ਕਾਰੋਬਾਰਾਂ ਆਦਿ ਲਈ ਇਹ ਮਨਭਾਉਂਦਾ ਸ਼ਹਿਰ ਬਣਦਾ ਜਾ ਰਿਹਾ ਹੈ। ਇਥੇ ਤੇਜ਼ੀ ਨਾਲ ਵਧ ਰਹੀ ਆਬਾਦੀ ਕਾਰਨ ਸਰਵਿਸ ਸੈਕਟਰ ਅਤੇ ਸਰਵਿਸ ਗੁਡਸ ਦਾ ਕਾਰੋਬਾਰ ਵੀ ਵੱਧ ਰਿਹਾ ਹੈ। ਇਹ ਕੈਨੇਡਾ ਦਾ ਬਹੁ-ਸਭਿਆਚਾਰਕ ਅਤੇ ਬਹੁ-ਭਾਸ਼ੀ ਪਛਾਣ ਦੀ ਇੱਕ ਚੰਗੀ ਉਦਾਹਰਣ ਹੈ ਅਤੇ ਮਾਂ ਬੋਲੀ ਪੰਜਾਬੀ ਬੋਲਦੇ ਭਾਈਚਾਰੇ ਦੀ ਵਸੋਂ ਲਈ ਵੀ ਇਹ ਖਿੱਚ ਦਾ ਕੇਂਦਰ ਹੈ। ਇਸ ਸ਼ਹਿਰ ਦੇ 51.71 ਪ੍ਰਤੀਸ਼ਤ ਅੰਗਰੇਜ਼ੀ ਮੁਢਲੀ ਭਾਸ਼ਾ ਵਾਲੀ ਆਬਾਦੀ ਤੋਂ ਬਾਅਦ ਪੰਜਾਬੀ ਬੋਲੀ ਦੂਸਰੇ ਨੰਬਰ ਤੇ ਹੈ। 2011 ਦੇ ਸੈਂਸਜ਼ ਮੁਤਾਬਿਕ 17.51% ਵੰਸ਼ੀਦੇ ਪੰਜਾਬੀ ਬੋਲਦੇ, ਉਰਦੂ (ਹਿੰਦੀ) ਭਾਸ਼ੀ 2.79, ਅਤੇ ਗੁਜਰਾਤੀ ਭਾਸ਼ੀ 2.12 % ਹਨ। ਸਿੱਖਿਆ ਲਈ ਇਥੇ ਦੋ ਸਕੂਲ ਬੋਰਡ ਸਥਾਪਿਤ ਹਨ-ਪੀਲ ਡਿਸਟ੍ਰਿਕ ਸਕੂਲ ਬੋਰਡ ਅਤੇ ਡਫਿਰਨ-ਪੀਲ ਕੈਥੋਲਿਕ ਡਿਸਟ੍ਰਿਕ ਸਕੂਲ ਬੋਰਡ। ਪੀਲ ਡਿਸਟ੍ਰਿਕ ਸਕੂਲ ਬੋਰਡ ਦੁਆਰਾ 15 ਸਕੈਂਡਰੀ ਸਕੂਲ ਚਲਾਏ ਜਾ ਰਹੇ ਹਨ ਜਿਥੇ ਇਲਾਕੇ ਦੇ 85 ਐਲੀਮੈਂਟਰੀ ਅਤੇ ਮਿਡਲ ਸਕੂਲਾਂ ਦੇ ਵਿਦਿਆਰਥੀ ਜਾਂਦੇ ਹਨ। ਡਫਿਰਨ-ਪੀਲ ਕੈਥੋਲਿਕ ਡਿਸਟ੍ਰਿਕ ਸਕੂਲ ਬੋਰਡ ਦੁਆਰਾ 9 ਸਕੈਂਡਰੀ ਸਕੂਲ ਚਲਾਏ ਜਾ ਰਹੇ ਹਨ ਜਿਥੇ ਇਲਾਕੇ ਦੇ 44 ਐਲੀਮੈਂਟਰੀ ਅਤੇ ਮਿਡਲ ਸਕੂਲਾਂ ਦੇ ਵਿਦਿਆਰਥੀ ਜਾਂਦੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਇਨ੍ਹੀਂ ਵਸੋਂ ਵਾਲੇ ਸ਼ਹਿਰ ਲਈ ਮੁੱਖ ਤੌਰ 'ਤੇ ਇੱਕੋ ਵੱਡਾ ਕਾਲਜ ਉ ਸ਼ੈਰੇਡਨ ਕਾਲਜ ਹੈ ਜਿਸ ਦਾ ਇੱਕ ਹੋਰ ਕੈਂਪਸ ਔਕਵਿਲ ਸ਼ਹਿਰ ਵਿੱਚ ਵੀ ਹੈ । ਸ਼ੈਰੇਡਿਨ ਕਾਲਜ ਦਾ ਬਰੈਂਪਟਨ ਸੈਂਟਰ ਮੁੱਖ ਤੌਰ 'ਤੇ ਬਿਜਨਿਸ ਟ੍ਰੇਨਿੰਗ ਦੇ ਕੋਰਸ ਚਲਾਉਂਦਾ ਹੈ। ਇੰਨੇ ਵੱਡੇ ਸ਼ਹਿਰ ਲਈ ਅਜੇ ਤੱਕ ਕੋਈ ਵੀ ਯੂਨਵਿਰਸਟੀ ਨਹੀਂ ਹੈ, ਉੱਚ ਵਿਦਿਆ ਲਈ ਇਥੋਂ ਦੇ ਵਸਨੀਕਾਂ ਨੂੰ ਨੇੜੇ ਦੀ 'ਯੋਰਕ ਯੂਨੀਵਰਸਿਟੀ ਜਾਂ ਯੂਨੀਵਰਸਿਟੀ ਆਫ ਟੋਰਾਂਟੋ ਜਾਣਾ ਪੈਂਦਾ ਹੈ। ਪਿਛਲੇ ਕਈ ਸਾਲਾਂ ਤੋਂ ਚੋਣ ਪਾਰਟੀਆਂ ਦੁਆਰਾ ਇਸ ਸ਼ਹਿਰ ਲਈ ਵੀ ਇੱਕ ਯੂਨੀਵਰਸਿਟੀ ਦਾ ਵਾਅਦਾ ਕੀਤਾ ਜਾ ਰਿਹਾ ਹੈ ਅਤੇ ਸਰਕਾਰਾਂ ਵੀ ਬਣੀਆਂ ਪਰ ਜਮੀਨੀ ਪੱਧਰ ਉੱਤੇ ਕੁਝ ਵੀ ਨਹੀਂ ਹੈ। ਇਸੇ ਸਾਲ ਸਤੰਬਰ ਮਹੀਨੇ ਸਰਕਾਰ ਦੁਆਰਾ, ਬਰੈਂਪਟਨ ਕੌਂਸਲਰਾਂ ਦੀ ਮੀਟਿੰਗ ਵਿੱਚ ਇਸ ਸ਼ਹਿਰ ਵਿੱਚ ਇੱਕ ਨਵੀਂ ਯੂਨੀਵਰਸਿਟੀ ਲਈ ਇੱਕ ਵਿਸ਼ੇਸ਼ ਰਣਨੀਤੀ ਤੈਅ ਕਰਨ ਬਾਰੇ ਐਲਾਨ ਕੀਤਾ ਹੈ। ਇਸ ਵਿੱਚ ਸ਼ਹਿਰ ਦੇ ਡਾਊਨ-ਟਾਊਨ ਵਿੱਚ ਸਿੱਖਿਆ, ਖੋਜ ਅਤੇ ਸਹਿਯੋਗ ਲਈ ਇੱਕ ਸੈਂਟਰ ਵੀ ਸ਼ਾਮਲ ਹੈ। ਇਸ ਮੀਟਿੰਗ ਵਿੱਚ ਪੋਸਟ ਸੈਕੰਡਰੀ ਲਈ ਅਗਲੇ ਦਸ ਸਾਲਾਂ ਵਿੱਚ 50 ਮਿਲੀਅਨ ਡਾਲਰ ਅਤੇ 100 ਮਿਲੀਅਨ ਡਾਲਰ ਯੂਨੀਵਰਸਿਟੀ ਦੀ ਬਿਜਨਸ, ਕਮਿਊਨਿਟੀ ਸਹਿਯੋਗ ਅਤੇ ਸਭਿਆਚਾਰਕ ਵਿਕਾਸ 'ਤੇ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।



ਇਸ 5000 ਵਿਦਿਆਰਥੀਆਂ ਵਾਲੇ ਸਿੱਖਿਆ ਪ੍ਰੋਜੈਕਟ ਦੀ ਉਸਾਰੀ ਰਾਹੀਂ 1800 ਨਵੀਆਂ ਜਾਬਾਂ ਅਤੇ ਚਲ ਰਹੇ ਤਿਆਰੀ ਕਾਰਜ਼ ਨਾਲ 1500 ਜਾਬਾਂ ਦਾ ਦਾਅਵਾ ਕੀਤਾ ਗਿਆ ਹੈ। ਹੁਣ ਵੀ ਸ਼ਹਿਰ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਰਾਹੀਂ ਟੈਕਸ ਪ੍ਰਾਪਤੀ ਹੋ ਰਹੀ ਹੈ ਅਤੇ ਇੱਕ ਐਸਟੀਮੇਟ ਅਨੁਸਾਰ ਇਸ ਪ੍ਰੋਜੈਕਟ ਰਾਹੀਂ 18.3 ਮਿਲੀਅਨ ਡਾਲਰ ਦੀ ਸਲਾਨਾ ਆਮਦਨ ਵਾਧਾ ਹੋਵੇਗਾ। ਰੇਰਸਨ ਯੂਨੀਵਰਸਿਟੀ ਅਤੇ ਸ਼ੈਰੇਡਨ ਕਾਲਜ ਨੇ ਯੂਨੀਵਰਸਿਟੀ ਪ੍ਰੋਜੈਕਟ ਲਈ ਪੂਰਨ ਸਹਿਯੋਗ ਲਈ ਕੰਮ ਕਰਨਗੇ ਅਤੇ ਯੂਨੀਵਰਸਿਟੀ ਬਾਰੇ ਅੰਤਿਮ ਪ੍ਰਸਤਾਵ ਪੱਤਝੜ ਸ਼ੈਸ਼ਨ ਤੋਂ ਪਹਿਲਾਂ ਰੱਖ ਰਹੇ ਹਨ ਜਿਸਨੂੰ ਪਰੋਵਿੰਸ ਵੱਲੋਂ ਇਸ ਸਾਲ ਦੇ ਆਖਿਰ ਵਿੱਚ ਐਲਾਨ ਦੀ ਸੰਭਾਵਨਾ ਹੈ। ਗੱਲ ਕਿ ਬੜੇ ਲੰਬੇ ਸਮੇਂ ਤੋਂ ਚਲੇ ਆ ਰਹੇ ਵਾਅਦੇ ਅਜੇ ਕਾਗਜ਼ੀ ਕੰਮਾਂ ਵਿੱਚ ਹੀ ਹਨ। ਚਾਹੇ ਇਸ ਗੱਲ ਵਿੱਚ ਦੂਸਰੀ ਰਾਏ ਨਹੀਂ ਹੈ ਕਿ ਬਰੈਂਪਟਨ ਸ਼ਹਿਰ ਦਾ ਸ਼ੈਰੇਡਨ ਕਾਲਜ ਇਸ ਸਮੇਂ ਇੰਟਰਨੈਸ਼ਨਲ ਵਿਦਿਆਰਥੀ ਖਾਸ ਤੌਰ 'ਤੇ ਪੰਜਾਬੀ ਅਤੇ ਉੱਤਰੀ ਭਾਰਤੀ ਮਹਾਂਦੀਪ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਹੈ। ਜਿਸ ਦਾ ਮੁੱਖ ਕਾਰਨ ਹੈ ਇਥੇ ਵੱਡੀ ਪੱਧਰ ਤੇ ਵਸਦੀ ਪੰਜਾਬੀ ਹਿੰਦੀ ਅਤੇ ਉਰਦੂ ਬੋਲੀ ਵਾਲੀ ਵਸੋਂ। ਇਸੇ ਕਰਕੇ ਵਿਦਿਆਰਥੀਆਂ ਨੂੰ ਭਾਰਤੀ ਕਲਚਰ ਅਤੇ ਫੂਡ ਦੀ ਉਪਲੱਬਧਤਾ ਕਰਕੇ ਆਪਣੇ ਦੇਸ਼ ਦਾ ਉਦਰੇਂਵਾਂ ਮਹਿਸੂਸ ਨਹੀਂ ਹੁੰਦਾ। ਬਹੁਤਿਆਂ ਲਈ ਕਰੀਬੀ ਰਿਸ਼ਤੇਦਾਰਾਂ ਦੀ ਇਥੇ ਵਸੋਂ ਕਾਰਨ ਅਤੇ ਸਟੱਡੀ ਦੇ ਨਾਲ ਜਾਬ ਦੀ ਬਹੁਤਾਤ ਕਰਕੇ ਵੀ ਇਹ ਮਨਭਾਉਂਦਾ ਵਿਦਿਆ ਕੇਂਦਰ ਹੈ। ਇਸ ਤੋਂ ਇਹ ਸਿੱਟਾ ਵੀ ਨਿਕਲਦਾ ਹੈ ਕਿ ਇਥੇ ਦੀ ਸੰਭਾਵੀ ਯੂਨੀਵਰਸਿਟੀ ਵੀ ਆਉਣ ਵਾਲੇ ਸਮੇਂ ਅੰਦਰ ਇੰਟਰਨੈਸ਼ਨਲ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਰਹੇਗੀ। ਇਸ ਬਾਰੇ ਬਰੈਂਪਟਨ ਦੇ ਸਿਆਸੀ ਲਡਿਰਾਂ ਵਲੋਂ ਬਰੈਂਪਟਨ ਵਿਖੇ ਯੂਨੀਵਰਸਿਟੀ ਦੇ ਆਉਣ ਨੂੰ ਵੱਡੀ ਪ੍ਰਾਪਤੀ ਐਲਾਨਿਆ ਜਾ ਰਿਹਾ ਹੈ। ਬਰੈਂਪਟਨ ਵਾਸੀ ਇਸ ਗੱਲ ਦੀ ਆਸ ਵਿਚ ਹਨ ਕਿ ਕੈਨੇਡਾ ਦੇ 6ਵੇਂ ਵੱਡੇ ਸ਼ਹਿਰ ਵਿਚ ਯੂਨੀਵਰਸਿਟੀ ਬਹੁਤ ਵੱਡੀ ਹੋਵੇਗੀ। ਹਾਲਾਂਕਿ ਬਰੈਂਪਟਨ ਸਿਟੀ ਨੇਇਸ ਲਈ ਕੋਈ ਸਥਾਨ ਨਿਰਧਾਰਤ ਕਰਨ ਦੀ ਕੋਈ ਖ਼ਬਰ ਸਾਹਮਣੇ ਨਹੀਂ ਆਈ ਹੈ। ਬਰੈਂਪਟਨ ਸਿਟੀ ਵਲੋਂ ਸਾਂਝੀ ਕੀਤੀ ਲਿਖਤੀ ਸੂਚਨਾ ਸਿਰਫ਼ ਇਹ ਦੱਸਦੀ ਹੈ ਕਿ ਬਰੈਂਪਟਨ ਯੂਨੀਵਰਸਿਟੀ ਨਾਲ ਸਬੰਧਤ ਫੰਡਿੰਗ, ਲੋਕੇਸ਼ਨ, ਕਦੋਂ ਆਰੰਭ ਹੋਵੇਗੀ ਅਤੇ ਇਸ ਵਿਚ ਕਿਹੜੇ ਪ੍ਰੋਗਰਾਮ ਪੜ੍ਹਾਏ ਜਾਣਗੇ, ਇਹ ਸਾਰੇ (ਅਹਿਮ) ਫੈਸਲੇ ਪ੍ਰੋਵਿੰਸ਼ੀਅਲ ਸਰਕਾਰ ਵਲੋਂ ਇਸ ਸਾਲ ਦੇ ਅੰਤ ਤੱਕ ਕੀਤੇ ਜਾਣ ਵਾਲੇ ਐਲਾਨ ਤੋਂ ਬਾਅਦ ਹੀ ਪਤਾ ਲੱਗਣਗੇ।

ਬਰੈਂਪਟਨ ਵਿਚ 6 ਲੱਖ ਦੀ ਜਨਸੰਖਿਆ ਵਾਲੇ ਸ਼ਹਿਰ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਸਤੇ ਯੂਨੀਵਰਸਿਟੀ ਲਈ ਸਥਾਨ ਦੀ ਉਪਲਬਧੀ ਸ਼ੱਕ ਅਧੀਨ ਹੈ ? ਇਕ ਯੂਨੀਵਰਸਿਟੀ ਬਣਾਉਣ ਲਈ ਕਾਫ਼ੀ ਥਾਂ ਦੀ ਲੋੜ ਹੁੰਦੀ ਹੈ ਜਿਸ ਵਿਚ ਅਕਾਦਮਿਕ, ਖੇਡਾਂ, ਸਪੋਰਟਸ, ਖੋਜ, ਰਿਹਾਇਸ਼, ਪ੍ਰਸ਼ਾਸਨ ਆਦਿ ਲਈ ਵਿਉਂਤਬੰਦੀ ਬਣਾਉਣੀ ਹੁੰਦੀ ਹੈ। ਵੱਖੋ ਵੱਖਰੇ ਵਿਭਾਗਾਂ ਲਈ ਵੱਖੋ ਵੱਖਰੀਆਂ ਇਮਾਰਤਾਂ ਦੀ ਲੋੜ ਹੁੰਦੀ ਹੈ। ਮੰਨਿਆ ਕਿ 2018 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਦੇ ਮੱਦੇਨਜ਼ਰ ਲਿਬਰਲ ਸਰਕਾਰ ਯੂਨੀਵਰਸਿਟੀ ਦੇ ਵਾਅਦੇ ਨੂੰ ਦੁਹਰਾ ਰਹੀ ਹੈ ਪਰ ਇਹ ਗੱਲ ਸਾਫ ਹੈ ਕਿ ਇਹ ਪ੍ਰੋਜੈਕਟ ਅਜੇ ਕੱਛੂ ਦੀ ਚਾਲੇ ਹੈ। ਇਸ ਵਿੱਚ ਸਰਕਾਰ ਦੀ ਪ੍ਰਤੀਬੱਧਤਾ ਅਤੇ ਕਾਜ਼ਕੁਛਲਤਾ ਤੇ ਸਵਾਲੀਆਚਿੰਨ੍ਹ ਲੱਗ ਰਿਹਾ ਹੈ। ਬਰੈਂਪਟਨ ਦੇ ਬਸ਼ਿੰਦੇ ਇਸ ਸ਼ਹਿਰ ਦੇ ਧੀਮੀ ਗਤੀ ਵਿਕਾਸ ਕਾਰਜ਼ਾਂ ਤੋਂ ਪ੍ਰੇਸ਼ਾਨ ਹਨ। ਸਭ ਤੋਂ ਵੱਧ ਟੈਕਸ ਦੇਣ ਵਾਲਾ ਸ਼ਹਿਰ ਦੇ ਲੋਕ ਅੱਜ ਸਿੱਖਿਆ ਅਤੇ ਸਿਹਤ ਦੇ ਅਣਸਾਂਵੇਂ ਵਿਕਾਸ ਕਰਕੇ ਦੁਖੀ ਹਨ। ਸਿਰਫ ਯੂਨੀਵਰਸਿਟੀ ਹੀ ਨਹੀਂ ਸਗੋਂ ਇਸ ਵੱਡੇ ਸ਼ਹਿਰ ਵਿੱਚ ਉੱਚ ਪੱਧਰੀ ਇਲਾਜ ਲਈ ਹਸਪਤਾਲ ਦੀ ਕਮੀ ਵੀ ਲੋਕਾਂ ਨੂੰ ਖੱਟਕ ਰਹੀ ਹੈ। ਚੋਣਾਂ ਵਾਰ ਵਾਰ ਬਰੂਹਾਂ 'ਤੇ ਆ ਜਾਂਦੀਆਂ ਹਨ, ਸੱਤਾ ਦਾ ਸੁੱਖ ਕਈ ਪਾਰਟੀਆਂ ਲਈ ਹਕੀਕਤ ਹੋ ਜਾਂਦਾ ਹੈ, ਪਰ ਬਰੈਂਪਟਨ ਵਾਸੀਆਂ ਲਈ ਇਨ੍ਹਾਂ ਦੇ ਲਾਰੇ ਹਕੀਕਤ ਨਹੀਂ ਹੋਏ।


SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5



Century 21
Green Realty Inc., Brokerage
Call For Residential, Commercial, & Investment

For all your Real Estate needs
Amolak Dhindsa
Sales Representative
416-721-2576

# ਸਮਾਜ ਵਿਰੋਧੀ ਤਾਕਤਾਂ ਖਿਲਾਫ ਲੜਨ ਲਈ ਲੰਬੀ ਲੜਾਈ ਦੀ ਲੋੜ !



ਕੰਵਲਜੀਤ ਖੰਨਾ

ਪ੍ਰਸਿੱਧ ਨਾਟਕਕਾਰ ਪਾਲੀ ਭੁਪਿੰਦਰ ਨੇ ਸੋਸ਼ਲ ਮੀਡੀਏ ਤੇ ਪਾਈ 26 ਅਗਸਤ ਦੀ ਤਾਜ਼ਾ ਪੋਸਟ 'ਚ ਉਨ੍ਹਾਂ ਦੋ ਲੜਕੀਆਂ ਨੂੰ ਸਿਜਦਾ ਕੀਤਾ ਹੈ, ਜਿਨ੍ਹਾਂ ਨੇ ਲਗਾਤਾਰ 15 ਸਾਲ ਆਪਣੇ ਸਵੈਮਾਣ, ਆਪਣੀ ਹੋਂਦ ਦੀ ਜੰਗ ਲੜਕੇ ਇੱਕ ਰਾਵਨ ਨੂੰ ਕਾਲ ਕੋਠੜੀ 'ਚ ਪਹੁੰਚਾਇਆ। ਪਾਲੀ ਲਿਖਦੇ ਹਨ ਇਹ ਕਹਾਣੀ ਨਹੀਂ ਕਵਿਤਾ ਹੈ ਦੋ ਕੁੜੀਆਂ ਦੀ, ਜਿੱਤ ਦਾ ਸ਼ਾਨਦਾਰ ਮਹਾਂਕਾਵਿ। ਉਹ ਲਿਖਦੇ ਹਨ "15 ਸਾਲ ਦਾ ਅਰਸਾ ਲੜਨ ਲਈ ਇੱਕ ਜ਼ਮਾਨਾ ਹੁੰਦਾ ਹੈ, ਖਾਸਕਰ ਕੇ ਜਦੋਂ ਦੂਜੇ ਪਾਸੇ ਹੰਕਾਰਿਆਂ ਰਾਵਣ ਲਲਕਾਰੇ ਮਾਰ ਰਿਹਾ ਹੋਵੇ, ਸੋਚੋ ਕੀ ਗੁਜ਼ਰਦੀ ਹੋਵੇਗੀ ਇਨ੍ਹਾਂ ਕੁੜੀਆਂ ਦੇ ਦਿਲ ਤੇ ਜਦੋਂ ਇਸ ਰਾਵਣ ਦੇ ਦਰਬਾਰ ਵਿੱਚ ਦੇਸ਼ ਦੇ ਮੰਤਰੀ ਤੇ ਸੰਤਰੀ ਆ ਕੇ ਸਲੂਟ ਮਾਰਦੇ ਹੋਣਗੇ ਤੇ ਅਗਲੇ ਦਿਨ ਦੇ ਅਖਬਾਰਾਂ ਵਿੱਚ ਉਹ ਰਾਵਣ ਨਾਲ ਉਹਨਾਂ ਦੀਆਂ ਤਸਵੀਰਾਂ ਵੇਖਦੀਆਂ ਹੋਣਗੀਆਂ, ਉਨ੍ਹਾਂ ਦੀ ਉਮਰ ਦੀਆਂ ਬਾਲੜੀਆਂ ਬਿਨਾਂ ਰਾਵਣ ਦੀ ਮਾਇਆ ਸਮਝੇ ਉਸਨੂੰ "ਲਵਯੂ ਪਿਤਾ ਜੀ" ਕਹਿੰਦੀਆਂ ਹੋਣਗੀਆਂ ਤੇ ਉਨ੍ਹਾਂ ਵੱਲ ਨਿੰਦਾ-ਭਰੀਆਂ ਨਜ਼ਰਾਂ ਨਾਲ ਵੇਖਦੀਆਂ ਹੋਣਗੀਆਂ।

ਕਚਹਿਰੀਆਂ ਅੰਦਰ ਪੁਲਿਸ ਵਾਲਿਆਂ ਦਾ ਰੁੱਖ ਵਿਵਹਾਰ ਤੇ ਵਕੀਲਾਂ ਤੇ ਤਿੱਖੇ ਸਵਾਲ - ਉਨ੍ਹਾਂ ਨੂੰ ਕਿਥੋਂ ਤੱਕ ਜਖਮੀ ਕਰਦੇ ਹੋਣਗੇ - ਪਰ ਉਹ ਨਹੀਂ ਡੋਲੀਆਂ, ਉਨ੍ਹਾਂ ਦੀਆਂ ਅੱਖਾਂ ਭਰੀਆਂ ਹੋਣਗੀਆਂ ਪਰ ਉਹ ਲੜਦੀਆਂ ਰਹੀਆਂ-ਸਿੱਟਾ ਸਾਹਮਣੇ ਹੈ-ਰਾਵਣ ਦੀ ਲੰਕਾ ਸੜਣੀ ਸ਼ੁਰੂ ਹੋ ਗਈ ਹੈ- ਆਪਣੇ ਹੰਕਾਰ ਦੀ ਪੂਛ ਆਪਣੀਆਂ ਲੱਤਾ ਵਿੱਚ ਲੈ ਕੇ ਰੋ ਰਿਹਾ ਹੈ ਉਹ ਜੇਲ੍ਹ ਦੀ ਕਾਲ ਕੋਠੜੀ ਵਿੱਚ।

ਸ਼ਾਇਦ ਉਸਦੇ ਰਾਜਨੀਤਿਕ ਆਕਾ ਉਸਨੂੰ ਬਾਹਰ ਕੱਢ ਲੈਣ ਕੁਝ ਮਹੀਨਿਆਂ ਬਾਅਦ, ਪਰ ਹੁਣ ਦੁਨੀਆਂ ਲਈ ਉਹ ਇੱਕ ਰਾਜਨੀਤਿਕ ਪਾਲਤੂ ਤੋਂ ਵੱਧ ਕੁਝ ਨਹੀਂ ਹੋਵੇਗਾ, ਉਸਦੇ ਹੋਣ ਦਾ ਹੰਕਾਰ ਸਦਾ ਲਈ ਮਿੱਟ ਗਿਆ ਹੈ, ਉਹ ਹੋ ਕੇ ਵੀ ਨਹੀਂ ਹੋਵੇਗਾ। ਇਹ ਕੁੜੀਆਂ ਕੌਣ ਨੇ! ਅਸੀਂ ਨਹੀਂ ਜਾਣਦੇ, ਅਸੀਂ ਜਾਨਣਾ ਵੀ ਨਹੀਂ ਚਾਹੁੰਦੇ-ਪਰ ਅਸੀਂ ਚਾਹੁੰਦੇ ਹਾਂ ਕਿ ਉਹ ਕੁੜੀਆਂ ਜਾਣ ਲੈਣ, ਉਨ੍ਹਾਂ ਨੇ ਇਤਿਹਾਸ ਬਦਲ ਦਿੱਤਾ ਹੈ, ਉਨ੍ਹਾਂ ਨੇ ਧਰਮ ਦਾ ਚੋਲਾ ਪਾ ਕੇ ਡੇਰਿਆਂ ਅੰਦਰ ਫਿਰਦੇ ਕਾਮ ਦੇ ਭੁੱਖੇ ਲੁੰਬੜਾਂ ਤੋਂ ਮੁਕਤ ਹੋ ਕੇ ਆਪਣੀ ਜ਼ਿੰਦਗੀ ਜਿਉਣਗੀਆਂ। ਉਹ ਜਾਣ ਲੈਣ ਕਿ ਉਨ੍ਹਾਂ ਨੇ ਜੋ ਕੀਤਾ, ਉਹ ਕਰਨਾ ਬੇਹੱਦ ਜ਼ਰੂਰੀ ਸੀ ਤੇ ਸ਼ਾਇਦ ਉਹੀ ਕਰ ਸਕਦੀਆਂ ਸਨ। ਉਹ ਜਾਣ ਲੈਣ ਕਿ ਉਨ੍ਹਾਂ ਨੇ ਨਾਰੀ ਮਾਣ ਦਾ ਇੱਕ ਸ਼ਾਨਦਾਰ ਮਹਾਂਕਾਵਿ ਸਿਰਜਿਆ ਹੈ ਤੇ ਉਹ ਆਪ ਇਸ ਮਹਾਂਕਾਵਿ ਦੀਆਂ ਮਹਾਂ ਨਾਇਕਾਵਾਂ ਹਨ। "ਇਕੱਲਿਆਂ ਹੀ ਇਨਸਾਫ ਤੇ ਹੱਕ ਦੀ ਲੜਾਈ 'ਚ ਬੇਖੌਫ, ਨਿਰੰਤਰ ਡੱਟੀਆਂ ਰਹੀਆਂ ਇਨ੍ਹਾਂ ਦੋ ਗੁੰਮਨਾਮ ਕੁੜੀਆ ਨੇ ਸੱਚਮੁੱਚ ਇੱਕ ਨਵਾਂ ਇਤਿਹਾਸ ਸਿਰਜਿਆਂ ਹੈ।

ਡੇਰੇ ਦੇ ਗੁੰਡਿਆਂ ਨੇ ਇਨ੍ਹਾਂ ਦੀ ਚਿੱਠੀ ਨਸ਼ਰ ਕਰਨ ਦੇ ਜੁਰਮ 'ਚ "ਪੂਰਾ ਸੱਚ" ਦੇ ਸੰਪਾਦਕ ਰਾਮਚੰਦਰ ਛੱਤਰਪਤੀ ਦਾ ਕਤਲ ਕਰ ਦਿੱਤਾ, ਗੁੰਡਿਆਂ ਨੇ ਇਨ੍ਹਾਂ ਕੁੜੀਆਂ ਦੇ ਭਰਾ ਰਣਜੀਤ ਸਿੰਘ ਦਾ ਕਤਲ ਕਰ ਦਿੱਤਾ। ਪਰ ਬਿਲਕੁੱਲ ਇਨ੍ਹਾਂ ਜਾਬਾਜ਼ ਕੁੜੀਆਂ ਨੇ ਔਰਤਾਂ ਦੇ ਸਵੈਮਾਣ ਦੀ ਜੰਗ 'ਚ ਲੱਖ ਮੁਸ਼ਕਲਾਂ ਦੇ ਬਾਵਜੂਦ ਇੱਕ ਨਵਾਂ ਇਤਿਹਾਸ ਸਿਰਜਿਆ ਹੈ। ਇਹ ਇਤਿਹਾਸ 14 ਜੁਲਾਈ 2017 ਨੂੰ ਚੰਡੀਗੜ੍ਹ ਦੀ ਇੱਕ ਹੋਰ ਦਲੇਰ ਕੁੜੀ ਵਰਣਿਕਾ ਨੇ ਵੀ ਸਿਰਜਿਆ। ਵਰਣਿਕਾ ਨੂੰ ਘੇਰ ਕੇ, ਅਗਵਾ ਕਰਕੇ, ਉਸਦੇ ਸ਼ਰੀਰ ਨਾਲ ਖਿਲਵਾੜ ਕਰਕੇ, ਰੋਂਦ ਕੇ, ਉਸਨੂੰ ਇੱਕ ਲਾਸ਼ 'ਚ ਬਦਲ ਦਿੱਤਾ ਜਾਣਾ ਸੀ, ਜੇਕਰ ਵਰਣਿਕਾ ਸਵੈ ਵਿਸਵਾਸ਼ ਤੇ ਹੌਸਲੇ ਤੋਂ ਕੰਮ ਨਾ ਲੈਂਦੀ। ਜਦੋਂ ਐਨ. ਡੀ. ਟੀ. ਵੀ. ਦੇ ਪੱਤਰਕਾਰ ਰਵੀਸ਼ ਕੁਮਾਰ ਨੇ ਉਸਨੂੰ ਪੁੱਛਿਆ ਸੀ ਕਿ ਕੀ ਉਹ ਅਦਾਲਤੀ ਚੱਕਰਾਂ ਦੀ ਲੰਮੀ ਘੁੰਮਣਘੇਰੀ ਨਾਲ ਨਜਿੱਠ ਸਕੇਗੀ ਤਾਂ ਉਸਦਾ ਜਵਾਬ ਸੀ 'ਬੇਸ਼ਕ'! ਉਸਨੂੰ ਇਹ ਪੁੱਛੇ ਜਾਣ ਤੇ ਕਿ ਕੀ ਉਹ ਹੁਣ ਵੀ ਰਾਤ ਨੂੰ ਅਪਣੀ ਜੋਬ ਤੋਂ ਪੰਚਕੂਲਾ ਵਾਪਸ ਆਵੇਗੀ ਤਾਂ ਉਸਦਾ ਕਹਿਣਾ ਸੀ ਕਿ ਜੇਕਰ ਉਹ ਡਰ ਗਈ ਤੇ ਰਾਤ ਦਾ ਸਫਰ ਬੰਦ ਕਰ ਦੇਵੇਗੀ ਤਾਂ ਇਹ ਗੁੰਡਿਆਂ ਦੀ ਜਿੱਤ ਹੋਵੇਗੀ-ਤੇ ਉਹ ਕਦਾਚਿਤ ਇੰਝ ਨਹੀਂ ਕਰੇਗੀ। ਸਾਬਾਸ਼- ਵਰਣਿਕਾ।

ਦੇਸ਼ ਤੇ ਦੁਨੀਆ 'ਚ ਜਦੋਂ ਜਦੋਂ ਵੀ ਔਰਤ ਹੱਕਾਂ ਦੀ ਗੱਲ ਹੋਵੇਗੀ ਗੁਰਮੀਤ ਰਾਮ ਰਹੀਮ ਖਿਲਾਫ ਲੰਮੀ ਜੰਗ 'ਚ ਨਿੱਤਰੀਆਂ ਦੋਵੇਂ ਕੁੜੀਆਂ ਦੀ ਗੱਲ ਹੋਵੇਗੀ, ਵਰਣਿਕਾ ਦੀ ਗੱਲ ਹੋਵੇਗੀ। ਛੇ ਗੁੰਡਿਆਂ ਨਾਲ 28 ਜੁਲਾਈ 97 ਨੂੰ ਮਹਿਲਕਲਾਂ 'ਚ ਸਕੂਲੋਂ ਘਰ ਪਰਤਦੀ ਕਿਰਨਜੀਤ ਵੀ ਲੜੀ ਸੀ। 4 ਜੁਲਾਈ ਨੂੰ ਹਿਮਾਚਲ ਦੇ ਪਿੰਡ ਕੋਟਖਾਈ ਤੋਂ ਆਪਣੇ ਸਕੂਲ ਨੂੰ ਪਹਾੜ ਤੇ ਜੰਗਲ 'ਚੋਂ ਲੰਘਕੇ ਜਾ ਰਹੀ ਮਸੂਮ ਗੁੱਡੀਆਂ ਨੇ ਵੀ ਛੇ ਗੁੰਡਿਆਂ ਤੋਂ ਆਪਣੇ ਆਪ ਨੂੰ ਬਚਾਉਣ ਦੀ ਲੜਾਈ ਲੜੀ। 15 ਅਗਸਤ 2017 ਨੂੰ ਆਜ਼ਾਦੀ ਦੇ ਜਸ਼ਨਾ 'ਚ ਜਾ ਰਹੀ ਇੱਕ ਹੋਰ ਮਾਸੂਮ ਬਾਲੜੀ ਚਿਲਡਰਨ ਪਾਰਕ ਚੰਡੀਗੜ੍ਹ 'ਚ ਇੱਕ ਅਣਪਛਾਤੇ ਬਲਾਤਕਾਰੀ ਦਾ ਸ਼ਿਕਾਰ ਹੋ ਗਈ। ਅਜੇ ਕੁਝ ਦਿਨ ਪਹਿਲਾ ਹੀ ਇੱਕ 10 ਸਾਲਾ ਅਣਭੋਲ ਬਾਲੜੀ ਨੇ ਆਪਣੇ ਮਾਮੇ ਦੀ ਹਵਸ ਦਾ ਸ਼ਿਕਾਰ ਹੋ ਇੱਕ ਬੱਚੇ ਨੂੰ ਜਨਮ ਦਿੱਤਾ ਹੈ। ਪ੍ਰਸਿੱਧ ਚਿੰਤਕ,





ਟਿੱਪਣੀਕਾਰ ਹਿੰਮਾਸ਼ੂ ਆਪਣੀ ਪੋਸਟ ਰਾਹੀ ਅਕਸਰ ਹੀ ਛੱਤੀਸਗੜ੍ਹ, ਝਾਰਖੰਡ, ਬਸਤਰ 'ਚ ਆਦਿਵਾਸੀ ਬੱਚੀਆਂ ਅਤੇ ਔਰਤਾਂ ਨਾਲ ਸੁਰੱਖਿਆ ਬਲਾਂ ਵੱਲੋਂ ਸਮੂਹਿਕ ਬਲਾਤਕਾਰ ਤੇ ਕਤਲ ਦੀਆਂ ਹਿਰਦੇਵੇਦਿਕ ਦਾਸਤਾਨਾਂ ਰਾਹੀਂ ਲੋਕ ਮਨਾਂ ਨੂੰ ਝੰਜੋੜਦੇ ਰਹਿੰਦੇ ਹਨ- 25 ਅਗਸਤ ਨੂੰ ਭਾਜਪਾ ਦੇ ਸਾਂਸਦ ਸਾਕਸ਼ੀ ਮਹਾਰਾਜ ਵੱਲੋਂ ਗੁਰਮੀਤ ਰਾਮ ਰਹੀਮ ਦੇ ਪੱਖ 'ਚ ਲਏ ਗਏ ਬੇਸ਼ਰਮ ਸਟੈਂਡ ਤੇ ਟਿੱਪਣੀ ਕਰਦਿਆਂ ਲਿਖਦੇ ਹਨ- ਕਿ ਇਹ ਭਾਜਪਾ ਦਾ ਪੁਰਾਣਾ ਸਟੈਂਡ ਹੈ। ਉਹ ਲਿਖਦੇ ਹਨ ਕਿ ਜਦੋਂ ਉਹ ਸ਼ੁਰੂਆਤੀ ਦਿਨਾਂ 'ਚ ਬਤੌਰ ਗਾਂਧੀਵਾਦੀ ਬਸਤਰ ਦੇ ਜੰਗਲਾਂ 'ਚ ਇੱਕ ਆਸ਼ਰਮ ਚਲਾ ਰਹੇ ਸਨ ਤਾਂ ਇੱਕ ਵਾਰ ਛੱਤੀਸਗੜ੍ਹ ਦੇ ਪਿੰਡ ਸਾਮਸੇਟੀ ਦੀਆਂ ਚਾਰ ਕੁੜੀਆਂ ਮੇਰੇ ਕੋਲ ਆਈਆਂ। ਉਨ੍ਹਾਂ ਬੱਚੀਆਂ ਨੇ ਦੱਸਿਆ ਕਿ ਉਨ੍ਹਾਂ ਨਾਲ ਪੁਲਿਸ ਵਾਲਿਆਂ ਅਤੇ ਭਾਜਪਾ ਦੇ ਲੀਡਰਾਂ ਨੇ ਉਨ੍ਹਾਂ ਦੇ ਘਰਾਂ 'ਚ ਘੁਸਕੇ ਸਮੂਹਿਕ ਬਲਾਤਕਾਰ ਕੀਤਾ ਸੀ। ਅਸੀ ਥਾਣੇ ਸ਼ਿਕਾਇਤ ਦਰਜ ਕਰਵਾਉਣ ਦੀ ਕੋਸ਼ਿਸ਼ ਕੀਤੀ, ਉਸ ਸਮੇਂ ਬਲਾਤਕਾਰੀ ਥਾਣੇ 'ਚ ਹੀ ਬੈਠੇ ਸਨ। ਕੁੜੀਆਂ ਦੀ ਸ਼ਿਕਾਇਤ ਨਹੀਂ ਲਿਖੀ ਗਈ। ਅਸੀਂ ਪੁਲਿਸ ਮੁਖੀ ਨੂੰ ਰਜਿਸਟਰਡ ਸ਼ਿਕਾਇਤ ਭੇਜੀ। ਪੁਲਿਸ ਮੁਖੀ ਨੇ ਕੋਈ ਜਵਾਬ ਨਹੀਂ ਦਿੱਤਾ। ਅਸੀਂ ਕੋਰਟ 'ਚ ਮੁਕੱਦਮਾ ਦਾਇਰ ਕਰ ਦਿੱਤਾ। ਸੁਕਮਾ ਅਦਾਲਤ 'ਚ ਜੱਜ ਦੇ ਸਾਹਮਣੇ ਕੁੜੀਆਂ ਅਤੇ ਚਸ਼ਮਦੀਦ ਗਵਾਹਾਂ ਦੇ ਬਿਆਨ ਦਰਜ ਹੋਏ। ਦੋਸ਼ੀ ਪੁਲਿਸ ਵਾਲਿਆਂ ਅਤੇ ਭਾਜਪਾ ਲੀਡਰਾਂ ਖਿਲਾਫ ਵਾਰੰਟ ਜਾਰੀ ਹੋ ਗਏ। ਪਰ ਪੁਲਿਸ ਨੇ ਕੋਰਟ 'ਚ ਬਿਆਨ ਦਿੱਤਾ ਕਿ ਦੋਸ਼ੀ ਮਿਲ ਨਹੀਂ ਰਹੇ।

ਮੈਂ ਇਨ੍ਹਾਂ ਬੱਚੀਆਂ ਦੇ ਬਿਆਨਾਂ ਦੀ ਸੀ. ਡੀ. ਉਸ ਸਮੇਂ ਦੇ ਕੇਂਦਰੀ ਗ੍ਰਹਿਮੰਤਰੀ ਚਿੰਦਬਰਮ ਨੂੰ ਭੇਜ ਦਿੱਤੀ। ਜਿਨ੍ਹਾਂ ਨੇ ਇਹ ਸੀ.ਡੀ. ਛੱਤੀਸਗੜ੍ਹ ਦੇ ਮੁੱਖਮੰਤਰੀ ਰਮਨ ਸਿੰਘ ਨੂੰ ਦੇ ਦਿੱਤੀ। ਭਾਜਪਾ ਦੇ ਮੁੱਖਮੰਤਰੀ ਰਮਨ ਸਿੰਘ ਨੇ ਪੁਲਿਸ ਭੇਜ ਕੇ ਬੱਚਿਆਂ ਨੂੰ ਦੁਬਾਰਾ ਅਗਵਾ ਕਰਵਾ ਲਿਆ। ਚਾਰਾਂ ਬੱਚੀਆਂ ਨਾਲ ਦੋਰਨਾਪਾਲ ਥਾਣੇ 'ਚ ਪੰਜ ਦਿਨ ਲਗਾਤਾਰ ਬਲਾਤਕਾਰ ਕੀਤਾ ਜਾਂਦਾ ਰਿਹਾ। ਪੰਜ ਦਿਨ ਬਾਅਦ ਬੱਚੀਆਂ ਨੂੰ ਪੁਲਿਸ ਦੀ ਜੀਪ 'ਚ ਲੱਦ ਕੇ ਪਿੰਡ ਦੇ ਵਿਚਾਲੇ ਸੁੱਟ ਦਿੱਤਾ ਗਿਆ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਹੁਣ ਕਿਸੇ ਨੇ ਹਿੰਮਾਸ਼ੂ ਨਾਲ ਗੱਲ ਕੀਤੀ ਤਾਂ ਪੂਰੇ ਪਿੰਡ ਨੂੰ ਅੱਗ ਲਗਾ ਦਿੱਤੀ ਜਾਵੇਗੀ। ਮੈਂ ਇਸ ਮਾਮਲੇ 'ਚ ਲਗਾਤਾਰ ਲੜਦਾ ਰਿਹਾ। ਇੱਕ ਵੇਰ ਉਨ੍ਹਾਂ ਬਲਾਤਕਾਰੀ ਪੁਲਸੀਆਂ 'ਚੋਂ ਇੱਕ ਪੁਲਸੀਏ ਨੂੰ ਨਕਸਲੀਆਂ ਤੇ ਮਾਰ ਦਿੱਤਾ।

ਪੁਲਿਸ ਮੁਖੀ ਬਲਾਤਕਾਰੀ ਪੁਲਿਸ ਵਾਲੇ ਦੀ ਮੂਰਤੀ ਦਾ ਉਦਘਾਟਨ ਕਰਨ ਆਇਆ ਤਾਂ ਹਿੰਦੂ ਅਖਬਾਰ ਦੇ ਪੱਤਰਕਾਰ ਨੇ ਪੁਲਿਸ ਮੁਖੀ ਨੂੰ ਪੁੱਛਿਆ ਕਿ ਇੱਕ ਬਲਾਤਕਾਰੀ ਦੇ ਸਮਾਗਮ 'ਚ ਤੁਸੀ ਕਿਵੇਂ ਸਾਮਲ ਹੋਏ ਤਾਂ ਪੁਲਿਸ ਮੁਖੀ ਨੇ ਕਿਹਾ ਕਿ ਅਸੀਂ ਮਾਮਲੇ ਦੀ ਪੜਤਾਲ ਕੀਤੀ ਸੀ ਤੇ ਪਿੰਡ ਵਾਲਿਆਂ ਦਾ ਕਹਿਣਾ ਸੀ ਕਿ ਕੁੜੀਆਂ ਝੂਠ ਬੋਲ ਰਹੀਆਂ ਸਨ, ਇਸ ਲਈ ਅਸੀਂ ਇਹ ਮਾਮਲਾ ਦਾਖਲ ਦਫਤਰ ਕਰ ਦਿੱਤਾ। ਅੱਜ ਤੱਕ ਉਨ੍ਹਾਂ ਕੁੜੀਆਂ ਨੂੰ ਨਿਆਂ ਨਹੀਂ ਮਿਲਿਆ। ਬਿਲਕੁੱਲ ਬਲਾਤਕਾਰ ਦੀਆਂ ਸ਼ਿਕਾਰ ਹਜ਼ਾਰਾਂ ਕੁੜੀਆਂ ਨੂੰ ਨਿਆਂ ਨਹੀਂ ਮਿਲਦਾ। ਕੀ ਹਰ ਕੋਰਟ 'ਚ ਜੱਜ ਜਗਦੀਪ ਸਿੰਘ ਬੈਠਾ ਮਿਲੇਗਾ ! ਦੇਸ਼ ਭਰ 'ਚ ਹਰ 25 ਮਿੰਟ ਬਾਅਦ ਇੱਕ ਔਰਤ ਨਾਲ ਬਲਾਤਕਾਰ ਦੀ ਘਟਨਾ ਵਾਪਰਦੀ ਹੈ। ਜੁਲਾਈ ਅਗਸਤ 1947 ਦੀ ਦੇਸ਼ ਵੰਡ ਮੌਕੇ ਹਜ਼ਾਰਾਂ ਬੇਗੁਨਾਹ ਔਰਤਾਂ ਹਵਸੀ ਬਘਿਆੜਾਂ ਵੱਲੋਂ ਵਲੂੰਧਰੀਆਂ ਗਈਆਂ, ਕੋਈ ਐਫ.ਆਈ.ਆਰ., ਕੋਈ ਕੇਸ, ਕੋਈ ਨਿਆਂ। ਖੇਤਾਂ ਦੇ ਵੱਟਾ ਬੰਨਿਆਂ ਤੇ ਹਰ ਰੋਜ ਥੱਬੀ ਪੱਠਿਆਂ ਜਾਂ ਸਾਗ ਦੀ ਖਾਤਰ ਦਰਜਨਾਂ ਬਲਾਤਕਾਰ ਬਨਾਢਾਂ, ਗੁੰਡਿਆਂ ਵੱਲੋਂ ਹੁੰਦੇ ਹਨ- ਹਜ਼ਾਰਾਂ ਆਹਾਂ ਤਾਂ ਫੋਕੀ ਸ਼ਰਮ ਦੀ ਆੜ 'ਚ ਦੱਬ ਦਿੱਤੀਆਂ ਜਾਂਦੀਆਂ ਹਨ। ਪੁਰਾਤਨ ਸਭਿਆਚਾਰ ਤੇ ਪਵਿੱਤਰ ਕਦਰਾਂ ਕੀਮਤਾਂ ਦੀ ਡੰਡ ਹੇਠ ਕਿੰਨੀਆਂ ਹੀ ਮਾਸੂਮ ਜਿੰਦਾ ਆਪਣੇ ਘਰਾਂ 'ਚ, ਮੁਹੱਲਿਆਂ 'ਚ, ਕਾਲਜਾਂ 'ਚ, ਬਜ਼ਾਰਾਂ 'ਚ, ਪਿੰਡਾਂ 'ਚ ਮਰਦ ਦੀ ਹੈਵਾਨੀਅਤ ਦੀ ਸ਼ਿਕਾਰ ਹੋ ਸਿਸਕੀਆਂ ਭਰਦੀਆਂ ਹਨ। ਜਦੋਂ ਕੋਈ ਸਿਸਕੀ ਬੁਲੰਦ ਹੰਕਾਰ ਬਣਦੀ ਹੈ ਤਾਂ ਕੋਈ ਦਾਮਿਨੀ, ਕੋਈ ਸ਼ਰੂਤੀ, ਕੋਈ ਗੁੜੀਆਂ, ਕੋਈ ਕਿਰਣਜੀਤ ਸਾਡੇ ਚੇਤਿਆਂ 'ਚ ਵਸ ਜਾਦੀ ਹੈ। ਲੋਕ ਚੇਤਨਾ ਅੰਗੜਾਈ ਲੈਂਦੀ ਹੈ ਤੇ ਇੱਕ ਨਵੀਂ ਪੈੜ ਸਿਰਜੀ ਜਾਂਦੀ ਹੈ। ਪਰ ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਔਰਤ ਨੂੰ ਅਸਲ ਆਜ਼ਾਦੀ ਕਦੋਂ ਮਿਲੇਗੀ? ਸੁਪਰੀਮਕੋਰਟ ਦੇ 9 ਜੱਜਾਂ ਦੇ ਬੈਂਚ ਦਾ "ਨਿੱਜਤਾ ਦੇ ਅਧਿਕਾਰ" ਸਬੰਧੀ ਤਾਜ਼ਾ ਫੈਸਲਾ ਸਵਾਗਤਯੋਗ ਤਾਂ ਹੈ। ਪਰ ਜਦੋਂ 70 ਸਾਲਾਂ 'ਚ ਦੇਸ਼ਾਂ 'ਚ ਉਸਰਿਆਂ ਰਾਜ ਪ੍ਰਬੰਧ ਦੇਸ਼ ਦੇ ਬਹੁਗਿਣਤੀ ਲੋਕਾਂ ਨੂੰ ਜੀਣ ਦਾ ਅਧਿਕਾਰ ਨਹੀਂ ਦੇ ਸਕਿਆ ਤਾਂ ਇਸ ਅਧਿਕਾਰ ਦਾ ਹਿੱਸਾ "ਨਿੱਜਤਾ ਦੇ ਅਧਿਕਾਰ" ਦੀ ਸੁਰੱਖਿਆ ਦੀ ਕੀ ਗਰੰਟੀ ਹੈ। ਜਿਸ ਰਾਜਪ੍ਰਬੰਧ 'ਚ ਹਰ ਵਿਅਕਤੀ ਮਹਿਜ ਇੱਕ ਵਸਤੂ ਹੈ, ਮਹਿਜ ਇੱਕ ਜਿਣਸ ਹੈ, ਮਹਿਜ ਕਠਪੁਤਲੀ ਹੈ ਤੇ ਸਿਰਫ ਤੇ ਸਿਰਫ ਵੋਟ ਪਰਚੀ !

ਜਿਸ ਪ੍ਰਬੰਧ 'ਚ ਬਹੁਗਿਣਤੀ ਲੋਕਾਂ ਤੋਂ ਉਨ੍ਹਾਂ ਦੇ ਜੀਉਣ ਦਾ ਅਧਿਕਾਰ ਕਿਸੇ ਵੇਲੇ ਵੀ ਖੋਹਿਆ ਜਾ ਸਕਦਾ ਹੋਵੇ ਉਸ ਪ੍ਰਬੰਧ 'ਚ ਜਿੱਥੇ ਬੱਚੀ ਨੂੰ ਮਾਂ ਦੀ ਕੁੱਖ 'ਚ ਮਾਰਨਾ ਇੱਕ ਆਮ ਗੱਲ ਹੋਵੇ, ਜਿਥੇ ਤੁਰੀ ਜਾਂਦੀ ਲੜਕੀ ਨੂੰ ਸ਼ਰੇਆਮ ਨੰਗਾ ਕਰਕੇ ਜਲੂਸ ਕੱਢੇ ਜਾਣ ਦੀ ਇਜਾਜ਼ਤ ਹੋਵੇ, ਜਿਸ ਪ੍ਰਬੰਧ 'ਚ ਔਰਤ ਨੂੰ ਇੱਕ ਪਟੋਲਾ ਤੇ ਖੁਦੋ ਸਮਝਣ ਦੀ ਮਾਨਸਿਕਤਾ ਹੋਵੇ, ਜਿਥੇ ਮਰਦ ਔਰਤ ਨੂੰ ਪੈਰ ਦੀ ਜੁੱਤੀ ਅਤੇ ਭੋਗਣ ਜਾਂ ਨੁਮਾਇਸ਼ ਦੀ ਵਸਤੂ ਸਮਝਦਾ ਹੋਵੇ, ਉਥੇ ਗੁਰਮੀਤ ਰਾਮ ਰਹੀਮ ਖਿਲਾਫ ਲੰਮੀ ਜੰਗ 'ਚ ਡਟੀਆਂ ਕੁੜੀਆਂ ਦੀ ਸ਼ਾਨਦਾਰ ਲੜਾਈ, ਵਰਣਿਕਾ ਦੀ ਜਾਂਬਾਜ ਤੇ ਦਲੇਰੀ, ਕਿਰਨਜੀਤ, ਸਰੂਤੀ, ਦਾਮਿਨੀ ਗੁੱਡੀਆਂ ਨਾਲ ਵਾਪਰੇ ਹੌਲਦਾਰ ਕਾਂਡਾਂ ਖਿਲਾਫ ਉੱਠਿਆ ਰੋਹ ਸਕੂਨ ਤਾਂ ਦਿੰਦਾ ਹੈ, ਰਾਹ ਤਾਂ ਬਣਾਉਂਦਾ ਹੈ ਪਰ ..........! ਬਿਲਕੁਲ ਇਸ ਸਾਰੇ ਕੁਝ ਦੀ ਜੰਮਣ ਭੋਇੰ ਇਸ ਲੁਟੇਰੇ ਜਾਬਰ ਰਾਜ ਪ੍ਰਬੰਧ ਖਿਲਾਫ ਜੰਗ, ਮਰਦ ਪ੍ਰਧਾਨਤਾ ਨੂੰ ਤੋੜਣ ਤੇ ਔਰਤਾਂ ਲਈ ਬਰਾਬਰ ਸਮਾਜਿਕ ਰੁਤਬੇ ਦੀ ਜੰਗ ਨੂੰ ਮੇਲਣਾ, ਜੋੜਣਾ, ਨਵੇਂ ਆਯਾਮ ਤੇ ਪੁਚਾਉਣਾ ਹੀ ਅੱਜ ਦੇ ਰਾਵਣਾ ਤੋਂ ਨਿਜਾਤ ਦਾ ਇਕੋਂ ਇੱਕ ਰਸਤਾ ਹੈ। ਨਿਕਿਤਾ ਨਾਂ ਦੀ ਇੱਕ ਚੇਤੰਨ ਵਿਦਿਆਰਥਣ ਨੇ ਠੀਕ ਟਿੱਪਣੀ ਕੀਤੀ ਸੀ 'ਜਦੋਂ ਰੱਖੜੀ ਦੀ ਮਹਾਨਤਾ ਬਾਰੇ ਚਰਚਾ ਕਰਦਿਆ ਕਿਹਾ ਗਿਆ ਕਿ ਇਹ ਤਿਉਹਾਰ ਭਰਾ ਵੱਲੋਂ ਭੈਣ ਦੀ ਰਾਖੀ ਦਾ ਵਚਨ ਹੈ ਤਾਂ ਉਸ ਨੇ ਕਿਹਾ ਕਿ "ਸਾਨੂੰ ਸਾਡੇ ਹਿੱਸੇ ਦੀ ਬਰਾਬਰ ਜ਼ਮੀਨ ਦੇ ਦੋਵੇ ਅਸੀਂ ਰਾਖੀ ਲਈ ਸਿਕਿਉਰਟੀ ਗਾਰਡ ਰੱਖ ਲਵਾਂਗੀਆਂ।" ਬਿਨਾ ਸ਼ੱਕ ਪੈਦਾਵਾਰ ਤੇ ਪੈਦਾਵਾਰੀ ਅਮਲ 'ਚ ਬਰਾਬਰ ਦੀ ਹਿੱਸੇਦਾਰ ਮੰਨਣ ਵਾਲਾ ਸਮਾਜਿਕ ਰਾਜਨੀਤਿਕ ਪ੍ਰਬੰਧ ਔਰਤ ਦੀ ਅਸਲ ਆਜ਼ਾਦੀ ਤੇ ਬਰਾਬਰ ਦੇ ਰੁਤਬੇ ਤੇ ਸਵੈਮਾਣ ਦੀ ਬਹਾਲੀ ਦਾ ਵਾਹਕ ਹੋ ਸਕੇਗਾ। ਸਦੀਆਂ ਦੀ ਔਰਤ ਗੁਲਾਮੀ ਦੀ ਜੰਜ਼ੀਰ ਤੋੜਣ ਲਈ ਕਿਰਤ ਦੀ ਸੰਚੀ ਆਜ਼ਾਦੀ ਦੀ ਜੰਗ ਭੈਣਾਂ ਭਰਾਵਾਂ ਨੂੰ ਰਲਕੇ ਲੜਨੀ ਹੋਵੇਗੀ।

ਸੰਪਰਕ: +91 94170 67344






# ਚੀਨ ਦਾ ਕਰਜ਼ਾ ਸੰਕਟ ਕੀ ਦਰਸਾਉਂਦਾ ਹੈ ?



ਡਾ. ਅਜੀਤਪਾਲ ਸਿੰਘ ਬਠਿੰਡਾ
98156-29301

ਵਿਸ਼ਵੀ ਆਰਥਿਕ ਮੰਦੀ ਅੱਜ ਇਕ ਨਵੀਂ ਦਿਸ਼ਾ ਲੈ ਰਹੀ ਹੈ। ਸਬ-ਪ੍ਰਾਈਮ ਸੰਕਟ ਤੋਂ ਸ਼ੁਰੂ ਹੋਏ ਵਿਸ਼ਵੀ ਆਰਥਿਕ ਸੰਕਟ ਨੇ ਪਹਿਲਾਂ ਯੂਰਪ ਨੂੰ ਆਪਣੀ ਲਪੇਟ ਵਿਚ ਲਿਆ ਤੇ ਹੁਣ ਕਰੀਬ 6 ਸਾਲਾਂ ਪਿਛੋਂ ਸੰਸਾਰ ਦੀ ਦੂਜੀ ਸਭ ਤੋਂ ਵੱਡੀ ਆਰਥਿਕਤਾ ਚੀਨ ਇਕ ਵੱਡੇ ਸੰਕਟ ਵਲ ਵਧ ਰਹੀ ਹੈ। ਚੀਨੀ ਅਰਥਚਾਰਾ ਕਰਜ਼ਾ ਸੰਕਟ 'ਚ ਫਸਦਾ ਜਾਰਿਹਾ ਹੈ। ਅਖ਼ਬਾਰ 'ਫਾਇਨਾਂਸ਼ੀਅਲ ਟਾਈਮਜ਼' ਦੀ ਇਕ ਰਿਪੋਰਟ ਮੁਤਾਬਕ ਇਸ ਸਮੇਂ ਚੀਨ 'ਤੇ ਕੁਲ ਕਰਜ਼ਾ (ਘਰੇਲੂ ਤੇ ਸਰਕਾਰੀ) 25 ਖਰਬ ਡਾਲਰ ਭਾਵ ਇਸ ਦੀ ਕੁੱਲ ਘਰੇਲੂ ਪੈਦਾਵਾਰ ਦਾ 237 ਫੀਸਦੀ ਹੋ ਚੁੱਕਿਆ ਹੈ। ਭਾਵੇਂ ਹੀ ਇਹ ਫੀਸਦੀ ਯੂਰਪ ਦੀ 272 ਅਤੇ ਜਪਾਨ ਦੀ 294 ਫੀਸਦੀ ਤੋਂ ਘੱਟ ਹੈ ਪਰ ਜਿਸ ਗੱਲ ਕਰਕੇ ਸਾਰੇ ਬੁਰਜੂਆ ਅਰਥ ਸ਼ਾਸਤਰੀ ਪ੍ਰੇਸ਼ਨ ਹਨ ਉਹ ਇਸ ਕਰਜ਼ੇ ਦੇ ਵਧਣ ਦੀ ਰਫ਼ਤਾਰ ਹੈ। 2008 ਵਿਚ ਚੀਨ ਦਾ ਕਰਜ਼ਾ ਇਸ ਦੀ ਕੁਲ ਘਰੇਲੂ ਪੈਦਾਵਾਰ ਦਾ 148 ਫੀਸਦੀ ਸੀ ਜੋ ਕਿ ਅੱਠ ਸਾਲਾਂ ਦੇ ਅੰਦਰ ਹੀ 237% ਹੋ ਗਿਆ ਹੈ। ਸਾਰੇ ਅਰਥ ਸ਼ਾਸਤਰੀ ਇਹ ਅੰਦਾਜ਼ੇ ਲਾ ਰਹੇ ਹਨ ਕਿ ਇਹ ਕਰਜ਼ਾ ਸੰਕਟ ਆਉਣ ਵਾਲੇ ਸਮੇਂ ਦੌਰਾਨ ਦੋ ਰੁਖ ਅਖ਼ਤਿਆਰ ਕਰ ਸਕਦਾ ਹੈ : ਜਾਂ ਤਾਂ ਅਮਰੀਕਾ ਦੀ ਤਰਜ਼ 'ਤੇ ਬੈਂਕ ਦੇ ਵੱਡੀ ਪੱਧਰ 'ਤੇ ਦਿਵਾਲੀਆ ਹੋਣ ਵੱਲ ਵਧ ਸਕਦਾ ਹੈ ਅਤੇ ਜਾਂ ਫਿਰ ਜਪਾਨੀ ਤਰਜ਼ 'ਤੇ ਚੀਨ ਲੰਮੇ ਸਮੇਂ ਲਈ ਬੇਹੱਦ ਘਟ ਆਰਥਿਕ ਵਾਧਾ ਦਰ ਦਾ ਸ਼ਿਕਾਰ ਹੋ ਸਕਦਾ ਹੈ ਅਤੇ ਇਹ ਦੋਨੋਂ ਹੀ ਸੂਰਤੇਹਾਲ ਚੀਨੀ ਅਰਥਚਾਰੇ ਲਈ ਤੇ ਪੂਰੇ ਵਿਸ਼ਵ ਅਰਥਚਾਰੇ ਲਈ ਭਿਆਨਕ ਹਨ। ਘਬਰਾ ਕੇ ਬੁਰਜੂਆ ਅਰਥ ਸ਼ਾਸਤਰੀ ਚੀਨ 'ਤੇ ਇਹ ਇਲਜਾਮ ਲਾ ਰਹੇ ਹਨ ਕਿ ਉਸ ਨੇ ਆਪਣੇ ਕਰਜ਼ੇ ਨੂੰ ਕੰਟਰੋਲ ਵਿਚ ਕਿਉਂ ਨਹੀਂ ਰੱਖਿਆ, ਕਿਉਂ ਇਸ ਦੀ ਮਾਤਰਾ ਵਧਣ ਦਿੱਤੀ। ਦਰਅਸਲ ਇਹ ਸੰਕਟ ਦੇ ਸਮੇਂ ਆਪਸ ਵਿਚ ਤਿੱਖੇ ਹੋ ਰਹੇ ਪੂੰਜੀਵਾਦੀ ਅੰਤਰ ਵਿਰੋਧਾਂ ਦਾ ਹੀ ਇਜ਼ਹਾਰ ਹੋ ਰਿਹਾ ਹੈ। ਇਹੀ ਅਰਥ ਸ਼ਾਸਤਰੀ ਅੱਜ ਤੋਂ ਅੱਠ ਸਾਲ ਪਹਿਲਾਂ ਜਦ ਆਰਥਿਕ ਸੰਕਟ ਸ਼ੁਰੂ ਹੋਇਆ ਸੀ ਅਤੇ ਅਮਰੀਕਾ ਤੇ ਯੂਰਪ ਇਸ ਦੇ ਪਹਿਲੇ ਮਾਸਰ ਹੇਠ ਆਏ ਸਨ ਤਾਂ ਉਦੋਂ ਚੀਨ ਦੀਆਂ ਤਾਰੀਫ਼ਾਂ ਕਰ ਰਹੇ ਸਨ ਕਿਉਂਕਿ ਚੀਨ ਸਰਕਾਰ ਨੇ ਵੱਡੀ ਪੱਧਰ 'ਤੇ ਸਰਕਾਰੀ ਨਿਵੇਸ਼ ਦਾ ਵਿਸਥਾਰ ਕੀਤਾ ਸੀ ਤੇ ਨਾਲ ਹੀ ਸਰਕਾਰੀ ਮਾਲਕੀ ਵਾਲੀਆਂ ਕੰਪਨੀਆਂ ਤੇ ਸਥਾਨਕ ਸਰਕਾਰਾਂ ਨੂੰ ਕਰਜ਼ਾ ਦੇਣ ਦੀ ਪ੍ਰਕਿਰਿਆ ਬੇਹੱਦ ਢਿੱਲੀ ਕੀਤੀ ਸੀ। ਇਸ ਵੱਡੇ ਨਿਵੇਸ਼ ਕਾਰਨ ਵਿਸ਼ਵੀ ਅਰਥਚਾਰੇ ਨੂੰ ਥੋੜ੍ਹੀ ਰਾਹਤ ਮਿਲੀ ਸੀ ਅਤੇ ਆਰਥਿਕ ਸੰਕਟ ਇਕ ਪੂਰਨ ਮੰਦੀ ਵਿਚ ਨਹੀਂ ਬਦਲਿਆ ਸੀ ਕਿਉਂਕਿ ਵਿਸ਼ਵ ਦੇ ਵੱਡੇ ਅਰਥਚਾਰੇ ਲਗਾਤਾਰ ਚੀਨ ਨੂੰ ਕੱਚੇ ਮਾਲ ਦੀ ਬਰਾਮਦ ਕਰਕੇ ਆਪਣੇ ਅਰਥਚਾਰਿਆਂ ਨੂੰ ਸਹਾਰਾ ਦੇਣ ਵਿਚ ਕਾਮਯਾਬ ਹੋਏ ਸਨ। ਨਾਲ ਹੀ ਚੀਨੀ ਸਰਕਾਰ ਆਪਣੇ ਨਾਗਰਿਕਾਂ ਨੂੰ ਹੱਲਾਸ਼ੇਰੀ ਦੇ ਰਹੀ ਸੀ ਕਿ ਉਹ ਕਰਜ਼ਾ ਲੈ ਲੈ ਕੇ ਖਰੀਦਦਾਰੀ ਕਰਨ ਜਿਸ ਨਾਲ ਅਰਥਚਾਰੇ ਨੂੰ ਤੇਜ਼ੀ ਮਿਲ ਸਕੇ ਪਰ ਇਸ ਸਾਰੇ ਕੁਝ ਦੇ ਅਸਲ ਸਿੱਟੇ ਹੁਣ ਸਾਹਮਣੇ ਆ ਰਹੇ ਹਨ ਜਦ ਇਸ ਕਰਜ਼ੇ (ਸਰਕਾਰੀ ਤੇ ਘਰੇਲੂ) ਦੇ ਡੁਬਣ ਦਾ ਅੰਦਾਜ਼ਾ ਲਗਾਤਾਰ ਲਾਇਆ ਜਾ ਰਿਹਾ ਹੈ। 2008 ਦਾ ਸੰਕਟ ਜਦ ਅਮਰੀਕਾ ਤੇ ਯੂਰਪ 'ਚ ਫੈਲਿਆ ਤਾਂ ਇਸ ਦਾ ਸਿੱਧਾ ਅਸਰ ਚੀਨ ਦੇ ਅਰਥਚਾਰੇ 'ਤੇ ਪਿਆ ਕਿਉਂਕਿ ਚੀਨ ਦਾ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਯੂਰਪੀ ਸੰਘ ਤੇ ਅਮਰੀਕਾ ਹੀ ਹੈ। ਚੀਨੀ ਅਰਥਚਾਰਾ ਅਮਰੀਕਾ, ਜਰਮਨੀ, ਜਪਾਨ, ਦੱਖਣੀ ਕੋਰੀਆ, ਰੂਸ, ਬ੍ਰਾਜੀਲ ਆਦਿ ਨੂੰ ਕੀਤੀਆਂ ਜਾਣ ਵਾਲੀਆਂ ਬਰਾਮਦ 'ਤੇ ਟਿਕਿਆ ਹੋਇਆ ਹੈ। ਚੀਨ ਤੋਂ ਸਸਤਾ ਮਾਲ ਤਿਆਰ ਹੋ ਕੇ ਇਨ੍ਹਾਂ ਮੁਲਕਾਂ ਦੀਆਂ ਮੰਡੀਆਂ ਵਿਚ ਵਿਕਦਾ ਹੈ। ਸੰਕਟ ਕਾਰਨ ਇਨ੍ਹਾਂ ਬਰਾਮਦਾਂ 'ਤੇ ਸੱਟ ਵੱਜੀ ਅਤੇ ਚੀਨ ਵਿਚ ਕਰੀਬ 2.3 ਕਰੋੜ ਨੌਕਰੀਆਂ ਖਤਮ ਹੋਈਆਂ। ਇਸ ਦੇ ਪਿਛੋਂ ਹੀ ਚੀਨੀ ਸਰਕਾਰ ਨੇ ਆਪਣੇ ਅਰਥਚਾਰੇ ਨੂੰ ਸਹਾਰਾ ਦੇਣ ਲਈ ਅਰਥਚਾਰੇ 'ਚ 500 ਅਰਬ ਡਾਲਰ ਦਾ ਨਿਵੇਸ਼ ਕੀਤਾ। ਇਹ ਪੈਸਾ ਜ਼ਿਆਦਾਤਰ ਉਸਾਰੀ ਦੇ ਖੇਤਰ ਵਿਚ ਲੱਗਿਆ, ਨਵੇਂ ਨਵੇਂ ਉਸਾਰੀ ਪ੍ਰੋਜੈਕਟ ਲਾਏ ਗਏ, ਸਾਲਾਂ ਦੇ ਅੰਦਰ ਹੀ ਪੂਰੇ ਦੇ ਪੂਰੇ ਨਵੇਂ ਸ਼ਹਿਰਾਂ ਦੀ ਉਸਾਰੀ ਕਰ ਦਿੱਤੀ ਗਈ। ਇਸ ਦਾ ਇਕ ਸਿੱਟਾ ਤਾਂ ਇਹ ਹੋਇਆ ਕਿ ਇਕ ਵਾਰ ਚੀਨ ਦੇ ਅਰਥਚਾਰੇ ਨੂੰ ਰਫ਼ਤਾਰ ਮਿਲੀ ਪਰ ਜਲਦੀ ਹੀ ਅਜਿਹੀਆਂ ਨੀਤੀਆਂ ਦਾ ਆਪਣੇ ਅੰਜਾਮ 'ਤੇ ਪਹੁੰਚਣਾ ਲਾਜ਼ਮੀ ਸੀ। ਨਤੀਜਾ ਇਹ ਹੋਇਆ ਕਿ ਇਨ੍ਹਾਂ ਸਾਰੇ ਸ਼ਹਿਰਾਂ, ਫਲੈਟਾਂ 'ਚ ਰਹਿਣ ਲਈ ਕੋਈ ਗ੍ਰਾਹਕ ਅੱਗੇ ਨਹੀਂ ਆਏ, ਵੱਡੇ-ਵੱਡੇ ਸ਼ਾਪਿੰਗ ਮਾਲ ਖਾਲੀ ਰਹੇ ਜਾਂ ਉਨ੍ਹਾਂ ਦੀ ਉਸਾਰੀ ਵਿਚੇ ਹੀ ਛੱਡਣੀ ਪਈ। ਚੈਂਗ ਗੌਂਗ, ਨਾਨਹੁਈ (ਨਵਾਂ ਸ਼ਹਿਰ), ਦਾਂਤੂ, ਔਰਦੋਸ ਸ਼ਹਿਰ, ਜਹੈਗਡੌਂਗ ਆਦਿ ਕੁਝ ਅਜਿਹੇ ਸ਼ਹਿਰ ਹਨ ਜਿਨ੍ਹਾਂ ਨੂੰ ਅੱਜ ਭੂਤਵਾੜਾ ਕਿਹਾ ਜਾਂਦਾ ਹੈ ਯਾਨੀ ਅਜਿਹੇ ਸ਼ਹਿਰ ਜਿਥੇ ਕੋਈ ਨਹੀਂ ਰਹਿੰਦਾ ਅਤੇ ਇਸ ਤਰ੍ਹਾਂ ਦੇ ਸ਼ਹਿਰਾਂ, ਕਸਬਿਆਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਚੀਨੀ ਸਰਕਾਰ ਦੇ ਹੀ ਇਕ ਅਨੁਮਾਨ ਮੁਤਾਬਕ ਇਸ ਸਮੇਂ ਚੀਨ ਵਿਚ 2 ਅਰਬ ਵਰਗ ਮੀਟਰ ਉਸਾਰੀਆਂ ਗਈਆਂ ਅਜਿਹੀਆਂ ਥਾਵਾਂ ਹਨ ਜਿਥੇ ਕੋਈ ਨਹੀਂ ਰਹਿੰਦਾ। ਏਨੀ ਥਾਂ ਵਿਚ ਅਰਾਮ ਨਾਲ 10 ਕਰੋੜ ਲੋਕ ਰਹਿ ਸਕਦੇ ਹਨ ਪਰ ਫਿਰ ਵੀ ਚੀਨ ਵਿਚ ਭਾਰਤ ਵਾਂਗੂੰ ਕਰੋੜਾਂ ਦੀ ਗਿਣਤੀ ਵਿਚ ਐਸੀ ਗਰੀਬ ਆਬਾਦੀ ਹੈ ਜੋ ਇਕ ਇਕ ਕਮਰੇ 'ਚ 4-4, 5-5 ਦੇ ਹਿਸਾਬ ਨਾਲ ਰਹਿਣ ਲਈ ਜਾਂ ਫਿਰ ਸੜਕਾਂ 'ਤੇ ਸੌਣ ਲਈ ਮਜ਼ਬੂਰ ਹਨ। ਇਹ ਇਸ ਪੂੰਜੀਵਾਦੀ ਢਾਂਚੇ ਦਾ ਲੱਛਣ ਹੈ ਕਿ ਇਕ ਪਾਸੇ ਤਾਂ ਏਨੀਆਂ ਵੱਡੀਆਂ ਆਲੀਸ਼ਾਨ ਇਮਾਰਤਾਂ ਹਨ ਅਤੇ ਦੂਜੇ ਪਾਸੇ ਏਨੀ ਭਿਅੰਕਰ ਕੰਗਾਲੀ ਮੌਜੂਦ ਹੈ। ਕਈ ਅਰਥ ਸ਼ਾਸਤਰੀ ਅਜਿਹੇ ਵੀ ਹਨ ਜੋ ਇਸ ਪੂਰੇ ਸੰਕਟ ਦੀ ਗੰਭੀਰਤਾ ਨਾਲ ਇਹ ਮੰਨ ਰਹੇ ਹਨ ਕਿ ਪੂੰਜੀਵਾਦੀ ਪ੍ਰਣਾਲੀ ਦੇ ਅੰਦਰ ਕਰਜ਼ਾ ਇਕ ਆਮ ਪ੍ਰੀ ਘਟਨਾ ਹੈ। ਇਹ ਗੱਲ ਸਹੀ ਹੈ ਕਿ ਇਹ ਪੂਰੀ ਪ੍ਰਣਾਲੀ ਹੀ ਅੱਜ ਕਰਜ਼ੇ 'ਤੇ ਟਿਕੀ ਹੋਈ ਹੈ ਪਰ ਜੇ ਵੱਖ-ਵੱਖ ਏਜੰਸੀਆਂ ਦੇ ਬਿਆਨਾ ਨੂੰ ਵੇਖੀਏ ਤਾਂ ਸਾਨੂੰ ਇਸ ਸੰਕਟ ਦੇ ਵਿਸਥਾਰ ਦਾ ਅੰਦਾਜ਼ਾ ਹੋ ਜਾਂਦਾ ਹੈ। "ਵਿਸ਼ਵੀ ਵਿੱਤੀ ਸੰਤੁਲਨ ਰਿਪੋਰਟ" ਮੁਤਾਬਕ ਚੀਨ ਵਿਚ ਦਿੱਤੇ ਗਏ ਵਪਾਰਕ ਉਧਾਰਾਂ ਦਾ 15% ਜੋਖਮ ਵਾਲੇ ਖੇਤਰਾਂ ਵਿਚ ਪੈਂਦਾ



ਹੈ। ਇਹ ਰਕਮ ਚੀਨ ਦੀ ਕੁਲ ਘਰੇਲੂ ਪੈਦਾਵਾਰ ਦਾ 7 ਫੀਸਦੀ ਬਣਦੀ ਹੈ। ਇਸ ਤਰ੍ਹਾਂ ਕੌਮਾਂਤਰੀ ਮੁਦਰਾਕੋਸ਼ ਮੁਤਾਬਕ 1.3 ਅਰਬ ਡਾਲਰ ਦਾ ਕਾਰਪੋਰੇਟ ਕਰਜ਼ਾ ਯਾਨੀ ਬੈਂਕਾਂ ਦੀ ਤਰਫ਼ੋਂ ਕੰਪਨੀਆਂ ਨੂੰ ਦਿੱਤੇ ਗਏ ਕੁਲ ਕਰਜ਼ੇ ਦਾ ਛੇਵਾਂ ਹਿੱਸਾ ਅਜਿਹੀਆਂ ਕੰਪਨੀਆਂ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਦੀ ਸਲਾਨਾ ਆਮਦਨੀ ਲਗਾਤਾਰ ਘਟ ਰਹੀ ਹੈ। ਚੀਨੀ ਪਾਰਟੀ ਦੇ ਅਧਿਕਾਰਕ ਅਖ਼ਬਾਰ ਪੀਪਲਜ਼ ਡੇਲੀ 'ਚ ਇਕ ਚੀਨੀ ਅਧਿਕਾਰੀ ਨੇ ਇਹ ਬਿਆਨ ਦਿੱਤਾ, "ਦਰਖਤ ਆਕਾਸ਼ ਨੂੰ ਨਹੀਂ ਛੂਹ ਸਕਦਾ। ਕਿਸੇ ਵੀ ਤਰ੍ਹਾਂ ਦੀ ਗੜਬੜ ਢਾਂਚਾਗਤ ਵਿੱਤੀ ਸੰਕਟ ਦੀ ਤਰਫ਼, ਘਟਦੀ ਹੋਈ ਆਰਥਿਕ ਦਰ ਵੱਲ ਲਿਜਾ ਸਕਦੀ ਹੈ ਅਤੇ ਲੋਕਾਂ ਦੀਆਂ ਬਚਤਾਂ ਦਾ ਸਫਾਇਆ ਕਰ ਸਕਦੀ ਹੈ। ਇਹ ਅਸਲ ਵਿਚ ਭਿਆਨਕ ਹੋਵੇਗਾ।" ਇਹ ਸਾਰੇ ਬਿਆਨ ਇਸ ਮਾਮਲੇ ਦੀ ਪੂਰੀ ਗੰਭੀਰਤਾ ਨੂੰ ਹੀ ਵਿਖਾਉਂਦੇ ਹਨ ਅਤੇ ਕਿਵੇਂ ਚੀਨੀ ਪਾਰਟੀ ਦੇ ਅੰਦਰੋਂ ਹੀ ਹੁਣ ਸ਼ਿਕਾਇਤਾਂ ਆ ਰਹੀਆਂ ਹਨ ਅਤੇ ਇਹ ਅਜਿਹੇ ਸਮੇਂ ਹੋ ਰਿਹਾ ਹੈ ਜਦ ਚੀਨ ਦੀ ਆਰਥਿਕ ਵਾਧਾ ਦਰ ਲਗਾਤਾਰ ਹੇਠਾਂ ਜਾ ਰਹੀ ਹੈ। 2010 ਵਿਚ 12% ਦੇ ਮੁਕਾਬਲੇ 2013 ਵਿਚ ਇਹ ਦਰ 8% ਸੀ ਅਤੇ 2016 ਵਿਚ ਇਸ ਦੇ 6.9% ਦੇ ਆਸਪਾਸ ਰਹਿਣ ਦੀ ਸੰਭਾਵਨਾ ਹੈ। ਕੁਝ ਤਜ਼ਰਬੇਕਾਰ ਅਰਥਸ਼ਾਸਤਰੀਆਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਚੀਨੀ ਸਰਕਾਰ ਵਲੋਂ ਜਾਰੀ ਕੀਤੇ ਗਏ ਅੰਕੜੇ ਭਰੋਸੇਯੋਗ ਨਹੀਂ ਹਨ ਅਤੇ ਅਸਲ 'ਚ ਇਹ ਵਾਧਾ ਦਰ 3 ਫੀਸਦੀ ਦੇ ਨੇੜੇ ਤੇੜੇ ਹੈ। ਇਹ ਅਸਲ ਵਿਚ ਆਉਣ ਵਾਲੇ ਸਮੇਂ ਦਾ ਸੂਚਕ ਹੈ ਕਿ ਇਸ ਸਮੇਂ ਵਿਸ਼ਵੀ ਪੂੰਜੀਵਾਦੀ ਪ੍ਰਣਾਲੀ ਕਿਸੇ ਹੱਦ ਤੱਕ ਨਵੇਂ ਤੇ ਵੱਡੇ ਸੰਕਟ ਵੱਲ ਜਾ ਰਹੀ ਹੈ। ਇਹ ਚੀਨ ਦਾ ਅਰਥਚਾਰਾ ਹੀ ਸੀ ਜਿਸ ਨੇ ਕਾਫ਼ੀ ਹੱਦ ਤੱਕ 2008 ਦੇ ਸੰਕਟ ਨੂੰ ਇਕ ਪੂਰਨ ਮੰਦੀ ਵਿਚ ਬਦਲਣ ਤੋਂ ਬਚਾਇਆ ਪਰ ਹੁਣ ਚੀਜ਼ਾਂ ਬਿਲਕੁਲ ਉਲਟ ਦਿਸ਼ਾ ਵਿਚ ਬਦਲ ਗਈਆਂ ਹਨ। ਜਿਸ ਚੀਨ ਨੂੰ ਪੂਰੇ ਵਿਸ਼ਵੀ ਅਰਥਚਾਰੇ ਨੂੰ ਸੰਭਾਲੀ ਰੱਖਿਆ, ਉਹੀ ਅੱਜ ਉਸ ਨੂੰ ਡਬੋਣ ਵੱਲ ਲਿਜਾ ਰਹੀ ਹੈ। ਆਉਣ ਵਾਲੇ ਸਮੇਂ ਦੀ ਗੰਭੀਰਤਾ ਨੂੰ ਹੋਰ ਸਮਝਣ ਲਈ ਆਈ. ਐਨ. ਐਫ. ਵਰਲਡ ਇਕਨੋਮਿਕ ਆਉਟ ਲੁੱਟ ਅਪਡੇਟ ਜੁਲਾਈ 2016 ਦੇ ਸਰੋਤ ਤੋਂ ਹਾਸਲ ਅੰਕੜਿਆਂ ਨੂੰ ਵੇਖਦੇ ਹਾਂ ਤਾਂ ਇਸ ਸਮੇਂ ਸੰਸਾਰ ਦੇ ਹੋਰ ਮੁਲਕਾਂ ਦੀ ਆਰਥਿਕ ਵਾਧਾ ਦਰ ਕਿਥੇ ਖੜ੍ਹੀ ਹੈ। ਇਹ ਅੰਕੜੇ ਇਸ ਅਨੁਮਾਨ 'ਤੇ ਆਧਾਰਤ ਹੁੰਦੇ ਹਨ ਕਿ "ਜੇ ਸਭ ਕੁਝ ਠੀਕ ਰਿਹਾ ਤਾਂ" (ਭਾਰਤ ਵਿਚ ਮੋਦੀ ਸਰਕਾਰ ਦੀ ਨੋਟਬੰਦੀ ਦੇ ਮੂਰਖਤਾਪੂਰਨ ਫੈਸਲੇ ਪਿਛੋਂ ਭਾਰਤ ਦੀ ਸਥਿਤੀ ਬਾਰੇ ਅਨੁਮਾਨ ਮੂਧੇ ਮੂੰਹ ਡਿੱਗੇਗਾ) ਇਹ ਸਥਿਤੀ ਰਹੇਗੀ। ਇਸ ਸਮੇਂ ਵਿਸ਼ਵ ਦੇ ਵੱਡੇ ਅਰਥਚਾਰਿਆਂ ਦੀ ਸਥਿਤੀ ਵਿਚ ਵਾਧੇ ਦੇ ਸੰਕੇਤ ਘੱਟ ਨਜ਼ਰ ਆ ਰਹੇ ਹਨ ਬਲਕਿ ਗਿਰਾਵਟ ਦੀਆਂ ਸੰਭਾਵਨਾਵਾਂ ਵੱਧ ਹਨ। ਤੇਲ ਦੀਆਂ ਕੀਮਤਾਂ 'ਚ ਗਿਰਾਵਟ ਦੇ ਕਾਰਨ ਰੂਸ, ਵੈਨਜ਼ੁਏਲਾ ਦਾ ਅਰਥਚਾਰਾ ਮੂਧੇ ਮੂੰਹ ਪਿਆ ਹੈ ਜਦਕਿ ਯੂਰਪ ਦੇ ਜ਼ਿਆਦਾਤਰ ਮੁਲਕਾਂ ਅਤੇ ਅਮਰੀਕਾ 'ਚ ਹਾਲਾਤ ਉਹੀ ਪਹਿਲਾਂ ਵਾਲੇ ਹਨ ਅਤੇ ਇਹ 1-2 ਫੀਸਦੀ ਦੀ ਦਰ 'ਤੇ ਹੀ ਟਿਕੇ ਹੋਏ ਹਨ। ਮੁੱਖ ਤੌਰ 'ਤੇ ਵਿਸ਼ਵ ਅਰਥਚਾਰੇ ਨੂੰ ਸਹਾਰਾ ਦੇਣ ਦਾ ਦਾਰੋਮਦਾਰ ਏਸ਼ੀਆ 'ਤੇ ਬਿਰਕਸ (ਬ੍ਰਾਜੀਲ, ਰੂਸ, ਭਾਰਤ, ਚੀਨ ਤੇ ਦੱਖਣੀ ਅਫਰੀਕਾ) ਮੁਲਕਾਂ 'ਤੇ ਹੈ। ਇਨ੍ਹਾਂ ਵਿਚੋਂ ਰੂਸ 'ਤੇ ਬ੍ਰਾਜੀਲ ਤਾਂ ਸਿਫਰ ਤੋਂ ਵੀ ਹੇਠਾਂ 3-4% ਦੀ ਦਰ ਨਾਲ ਸੁੰਗੜ ਰਹੇ ਹਨ। ਜਦ ਚੀਨ ਦੀ ਦਰ ਲਗਾਤਾਰ ਹੇਠਾਂ ਜਾ ਰਹੀ ਹੈ ਅਤੇ ਹੁਣ ਕਰਜ਼ਾ ਸੰਕਟ ਵਜੋਂ ਨਵਾਂ ਦੈਂਤ ਸਾਹਮਣੇ ਖੜ੍ਹਾ ਹੈ। ਭਾਰਤੀ ਅਰਥਚਾਰੇ ਬਾਰੇ ਅਰਥ ਸ਼ਾਸਤਰੀਆਂ ਦਾ ਇਹ ਮੰਨਣਾ ਹੈ ਕਿ ਭਾਰਤੀ ਅਰਥਚਾਰਾ ਚੀਨ ਦੇ ਮੁਕਾਬਲਤਨ ਬੇਹੱਦ ਛੋਟਾ ਹੈ। ਇਸ ਲਈ ਇਹ ਇਕੱਲੇ ਦਮ 'ਤੇ ਵਿਸ਼ਵੀ ਅਰਥਚਾਰੇ ਨੂੰ ਕੋਈ ਬਹੁਤਾ ਪ੍ਰਭਾਵਿਤ ਨਹੀਂ ਕਰ ਸਕਦਾ। ਚੀਨ ਤੋਂ ਸ਼ੁਰੂ ਹੋਣ ਵਾਲੇ ਨਵੇਂ ਸੰਕਟ ਦੇ ਦੋ ਵੱਡੇ ਨਤੀਜੇ ਸਾਹਮਣੇ ਆਉਣਗੇ। ਇਕ ਤਾਂ ਸਿੱਧੇ ਤੌਰ 'ਤੇ ਇਹ ਚੀਨ 'ਤੇ ਨਿਰਭਰ ਅਰਥਚਾਰਿਆਂ ਨੂੰ ਪ੍ਰਭਾਵਿਤ ਕਰੇਗਾ। ਬ੍ਰਾਜੀਲ, ਆਸਟ੍ਰੇਲੀਆ, ਰੂਸ, ਦੱਖਣੀ ਅਫਰੀਕਾ ਅਜਿਹੇ ਮੁਲਕ ਹਨ ਜੋ ਵੱਡੀ ਪੱਧਰ 'ਤੇ ਚੀਨ ਨੂੰ ਕੱਚਾ ਮਾਲ ਭੇਜਦੇ ਹਨ। ਇਹ ਮੁਲਕ ਤਾਂ ਪਹਿਲਾਂ ਹੀ ਸੰਕਟ ਦਾ ਸ਼ਿਕਾਰ ਹਨ ਤਾਂ ਅਜਿਹੇ ਸਮੇਂ ਚੀਨ ਦਾ ਹੇਠਾਂ ਜਾਣਾ ਇਨ੍ਹਾਂ ਮੁਲਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ। ਦੂਜਾ ਇਹ ਕਿ ਚੀਨ 'ਚ ਕੱਚਾ ਮਾਲ ਤਿਆਰ ਹੋ ਕੇ ਯੂਰਪ, ਅਮਰੀਕਾ ਵੱਲ ਬਰਾਮਦ ਹੁੰਦਾ ਹੈ। ਚੀਨੀ ਅਰਥਚਾਰਾ ਇਨ੍ਹਾਂ ਬਰਾਮਦਾਂ ਤੋਂ ਹੋਣ ਵਾਲੀ ਆਮਦਨ 'ਤੇ ਟਿਕਿਆ ਹੋਇਆ ਹੈ। ਇਸ ਲਈ ਉਹ ਇਨ੍ਹਾਂ ਬਰਾਮਦਾਂ ਨੂੰ ਪ੍ਰਭਾਵਿਤ ਹੋਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰੇਗਾ। ਭਾਵੇਂ ਹੀ ਇਸ ਨੂੰ ਆਪਣੀਆਂ ਬਰਾਮਦਾਂ ਸਸਤੀਆਂ ਕਰਕੇ ਇਨ੍ਹਾਂ ਮੁਲਕਾਂ 'ਚ ਵੇਚਣੀਆਂ ਪੈਣ। ਇਸ ਦਾ ਸਿੱਧਾ ਮਤਲਬ ਇਹ ਹੋਵੇਗਾ ਕਿ ਆਉਣ ਵਾਲੇ ਸਮੇਂ 'ਚ ਚੀਨ ਲਾਜ਼ਮੀ ਹੀ ਆਪਣੀ ਮੁਦਰਾ ਯੁਆਨ ਦੇ ਮੁੱਲ ਨੂੰ ਘਟਾਏਗਾ। ਯੁਜਾਨ ਦੇ ਮੁੱਲ 'ਚ ਗਿਰਾਵਟ ਆਉਣ ਨਾਲ ਚੀਨ ਦੀਆਂ ਚੀਜ਼ਾਂ ਵਿਦੇਸ਼ੀ ਬਾਜ਼ਾਰਾਂ ਲਈ ਸਸਤੀਆਂ ਹੋ ਜਾਣਗੀਆਂ ਅਤੇ ਇਸ ਦੇ ਜ਼ਰੀਏ ਚੀਨ ਦੀ ਇਹ ਕੋਸ਼ਿਸ਼ ਰਹੇਗੀ ਕਿ ਇਹ ਆਪਣੀਆਂ ਬਰਾਮਦਾਂ ਦੇ ਮੌਜੂਦਾ ਪੱਧਰ ਨੂੰ ਜੇ ਨਹੀਂ ਵਧਾ ਸਕਦਾ ਤਾਂ ਘੱਟੋ ਘੱਟ ਉਸ ਨੂੰ ਇਸ ਪੱਧਰ 'ਤੇ ਬਰਕਰਾਰ ਜ਼ਰੂਰ ਰੱਖੇ ਪਰ ਲਾਜ਼ਮੀ ਹੀ ਇਸ ਨੀਤੀ ਦਾ ਵਿਰੋਧ ਦੂਜੇ ਪੂੰਜੀਵਾਦੀ ਮੁਲਕ ਵੀ ਕਰਨਗੇ ਖਾਸ ਕਰਕੇ ਅਮਰੀਕਾ ਤੇ ਯੂਰਪ ਕਿਉਂਕਿ ਚੀਨ ਦੇ ਇਸ ਕਦਮ ਨਾਲ ਉਨ੍ਹਾਂ ਦੀਆਂ ਕੰਪਨੀਆਂ ਨੂੰ ਨੁਕਸਾਨ ਹੁੰਦਾ ਹੈ-ਜੇ ਚੀਨੀ ਕੰਪਨੀਆਂ ਦਾ ਸਮਾਨ ਉਨ੍ਹਾਂ ਦੇ ਬਾਜ਼ਾਰਾਂ 'ਚ ਸਸਤਾ ਪਹੁੰਚਦਾ ਹੈ ਤਾਂ ਉਨ੍ਹਾਂ ਦੀਆਂ ਕੰਪਨੀਆਂ ਦੇ ਮਹਿੰਗੇ ਸਮਾਨ ਦੀ ਖਪਤ ਘੱਟ ਹੋਵੇਗੀ ਅਤੇ ਉਹ ਮੁਕਾਬਲੇ 'ਚੋਂ ਬਾਹਰ ਹੁੰਦੇ ਜਾਣਗੇ। ਇਸ ਕਰਕੇ ਇਹ ਮੁਲਕ ਬਦਲੇ ਦੀ ਭਾਵਨਾ ਨਾਲ ਲਾਜ਼ਮੀ ਹੀ ਜਾਂ ਤਾਂ ਚੀਨ 'ਤੇ ਵਪਾਰਕ ਪਾਬੰਦੀਆਂ ਲਾਉਣਗੇ ਅਤੇ ਜਾਂ ਫਿਰ ਆਪਣੀਆਂ ਮੁਦਰਾਵਾਂ ਦੇ ਮੁੱਲ ਨੂੰ ਵੀ ਘੱਟ ਕਰਨਗੇ। ਦੋਨੋਂ ਹੀ ਸੂਰਤਾਂ 'ਚ ਇਸ ਦਾ ਨੁਕਸਾਨ ਪੂਰੀ ਵਿਸ਼ਵੀ ਪੂੰਜੀ ਪ੍ਰਣਾਲੀ ਨੂੰ ਹੋਵੇਗਾ ਕਿਉਂਕਿ ਵਿਸ਼ਵ ਵਪਾਰ ਤਾਂ ਪਹਿਲਾਂ ਹੀ ਸੁੰਗੜ ਰਿਹਾ ਹੈ ਅਤੇ ਅਜਿਹੇ 'ਚ ਜੇ ਬੰਦਸ਼ਾਂ ਲਾਈਆਂ ਜਾਂਦੀਆਂ ਹਨ ਤਾਂ ਇਹ ਹੋਰ ਵੀ ਨੁਕਸਾਨਦੇਹ ਹੋਵੇਗਾ। ਅੱਜ ਕੱਲ੍ਹ ਕਈ ਅਰਥ ਸ਼ਾਸਤਰੀ ਅਤੇ ਸਰਕਾਰਾਂ ਚੀਨ ਨੂੰ ਵੀ ਇਹ ਸੁਝਾਅ ਦੇ ਰਹੇ ਹਨ ਕਿ ਉਹ ਮੌਜੂਦਾ ਕੀਂਸਵਾਦੀ ਨੀਤੀਆਂ ਛੱਡ ਕੇ ਨਵਉਦਾਰਵਾਦੀ ਨੀਤੀਆਂ ਦੇ ਅਮਲ ਵਿਚ ਤੇਜ਼ੀ ਲਾਉਣ ਯਾਨੀ ਉਹ ਆਪਣੀ ਰਾਜਕੀ (ਜਨਤਕ) ਮਾਲਕੀ ਵਾਲੇ ਅਦਾਰਿਆਂ ਅਤੇ ਕਾਰੋਬਾਰੀਆਂ ਨੂੰ ਨਿੱਜੀ ਨਿਵੇਸ਼ ਦੇ ਲਈ ਹੋਰ ਤੇਜ਼ੀ ਨਾਲ ਖੁੱਲ੍ਹਾ ਕਰਨ ਜਿਸ ਨਾਲ ਨਿੱਜੀ ਕੰਪਨੀਆਂ ਆਪਣੇ ਪਾਸ ਇਕੱਠੀ ਹੋਈ ਪੂੰਜੀ ਨੂੰ ਨਿਵੇਸ਼ ਕਰ ਸਕਣ ਪਰ ਜੇ ਚੀਨ ਅਜਿਹਾ ਕਰਦਾ ਹੈ ਤਾਂ ਇਸ ਦਾ ਮਤਲਬ ਹੋਵੇਗਾ ਕਿ ਸਰਕਾਰੀ (ਜਨਤਕ) ਨਿਵੇਸ਼ ਦਾ ਘਟਣਾ, ਕਿਰਤ ਕਾਨੂੰਨਾਂ ਦਾ ਢਿੱਲੇ ਹੋਣਾ। ਇਸ ਦਾ ਨਤੀਜਾ ਇਹੀ ਹੋਵੇਗਾ ਕਿ ਬੇਰੁਜ਼ਗਾਰੀ ਵੱਡੀ ਪੱਧਰ 'ਤੇ ਵਧੇਗੀ ਅਤੇ ਵੱਡੀ ਮਿਹਨਤਕਸ਼ ਅਬਾਦੀ ਦੀਆਂ ਤਨਖਾਹਾਂ ਕਿਰਤਾਂ ਕਾਨੂੰਨਾਂ ਦੇ ਢਿਲੇ ਪੈਣ ਨਾਲ ਹੇਠਾਂ ਜਾਣਗੀਆਂ। ਇਸ ਨਾਲ ਪੂਰੇ ਚੀਨੀ ਅਰਥਚਾਰੇ ਵਿਚ ਚੀਜ਼ਾਂ ਦੀ ਖਪਤ ਘਟੇਗੀ ਕਿਉਂਕਿ ਲੋਕਾਂ ਕੋਲ ਖਰੀਦਣ ਲਈ ਪੈਸੇ ਲਈ ਪੈਸੇ ਨਹੀਂ ਹੋਣਗੇ ਅਤੇ ਨਿਸ਼ਚੈ ਹੀ ਜੋ ਮੌਜੂਦਾ ਹਾਲਤ ਹੈ ਉਹ ਹੋਰ ਗੰਭੀਰ ਹੋਵੇਗੀ। ਦੂਜਾ ਇਹ ਕਿ ਚੀਨੀ ਸਰਕਾਰ ਆਪਣੇ ਅਰਥਚਾਰੇ ਵਿਚ ਵਿਭਿੰਨਤਾ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਇਸ ਨੂੰ ਉਸਾਰੀ ਅਰਥਚਾਰੇ ਵਿਚ ਬਦਲ ਕੇ ਘਰੇਲੂ ਖਪਤ 'ਤੇ ਆਧਾਰਤ ਸੇਵਾ ਖੇਤਰ ਵਾਲਾ ਅਰਥਚਾਰਾ ਬਣਾਉਣਾ ਚਾਹੁੰਦੀ ਹੈ। ਪਰ ਇਸ ਵਿਚ ਵੀ ਇਕ ਦਿੱਕਤ ਹੈ। ਜੇ ਚੀਨੀ ਸਰਕਾਰ ਇਹ ਚਾਹੁੰਦੀ ਹੈ ਕਿ ਉਸ ਦੇ ਲੋਕਾਂ ਦੀ ਘਰੇਲੂ ਖਪਤ ਵਧੇ ਜਿਸ ਨਾਲ ਉਹ ਵਾਧੂ ਪੈਦਾ ਹੋਇਆ ਮਾਲ ਖਰੀਦ ਸਕਣ ਤਾਂ ਉਸ ਨੂੰ ਲਾਜ਼ਮੀ ਹੀ ਉਨ੍ਹਾਂ ਦੀਆਂ ਲੋੜਾਂ ਨੂੰ ਵਧਾਉਣਾ ਪਵੇਗਾ (ਹਾਲਾਂਕਿ ਉਹ ਅਜਿਹਾ ਸਸਤੇ ਕਰਜ਼ੇ ਦੇ ਕੇ ਵੀ ਕਰ ਸਕਦੇ ਹਨ ਪਰ ਉਸ ਕਰਜ਼ੇ ਨੂੰ ਭਵਿੱਖ ਵਾਪਸ ਕਰਨ ਲਈ ਵੀ ਲੋਕਾਂ ਦੀ ਆਮਦਨੀ 'ਚ ਬਿਹਤਰੀ ਹੋਣੀ ਜ਼ਰੂਰੀ ਹੈ। ਜੇ ਚੀਨੀ ਮਿਹਨਤਕਸ਼ ਅਬਾਦੀ ਦੀਆਂ ਲੋੜਾਂ ਵਧਦੀਆਂ ਹਨ ਤਾਂ ਚੀਨ ਮਾਲ ਦੀਆਂ ਲਾਗਤਾਂ ਵਧਣਗੀਆਂ ਅਤੇ ਇਸ ਦਾ ਨੁਕਸਾਨ ਚੀਨ ਨੂੰ ਕੌਮਾਂਤਰੀ ਮੰਡੀ ਵਿਚ ਹੋਵੇਗਾ ਜਿਥੇ ਉਸ ਦੀ ਮੁਕਾਬਲਾ ਕਰਨ ਦੀ ਯੋਗਤਾ ਘੱਟ ਹੋਵੇਗੀ ਕਿਉਂਕਿ ਅਜੇ ਵਿਸ਼ਵੀ ਮੰਡੀ 'ਚ ਚੀਨੀ ਦਬਦਬਾ ਇਸ ਲਈ ਸੀ ਕਿ ਇਥੋਂ ਦੀ ਮਿਹਨਤਕਸ਼ ਅਬਾਦੀ ਦੀਆਂ

ਲੋੜਾਂ ਬੇਹੱਦ ਘੱਟ ਹੋਣ ਕਰਕੇ ਸਸਤਾ ਚੀਨੀ ਮਾਲ ਪੂਰੀ ਦੁਨੀਆਂ 'ਚ ਬੇਹੱਦ ਧੜੱਲੇ ਨਾਲ ਪਹੁੰਚਦਾ ਸੀ। ਅਜਿਹਾ ਨਹੀਂ ਕਿ ਚੀਨ 'ਤੇ ਅਜਿਹਾ ਕਰਜ਼ਾ ਸੰਕਟ ਪਹਿਲੀ ਵਾਰੀ ਆਇਆ ਹੈ। ਇਸ ਤੋਂ ਪਹਿਲਾਂ ਵੀ 1990 ਦੇ ਦਹਾਕੇ ਵਿਚ ਚੀਨੀ ਅਰਥਚਾਰਾ ਅਜਿਹੇ ਸੰਕਟ ਨੂੰ ਝੱਲ ਚੁੱਕਿਆ ਹੈ ਜਦ ਸਰਕਾਰ ਨੂੰ 650 ਅਰਬ ਡਾਲਰ ਦਾ ਰਾਹਤ ਪੈਕੇਜ ਦੇ ਕੇ ਸਰਕਾਰੀ ਬੈਂਕਾਂ ਨੂੰ ਬਚਾਉਣਾ ਪਿਆ ਸੀ ਪਰ ਉਸ ਸਮੇਂ ਦੇ ਕਰਜ਼ਾ ਸੰਕਟ 'ਤੇ ਅੱਜ ਦੇ ਕਰਜ਼ਾ ਸੰਕਟ ਵਿਚ ਬੁਨਿਆਦੀ ਫਰਕ ਹੈ। ਅੱਜ ਚੀਨ 'ਤੇ ਅਜਿਹੇ ਸਮੇਂ 'ਚ ਕਰਜ਼ਾ ਸੰਕਟ ਦਾ ਖਤਰਾ ਮੰਡਰਾ ਰਿਹਾ ਹੈ। ਜਦ ਉਸ ਦਾ ਅਰਥਚਾਰਾ ਪਿਛਲੇ 25 ਸਾਲਾਂ ਦੇ ਸਮੇਂ 'ਚ ਸਭ ਤੋਂ ਬੁਰਾ ਸਮਾਂ ਵੇਖ ਰਿਹਾ ਹੈ। ਨਾਲ ਹੀ ਪੂਰੇ ਦਾ ਪੂਰਾ ਵਿਸ਼ਵੀ ਅਰਥਚਾਰਾ ਵੀ 25 ਸਾਲਾਂ ਦੇ ਮੁਕਾਬਲੇ ਇਕ ਨਵੇਂ ਡੂੰਘੇ 'ਤੇ ਵਿਆਪਕ ਸੰਕਟ ਦਾ ਸ਼ਿਕਾਰ ਹੈ ਜਿਸ ਵਿਚੋਂ ਉਭਰਨ ਦਾ ਕੋਈ ਰਾਹ ਨਹੀਂ ਦਿਸ ਰਿਹਾ। ਇਸ ਲਈ ਆਉਣ ਵਾਲਾ ਸਮਾਂ ਚੀਨੀ ਅਰਥਚਾਰੇ ਤੇ ਮਿਹਨਤਕਸ਼ ਲੋਕਾਂ ਲਈ ਭਾਰੀ ਪ੍ਰੇਸ਼ਾਨੀਆਂ ਦਾ ਸਮਾਂ ਹੋਵੇਗਾ। ਇਸ ਗੱਲ ਦਾ ਅੰਦਾਜ਼ਾ ਤਾਂ ਪਿਛਲੇ ਸਮੇਂ 'ਚ ਚੀਨ 'ਚ ਉਠ ਰਹੇ ਮਿਹਨਤਕਸ਼ ਲੋਕਾਂ ਦੇ ਸੰਘਰਸ਼ਾਂ ਤੋਂ ਲੱਗ ਜਾਂਦਾ ਹੈ। ਜਿਵੇਂ ਜਿਵੇਂ ਆਰਥਿਕ ਸੰਕਟ ਦੇ ਡੂੰਘੇ ਹੋਣ ਦੇ ਸੰਕੇਤ ਵਧਦੇ ਗਏ, ਤਿਵੇਂ ਹੀ ਮਿਹਨਤਕਸ਼ ਜਨਤਾ ਦਾ ਨਵਾਂ ਉਭਾਰ ਵੇਖਣ ਨੂੰ ਮਿਲਿਆ। ਹਾਂਗਕਾਂਗ ਆਧਾਰਤ 'ਚਾਇਨਾ ਲੇਬਰ ਬੁਲੇਟਿਨ' ਦੀ ਇਕ ਰਿਪੋਰਟ ਮੁਤਾਬਕ ਸਾਲ 2015 'ਚ ਹੜਤਾਲਾਂ ਤੇ ਮੁਜ਼ਾਹਰਿਆਂ ਦੀ ਗਿਣਤੀ ਸਾਲ 2014 ਦੇ ਮੁਕਾਬਲੇ ਦੁਗਣੀ ਹੋ ਗਈ ਹੈ। 2014 ਵਿਚ ਜਿਥੇ 1379 ਅਜਿਹੇ ਕੇਸ ਕਰਜ ਕੀਤੇ ਗਏ, ਉਥੇ 2015 'ਚ ਇਨ੍ਹਾਂ ਦੀ ਗਿਣਤੀ 2714 ਸੀ। ਧਿਆਨ ਰਹੇ ਕਿ ਇਹ ਉਹ ਹੜਤਾਲਾਂ ਤੇ ਮੁਜ਼ਾਹਰੇ ਹਨ ਜੋ ਸਰਕਾਰੀ ਦਫ਼ਤਰਾਂ ਵਿਚ ਦਰਜ ਹਨ, ਸੂਚਨਾ 'ਤੇ ਜਿਸ ਤਰ੍ਹਾਂ ਦੀ ਪਾਬੰਦੀ ਚੀਨ ਵਿਚ ਹੈ, ਉਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਘਟਨਾਵਾਂ ਦੀ ਅਸਲ ਗਿਣਤੀ ਕਿਤੇ ਜ਼ਿਆਦਾ ਹੈ। ਇਕ ਹੋਰ ਨੁਕਤਾ ਜੋ ਧਿਆਨ ਲਾਇਕ ਹੈ ਉਹ ਇਹ ਹੈ ਕਿ ਇਹ ਹੜਤਾਲਾਂ ਜ਼ਿਆਦਾਤਰ ਉਸਾਰੀ, ਖਾਣ ਮਜ਼ਦੂਰਾਂ, ਆਟੋ ਖੇਤਰ ਵਿਚ ਹੋਈਆਂ ਯਾਨੀ ਉਹ ਖੇਤਰ ਜੋ ਕਿਸੇ ਵੀ ਅਰਥਚਾਰੇ ਦੀ ਬੁਨਿਆਦ ਹੁੰਦੇ ਹਨ। ਇਨ੍ਹਾਂ ਹੜਤਾਲਾਂ ਦਾ ਕਾਰਨ ਉਜਰਤਾਂ ਦੀ ਗੈਰ ਅਦਾਇਗੀ ਤੋਂ ਲੈ ਕੇ ਕੰਮ ਦੀਆਂ ਬੁਰੀਆਂ ਹਾਲਤਾਂ ਹਨ। ਨਿਸ਼ਚਿਤ ਤੌਰ 'ਤੇ ਅੱਜ ਅਸੀਂ ਹਲਚਲ ਵਾਲੇ ਮਾਹੌਲ 'ਚ ਰਹਿ ਰਹੇ ਹਾਂ ਜਿਥੇ ਰੋਜ਼ਾਨਾ ਦੁਨੀਆਂ ਦੇ ਕਿਸੇ ਨਾ ਕਿਸੇ ਕੋਨੇ ਵਿਚੋਂ ਮਜ਼ਦੂਰਾਂ, ਨੌਜਵਾਨਾਂ ਦੇ ਵੱਡੇ ਸੰਘਰਸ਼ ਸਾਨੂੰ ਵੇਖਣ ਨੂੰ ਮਿਲ ਰਹੇ ਹਨ। ਇਹ ਇਨ੍ਹਾਂ ਸਾਰੇ ਸੰਘਰਸ਼ਾਂ ਤੋਂ ਭੈਅ-ਭੀਤ ਹੋਣ ਦਾ ਸਮਾਂ ਨਹੀਂ ਬਲਕਿ ਆਮ ਮਿਹਨਤਕਸ਼ ਲੋਕਾਂ 'ਚ ਆ ਰਹੀ ਚੇਤੰਨਤਾ ਦਾ ਸੁਆਗਤ ਕਰਨ ਦਾ ਸਮਾਂ ਹੈ ਪਰ ਲੋਕਾਂ ਦੇ ਇਨ੍ਹਾਂ ਸੰਘਰਸ਼ਾਂ ਦੀ ਵੀ ਇਕ ਹੱਦ ਹੈ ਜਿਸ ਤੋਂ ਅੱਗੇ ਇਹ ਨਹੀਂ ਜਾ ਸਕਦੇ। ਲੋੜ ਹੈ ਕਿ ਇਨ੍ਹਾਂ ਸੰਘਰਸ਼ਾਂ ਦੀ ਅਗਵਾਈ ਇਕ ਸਹੀ ਵਿਚਾਰਧਾਰਾ ਕਰੇ ਜਿਸ ਨਾਲ ਇਸ ਲੁਟ ਆਧਾਰਤ ਪੂੰਜੀਵਾਦੀ ਢਾਂਚੇ ਨੂੰ ਬਦਲਕੇ ਇਕ ਨਵਾਂ ਨਰੋਆ ਢਾਂਚਾ ਬਣਾਇਆ ਜਾ ਸਕੇ। (ਮਾਨਵ ਕਰਟਸੀ ਅਵਹਾਨ ਜੁਲਾਈ ਅਗਸਤ 2017)

# ਪੰਜਾਬ ਦੇ ਖੇਤ ਮਜ਼ਦੂਰਾਂ ਦੇ ਕਰਜ਼ੇ ਅਤੇ ਖੁਦਕੁਸ਼ੀਆਂ ਸਬੰਧੀ ਤਿੰਨ ਲੇਖ

• ਸੁਖਵਿੰਦਰ

## ਇੱਕ ਅਲੋਚਨਾਤਮਕ ਮੁਲੰਕਣ



ਬੀਤੇ ਦਿਨੀ ਪੰਜਾਬ ਦੇ ਪੇਂਡੂ/ਖੇਤ ਮਜ਼ਦੂਰਾਂ ਦੀਆਂ ਜੀਵਨ ਹਾਲਤਾਂ, ਖੁਦਕੁਸ਼ੀਆਂ ਅਤੇ ਕਰਜ਼ੇ ਸਬੰਧੀ ਦੋ ਮਹੱਤਵਪੂਰਨ ਅਧਿਐਨ ਸਾਹਮਣੇ ਆਏ ਹਨ। ਇੱਕ ਅਧਿਐਨ ਇੰਡੀਅਨ ਕੌਂਸਲ ਫਾਰ ਸੋਸ਼ਲ ਰਿਸਰਚ ਦੁਆਰਾ ਕਰਵਾਇਆ ਗਿਆ। ਇਸ ਅਧਿਐਨ 'ਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ.ਗਿਆਨ ਸਿੰਘ ਅਤੇ ਹੋਰ ਖੋਜਾਰਥੀ ਸ਼ਾਮਲ ਸਨ। ਦੂਸਰਾ ਅਧਿਐਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ ਵਿਭਾਗ ਵਲੋਂ ਕਰਵਾਇਆ ਗਿਆ ਜੋ 'ਖੇਤੀ ਖੇਤਰ ਦੇ ਮਜ਼ਦੂਰਾਂ ਦੀ ਹਾਲਤ-2017' ਦੇ ਨਾਂ 'ਤੇ ਪ੍ਰਕਾਸ਼ਿਤ ਹੋਇਆ। ਇਹਨਾਂ ਅਧਿਐਨਾਂ ਦੇ ਅਧਾਰ 'ਤੇ ਦੋ ਲੇਖ ਸਾਹਮਣੇ ਆਏ। ਇੱਕ ਲੇਖ ਡਾ.ਗਿਆਨ ਸਿੰਘ ਹੁਰਾਂ ਦਾ ਹੈ ਜੋ 31 ਜੁਲਾਈ 2017 ਦੇ ਪੰਜਾਬੀ ਟ੍ਰਿਬਿਊਨ 'ਚ 'ਕਿਸਾਨੀ ਤੋਂ ਵੀ ਵੱਧ ਦੁਰਦਸ਼ਾ ਖੇਤ ਮਜ਼ਦੂਰਾਂ ਦੀ' ਸਿਰਲੇਖ ਹੇਠ ਪ੍ਰਕਾਸ਼ਿਤ ਹੋਇਆ। ਦੂਸਰਾ ਲੇਖ ਸੁਖਪਾਲ ਸਿੰਘ ਅਤੇ ਸ਼ਰੁਤੀ ਭੋਗਲ ਦੁਆਰਾ ਲਿਖਿਆ ਹੈ। ਜੋ ਅੰਗਰੇਜ਼ੀ ਅਖ਼ਬਾਰ ਦਾ ਟ੍ਰਿਬਿਊਨ 'ਚ 'ਮੁੱਢਲੀਆਂ ਲੋੜਾਂ ਲਈ ਵੀ ਜਾਨਾਂ ਹੂਲ ਰਹੇ ਖੇਤ ਮਜ਼ਦੂਰ' ਸਿਰਲੇਖ ਤਹਿਤ ਪ੍ਰਕਾਸ਼ਿਤ ਹੋਇਆ। ਇਸ ਲੇਖ ਦਾ ਥੋੜ੍ਹਾ ਸੰਪਾਦਿਤ ਰੂਪ ਦੋ ਮਾਸਕ 'ਸੁਰਖ ਲੀਹ' ਦੇ ਜੁਲਾਈ-ਅਗਸਤ 2017 ਅੰਕ 'ਚ ਪ੍ਰਕਾਸ਼ਿਤ ਹੋਇਆ ਹੈ। ਇਹਨਾਂ ਦੋ ਲੇਖਾਂ ਤੋਂ ਇਲਾਵਾ ਡਾ.ਸਖਪਾਲ ਸਿੰਘ ਹੁਰਾਂ ਦਾ ਇੱਕ ਲੇਖ 'ਲਾਲ ਪਰਚਮ' ਦੇ ਜੁਲਾਈ 2017 ਅੰਕ 'ਚ 'ਪੰਜਾਬ ਦੇ ਪੇਂਡੂ ਮਜ਼ਦੂਰਾਂ ਦੇ ਕਰਜ਼ੇ ਦਾ ਮਸਲਾ' ਸਿਰਲੇਖ ਤਹਿਤ ਛਪਿਆ ਹੈ। ਪੰਜਾਬ ਦੇ ਪੇਂਡੂ/ਖੇਤ ਮਜ਼ਦੂਰਾਂ ਬਾਰੇ ਸ਼ਾਇਦ ਪਹਿਲੀ ਵਾਰ ਇਸ ਤਰ੍ਹਾਂ ਦੇ ਗੰਭੀਰ ਅਧਿਐਨ ਸਾਹਮਣੇ ਆਏ ਹਨ। ਅਸੀਂ ਉਪਰੋਕਤ ਤਿੰਨਾਂ ਲੇਖਾਂ ਦੀ ਨਿਰਖ-ਪਰਖ ਕਰਾਂਗੇ।

ਉਪਰੋਕਤ ਤਿੰਨੋ ਲੇਖ ਭਾਵੇਂ ਵੱਖ-ਵੱਖ ਅਧਿਐਨਾਂ 'ਤੇ ਅਧਾਰਿਤ ਹਨ। ਪਰ ਇਹਨਾਂ ਰਾਹੀਂ ਸਾਹਮਣੇ ਆਏ ਤੱਥ ਲਗਭਗ ਮਿਲਦੇ ਜੁਲਦੇ ਹਨ। ਪੇਂਡੂ/ਖੇਤ ਮਜ਼ਦੂਰਾਂ ਦੀ ਦੁਰਦਸ਼ਾ ਲਈ ਲੇਖਕ ਨੇ ਜੋ ਹੱਲ ਸੁਝਾਏ ਹਨ ਉਹ ਵੀ ਲਗਭਗ ਮਿਲਦੇ ਜੁਲਦੇ ਹੀ ਹਨ।

ਪੇਂਡੂ/ਖੇਤ ਮਜ਼ਦੂਰ ਪੰਜਾਬ ਦੇ ਪੇਂਡੂ ਖੇਤਰ (ਪੂਰੇ ਭਾਰਤ ਦੇ ਪੇਂਡੂ ਖੇਤਰ ਵਾਂਗ ਹੀ) ਸਭ ਤੋਂ ਵੱਧ ਲੁਟੀਦੇ ਅਤੇ ਸਭ ਤੋਂ ਵੱਧ ਭੈੜੀਆਂ ਹਾਲਤਾਂ 'ਚ ਜਿਉਂਦੇ ਹਨ। ਸ਼ਹਿਰਾਂ ਦੇ ਮਜ਼ਦੂਰਾਂ ਵਾਂਗ ਹੀ ਪਿੰਡਾਂ ਦੇ ਮਜ਼ਦੂਰ ਵੀ ਹਾਕਮਾਂ ਦੀ ਅਣਦੇਖੀ ਦਾ ਸ਼ਿਕਾਰ ਹਨ। ਸ਼ਹਿਰੀ ਅਤੇ ਪੇਂਡੂ ਮਜ਼ਦੂਰ ਦੇਸ਼ ਦੀ ਸੰਪੂਰਨ ਧਨ ਦੌਲਤ ਦੇ ਪੈਦਾਕਾਰ ਹਨ। ਪਰ ਫਿਰ ਵੀ ਸਭ ਤੋਂ ਭੈੜੀਆਂ ਹਾਲਤਾਂ 'ਚ ਜਿਉਂਦੇ ਹਨ। ਖੱਬੀ ਸਿਆਸਤ 'ਚ ਵੀ ਪੇਂਡੂ ਮਜ਼ਦੂਰ ਕਾਫੀ ਹੱਦ ਤੱਕ ਅਣਦੇਖੀ ਦਾ ਸ਼ਿਕਾਰ ਹਨ। ਪਿੰਡਾਂ ਦੇ ਮਜ਼ਦੂਰਾਂ ਦੀਆਂ ਪ੍ਰਭਾਵਸ਼ਾਲੀ ਜਥੇਬੰਦੀਆਂ ਨਹੀਂ ਹਨ। ਇਸ ਕਾਰਨ ਵੀ ਇਹ ਵਧੇਰੇ ਲੁੱਟ ਜ਼ਬਰ ਦਾ ਸ਼ਿਕਾਰ ਹਨ। ਖੇਤੀ 'ਚ ਹੋਏ ਸਰਮਾਏਦਾਰਾ ਵਿਕਾਸ ਕਾਰਨ, ਇਹਨਾਂ ਨੂੰ ਜਥੇਬੰਦ ਕਰਨ ਦੀ ਚੁਣੌਤੀ ਵੀ ਵਧ ਗਈ ਹੈ।

ਪੰਜਾਬ ਦੀਆਂ ਖੱਬੇ ਪੱਖੀ ਪਾਰਟੀਆਂ/ਗਰੁੱਪ ਅਕਸਰ ਮਾਲਕ ਕਿਸਾਨੀ ਦੀ ਚਿੰਤਾ 'ਚ ਡੁੱਬੇ ਰਹਿੰਦੇ ਹਨ। ਜਿੱਥੇ ਕਿਤੇ ਉਹਨਾਂ ਦੀ ਅਗਵਾਈ ਵਾਲੀਆਂ ਪੇਂਡੂ/ਖੇਤ ਮਜ਼ਦੂਰ ਜਥੇਬੰਦੀਆਂ ਹਨ ਵੀ ਉਹਨਾਂ ਨੂੰ ਵੀ ਇਹ ਮਾਲਕ ਕਿਸਾਨਾਂ ਦੀਆਂ ਜਥੇਬੰਦੀਆਂ ਮਗਰ ਟੋਚਨ ਰੱਖਦੇ ਹਨ। ਜਿਣਸਾਂ ਦੇ ਭਾਅ ਵਧਾਉਣ, ਖੇਤੀ ਲਈ ਸਬਸਿਡੀਆਂ ਆਦਿ ਮੰਗਾ 'ਤੇ ਚੱਲਣ ਵਾਲੇ ਕਿਸਾਨ ਸੰਘਰਸ਼ 'ਚ ਵੀ ਇਹਨਾਂ ਪੇਂਡੂ/ਖੇਤ ਮਜ਼ਦੂਰਾਂ ਨੂੰ ਧੂਹ ਲਿਆ ਜਾਂਦਾ ਹੈ। ਭਾਵੇਂ ਕਿ ਉਪਰੋਕਤ ਮੰਗਾਂ 'ਚ ਪੇਂਡੂ/ਖੇਤ ਮਜ਼ਦੂਰਾਂ ਦਾ ਕੋਈ ਹਿੱਤ ਨਹੀਂ ਹੈ ਸਗੋਂ ਇਹ ਮੰਗਾਂ ਤਾਂ ਇਹਨਾਂ ਦੇ ਹਿੱਤਾਂ ਦੇ ਉਲਟ ਹਨ।

ਅਜਿਹੀ ਸਥਿਤੀ 'ਚ ਡਾ.ਗਿਆਨ ਸਿੰਘ, ਡਾ.ਸੁਖਪਾਲ ਸਿੰਘ, ਸ਼ਰੁਤੀ ਭੋਗਲ ਜੇਹੇ ਲੇਖਕਾਂ ਨੇ ਪੇਂਡੂ/ਖੇਤ ਮਜ਼ਦੂਰਾਂ ਦੀ ਦੁਰਦਸ਼ਾ ਨੂੰ ਸਾਹਮਣੇ ਲਿਆਂਦਾ ਹੈ। ਇਸ ਉੱਦਮ ਲਈ ਇਹ ਲੇਖਕ ਵਧਾਈ ਦੇ ਪਾਤਰ ਹਨ। ਭਾਵੇਂ ਪੇਂਡੂ/ਖੇਤ ਮਜ਼ਦੂਰਾਂ ਦੀ ਦੁਰਦਸ਼ਾ ਦੂਰ ਕਰਨ ਲਈ ਉਹਨਾ ਜੋ ਕਦਮ ਸੁਝਾਏ ਹਨ ਉਹਨਾਂ ਸਾਰੇ ਕਦਮਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ।

ਉਪਰੋਕਤ ਲੇਖਕਾਂ ਨੇ ਪੇਂਡੂ ਮਜ਼ਦੂਰਾਂ ਦੇ ਕਰਜ਼ੇ, ਖੁਦਕੁਸ਼ੀਆਂ ਅਤੇ ਰੁਜ਼ਗਾਰ ਦੀ ਸਥਿਤੀ ਬਾਰੇ ਮਹੱਤਵਪੂਰਨ ਤੱਥ ਸਾਹਮਣੇ ਲਿਆਂਦੇ ਹਨ। 'ਲਾਲ ਪਰਚਮ' 'ਚ ਛਪੇ ਡਾ.ਸੁਖਪਾਲ ਸਿੰਘ ਦੇ ਲੇਖ ਮੁਤਾਬਕ ਪੰਜਾਬ 'ਚ 2014 ਦੀ ਜਨਗਣਨਾ ਅਨੁਸਾਰ ਪੰਜਾਬ 'ਚ 15,88,455 ਖੇਤ ਮਜ਼ਦੂਰ ਹਨ ਜਿਹਨਾ ਵਿੱਚੋਂ 14,74,732 ਪੇਂਡੂ ਖੇਤਰ 'ਚ ਅਤੇ 1,13,723 ਸ਼ਹਿਰੀ ਖੇਤਰ ਦੇ ਖੇਤ ਮਜ਼ਦੂਰ ਹਨ। ਇੱਕ ਅਨੁਮਾਨ ਅਨੁਸਾਰ ਪੰਜਾਬ ਦੇ ਪੇਂਡੂ ਖੇਤਰ 'ਚ 7 ਲੱਖ ਖੇਤ ਮਜ਼ਦੂਰ ਪਰਿਵਾਰ ਹਨ। ਇਹਨਾਂ ਪਰਵਿਾਰਾਂ ਦਾ 70 ਫੀਸਦੀ ਕਰਜ਼ੇ ਥੱਲੇ ਦੱਬਿਆ ਹੋਇਆ ਹੈ। ਪੰਜਾਬ ਦੇ ਕਿਸਾਨਾਂ ਸਿਰ ਜਿੱਥੇ 80 ਹਜ਼ਾਰ ਕਰੋੜ ਰੁਪਏ ਕਰਜ਼ ਹੈ ਉੱਥੇ ਖੇਤ ਮਜ਼ਦੂਰਾਂ ਸਿਰ ਇਹ ਕਰਜ਼ਾ ਲਗਭਗ ਚਾਰ ਹਜ਼ਾਰ ਕਰੋੜ ਰੁਪਏ ਬਣਦਾ ਹੈ। ਖੇਤ ਮਜ਼ਦੂਰ ਪਰਿਵਾਰਾਂ ਸਿਰ ਇਸ ਕਰਜ਼ੇ ਦਾ 90 ਫੀਸਦੀ ਗੈਰ-ਸੰਸਥਾਗਤ ਸ੍ਰੋਤਾਂ ਤੋਂ ਅਤੇ ਬਾਕੀ 10 ਫੀਸਦੀ ਸਰਕਾਰੀ ਅਦਾਰਿਆਂ ਤੋਂ ਲਿਆ ਗਿਆ ਹੈ। ਗੈਰ ਸਰਕਾਰੀ ਕਰਜ਼ੇ 'ਚੋਂ 70 ਫੀਸਦੀ ਕਰਜ਼ਾ ਜ਼ਿਮੀਦਾਰਾਂ ਦਾ ਹੈ ਅਤੇ ਬਾਕੀ 25 ਫੀਸਦੀ ਛੋਟੇ ਦੁਕਾਨਦਾਰਾਂ/ਸ਼ਾਹੂਕਾਰਾਂ ਦਾ ਅਤੇ 5 ਫੀਸਦੀ ਹਿੱਸਾ ਰਿਸ਼ਤੇਦਾਰਾਂ/ਸਬੰਧੀਆਂ ਦਾ ਹੈ। ਖੇਤ ਮਜ਼ਦੂਰ ਪਰਵਿਾਰਾਂ ਸਿਰ ਲਗਭਗ 60 ਹਜ਼ਾਰ ਪ੍ਰਤੀ ਪਰਿਵਾਰ ਕਰਜ਼ਾ ਹੈ। ਖੇਤ ਮਜ਼ਦੂਰਾਂ ਨੇ ਇਸ ਕਰਜ਼ੇ ਦਾ 59 ਫੀਸਦੀ ਰੋਜ਼ਾਨਾ ਲੋੜਾਂ ਦੀ ਪੂਰਤੀ ਲਈ, 23 ਫੀਸਦੀ ਬਿਮਾਰੀ ਦੇ ਇਲਾਜ ਲਈ 2 ਫੀਸਦੀ ਵਸਤਾਂ/ਪਸ਼ੂਆਂ ਦੀ ਖਰੀਦ ਲਈ ਅਤੇ 16 ਫੀਸਦੀ ਵਿਆਹ ਅਤੇ ਹੋਰ ਸਮਾਜਿਕ ਰਸਮਾਂ ਲਈ ਲਿਆ ਹੈ।

ਪੇਂਡੂ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਬਾਰੇ ਡਾ.ਸਖਪਾਲ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਮਜ਼ਦੂਰ ਖੁਦਕੁਸ਼ੀਆਂ ਦਾ ਵਰਤਾਰਾ ਵੀ ਕਿਸਾਨ ਖੁਦਕੁਸ਼ੀਆਂ ਦੇ ਬਰਾਬਰ ਹੀ ਵਾਪਰ ਰਿਹਾ ਹੈ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੇ 2000-2010 ਦੇ ਸਰਵੇਖਣ ਅਨੁਸਾਰ ਰਾਜ ਵਿੱਚ ਸੱਤ ਹਜ਼ਾਰ ਖੁਦਕੁਸ਼ੀਆਂ ਹੋਈਆਂ ਜਿਹਨਾਂ ਵਿੱਚੋਂ 4 ਹਜ਼ਾਰ ਕਿਸਾਨ ਅਤੇ 3 ਹਜ਼ਾਰ ਮਜ਼ਦੂਰ ਸਨ। ਇੱਥੇ 20 ਲੱਖ ਕਿਸਾਨ ਅਤੇ 14.7 ਲੱਖ ਮਜ਼ਦੂਰ ਹਨ। ਇਸ ਤਰ੍ਹਾਂ ਹਰੇਕ ਇੱਕ ਲੱਖ ਪਿੱਛੇ 18 ਕਿਸਾਨ ਅਤੇ 18 ਹੀ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ। ਸਪੱਸ਼ਟ ਹੈ ਕਿ ਕਿਸਾਨਾਂ ਅਤੇ ਮਜ਼ਦੂਰਾਂ ਵਿੱਚ ਖੁਦਕੁਸ਼ੀਆਂ ਦਾ ਰੁਝਾਨ ਅਬਾਦੀ ਅਨੁਸਾਰ ਬਿਲਕੁਲ ਬਰਾਬਰ ਹੈ। ਸਗੋਂ ਖੁਦਕੁਸ਼ੀ ਕਰਨ ਦਾ ਰੁਝਾਨ ਮਜ਼ਦੂਰ ਔਰਤਾਂ 'ਚ (17%) ਕਿਸਾਨ ਔਰਤਾਂ (8%) ਨਾਲੋਂ ਦੁੱਗਣਾ ਹੈ। ਮਜ਼ਦੂਰਾਂ ਦੀਆਂ ਖੁਦਕੁਸ਼ੀਆਂ 59 ਫੀਸਦੀ ਕਰਜ਼ੇ ਕਾਰਨ ਅਤੇ ਬਾਕੀ ਆਰਥਕ ਤੰਗੀਆਂ ਤਰੁਸ਼ੀਆਂ ਕਾਰਨ ਹੁੰਦੀਆਂ ਹਨ। ਡਾ.ਗਿਆਨ ਸਿੰਘ ਹੁਰਾਂ ਦੇ ਪੰਜਾਬੀ ਟ੍ਰਿਬਿਊਨ 'ਚ ਛਪੇ ਉਪਰੋਕਤ ਲੇਖ ਵਿੱਚ ਪੇਂਡੂ/ਖੇਤ ਮਜ਼ਦੂਰਾਂ ਦੇ ਕਰਜ਼ੇ, ਕਰਜ਼ੇ ਦੇ ਸ੍ਰੋਤਾਂ ਅਤੇ ਖੁਦਕੁਸ਼ੀਆਂ ਬਾਰੇ ਤੱਥ ਇਸੇ ਨਾਲ ਲਗਭਗ ਮਿਲਦੇ ਜੁਲਦੇ ਹਨ।

ਪੰਜਾਬ ਦੇ ਪੇਂਡੂ/ਖੇਤ ਮਜ਼ਦੂਰਾਂ ਸਿਰ ਜੋ ਕਰਜ਼ਾ ਹੈ ਉਸਦਾ ਖਾਸਾ ਮਾਲਕ ਕਿਸਾਨੀ ਦੇ ਕਰਜ਼ੇ ਤੋਂ ਮੂਲੋਂ ਹੀ ਭਿੰਨ ਹੈ। ਮਾਲਕ ਕਿਸਾਨੀ ਖਾਸਕਰ ਇਸਦੀ ਖੁਸ਼ਹਾਲ ਪਰਤ ਦੀ ਸੰਸਥਾਗਤ ਕਰਜ਼ਿਆਂ ਤੱਕ ਅਸਾਨ ਪਹੁੰਚ ਹੈ। ਮਾਲਕ ਕਿਸਾਨੀ ਸਿਰ ਕੁੱਲ ਕਰਜ਼ੇ ਦਾ ਵੱਡਾ ਹਿੱਸਾ ਇਸੇ ਪਰਤ ਸਿਰ ਹੈ। ਜਾਇਦਾਦ ਦੀ ਜ਼ਾਮਨੀ ਕਾਰਨ ਇਸਨੂੰ ਘੱਟ ਵਿਆਜ 'ਤੇ ਸੰਸਥਾਗਤ ਕਰਜ਼ਾ ਅਸਾਨੀ ਨਾਲ ਮਿਲ ਜਾਂਦਾ ਹੈ। ਕਿਸਾਨੀ ਦੀ ਇਸ ਪਰਤ ਲਈ ਅਜਿਹਾ ਸਸਤਾ ਕਰਜ਼ ਕੋਈ ਸਮੱਸਿਆ ਨਹੀਂ ਸਗੋਂ ਵਰਦਾਨ ਹੈ। ਇਹ ਕਰਜ਼ਾ ਇਹਨਾਂ ਕਿਸਾਨਾਂ ਲਈ ਹੋਰ ਵਡੇਰੇ ਮੁਨਾਫੇ ਕਮਾਉਣ ਦਾ ਸਾਧਨ ਮਾਤਰ ਹੈ। ਜਿੱਥੋਂ ਤੱਕ ਮਾਲਕ ਕਿਸਾਨੀ ਦੀ ਹੇਠਲੀ ਪਰਤ ਗਰੀਬ ਅਤੇ ਦਰਮਿਆਨੀ ਕਿਸਾਨੀ ਦੇ ਕਰਜ਼ਿਆਂ ਦੀ ਗੱਲ ਹੈ, ਇਨਾਂ ਦੀ ਛੋਟੀ ਜਾਇਦਾਦ ਕਾਰਨ ਇਹਨਾਂ ਸਿਰ ਕਰਜ਼ ਵੀ ਘੱਟ ਹੈ। ਪਰ ਕਿਸਾਨੀ ਦੀ ਇਹ ਪਰਤ ਵੀ ਖੇਤੀ ਲਈ ਜੋ ਕਰਜ਼ਾ ਲੈਂਦੀ ਹੈ ਉਸ ਪਿੱਛੇ ਮਕਸਦ ਖੇਤੀ ਤੋਂ ਵਧੇਰੇ ਮਨਾਫਾ ਕਮਾਉਣਾ ਹੀ ਹੁੰਦਾ ਹੈ। ਜੇਕਰ ਇਨਾਂ 'ਚੋਂ ਕੁਝ ਇਸ ਮਕਸਦ 'ਚ ਕਾਮਯਾਬ ਹੋ ਜਾਣ ਜੋ ਕਿ ਇਸ ਪਰਤ 'ਚ ਇੱਕ ਛੋਟ ਵਜੋਂ ਹੀ ਹੋ ਸਕਦਾ ਹੈ, ਤਾਂ ਉਹ ਵਧੇਰੇ ਅਮੀਰ ਹੋ ਜਾਣਗੇ। ਜੇਕਰ ਉਹ ਕਾਮਯਾਬ ਨਹੀਂ ਹੁੰਦੇ, ਜੇਹਾ ਕਿ ਅਕਸਰ ਹੁੰਦਾ ਹੈ ਤਾਂ ਉਹ ਆਪਣੀ ਮਾਲਕੀ ਗਵਾ ਕੇ ਉਜ਼ਰਤੀ ਮਜ਼ਦੂਰਾਂ 'ਚ ਸ਼ਾਮਿਲ ਹੋ ਜਾਣਗੇ। ਪੰਜਾਬ 'ਚ ਕਿਸਾਨੀ 'ਚ ਜੋ ਖੁਦਕੁਸ਼ੀਆਂ ਹੁੰਦੀਆਂ ਹਨ ਉਹਨਾਂ 'ਚ ਆਮ ਕਰਕੇ ਗਰੀਬ ਅਤੇ ਦਰਮਿਆਨੇ ਕਿਸਾਨ ਹੀ ਹੁੰਦੇ ਹਨ। ਖੁਸ਼ਹਾਲ ਕਿਸਾਨੀ 'ਚ ਅਜਿਹਾ ਵਰਤਾਰਾ ਦੇਖਣ ਨੂੰ ਨਹੀਂ ਮਿਲਦਾ। ਪੰਜਾਬ 'ਚ ਵੀ ਜ਼ਿਆਦਾਤਰ ਖੁਦਕੁਸ਼ੀਆਂ ਮਾਲਵਾ ਖੇਤਰ 'ਚ ਹੀ ਹੋ ਰਹੀਆਂ ਹਨ। ਮਾਝੇ ਅਤੇ ਦੋਆਬੇ 'ਚ ਇਹ ਰੁਝਾਨ ਘੱਟ ਹੈ। ਪੰਜਾਬ 'ਚ ਕਿਸਾਨੀ ਖੁਦਕੁਸ਼ੀਆਂ ਦੇ ਜਿੰਨੇ ਵੀ ਮਾਮਲੇ ਸਾਹਮਣੇ ਆਏ ਹਨ, ਉਹਨਾਂ ਦੀ ਡੂੰਘਾਈ 'ਚ ਪੜਤਾਲ ਕੀਤੀ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ, ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੀ ਮਾਲਕੀ ਹੇਠ ਜੋ ਜ਼ਮੀਨ ਸੀ ਉਸ ਦੀ ਕੁੱਲ ਕੀਮਤ, ਕੁੱਲ ਕਰਜ਼ੇ ਤੋਂ ਕਿਤੇ ਵਧੇਰੇ ਹੁੰਦੀ ਹੈ। ਜੇਕਰ ਇਹ ਕਿਸਾਨ ਚਾਹੁਣ ਤਾਂ ਆਪਣੀ ਜ਼ਮੀਨ ਦਾ ਇੱਕ ਹਿੱਸਾ ਵੇਚ ਕੇ ਬੜੀ ਅਸਾਨੀ ਨਾਲ ਆਵਦਾ ਕਰਜ਼ਾ ਲਾਹ ਸਕਦੇ ਹਨ। ਪਰ ਉਹ ਅਜਿਹਾ ਕਰਨ ਦੀ ਬਜਾਇ ਖੁਦਕੁਸ਼ੀ ਦਾ ਰਾਹ ਚੁਣਦੇ ਹਨ। ਉਹ ਅਜਿਹਾ ਕਿਉਂ ਕਰਦੇ ਹਨ, ਇਸ ਦੇ ਕਾਰਨ ਸਾਨੂੰ ਨਿਰੋਲ ਆਰਥਿਕਤਾ 'ਚ ਲੱਭਣ ਦੀ ਬਜਾਏ ਇੱਥੋਂ ਦੇ ਸਮਾਜਿਕ-ਸੱਭਿਆਚਾਰਕ ਤਾਣੇ ਬਾਣੇ ਦੀ ਵੀ ਪੜਤਾਲ ਕਰਨੀ ਚਾਹੀਦੀ ਹੈ। ਕਿਸਾਨੀ ਦੇ ਇੱਕ ਹਿੱਸੇ 'ਚ ਅਜੇ ਵੀ ਜ਼ਮੀਨ ਨੂੰ "ਮਾਂ" ਸਮਝਣ ਦਾ ਪਛੜੇਵਾਂ ਹੈ। ਇਸ ਲਈ ਇਹ ਜ਼ਮੀਨ ਵੇਚਕੇ ਕਰਜ਼ਾ ਲਾਹੁਣ(ਜਿਵੇਂ ਕਿ ਜ਼ਿਆਦਾਤਰ ਕਿਸਾਨ ਕਰਦੇ ਹਨ) ਨਾਲੋਂ ਖੁਦਕੁਸ਼ੀ ਦਾ ਰਾਹ ਚੁਣਦੇ ਹਨ। ਦੂਸਰੀ ਵਜ੍ਹਾ ਇਹ ਲਗਦੀ ਹੈ ਕਿ ਪਿੰਡਾ ਵਿੱਚ ਦਿਹਾੜੀਦਾਰ ਮਜ਼ਦੂਰ ਜ਼ਿਆਦਾਤਰ ਦਲਿਤ ਜਾਤਾਂ ਨਾਲ ਸਬੰਧਤ ਹਨ। ਜਿਹਨਾਂ ਨੂੰ ਜੱਟ ਕਿਸਾਨੀ ਆਮ ਕਰਕੇ ਜਾਤ ਪਾਤੀ ਤੁਅੱਸਬਾਂ ਕਾਰਨ ਖੁਦ ਤੋਂ ਹੀਣੇ ਸਮਝਦੀ ਹੈ। ਇਸ ਲਈ ਕਿਸਾਨੀ ਦੇ ਇੱਕ ਹਿੱਸੇ ਨੂੰ ਲਗਦਾ ਹੈ ਕਿ ਜੇਕਰ ਉਹਨਾਂ ਦੀ ਜ਼ਮੀਨ ਵਿਕ ਗਈ ਤਾਂ ਅਖੌਤੀ ਨੀਵੀਆਂ ਜਾਤਾਂ ਜੇਹੇ ਹੋ ਜਾਣਗੇ। ਇਸ ਲਈ ਉਹ ਅਜਿਹੀ ਸਥਿਤੀ 'ਚ ਪਹੁੰਚਣ ਨਾਲੋਂ ਖੁਦਕੁਸ਼ੀ ਦਾ ਰਾਹ ਚੁਣਦੇ ਹਨ।

ਜਿੱਥੇ ਤੱਕ ਪੰਜਾਬ ਦੇ ਪੇਂਡੂ/ਖੇਤ ਮਜ਼ਦੂਰਾਂ ਦੇ ਕਰਜ਼ੇ ਦਾ ਸਬੰਧ ਹੈ ਤਾਂ ਹਾਲਤ ਮਾਲਕ ਕਿਸਾਨੀ ਦੇ ਕਰਜ਼ੇ ਤੋਂ ਮੂਲੋਂ ਹੀ ਭਿੰਨ ਹੈ। ਆਮ ਕਰਕੇ ਪੇਂਡੂ/ਖੇਤ ਮਜ਼ਦੂਰਾਂ ਕੋਲ਼ ਆਪਣੇ ਨਿੱਕੇ ਜੇਹੇ ਘਰ ਤੋਂ ਇਲਾਵਾ ਹੋਰ ਕੋਈ ਜਾਇਦਾਦ ਨਹੀਂ ਹੁੰਦੀ ਜਿਸਦੀ ਜਾਮਨੀ 'ਤੇ ਉਹਨਾਂ ਨੂੰ ਕਰਜ਼ਾ ਮਿਲ਼ ਸਕੇ। ਇਸ ਲਈ ਕਰਜ਼ੇ ਦੇ ਸੰਸਥਾਗਤ ਸ੍ਰੋਤ ਤੱਕ ਉਹਨਾਂ ਦੀ ਪਹੁੰਚ ਨਾ-ਮਾਤਰ ਹੀ ਹੁੰਦੀ ਹੈ। ਉਹਨਾਂ ਕੋਲ ਕੋਈ ਪੱਕਾ ਰੁਜ਼ਗਾਰ ਨਹੀਂ ਹੈ। ਡਾ.ਸਖਪਾਲ ਸਿੰਘ ਦੇ ਲੇਖ ਅਨੁਸਾਰ ਉਹਨਾਂ ਨੂੰ ਖੇਤਾਂ 'ਚ ਸਾਲ 'ਚ ਤਿੰਨ ਮਹੀਨੇ ਹੀ ਕੰਮ ਮਿਲਦਾ ਹੈ। ਬਾਕੀ ਸਮਾਂ ਉਹ ਕਦੇ ਬਾਰੁਜ਼ਗਾਰ ਹੁੰਦੇ ਹਨ ਅਤੇ ਕਦੇ ਬੇਰੁਜ਼ਗਾਰ। ਰੁਜ਼ਗਾਰ ਦਾ ਕੋਈ ਵਸੀਲਾ ਨਾ ਹੋਣ ਕਰਕੇ ਉਹਨਾਂ ਨੂੰ ਛੋਟੀਆਂ ਛੋਟੀਆਂ ਲੋੜਾਂ ਪੂਰੀਆਂ ਕਰਨ ਲਈ ਗੈਰ-ਸੰਸਥਾਗਤ ਸ੍ਰੋਤਾਂ ਖਾਸ ਕਰ ਕਿਸਾਨਾਂ ਤੋਂ ਕਰਜ਼ਾ ਲੈਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਸ ਕਰਜ਼ੇ ਉੱਪਰ ਵਿਆਜ਼ ਦੀ ਦਰ ਬਹੁਤ ਉੱਚੀ ਹੁੰਦੀ ਹੈ। ਇਸ ਲਈ ਜਦੋਂ ਪੇਂਡੂ/ਖੇਤ ਮਜ਼ਦੂਰ ਇੱਕ ਵਾਰ ਇਸ ਕਰਜ਼ੇ ਦੇ ਚੁੰਗਲ 'ਚ ਫਸ ਜਾਂਦੇ ਹਨ ਤਾਂ ਇਸ ਤੋਂ ਛੁਟਕਾਰੇ ਦੀ ਕੋਈ ਉਮੀਦ ਨਹੀਂ ਹੁੰਦੀ। ਇਹ ਕਰਜ਼ਾ ਪੀੜ੍ਹੀ ਦਰ ਪੀੜ੍ਹੀ ਚੱਲਦਾ ਹੈ। ਇਸ ਕਰਜ਼ੇ ਦੇ ਵਿਆਜ਼ 'ਚ ਮਾਲਕ ਕਿਸਾਨ ਮਜ਼ਦੂਰਾ ਦੇ ਸਾਰੇ ਟੱਬਰ ਦੀ ਹੀ ਕਿਰਤ ਲੁੱਟਦੇ ਹਨ।

ਖੱਬੇ ਪੱਖੀ ਕਿਸਾਨ ਜਥੇਬੰਦੀਆਂ ਅਕਸਰ ਹੀ ਕਿਸਾਨੀ ਦਾ ਕਰਜ਼ ਮਾਫ ਕਰਨ

ਲਈ ਝੰਡਾ ਚੁੱਕੀ ਰੱਖਦੀਆਂ ਹਨ। ਕਰਜ਼ਾ ਮਾਫੀ ਦੀ ਇਹ ਮੰਗ ਧਨਾਢ ਕਿਸਾਨੀ ਲਈ ਵੀ ਕੀਤੀ ਜਾਂਦੀ ਹੈ। ਕਈ ਵਾਰ ਕਰਜ਼ਾ ਮੁਕਤੀ ਸੰਘਰਸ਼ ਵਿੱਚ ਪੇਂਡੂ/ਖੇਤ ਮਜ਼ਦੂਰ ਜਥੇਬੰਦੀਆਂ ਨੂੰ ਵੀ ਟੋਚਨ ਕਰ ਲਿਆ ਜਾਂਦਾ ਹੈ ਅਤੇ ਇਹਨਾਂ ਮਜ਼ਦੂਰਾਂ ਦੇ ਕਰਜ਼ੇ ਮਾਫ ਕਰਨ ਦੀ ਵੀ ਮੰਗ ਕੀਤੀ ਜਾਂਦੀ ਹੈ। ਪਰ ਪੇਂਡੂ/ਖੇਤ ਮਜ਼ਦੂਰਾਂ ਸਿਰ ਕੁੱਲ ਕਰਜ਼ੇ ਦਾ ਵੱਡਾ ਹਿੱਸਾ (70%) ਤਾਂ ਮਾਲਕ ਕਿਸਾਨੀ ਤੋਂ ਲਿਆ ਕਰਜ਼ਾ ਹੈ, ਹੁਣ ਪੇਂਡੂ/ਖੇਤ ਮਜ਼ਦੂਰਾਂ ਦਾ ਕਰਜ਼ ਕੌਣ ਮਾਫ ਕਰੇ, ਇਸ ਬਾਰੇ ਮੌਕਾਪ੍ਰਸਤ ਚੁੱਪ ਧਾਰ ਲਈ ਜਾਂਦੀ ਹੈ। ਕੀ ਮਾਲਕ ਕਿਸਾਨੀ ਪੇਂਡੂ/ਖੇਤ ਮਜ਼ਦੂਰਾਂ ਦੇ ਕਰਜ਼ੇ ਮਾਫ ਕਰਨ ਲਈ ਰਾਜ਼ੀ ਹੋ ਜਾਵੇਗੀ? ਇਸ ਦਾ ਹਾਂ 'ਚ ਜਵਾਬ ਕਿਸੇ ਖਾਮ-ਖਿਆਲੀ ਦੀ ਹੀ ਉਪਜ ਹੋਵੇਗੀ।

ਹੁਣ ਉਪਰੋਕਤ ਲੇਖਕਾਂ ਨੇ ਪੇਂਡੂ/ਖੇਤ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਜੋ ਕਦਮ ਸੁਝਾਏ ਹਨ ਉਹਨਾਂ ਦੀ ਨਜ਼ਰਸਾਨੀ ਕਰਦੇ ਹਾਂ। ਇਹਨਾਂ ਵਿੱਚ ਲੇਖਕਾਂ ਨੇ ਸਹੀ ਕਦਮ ਵੀ ਸੁਝਾਏ ਹਨ ਅਤੇ ਗਲਤ ਵੀ।

ਡਾ.ਸਖਪਾਲ ਸਿੰਘ ਅਤੇ ਡਾ.ਗਿਆਨ ਸਿੰਘ ਦੋਹਾਂ ਹੀ ਲੇਖਕਾਂ ਨੇ ਪੇਂਡੂ/ਖੇਤ ਮਜ਼ਦੂਰਾਂ ਦੇ ਕਰਜ਼ੇ ਮਾਫ ਕਰਨ ਦੀ ਮੰਗ ਕੀਤੀ ਹੈ। ਪਰ ਇਹਨਾਂ ਕਰਜ਼ਿਆਂ 'ਚ ਜ਼ਿਆਦਾਤਰ ਹਿੱਸਾ ਕਿਸਾਨਾਂ ਅਤੇ ਹੋਰ ਸ਼ਾਹੂਕਾਰਾਂ ਤੋਂ ਲਏ ਕਰਜ਼ੇ ਦਾ ਹੈ। ਪੇਂਡੂ/ਖੇਤ ਮਜ਼ਦੂਰਾਂ ਦਾ ਕਰਜ਼ ਕੌਣ ਮਾਫ ਕਰੇ ਇਸ ਬਾਰੇ ਦੋਵੇਂ ਹੀ ਲੇਖਕ ਚੁੱਪ ਹਨ। ਇਸ ਤੋਂ ਇਲਾਵਾ ਇਹਨਾਂ ਲੇਖਕਾਂ ਨੇ ਜੋ ਮੰਗਾਂ ਸੁਝਾਈਆਂ ਹਨ ਉਹ ਲਾਜ਼ਮੀ ਹੀ ਕਿਸੇ ਵੀ ਇਨਕਲਾਬੀ ਪੇਂਡੂ/ਖੇਤ ਮਜ਼ਦੂਰ ਲਹਿਰ ਦੇ ਮੰਗ ਪੱਤਰ 'ਚ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ। ਜਿਵੇਂ ਕਿ ਡਾ.ਸੁਖਪਾਲ ਸਿੰਘ ਇਹ ਮੰਗਾਂ ਸੁਝਾਉਂਦੇ ਹਨ। ਮਜ਼ਦੂਰਾਂ ਲਈ ਹਫਤਾਵਾਰੀ ਛੁੱਟੀ ਐਲਾਨੀ ਜਾਵੇ ਅਤੇ ਅੱਠ ਘੰਟਿਆਂ ਦੀ ਦਿਹਾੜੀ ਤੈਅ ਕਰਕੇ ਡਿਪਟੀ ਕਮਿਸ਼ਨ ਦੁਆਰਾ ਨਿਰਧਾਰਤ ਰੇਟਾਂ 'ਤੇ ਉਜ਼ਰਤ ਦਿੱਤੀ ਜਾਵੇ। ਮਜ਼ਦੂਰ ਔਰਤਾਂ ਦੇ ਕੰਮ ਦੇ ਘੰਟੇ ਅਤੇ ਮਿਹਨਤਾਨੇ ਦੀ ਰਾਸ਼ੀ ਨਿਸ਼ਚਿਤ ਕੀਤੀ ਜਾਵੇ। ਖੇਤੀ 'ਚ ਮਸ਼ੀਨੀਕਰਨ ਕਰਕੇ ਰੁਜ਼ਗਾਰ 'ਤੇ ਪਏ ਮਾਰੂ ਪ੍ਰਭਾਵ ਨੂੰ ਰੋਕਣ ਲਈ ਮਨਰੇਗਾ ਨੂੰ ਕੁਸ਼ਲ ਬਣਾਇਆ ਜਾਵੇ ਅਤੇ ਰੁਜ਼ਗਾਰ ਦੇ ਬਦਲਵੇਂ ਪ੍ਰਬੰਧ ਕੀਤੇ ਜਾਣ। ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿੱਚ ਵਾਜਬ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਮਜ਼ਦੂਰ ਬਸਤੀਆਂ ਅਤੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖਣ ਦੇ ਉਪਰਾਲੇ ਕੀਤੇ ਜਾਣ। ਰੂੜੀਆਂ ਅਤੇ ਪਖਾਨਿਆਂ ਲਈ ਸਰਕਾਰੀ/ਪੰਚਾਇਤੀ ਪੱਧਰ 'ਤੇ ਵਿਸ਼ੇਸ਼ ਕਦਮ ਚੁੱਕੇ ਜਾਣ। ਇਸ ਤੋਂ ਇਲਾਵਾ ਬੱਚਿਆਂ ਨੂੰ ਮੁਫਤ ਅਤੇ ਉੱਚ ਪਾਏ ਦੀ ਸਿੱਖਿਆ ਲਾਜ਼ਮੀ ਮੁਹੱਈਆ ਕੀਤੀ ਜਾਵੇ। ਮਜ਼ਦੂਰਾਂ ਨੂੰ ਬੁਢਾਪੇ ਵਿੱਚ ਸਮਾਜਿਕ ਸੁਰੱਖਿਆ ਵਜੋਂ ਗੁਜ਼ਾਰੇ ਯੋਗ ਪੈਨਸ਼ਨ ਦਿੱਤੀ ਜਾਵੇ ਆਦਿ।

ਡਾ.ਸੁਖਪਾਲ ਵਲੋਂ ਗਿਣਾਈਆਂ ਉਪਰੋਕਤ ਮੰਗਾਂ 'ਚ ਖੇਤੀ ਦੇ ਮਸ਼ੀਨੀਕਰਨ ਵਜੋਂ ਜੋ ਖੇਤ ਮਜ਼ਦੂਰਾਂ ਦਾ ਰੁਜ਼ਗਾਰ ਖੁੱਸਿਆ ਹੈ ਉਸ ਲਈ ਬਦਲਵੇਂ ਰੁਜ਼ਗਾਰ ਅਤੇ ਬੇਰੁਜ਼ਗਾਰੀ ਭੱਤੇ ਦੀ ਮੰਗ ਕੀਤੀ ਗਈ ਹੈ। ਜੋ ਕਿ ਬਿਲਕੁਲ ਵਾਜਬ ਮੰਗ ਬਣਦੀ ਹੈ। ਡਾ.ਗਿਆਨ ਸਿੰਘ ਨੇ ਇਸ ਮਾਮਲੇ 'ਚ ਪਿਛਾਂਹ ਵੱਲ ਕਦਮ ਪੁੱਟਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਖੇਤੀ 'ਚ ਮਸ਼ੀਨਰੀ ਦੀ ਥਾਂ ਮਨੁੱਖੀ ਕਿਰਤ ਨੂੰ ਦਿੱਤੀ ਜਾਣੀ ਚਾਹੀਦੀ ਹੈ। ਪਹਿਲੀ ਗੱਲ ਤਾਂ ਇਹ ਸੰਭਵ ਹੀ ਨਹੀਂ ਹੈ। ਦੂਜੀ ਗੱਲ ਇਹ ਪੈਦਾਵਾਰੀ ਤਾਕਤਾਂ ਦੇ ਵਿਕਾਸ ਦਾ ਵਿਰੋਧ ਹੈ। ਡਾ.ਗਿਆਨ ਸਿੰਘ ਇਸ ਮਾਮਲੇ 'ਚ ਜਿੱਥੇ ਅੱਜ ਖੇਤੀ ਦਾ ਵਿਕਾਸ ਪਹੁੰਚ ਚੁੱਕਾ ਹੈ ਉੱਥੇ ਬੀਤੇ ਸਮੇਂ 'ਚ ਪਰਤਣਾ ਚਹੁੰਦੇ ਹਨ। ਪਰ ਨਾ ਤਾਂ ਅਜਿਹਾ ਸੰਭਵ ਹੈ ਅਤੇ ਨਾ ਹੀ ਵਾਜਬ।

ਡਾ. ਗਿਆਨ ਸਿੰਘ ਖੇਤ ਮਜ਼ਦੂਰੀ ਦੀਆਂ ਦਰਾਂ 'ਚ ਵਾਧੇ ਦੀ ਮੰਗ ਕਰਦੇ ਹਨ ਪਰ ਇਸ ਲਈ ਖੇਤੀ ਨੂੰ ਲਾਭ ਵਾਲ਼ਾ ਧੰਦਾ ਬਣਾਏ ਜਾਣ ਦੀ ਸ਼ਰਤ ਲਾਉਂਦੇ ਹਨ। ਪਰ ਖੇਤੀ ਤਾਂ ਪਹਿਲਾਂ ਹੀ ਲਾਭ ਵਾਲ਼ਾ ਧੰਦਾ ਹੈ। ਜ਼ਮੀਨ ਮਾਲਕ ਖੇਤੀ ਤੋਂ ਨਿਰਪੇਖ ਅਤੇ ਫਰਕਵਾਂ ਲਗਾਨ ਹਾਸਲ ਕਰਦੇ ਹਨ ਜਿਸ ਕਾਰਨ ਖੇਤੀ ਖੇਤਰ 'ਚ ਆਮ ਕਰਕੇ ਮੁਨਾਫੇ ਦੀ ਦਰ ਸੱਨਅਤ ਤੋਂ ਵੱਧ ਹੁੰਦੀ ਹੈ।

ਪੰਜਾਬ ਵਿੱਚ ਉਲ਼ਟ ਪਟੇਦਾਰੀ ਰੁਝਾਨ ਵਧੇਰੇ ਭਾਰੂ ਹੈ। ਜੇਕਰ ਖੇਤੀ ਘਾਟੇ ਵਾਲ਼ਾ ਧੰਦਾ ਹੁੰਦੀ ਤਾਂ ਧਨਾਢ ਕਿਸਾਨ ਠੇਕੇ ਤੇ ਜ਼ਮੀਨ ਲੈਕੇ ਖੇਤੀ ਨਾ ਕਰਦੇ। ਖੇਤੀ ਦੇ ਪਹਿਲਾਂ ਹੀ ਲਾਹੇਵੰਦਾ ਧੰਦਾ ਹੋਣ ਦੇ ਬਾਵਜੂਦ ਖੇਤ ਮਜ਼ਦੂਰਾਂ ਦੀ ਹਾਲਤ ਨਹੀਂ ਸੁਧਰੀ। ਜੇਕਰ ਖੇਤੀ ਹੋਰ ਵਧੇਰੇ ਲਾਭ ਵਾਲ਼ਾ ਧੰਦਾ ਬਣ ਜਾਵੇ ਤਾਂ ਵੀ ਇਸ ਦਾ ਲਾਭ ਧਨਾਢ ਕਿਸਾਨੀ ਨੂੰ ਹੋਵੇਗਾ, ਖੇਤ ਮਜ਼ਦੂਰ ਨੂੰ ਨਹੀਂ। ਡਾ. ਗਿਆਨ ਸਿੰਘ ਬੇਜ਼ਮੀਨੇ, ਛੋਟੇ, ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹੱਕ 'ਚ ਜ਼ਮੀਨੀ ਸੁਧਾਰਾਂ ਦੀ ਮੰਗ ਕਰਦੇ ਹਨ। ਡਾ. ਸੁਖਪਾਲ ਆਵਦੇ ਦੀ ਟ੍ਰਿਬਿਊਨ (ਸੁਰਖ ਲੀਹ) ਅਤੇ ਲਾਲ ਪਰਚਮ 'ਚ ਛਪੇ ਲੇਖਾਂ 'ਚ ਜ਼ਮੀਨ ਦੇ ਸਵਾਲ ਨੂੰ ਵੱਖਰੇ ਵੱਖਰੇ ਢੰਗ ਨਾਲ਼ ਪੇਸ਼ ਕਰਦੇ ਹਨ। ਦੀ ਟ੍ਰਿਬਿਊਨ ਵਿਚਲੇ ਲੇਖ 'ਚ ਉਹ ਕਹਿੰਦੇ ਹਨ ਕਿ 1972 ਦਾ ਜ਼ਮੀਨ ਹੱਦਬੰਦੀ ਕਨੂੰਨ ਸਿੰਚਾਈ ਵਾਲ਼ੀ ਜ਼ਮੀਨ ਵੱਧ ਤੋਂ ਵੱਧ 7 ਹੈਕਟੇਅਰ (17.5 ਏਕੜ) ਤੱਕ ਰੱਖਣ ਦੀ ਇਜ਼ਾਜ਼ਤ ਦਿੰਦਾ ਹੈ। ਇਸ ਲਈ ਵਾਧੂ ਜ਼ਮੀਨ ਬੇ-ਜ਼ਮੀਨੇ ਮਜ਼ਦੂਰਾਂ/ਸਾਧਨਹੀਣ ਕਾਸ਼ਤਕਾਰਾਂ 'ਚ ਵੰਡਣ ਜਾਂ ਘੱਟ ਰੇਟ 'ਤੇ ਦੇਣ ਦੀ ਜਰੂਰਤ ਹੈ। ਪਰ 'ਲਾਲ ਪਰਚਮ' ਵਿਚਲੇ ਲੇਖ 'ਚ ਉਹ ਇਸ ਤੋਂ ਹਟਵੀਂ ਗੱਲ ਕਰਦੇ ਹਨ। ਇੱਥੇ ਉਹ ਮੰਗ ਕਰਦੇ ਹਨ ਕਿ ਕਨੂੰਨੀ ਤੌਰ 'ਤੇ 17.5 ਏਕੜ ਤੋਂ ਵਾਧੂ ਜ਼ਮੀਨ ਅਤੇ ਪੰਚਾਇਤੀ ਜ਼ਮੀਨ ਦੇ ਇੱਕ ਤਿਹਾਈ ਹਿੱਸੇ 'ਤੇ ਸਾਂਝੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇ। ਡਾ.ਸੁਖਪਾਲ ਇੱਕ ਸਮੇਂ ਇੱਕ ਹੀ ਸਮੱਸਿਆ ਦੇ ਦੋ ਥਾਂਵਾ 'ਤੇ ਦੋ ਵੱਖ-ਵੱਖ ਹੱਲ ਸੁਝਾਉਂਦੇ ਹਨ। ਪਹਿਲੀ ਥਾਵੇਂ ਉਹ ਜ਼ਮੀਨ ਵੰਡਣ ਜਾਂ ਘੱਟ ਰੇਟ 'ਤੇ ਠੇਕੇ 'ਤੇ ਦੇਣ ਜ਼ਰੀਏ ਵਿਅਕਤੀਗਤ ਖੇਤੀ ਦੀ ਹਮਾਇਤ ਕਰਦੇ ਹਨ ਅਤੇ ਦੂਸਰੀ ਸਾਂਝੀ ਖੇਤੀ ਦੀ। ਸਿਰਫ ਥਾਂ ਬਦਲਣ ਨਾਲ਼ ਇੱਕ ਹੀ ਮਸਲੇ 'ਤੇ ਉਹਨਾਂ ਦੀ ਪੋਜ਼ੀਸ਼ਨ 'ਚ ਆਇਆ ਇਹ ਅੰਤਰ ਥੋੜ੍ਹਾ ਹੈਰਾਨ ਜ਼ਰੂਰ ਕਰਦਾ ਹੈ।

ਅੱਜ ਭਾਰਤ 'ਚ ਖੇਤੀ 'ਚ ਸਰਮਾਏਦਾਰਾ ਪੈਦਾਵਾਰੀ ਸਬੰਧ ਭਾਰੂ ਹਨ। ਪੰਜਾਬ ਇਸ ਮਾਮਲੇ 'ਚ ਮੋਹਰੀ ਰਾਜ ਹੈ। ਖੇਤੀ 'ਚ ਸਰਮਾਏਦਾਰੀ ਵਿਕਾਸ ਕਿਸਾਨੀ ਨੂੰ ਦੋ ਹਿੱਸਿਆ 'ਚ ਵੰਡਦਾ ਜਾਂਦਾ ਹੈ। ਇੱਕ ਹਿੱਸਾ ਖੇਤੀ ਸਰਮਾਏਦਾਰੀ ਦੇ ਰੂਪ 'ਚ ਸਾਹਮਣੇ ਆਉਂਦਾ ਹੈ ਅਤੇ ਦੂਸਰਾ ਉਜ਼ਰਤੀ ਮਜ਼ਦੂਰਾਂ ਦੇ ਰੂਪ 'ਚ। ਇਹ ਸਰਮਾਏਦਾਰੀ ਵਿਕਾਸ ਦਾ ਅਟੱਲ ਬਾਹਰਮੁਖੀ ਨਿਯਮ ਹੈ। ਇਸ ਨੂੰ ਬਦਲਿਆ ਜਾਂ ਖਤਮ ਨਹੀਂ ਕੀਤਾ ਜਾ ਸਕਦਾ। ਸਰਮਾਏਦਾਰੀ ਦੇ ਖਾਤਮੇ ਨਾਲ਼ ਹੀ ਇਸਦੇ ਵਜੂਦ ਸਮੋਏ ਨਿਯਮ ਖਤਮ ਹੋਣਗੇ। ਜਦੋਂ ਖੇਤੀ 'ਚ ਸਰਮਾਏਦਾਰੀ ਸਬੰਧ ਭਾਰੂ ਹੋ ਚੁੱਕੇ ਹੋਣ ਤਾਂ ਅਜੇਹੇ 'ਚ ਜ਼ਮੀਨਾਂ ਦੀ ਵੰਡ ਦਾ ਨਾਹਰਾ ਇੱਕ ਪਿਛਾਂਹ ਖਿੱਚੂ ਖਾਸਾ ਅਖਤਿਆਰ ਕਰ ਲੈਂਦਾ ਹੈ। ਸਰਮਾਏਦਾਰੀ ਸਮਾਜ 'ਚ ਸਰਮਾਏਦਾਰੀ ਦੇ ਹੀ ਵਜੂਦ ਸਮੋਏ ਨਿਯਮਾਂ ਤਹਿਤ ਜੋ ਜਮਾਤੀ ਧਰੁਵੀਕਰਨ ਹੁੰਦਾ ਹੈ ਉਹ ਇਸ ਲੁੱਟ-ਜ਼ਬਰ ਅਧਾਰਤ ਸਮਾਜਿਕ ਢਾਂਚੇ ਦੇ ਖਾਤਮੇਂ ਲਈ ਬਿਹਤਰ ਹਾਲਤਾਂ ਤਿਆਰ ਕਰਦਾ ਹੈ। ਪਰ ਕੁਝ ਲੋਕ ਇਸ ਧਰੁਵੀਕਰਨ ਨੂੰ ਰੋਕਣ ਦੀਆਂ ਭੋਲੀਆਂ ਇੱਛਾਵਾਂ ਪਾਲਦੇ ਹਨ, ਜਾਂ ਯਤਨ ਕਰਦੇ ਹਨ। ਉਹ ਆਪਣੇ ਅਜੇਹੇ ਯਤਨਾਂ 'ਚ ਜੇਕਰ ਕਾਮਯਾਬ ਹੁੰਦੇ ਹਨ ਤਾਂ ਉਹ ਇਸ ਢਾਂਚੇ ਦੀ ਹੀ ਉਮਰ ਥੋੜ੍ਹੀ ਹੋਰ ਲੰਬੀ ਕਰ ਦਿੰਦੇ ਹਨ। ਸਾਡੇ ਦੇਸ਼ ਦੇ ਜ਼ਿਆਦਾਤਰ ਨਕਸਲੀ ਗਰੁੱਪ ਅਤੇ ਕੁਝ ਭਰਮਗ੍ਰਸਤ ਬੁੱਧੀਜੀਵੀ ਅਜਿਹੀਆਂ ਹੀ ਇੱਛਾਵਾਂ ਪਾਲ਼ਦੇ ਜਾਂ ਯਤਨ ਕਰਦੇ ਹਨ। ਡਾ.ਸੁਖਪਾਲ ਅਤੇ ਡਾ.ਗਿਆਨ ਸਿੰਘ ਵਰਗੇ ਬੁੱਧੀਜੀਵੀ ਵੀ ਇਸੇ ਸ਼੍ਰੇਣੀ 'ਚ ਆਉਂਦੇ ਹਨ। ਇਹ ਲੋਕ ਇਹ ਸਿੱਧੀ ਜਿਹੀ ਗੱਲ ਨਹੀਂ ਸਮਝਦੇ ਕਿ ਅੱਜ ਜਦੋਂ ਪਹਿਲਾਂ ਹੀ ਨਿੱਕੀ ਮਾਲਕੀ ਸਰਮਾਏਦਾਰਾ ਮੰਡੀ ਦੇ ਮੁਕਾਬਲੇ 'ਚ ਟਿਕ ਨਹੀਂ ਰਹੀ ਤਾਂ ਉਹ ਨਿੱਕੀ ਮਾਲਕੀ ਜਿਸਨੂੰ ਪੈਦਾ ਕਰਨ ਦੀਆਂ ਉਹ ਇੱਛਾਵਾਂ ਪਾਲ਼ਦੇ ਹਨ ਕਿਵੇਂ ਟਿਕ ਸਕੇਗੀ।

ਇਸੇ ਸਬੰਧ 'ਚ ਇੱਕ ਹੋਰ ਭਰਮ ਸਾਂਝੀ ਖੇਤੀ ਦਾ ਪਾਲ਼ਿਆ ਜਾਂਦਾ ਹੈ। ਜਿਸਦੀ ਤਜਵੀਜ਼ ਡਾ.ਸੁਖਪਾਲ ਨੇ ਦਿੱਤੀ ਹੈ। ਇਸ ਸਬੰਧ 'ਚ ਉਹਨਾਂ ਆਵਦੇ ਦੀ ਟ੍ਰਿਬਿਊਨ 'ਚ ਛਪੇ ਲੇਖ 'ਚ ਕੁਝ ਪਿੰਡਾਂ ਦੀ ਉਦਾਹਰਣ ਦਿੱਤੀ ਹੈ ਜਿੱਥੇ ਪੇਂਡੂ ਮਜ਼ਦੂਰ ਆਵਦੇ ਹਿੱਸੇ ਦੀ ਪੰਚਾਇਤੀ ਜ਼ਮੀਨ 'ਤੇ ਕਾਮਯਾਬੀ ਨਾਲ਼ ਸਾਂਝੀ ਖੇਤੀ ਕਰ ਰਹੇ ਹਨ। ਇਹ ਸਹੀ ਹੈ ਕਿ ਅੱਜ ਭਾਰਤੀ ਖੇਤੀ 'ਚ ਸਰਮਾਏਦਾਰ ਸਬੰਧ ਸਥਾਪਿਤ ਹੋਣ ਕਾਰਨ ਇਸਦੇ ਖੇਤੀ ਪ੍ਰਬੰਧ ਦਾ ਬਦਲ ਸਾਂਝੀ ਖੇਤੀ ਹੀ ਹੋ ਸਕਦਾ ਹੈ। ਪਰ ਇਸ ਦੀ ਇੱਕ ਬੁਨਿਆਦੀ ਸ਼ਰਤ ਇਹ ਹੈ ਕਿ ਪਹਿਲਾਂ ਮਜ਼ਦੂਰ ਜਮਾਤ ਆਵਦੇ ਸੰਗੀਆਂ (ਸ਼ਹਿਰੀ ਅਰਧ ਪ੍ਰੋਲੇਤਾਰੀ ਅਤੇ ਮੱਧ ਵਰਗ, ਇਸੇ ਤਰ੍ਹਾਂ ਪਿੰਡਾਂ 'ਚ ਗਰੀਬ ਅਤੇ ਦਰਮਿਆਨੀ ਕਿਸਾਨੀ) ਨਾਲ਼ ਮਿਲ਼ਕੇ ਪਹਿਲਾਂ ਰਾਜਸੱਤਾ 'ਤੇ ਕਬਜ਼ਾ ਕਰੇ। ਇਸ ਤਰ੍ਹਾਂ ਸਮਾਜਵਾਦੀ ਪ੍ਰਬੰਧ 'ਚ ਹੀ ਖੇਤੀ ਸੰਭਵ ਹੋ ਸਕੇਗੀ। ਮੌਜੂਦਾ ਸਰਮਾਏਦਾਰੀ ਪੈਦਾਵਾਰੀ ਸਬੰਧਾਂ ਦੇ ਅਧਾਰ 'ਤੇ ਸਾਂਝੀ ਖੇਤੀ ਇੱਕ ਯੂਟੋਪੀਆ ਹੀ ਹੈ। ਜੇਕਰ ਪਿੰਡਾਂ ਦੇ ਮਜ਼ਦੂਰਾਂ ਨੂੰ ਜ਼ਮੀਨ ਦਾ ਛੋਟਾ ਜਿਹਾ ਟੁਕੜਾ ਮਿਲ਼ ਵੀ ਜਾਵੇ ਜਾਂ ਅਖੌਤੀ ਸਾਂਝੀ ਖੇਤੀ ਦੀ ਪੈਦਾਵਾਰ 'ਚੋਂ ਉਹਨਾਂ ਨੂੰ ਛੋਟਾ ਜਿਹਾ ਹਿੱਸਾ ਮਿਲ਼ ਵੀ ਜਾਵੇ ਤਾਂ ਇਸ ਦਾ ਨਤੀਜਾ ਸਿਰਫ ਉਹਨਾਂ ਦੀਆਂ ਉਜ਼ਰਤਾਂ 'ਚ ਗਿਰਾਵਟ 'ਚ ਨਿੱਕਲੇਗਾ। ਹੋਰ ਉਹਨਾਂ ਨੂੰ ਇਸਤੋਂ ਕੁਝ ਵੀ ਹਾਸਲ ਨਹੀਂ ਹੋਵੇਗਾ। ਡਾ.ਸੁਖਪਾਲ ਨੇ ਕਾਮਯਾਬ ਸਾਂਝੀ ਖੇਤੀ ਦੀਆਂ ਜੋ ਉਦਾਹਰਣਾ ਦਿੱਤੀਆਂ ਹਨ, ਉਸ ਬਾਰੇ ਜਿੱਥੋਂ ਤੱਕ ਸਾਡੀ ਜਾਣਕਾਰੀ ਹੈ ਮਾਮਲਾ ਅਜਿਹਾ ਨਹੀਂ ਹੈ। ਉਂਝ ਜੇਕਰ ਉਹ ਸੱਚ ਵੀ ਹੋਣ ਤਾਂ ਇਹ ਵਕਤੀ ਹਕੀਕਤ ਹੀ ਹੋ ਸਕਦੀ ਹੈ। ਅਜਿਹੇ ਮਾਮਲੇ 'ਚ ਪਹਿਲਾਂ ਲੋਕ ਜ਼ਮੀਨ ਹਾਸਲ ਕਰਨ ਲਈ ਸੰਘਰਸ਼ ਕਰਦੇ ਹਨ ਅਤੇ ਜਦੋਂ ਜ਼ਮੀਨ ਹਾਸਲ ਕਰਕੇ ਅਖੌਤੀ ਸਾਂਝੀ ਖੇਤੀ ਸ਼ੁਰੂ ਹੁੰਦੀ ਹੈ ਤਾਂ ਪੈਦਾਵਾਰ ਦੀ ਵੰਡ ਅਤੇ ਲਾਗਤਾਂ ਦੀ ਵੰਡ ਆਦਿ ਨੂੰ ਲੈ ਕੇ ਤਰ੍ਹਾਂ ਤਰ੍ਹਾਂ ਦੇ ਝਗੜੇ ਸਿਰ ਚੁੱਕਣ ਲੱਗਦੇ ਹਨ। ਇਸ ਤਰ੍ਹਾਂ ਉਹ ਸਰਮਾਏਦਾਰ ਜਮਾਤ ਵਿਰੁੱਧ ਲੜਨ ਦੀ ਬਜਾਏ ਆਪਸੀ ਲੜਾਈਆਂ 'ਚ ਹੀ ਉਲਝ ਜਾਂਦੇ ਹਨ ਅਤੇ ਉਹਨਾਂ ਦੇ ਆਗੂ ਇਹਨਾਂ ਝਗੜਿਆਂ ਨੂੰ ਹੱਲ ਕਰਨ 'ਚ ਰੁੱਝ ਜਾਂਦੇ ਹਨ। ਮੌਜੂਦਾ ਸਰਮਾਏਦਾਰ ਸਬੰਧਾਂ 'ਚ ਇਸ ਤੋਂ ਇਲਾਵਾ ਹੋਰ ਕੁਝ ਹੋ ਵੀ ਨਹੀਂ ਸਕਦਾ।

ਭਾਰਤ ਦੇ ਖੇਤੀ ਪ੍ਰਬੰਧ ਸਮੇਤ ਪੂਰੇ ਸਮਾਜੀ ਆਰਥਿਕ ਪ੍ਰਬੰਧ ਦਾ ਇੱਕੋ ਇੱਕ ਬਦਲ ਸਮਾਜਵਾਦੀ ਪ੍ਰਬੰਧ ਹੈ। ਇਸੇ ਨੂੰ ਹਾਸਲ ਕਰਨਾ ਅੱਜ ਦੇ ਭਾਰਤ ਦੀ ਮਜ਼ਦੂਰ ਲਹਿਰ ਦਾ ਉਦੇਸ਼ ਹੈ। ਸਮਾਜਵਾਦ ਅਤੇ ਫਿਰ ਕਮਿਊਨਿਜ਼ਮ ਦੀ ਉਸਾਰੀ ਮਜ਼ਦੂਰ ਜਮਾਤ ਦਾ ਅੰਤਮ ਪ੍ਰੋਗਰਾਮ ਹੈ, ਇਸਦਾ ਮਤਲਬ ਇਹ ਨਹੀਂ ਕਿ ਉਸਦਾ ਕੋਈ ਫੌਰੀ ਪ੍ਰੋਗਰਾਮ ਨਹੀਂ ਹੋਵੇਗਾ। ਪਰ ਮਜ਼ਦੂਰ ਜਮਾਤ ਦਾ ਫੌਰੀ ਪ੍ਰੋਗਰਾਮ ਉਸਦੇ ਅੰਤਮ ਪ੍ਰੋਗਰਾਮ ਵੱਲ ਜਾਣ ਵਾਲ਼ਾ ਹੋਣਾ ਚਾਹੀਦਾ ਹੈ ਨਾ ਕਿ ਇਸਦੇ ਉਲਟ। ਜ਼ਮੀਨਾਂ ਵੰਡਣ ਅਤੇ ਮੌਜੂਦਾ ਢਾਂਚੇ 'ਚ ਸਾਂਝੀ ਖੇਤੀ ਦਾ ਯੂਟੋਪੀਆ ਮਜ਼ਦੂਰ ਜਮਾਤ ਦੀ ਅੰਤਮਮੁਕਤੀ ਦੇ ਵਿਰੋਧ 'ਚ ਹੈ। ਅੱਜ ਸਾਡੇ ਸਾਰੇ ਯਤਨ ਸਮਾਜਵਾਦੀ ਇਨਕਲਾਬ ਦੀ ਦਿਸ਼ਾ 'ਚ ਸੇਧਤ ਹੋਣੇ ਚਾਹੀਦੇ ਹਨ। ਸਾਨੂੰ ਮਜ਼ਦੂਰਾਂ ਅਤੇ ਉਸਦੇ ਸੰਗੀਆਂ ਦੇ ਉਹ ਹੀ ਫੌਰੀ ਮੰਗਾਂ ਮਸਲੇ ਚੁੱਕਣੇ ਚਾਹੀਦੇ ਹਨ ਜੋ ਸਾਨੂੰ ਇਸ ਦਿਸ਼ਾ 'ਚ ਲੈ ਜਾਂਦੇ ਹੋਣ।

*ਸਾਡਾ ਕਿਰਦਾਰ?*

# ਕੀ ਫੁਕਰਾਪਨ ਤੇ ਉਜੱਡਪੁਣਾ ਸਾਡੇ ਕਲਚਰ ਦਾ ਹਿਸਾ ਹੈ ?




ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com

ਸਮਾਜ 'ਚ ਵਾਪਰਦਿਆਂ ਵਰਤਾਰਿਆਂ ਨੂੰ ਮੈਂ ਜਦੋਂ ਦੇਖਦਾ ਹਾਂ ਤੇ ਸਮਾਜ ਦੇ ਚੌਧਰੀਆਂ (ਰਾਜਸੀ, ਧਾਰਮਿਕ, ਸਮਾਜਿਕ ਆਦਿ) ਦਾ ਕਿਰਦਾਰ ਦੇਖਦਾ ਹਾਂ ਤਾਂ ਬਿਲਕੁਲ ਸਪੱਸ਼ਟ ਹੈ ਕਿ ਸਾਡੇ ਸਮਾਜ ਵਿੱਚ ਹਰ ਪਾਸੇ ਉਲਾਰਪਨ, ਫੁਕਰਾਪਨ ਤੇ ਉਜੱਡਪੁਣਾ ਕਿਉਂ ਭਾਰੂ ਹੈ? ਆਪਣੇ ਆਪ ਨੂੰ ਨਾਮੀ ਗਰਾਮੀ ਕਹਾਉਂਦੇ ਲੀਡਰ ਛੋਟੀਆਂ-ਛੋਟੀਆਂ ਗਰਜਾਂ ਲਈ ਸਿਧਾਂਤਾਂ ਨਾਲ ਸਮਝੌਤਾ ਕਰ ਲੈਂਦੇ ਹਨ।ਵੈਸੇ ਸਿਧਾਂਤ ਨਾਮ ਦੀ ਤਾਂ ਸ਼ੈਅ ਜਿਵੇਂ ਪੰਜਾਬੀ ਕਲਚਰ ਵਿਚੋਂ ਗੁਆਚਦੀ ਜਾ ਰਹੀ ਹੈ।ਵੱਡੇ-ਵੱਡੇ ਨਾਂਵਾਂ ਵਾਲੇ ਲੋਕ ਇਤਨੇ ਹੌਲੇ ਕਿਰਦਾਰ ਦੇ ਹਨ, ਦੇਖ ਕੇ ਅਫਸੋਸ ਹੀ ਹੁੰਦਾ ਹੈ। ਕੋਈ ਵਿਅਕਤੀ ਸਮਾਜ ਵਿੱਚ ਜਿਤਨਾ ਮਰਜ਼ੀ ਗੰਦ ਪਾਏ, ਲੋਕਾਂ ਨਾਲ ਸਿਆਸਤ, ਧਰਮ, ਸਮਾਜ ਜਾਂ ਸਭਿਆਚਾਰ ਦੇ ਨਾਮ ਤੇ ਜੋ ਮਰਜ਼ੀ ਠੱਗੀਆਂ ਮਾਰੇ, ਲੋਕਾਂ ਨਾਲ ਬਿਜਨੈਸ ਵਿੱਚ ਧੋਖੇ ਕਰੇ, ਦੋਸਤਾਂ-ਰਿਸ਼ਤੇਦਾਰਾਂ ਤੋਂ ਪੈਸੇ ਲੈ ਕੇ ਮੁੱਕਰ ਜਾਵੇ, ਪਰ ਅਜਿਹਾ ਵਿਅਕਤੀ ਸਭਿਆਚਾਰ ਦੇ ਨਾਮ ਤੇ ਲੱਚਰ ਗਾਇਕਾਂ ਦੇ ਮੇਲੇ ਲਗਵਾਏ ਅਤੇ ਕਿਸੇ ਸਮਾਜ ਸੇਵੀ, ਲੇਖਕ, ਲੀਡਰ, ਧਾਰਮਿਕ ਜਥੇਦਾਰ ਨੂੰ ਕਹਿ ਦੇਵੇ ਕਿ ਤੁਹਾਨੂੰ ਅਸੀਂ ਸਨਮਾਨਤ ਕਰਨਾ ਹੈ ਤਾਂ ਅਸੀਂ ਪੂਛਾਂ ਚੁੱਕ ਕੇ ਭੱਜਦੇ ਹਾਂ।ਜਿੰਦਾਂ ਕਿਤੇ ਨੋਬਲ ਪਰਾਈਜ਼ ਮਿਲਣਾ ਹੋਵੇ। ਸਮਾਜ ਨੂੰ ਸੁਧਾਰਨ ਦਾ ਦਾਅਵਾ ਕਰਨ ਵਾਲੇ ਲੇਖਕ ਇੱਕ ਸਰਟੀਫਿਕੇਟ ਦੇ ਲਾਲਚ ਵਿੱਚ ਆਪਣਾ ਇਮਾਨ ਵੇਚਣ ਨੂੰ ਤਿਆਰ ਹਨ। ਅਖੌਤੀ ਸਮਾਜ ਸੇਵਕਾਂ ਨੂੰ ਚੌਧਰ ਜਾਂ ਸਨਮਾਨਾਂ ਦੀ ਇਤਨੀ ਭੁੱਖ ਹੈ ਕਿ ਉਹ ਕਿਸੇ ਕੋਲੋਂ ਵੀ ਸਿਰੋਪਾ ਪਵਾਉਣ ਲਈ ਧੌਣ ਸੁੱਟੀ ਫਿਰਦੇ ਹਨ।ਸਾਨੂੰ ਕੋਈ ਆਪਣੀ ਸਟੇਜ ਤੇ ਦੋ ਅੱਖਰ ਬੋਲਣ ਦਾ ਮੌਕਾ ਦੇ ਦੇਵੇ ਤਾਂ ਅਸੀਂ ਕਿਸੇ ਵੀ ਚੋਰ ਉਚੱਕੇ ਨੂੰ ਉੱਘੇ ਸਮਾਜ ਸੇਵੀ ਤੇ ਵੱਡਾ ਧਰਮੀ ਹੋਣ ਦਾ ਖਿਤਾਬ ਦੇਣ ਲੱਗੇ ਮਿੰਟ ਨਹੀਂ ਲਾਉਂਦੇ ਤੇ ਆਪਣੀ ਇਨਸਾਨੀਅਨ ਵੀ ਭੁੱਲ ਜਾਂਦੇ ਹਾਂ। ਅਸੀਂ ਸਭਿਆਚਾਰ ਦੇ ਨਾਮ ਤੇ ਨਸ਼ੇ, ਲੱਚਰਪੁਣਾ, ਗੰਨ ਕਲਚਰ, ਜਾਤ-ਪਾਤ ਅਤੇ ਫੁਕਰਾਪਨ ਫੈਲਾ ਕੇ ਨੌਜਵਾਨ ਪੀੜ੍ਹੀ ਨੂੰ ਤਬਾਹੀ ਵੱਲ ਧਕੇਲ ਰਹੇ ਕਮਰਸ਼ੀਅਲ ਕਲਾਕਾਰਾਂ ਨੂੰ ਪ੍ਰੋਮੋਟ ਕਰ ਰਹੇ ਹਾਂ ਅਤੇ ਉਨ੍ਹਾਂ ਕਲਾਕਾਰਾਂ ਨਾਲ ਫੋਟੋਆਂ ਖਿਚਾਉਣ ਲਈ ਸਿਫਾਰਸ਼ਾਂ ਪਵਾਉਂਦੇ ਹਾਂ, ਤਰਲੇ ਮਾਰਦੇ ਹਾਂ। ਫਿਰ ਕਹਿੰਦੇ ਹਾਂ ਕਿ ਸਾਡੀ ਨੌਜਵਾਨੀ ਡਰੱਗਾਂ ਵਿੱਚ ਪੈ ਰਹੀ ਹੈ, ਧਰਮ ਤੇ ਸਭਿਆਚਾਰ ਨੂੰ ਛੱਡ ਰਹੀ ਹੈ।ਪਾਰਲੀਮੈਂਟ, ਪ੍ਰਸ਼ਾਸਨ ਤੇ ਜੁਡੀਸ਼ਰੀ ਤੋਂ ਬਾਅਦ ਮੀਡੀਏ ਨੂੰ ਲੋਕਤੰਤਰੀ ਸਮਾਜ ਦਾ ਚੌਥਾ ਥੰਮ ਕਿਹਾ ਜਾਂਦਾ ਹੈ। ਪਰ ਮੀਡੀਏ ਵਿੱਚ ਅਜਿਹੇ ਲੋਕਾਂ ਦੀ ਕਮੀ ਨਹੀਂ, ਜੋ ਆਪਣੇ ਨਿੱਜੀ ਹਿੱਤਾਂ ਤੇ ਪੈਸੇ ਲਈ ਕਿਸੇ ਨੂੰ ਵੀ ਉਪਰ ਚੁੱਕ ਸਕਦੇ ਹਨ ਤੇ ਕਿਸੇ ਨੂੰ ਵੀ ਹੇਠਾਂ ਸੁੱਟ ਸਕਦੇ ਹਨ। ਬਹੁਤ ਸਾਰੇ ਮੀਡੀਆ ਵਾਲੇ ਗਧੇ-ਘੋੜੇ ਦਾ ਫਰਕ ਕੀਤੇ ਬਿਨਾਂ, ਜੋ ਆਵੇ ਸੋ ਰਾਜ਼ੀ ਜਾਵੇ ਦੀ ਪਾਲਿਸੀ ਤੇ ਚੱਲਦੇ ਹਨ? ਸਾਡੇ ਰਾਜਸੀ ਲੀਡਰਾਂ ਦਾ ਕਿਰਦਾਰ ਵੀ ਕਿਸੇ ਤੋਂ ਲੁਕਿਆ ਨਹੀਂ ਹੈ। ਆਪਣੇ ਆਪ ਨੂੰ ਸਿੱਖ ਵੀ ਕਹਾਉਂਦੇ ਹਨ ਤੇ ਉਨ੍ਹਾਂ ਪਾਰਟੀਆਂ ਦੇ ਲੀਡਰ ਵੀ ਬਣਦੇ ਹਨ ਤੇ ਲੋਕਾਂ ਨੂੰ ਵੋਟਾਂ ਪਾਉਣ ਲਈ ਧਰਮ ਦਾ ਵਾਸਤਾ ਪਾਉਂਦੇ ਹਨ, ਜਿਨ੍ਹਾਂ ਪਾਰਟੀਆਂ ਦੇ ਸਿਧਾਂਤ, ਸਿੱਖ ਧਰਮ ਦੇ ਮਨੁੱਖਤਾਵਾਦੀ ਤੇ ਸਰਬੱਤ ਦੇ ਭਲੇ ਦੇ ਸਿਧਾਂਤਾਂ ਤੋਂ ਬਿਲਕੁਲ ਉਲਟ ਦਿਸ਼ਾ ਵਿੱਚ ਹਨ। ਸਾਡੇ ਹਰ ਤਰ੍ਹਾਂ ਦੇ ਲੀਡਰਾਂ ਨੇ ਲੋਕਾਂ ਦੀ ਸੋਚ ਇਤਨੀ ਖੁੰਢੀ ਕਰ ਦਿੱਤੀ ਹੈ ਕਿ ਸਮਾਜ ਵਿੱਚ ਜੋ ਮਰਜ਼ੀ ਹੋਈ ਜਾਵੇ, ਕਿਸੇ ਨੂੰ ਕੁਝ ਫਰਕ ਨਹੀਂ ਪੈਂਦਾ।ਆਪਣੇ ਆਪ ਨੂੰ ਸਭਿਆਚਾਰ ਦੀ ਸੇਵਾ ਕਰਨ ਦਾ ਦਾਅਵਾ ਕਰਨ ਵਾਲੇ ਵੀ ਕਿਸੇ ਦੇ ਵੀ ਪ੍ਰੋਗਰਾਮ ਤੇ ਜਾ ਵੜਦੇ ਹਨ, ਕਦੇ ਨਹੀਂ ਦੇਖਦੇ ਕਿ ਪ੍ਰੋਗਰਾਮ ਵਾਲਿਆਂ ਦਾ ਕਿਰਦਾਰ ਜਾਂ ਸਮਾਜ ਪ੍ਰਤੀ ਕੀ ਦੇਣ ਹੈ? ਅਨੇਕਾਂ ਅਜਿਹੀਆਂ ਸੰਸਥਾਵਾਂ ਸਮਾਜ ਵਿੱਚ ਚੱਲ ਰਹੀਆਂ ਹਨ, ਜੋ ਸਰਕਾਰਾਂ ਤੋਂ ਫੰਡ ਲੈਣ ਲਈ ਹੀ ਬਣੀਆਂ ਹੋਈਆਂ ਹਨ। ਉਹ ਸਰਕਾਰਾਂ ਨੂੰ ਦਿਖਾਉਣ ਲਈ ਕਾਗਜੀ ਕਾਰਵਾਈ ਵਾਸਤੇ ਸਭਿਆਚਾਰ ਦੇ ਨਾਮ ਤੇ ਪ੍ਰੋਗਰਾਮ ਕਰਦੀਆਂ ਹਨ ਅਤੇ ਸਭਿਆਚਾਰ ਦੇ ਨਾਮ ਤੇ ਬਿਜਨੈਸ ਚਲਾ ਰਹੇ ਲੋਕ ਬੱਚਿਆਂ ਨੂੰ ਅਜਿਹੇ ਪ੍ਰੋਗਰਾਮਾਂ ਲਈ ਵਰਤਦੇ ਹਨ। ਉਹ ਅਜਿਹੀਆਂ ਸੰਸਥਾਵਾਂ ਨੂੰ ਕਦੇ ਸਵਾਲ ਨਹੀਂ ਕਰਦੇ ਕਿ ਤੁਹਾਡਾ ਮਕਸਦ ਕੀ ਹੈ? ਗੁਰਦੁਆਰਿਆਂ ਵਿੱਚ ਮਲਕ ਭਾਗੋ ਦੀ ਰੋਟੀ ਵਿਚੋਂ ਦੁੱਧ ਕੱਢਣ ਅਤੇ ਮਲਕ ਭਾਗੋ ਦੀ ਰੋਟੀ ਵਿਚੋਂ ਲਹੂ ਕੱਢਣ ਦੀਆਂ ਕਰਾਮਾਤੀ ਸਾਖੀਆਂ ਸੁਣਾਉਣ ਵਾਲੇ ਪ੍ਰਚਾਰਕ ਜਾਂ ਪ੍ਰਬੰਧਕ ਕਿਸੇ ਮਲਕ ਭਾਗੋ ਨੂੰ ਡੋਨੇਸ਼ਨ ਲੈਣ ਵੇਲੇ, ਅਖੰਡ ਪਾਠਾਂ ਦੀਆਂ ਲੜੀਆਂ ਚਲਾਉਣ ਵੇਲੇ ਜਾਂ ਲੰਗਰ ਲਗਾਉਣ ਵੇਲੇ ਸਵਾਲ ਕਰਨ ਦੀ ਜ਼ੁਰਅਤ ਨਹੀਂ ਕਰਦੇ ਕਿ ਤੁਸੀਂ ਇਤਨਾ ਦਾਨ ਕਿਵੇਂ ਕਰ ਰਹੇ ਹੋ, ਕੀ ਤੁਸੀਂ ਆਪਣੇ ਵਰਕਰਾਂ ਨੂੰ ਪੂਰੀ ਤਨਖਾਹ ਦਿੰਦੇ ਹੋ, ਕੀ ਤੁਸੀਂ ਵਰਕ ਪਰਮਿਟ ਤੇ ਸੱਦ ਕੇ ਵਰਕਰਾਂ ਦੀ ਲੁੱਟ ਤੇ ਨਹੀਂ ਕਰ ਰਹੇ ਜਾਂ ਸਟੂਡੈਂਟਸ ਦਾ ਸੋਸ਼ਣ ਕਰਕੇ, ਉਨ੍ਹਾਂ ਨੂੰ ਘੱਟ ਤੋਂ ਘੱਟ 12 ਡਾਲਰ ਦੀ ਤਨਖਾਹ ਦੀ ਥਾਂ 5-6 ਡਾਲਰ ਤੇ ਨਹੀਂ ਦਿੰਦੇ? ਪਰ ਜੇ ਕੋਈ ਕਰਾਮਾਤੀ ਸਾਖੀਆਂ ਦੀ ਪ੍ਰਮਾਣਕਿਤਾ ਤੇ ਕਿੰਤੂ ਪ੍ਰੰਤੂ ਕਰ ਦੇਵੇ ਤਾਂ ਨਾਸਤਿਕ ਜਾਂ ਧਰਮ ਵਿਰੋਧੀ ਦਾ ਖਿਤਾਬ ਦੇਣ ਵੇਲੇ ਦੇਰ ਨਹੀਂ ਲਾਉਂਦੇ? ਫਿਰ ਧਰਮ ਨੂੰ ਖਤਰੇ ਦੇ ਨਾਮ ਤੇ ਇਕੱਠ ਵੀ ਕਰ ਲੈਂਦੇ ਹਾਂ।

ਨਰਭਿੰਦਰ
93544-30211

*ਸਦਾ ਪ੍ਰੇਰਨਾ ਸਰੋਤ ਰਹੇਗਾ*

# ਰੂਸੀ ਸਮਾਜਵਾਦੀ ਇਨਕਲਾਬ



ਮਹਾਨ ਰੂਸੀ ਇਨਕਲਾਬ ਦਾ ਸੌਵਾਂ ਵਰ੍ਹਾ ਹੈ। ਇਹਦੀ ਮਹਾਨਤਾ ਇਸ ਵਿਚ ਸੀ ਅਤੇ ਹੈ ਕਿ ਇਸ ਨੇ ਪਹਿਲੀ ਵੇਰ ਬਰਾਬਰਤਾ ਵਾਲੇ ਸਮਾਜ ਨੂੰ ਜਿਹਦਾ ਕਦੇ ਸੁਪਨਾ ਵਿਗਿਆਨਕ ਆਧਾਰ ਉਤੇ ਮਾਰਕਸ ਨੇ ਲਿਆ ਸੀ-ਅਮਲੀ ਰੂਪ ਵਿਚ ਧਰਤੀ ਉਤੇ ਸਥਾਪਤ ਕੀਤਾ ਅਤੇ ਪਹਿਲੀ ਵਾਰੀ ਇਹ ਦੱਸਿਆ ਕਿ ਸਮਾਜ ਦਾ ਲੁੱਟਿਆ ਜਾਂਦਾ ਅਤੇ ਜਬਰ ਸਹਿ ਰਿਹਾ ਵਰਗ ਵੀ ਨਾ ਸਿਰਫ਼ ਇਨਕਲਾਬ ਕਰ ਸਕਦਾ ਹੈ ਸਗੋਂ ਹਕੂਮਤ ਵੀ ਚਲਾ ਸਕਦਾ ਹੈ। ਇਸ ਇਨਕਲਾਬ ਦਾ ਦੁਨੀਆ ਉਤੇ ਡੂੰਘਾ ਅਸਰ ਪਿਆ। ਰੂਸੀ ਇਨਕਲਾਬ ਦੇ ਤਿੰਨ ਦਹਾਕਿਆਂ ਪਿਛੋਂ ਏਸ਼ੀਆ ਦੇ ਇਕ ਪਛੜੇ ਅਤੇ ਗਰੀਬ ਮੁਲਕ ਚੀਨ ਵਿਚ ਦੂਸਰਾ ਸਮਾਜਵਾਦੀ ਇਨਕਲਾਬ ਹੋਇਆ। ਇਹਨੇ ਦੁਨੀਆਂ ਉਤੇ ਆਪਣਾ ਡੂੰਘਾ ਅਸਰ ਛੱਡਿਆ। ਇਸ ਨੂੰ ਕਈ ਰੂਪਾਂ ਵਿਚ ਕਈ ਪੱਖਾਂ ਤੋਂ ਵੇਖਿਆ ਜਾ ਸਕਦਾ ਹੈ। ਇਤਿਹਾਸਕ ਸੰਦਰਭ ਵਿਚ ਵੇਖਿਆ ਇਹਨੇ ਭਾਰਤੀ ਆਜ਼ਾਦੀ ਦੇ ਸੰਗਰਾਮ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ। ਇਹ ਸਵਾਲ ਅਲੱਗ ਹੈ ਕਿ ਇਨਕਲਾਬ ਲਈ ਉਪਜਾਊ ਜ਼ਮੀਨ ਹੋਣ ਦੇ ਬਾਵਜੂਦ ਭਾਰਤੀ ਕਮਿਊਨਿਸਟ ਕਿਉਂ ਕਾਮਯਾਬ ਨਹੀਂ ਹੋ ਸਕੇ। ਇਹ ਸਵਾਲ ਵੀ ਅਲੱਗ ਹੈ ਕਿ ਰੂਸ ਅਤੇ ਫਿਰ ਚੀਨ ਦੋਵੇਂ ਹੀ ਸਹਿਜੇ-ਸਹਿਜੇ ਪੂੰਜੀਵਾਦ ਦੀ ਗ੍ਰਿਫ਼ਤ ਵਿਚ ਆ ਗਏ ਅਤੇ ਦੁਨੀਆਂ ਦੀ ਮਜ਼ਦੂਰ ਜਮਾਤ ਦੇ ਆਦਰਸ਼ ਨੂੰ ਵਕਤੀ ਧੱਕਾ ਲੱਗਾ, ਪਰ ਇਹ ਵੀ ਉਨ੍ਹਾਂ ਹੀ ਦਰੁਸਤ ਹੈ, ਕਿ ਅਜੋਕੇ ਦੌਰ ਵਿਚ ਸੰਕਟਗ੍ਰਸਤ ਪੂੰਜੀਵਾਦ ਜਿਨ੍ਹਾਂ ਬੇਕਿਰਕ ਅਤੇ ਜਾਬਰ ਰੂਪ ਵਿਚ ਸਾਹਮਣੇ ਆ ਰਿਹਾ ਹੈ ਅਤੇ ਦੁਨੀਆਂ ਭਰ ਦੇ ਪੈਦਾਵਾਰ ਦੇ ਸੋਮਿਆਂ ਨੂੰ ਹੜੱਪ ਦਾ ਹੋਇਆ, ਦੁਨੀਆਂ ਦੇ ਆਵਾਮ ਨੂੰ ਕੰਗਾਲੀ ਤੇ ਭੁਖਮਰੀ ਵੱਲ ਧਕਦਾ ਜਾ ਰਿਹਾ ਹੈ। ਇਸ ਤੋਂ ਮੁਕਤੀ ਲਈ ਅਕਤੂਬਰ ਇਨਕਲਾਬ ਅਤੇ ਉਹਦੀਆਂ ਸਿੱਖਿਆਵਾਂ ਅੱਜ ਵੀ ਮਹੱਤਵਪੂਰਨ ਹਨ ਅਤੇ ਬਹੁਤ ਹੀ ਜ਼ਿਆਦਾ ਅਹਿਮੀਅਤ ਅਖ਼ਤਿਆਰ ਕਰ ਗਈਆਂ ਹਨ।

**ਪਿਛਲੇਰੇ ਸੌ ਸਾਲ** : ਰੂਸੀ ਇਨਕਲਾਬ ਅਕਤੂਬਰ 1917 (25 ਅਕਤੂਬਰ ਪਰ ਨਵੇਂ ਕੈਲੰਡਰ ਮੁਤਾਬਤ 7 ਨਵੰਬਰ) 'ਚ ਉਸ ਸਮੇਂ ਹੋਂਦ 'ਚ ਆਇਆ ਜਦੋਂ ਵਿਸ਼ਵ ਇਕ ਸੰਸਾਰ ਜੰਗ ਦਾ ਸੰਤਾਪ ਹੰਢਾ ਰਿਹਾ, ਭਿਆਨਕ ਆਰਥਿਕ ਤਬਾਹੀ ਦੇ ਦਹਾਨੇ ਉਤੇ ਆ ਖਲੋਤਾ ਸੀ। ਇਕ ਪਛੜੇ ਦੇਸ਼ ਰੂਸ ਵਿਚ ਹੀ ਉਪਰਥਲੀ ਦੋ ਇਨਕਲਾਬ ਹੋਏ, ਪਹਿਲਾਂ ਜਾਰ ਸ਼ਾਹੀ ਨੂੰ ਲਾਹ ਕੇ ਬਰਜੂਆ ਇਨਕਲਾਬ ਅਤੇ ਫਿਰ ਅਕਤੂਬਰ 17 ਵਿਚ ਮਜ਼ਦੂਰ ਇਨਕਲਾਬ ਦੋਹਾਂ ਦੀ ਆਪਣੀ ਮਹੱਤਤਾ ਸੀ ਅਤੇ ਹੈ ਪਰ ਜਿਸ ਢੰਗ ਤੇ ਸਿਆਣਪ ਨਾਲ ਬਾਲਸ਼ਵਿਕਾਂ ਨੇ ਮਜ਼ਦੂਰ ਇਨਕਲਾਬ ਨੂੰ ਸਿਰੇ ਚਾੜ੍ਹਿਆ ਅਤੇ ਸਥਾਪਤ ਕੀਤਾ ਇਸ ਨੇ ਦੁਨੀਆਂ ਸਾਹਮਣੇ ਇਹ ਮਿਸਾਲ ਵੀ ਕਾਇਮ ਕਰ ਦਿੱਤੀ ਕਿ ਦੁਨੀਆਂ ਦੇ ਮਜ਼ਦੂਰ ਇਕ ਦੇਸ਼ ਉਤੇ ਆਪਣੀ ਹਕੂਮਤ ਨਾ ਸਿਰਫ਼ ਸਥਾਪਤ ਕਰ ਸਕਦੇ ਹਨ ਸਗੋਂ ਇਸ ਨੂੰ ਚਲਾਉਣ, ਵਿਉਂਤਣ ਦੇ ਵੀ ਸਮਰੱਥ ਹਨ। ਇਹ ਇਨਕਲਾਬ ਐਵੇਂ ਹੀ ਨਹੀਂ ਹੋਇਆ ਸੀ ਹਜ਼ਾਰਾਂ ਜੁਝਾਰੂਆਂ ਨੂੰ ਇਸ ਖਾਤਰ ਸ਼ਹਾਦਤਾਂ ਦੇਣੀਆਂ ਪਈਆਂ ਸਨ। ਅਕਤੂਬਰ ਇਨਕਲਾਬ ਤੋਂ ਪਹਿਲਾਂ ਰਾਜਿਆਂ ਅਤੇ ਰਾਣੀਆਂ ਦੀ ਹਕੂਮਤਾਂ ਦਾ ਬੋਲਬਾਲਾ ਰਿਹਾ ਸੀ। ਜਿਹੜੇ ਆਵਾਮ ਲਈ ਰੱਬੀ ਫ਼ਰਿਸ਼ਤਿਆਂ ਦੇ ਰੂਪ ਵਿਚ ਹੀ ਪੇਸ਼ ਕੀਤੇ ਜਾਂਦੇ ਰਹੇ ਸਨ। 1789 ਵਿਚ ਪਹਿਲੀ ਵੇਰ ਫਰਾਂਸ ਵਿਚ ਲੋਕਾਈ ਦੇ ਸੈਲਾਬ ਨੇ ਭੁੱਖ ਗਰੀਬੀ ਅਤੇ ਜੰਗਾਂ ਤੋਂ ਨਿਜ਼ਾਤ ਪਾਉਣ ਲਈ ਬਰਾਬਰੀ, ਭਾਈਚਾਰਾ ਅਤੇ ਆਜ਼ਾਦੀ ਅਤੇ ਜੰਗਾਂ ਤੋਂ ਨਿਜ਼ਾਤ ਪਾਉਣ ਲਈ ਬਰਾਬਰੀ, ਭਾਈਚਾਰਾ ਅਤੇ ਆਜ਼ਾਦੀ ਦੇ ਨਾਅਰੇ ਹੇਠ ਰਾਜਾ ਸ਼ਾਹੀ ਸੱਤਾ ਤਾਂ ਉਲਟਾਈ ਸੀ ਅਤੇ ਜਿਹਦੀ ਗੂੰਜ ਦੀ ਇਕ ਇਤਿਹਾਸਕ ਮਹੱਤਤਾ ਵੀ ਸਥਾਪਤ ਹੋਈ, ਪਰ ਇਸ ਸੱਤਾ ਉਤੇ ਸਥਾਪਤ ਫਿਰ ਮਾਲਕੀ ਵਾਲੀਆਂ ਜਮਾਤਾਂ ਹੀ ਹੋ ਗਈਆਂ। ਹਾਲਾਂਕਿ ਫਰਾਂਸੀਸੀ ਇਨਕਲਾਬ ਵੀ ਰੂਸੀ 1917 ਦੇ ਇਨਕਲਾਬ ਵਾਂਗੂ ਹਿਸਪੇਨਿਉਲਾ ਦੀਪ ਵਿਚ ਇਕ (ਗੁਲਾਮ) ਦਾਸ ਪਰਿਵਾਰ ਪੈਦਾ ਹੋਏ ਤੌਸੈਂਟ ਲਾਂਵਰਚਰ ਵਲੋਂ ਫਰਾਂਸੀਸੀ ਬਾਗ ਮਾਲਕਾਂ (ਪਲਾਂਟਰਾਂ) ਦੇ ਵਿਰੁੱਧ ਦਾਸਾਂ (ਗੁਲਾਮਾਂ) ਦੇ ਵਿਦਰੋਹ ਦੀ ਅਗਵਾਈ ਵਜੋਂ ਸ਼ੁਰੂ ਹੋਇਆ ਸੀ। ਇਕ ਸਫ਼ਲ ਗੁਲਾਮ ਵਿਦਰੋਹ ਸੀ ਜਿਹਨੇ ਇਕ ਨਵੇਂ ਰਾਜ ਦੀ ਸਥਾਪਨਾ ਕੀਤੀ ਸੀ। ਫਰਾਂਸ ਤੇ ਹੈਤੀ ਦੇ ਇਨ੍ਹਾਂ 18ਵੀਂ ਸ਼ਤਾਬਦੀਆਂ ਦੇ ਵਿਦਰੋਹਾਂ ਦਾ 1917 ਦੇ ਇਨਕਲਾਬ ਨਾਲ ਸਿੱਧਾ ਸਬੰਧ ਇਸ ਕਰਕੇ ਹੈ ਕਿਉਂਕਿ ਇਨ੍ਹਾਂ ਇਨਕਲਾਬਾਂ ਦੀ ਅਗਵਾਈ ਕਰਨ ਤੇ ਮੁਕੰਮਲ ਕਰਨ ਵਿਚ ਚਾਲਕ ਸ਼ਕਤੀ ਗੁਲਾਮ ਜਾਂ ਮਜ਼ਦੂਰ ਹੀ ਸਨ। ਫਰਾਂਸ ਤੇ ਹੈਤੀ ਦੇ ਇਨ੍ਹਾਂ ਵਿਦਰੋਹਾਂ ਨੇ ਇਸ ਮਿੱਥ ਨੂੰ ਤੋੜ ਦਿੱਤਾ ਸੀ ਕਿ ਰਾਜ ਕੁਝ ਵਿਸ਼ੇਸ਼ ਰੱਬੀ ਦੂਤ ਹੀ ਕਰਨ ਦੇ ਸਮਰੱਥ ਹਨ ਪਰ ਧਿਆਨ ਦੇਣ ਵਾਲੀ ਗੱਲ ਹੈ ਕਿ ਇਹ ਦੌਰ ਪੂੰਜੀਵਾਦ ਦਾ ਸ਼ੁਰੂਆਤੀ ਦੌਰ ਸੀ। ਸੰਪਤੀ ਪੂੰਜੀ ਦਾ ਰੂਪ ਸਾਹਮਣੇ ਆ ਰਿਹਾ ਸੀ। ਵਿਉਪਾਰੀ, ਉਦਯੋਗਾਂ ਦੇ ਨਵੇਂ ਰੂਪਾਂ ਉਤੇ ਪੂੰਜੀਵਾਦੀ ਜਮਾਤ ਭਾਰੂ ਸੀ। 18ਵੀਂ ਸਦੀ ਦੇ ਇਨ੍ਹਾਂ ਵਿਦਰੋਹਾਂ ਪਿਛੋਂ ਹੀ ਪੂੰਜੀਵਾਦੀ ਵਧਿਆ ਫੁੱਲਿਆ ਅਤੇ ਮਜ਼ਬੂਤ ਹੋਇਆ। ਆਪਣੇ ਪਸਾਰੇ 'ਚ ਉਹਦੀ ਬਸਤੀਆਂ ਉਤੇ ਸਰਕਾਰੀ ਜਿਹਨੂੰ ਸਾਮਰਾਜੀ ਚਰਿੱਤਰ ਦੇ ਤੌਰ 'ਤੇ ਨੋਟ ਕੀਤਾ ਜਾਂਦਾ ਹੈ, ਸਾਹਮਣੇ ਆਇਆ ਅਤੇ ਜਗੀਰੂ ਗੁਲਾਮਦਾਰੀ ਦੀ ਥਾਂ ਨਵੀਂ ਸਮਾਜਿਕ ਬਣਤਰ ਪੂੰਜੀਵਾਦ ਮਜ਼ਦੂਰ ਦੇ ਰੂਪ ਵਿਚ ਤਬਦੀਲੀ ਹੋ ਗਈ। ਵਿਉਪਾਰ ਦਾ ਲਾਭ ਪੂੰਜੀਪਤੀਆਂ ਨੂੰ ਮਿਲਣ ਲੱਗਾ। ਇਹੀ ਦੌਰ ਹੈ ਜਦੋਂ ਵਿਉਪਾਰ ਤੇ ਬਸਤੀਵਾਦ ਦੇ ਲਾਭ ਦੇ ਸਿੱਟੇ ਵਜੋਂ ਨਾ ਸਿਰਫ਼ ਮੰਡੀਆਂ ਦਾ ਵਿਸਥਾਰ ਹੋਇਆ ਦੁਨੀਆਂ ਦੇ ਹਰ ਕੋਨੇ ਉਤੇ ਸਰਕਾਰੀ (ਸਾਮਰਾਜੀ ਕਬਜ਼ੇ) ਕਾਇਮ ਕਰਨ ਦੀ ਵੀ ਹੋੜ ਲੱਗੀ ਅਤੇ ਇਹੀ ਸਮਾਂ ਹੈ ਜਦੋਂ ਵਿਗਿਆਨ ਅਤੇ ਤਕਨੀਕ ਦੇ ਖੇਤਰਾਂ ਵਿਚ ਅਣਕਿਆਸੀਆਂ ਛਾਲਾਂ ਵੱਜੀਆਂ। ਖੇਤੀ ਖੇਤਰ ਵੀ ਪੁਰਾਤਨ ਪ੍ਰਬੰਧਾਂ ਨਾਲੋਂ ਨਵੀਂ ਤਕਨੀਕ ਤੇ ਪੂੰਜੀ ਦੀ ਗ੍ਰਿਫ਼ਤ ਵਿਚ ਆ ਗਿਆ। ਖੇਤੀ ਖੇਤਰ ਵਿਚੋਂ ਵਿਹਲੇ ਹੋਏ ਕਾਮਿਆਂ ਨੂੰ ਨਵ ਉਸਰ ਰਹੇ ਸਨਅਤੀ ਅਦਾਰਿਆਂ ਨੇ ਸਮੋ ਲਿਆ। ਵੱਡੇ ਸਨਅਤੀ ਅਦਾਰਿਆਂ ਦੇ ਉਤਪਾਦਨ ਨੇ ਨਾ ਸਿਰਫ਼ ਪੂੰਜੀ ਦੀ ਮਾਲਕੀ ਨੂੰ ਵਿਸਥਾਰ ਦਿੱਤਾ ਸਗੋਂ ਅਥਾਹ ਤਾਕਤ ਵੀ ਹਾਸਲ ਕਰ ਲਈ। ਉਦਯੋਗਪਤੀਆਂ ਅਤੇ ਵਪਾਰੀਆਂ ਦੇ ਇਸ ਵਰਗ ਨੇ ਜਿਹਨੂੰ ਪਿਛੋਂ ਅਰਥ ਸ਼ਾਸਤਰੀਆਂ ਨੇ ਬੁਰਜੂਆ ਵਰਗ ਦਾ ਨਾਂ ਦਿੱਤਾ (ਭਾਵ ਪੂੰਜੀਪਤੀ ਵਰਗ) ਨੇ ਸਿਰਫ਼ ਅਰਥ ਵਿਵਸਥਾ ਉਤੇ ਹੀ ਨਹੀਂ ਸਗੋਂ ਰਾਜਨੀਤੀ ਉਤੇ ਵੀ ਕੰਟਰੋਲ ਸਥਾਪਤ ਕਰ ਲਿਆ ਜਿਸ ਫਰਾਂਸ ਅਤੇ ਹੈਤੀ ਦੇ ਗੁਲਾਮ ਲੋਕਾਂ ਨੇ ਇਨਕਲਾਬ ਕਰਕੇ ਆਮ ਲੋਕਾਂ ਦੇ ਲਈ ਰਾਜਤੰਤਰ-ਆਜ਼ਾਦੀ, ਬਰਾਬਰੀ ਤੇ ਭਾਈਚਾਰਾ-ਸਥਾਪਤ ਕਰਨ ਦਾ ਸੁਪਨਾ ਲਿਆ ਸੀ, ਉਹ ਇਸ ਨੂੰ ਸਥਾਪਤ ਕਰਨ ਵਿਚ ਅਸਮਰਥ ਰਹੇ ਅਤੇ ਇਹਨੂੰ ਬੜੀ ਚਲਾਕੀ ਤੇ ਹੁਸ਼ਿਆਰੀ ਨਾਲ ਭਰਮਾਊ ਲਫਾਜ਼ੀ (ਲੋਕਾਂ ਦਾ ਲੋਕਾਂ ਲਈ-ਲੋਕਾਂ ਵਲੋਂ) ਹੇਠ ਪੂੰਜੀਪਤੀ ਵਰਗ ਨੇ ਸੰਭਾਲ ਲਿਆ।

ਅਜਿਹੀਆਂ ਤਬਦੀਲੀਆਂ ਕੁਝ ਹੋਰ ਢੰਗਾਂ ਰਾਹੀਂ ਯੂਰਪ ਵਿਚ ਵੀ ਵਾਪਰੀਆਂ। ਪੂੰਜੀਵਾਦੀ ਨੇ ਤਕਨੀਕੀ ਵਿਕਾਸ ਤੇ ਸਨਅਤੀ ਵਿਕਾਸ ਨੂੰ ਜਿਥੇ ਅਥਾਹ ਗੀਤ ਦਿੱਤੀ ਉਥੇ ਮੁਕਾਬਲੇ ਦਾ ਦੌਰ ਵੀ ਸ਼ੁਰੂ ਹੋ ਗਿਆ। ਇਹ ਇਕ ਨਵੀਂ ਕਿਸਮ ਦੀ ਹੋੜ ਸੀ। ਪਹਿਲਾਂ ਰਾਜੇ ਦੂਸਰੇ ਰਾਜਾਂ ਨੂੰ ਜਿੱਤ ਕੇ ਰਾਜਾਂ ਦਾ ਵਿਸਥਾਰ ਕਰਦੇ ਸਨ, ਪਰ ਇਸ ਜਮਾਤ ਨੇ ਕੱਚੇ ਸੋਮਿਆਂ/ਸਰੋਤਾਂ ਉਤੇ ਅਤੇ ਮੰਡੀਆਂ 'ਤੇ ਕਬਜ਼ਾ ਕਰਨ ਦੀ ਨਵੀਨ ਪ੍ਰਵਿਰਤੀ ਨੂੰ ਜਨਮ ਦਿੱਤਾ। ਉਧਰ ਵਧੇਰੇ ਉਤਪਾਦਨ ਦੇ ਦਬਾਅ ਹੇਠ ਮਜ਼ਦੂਰਾਂ ਉਤੇ ਕੰਮ ਕਰਨ ਦਾ ਦਬਾਅ ਵਧ ਗਿਆ। ਆਜ਼ਾਦੀ-ਬਰਾਬਰੀ ਤੇ ਭਾਈਚਾਰਾ ਛੂ ਮੰਤਰ ਹੋ ਗਏ। ਇਕ ਨਵੀਂ ਵਿਰੋਧਾਤਾਈ ਸਾਹਮਣੇ ਆਈ। ਵਧੇਰੇ ਉਤਪਾਦਨ ਅਤੇ ਘੱਟ ਉਜਰਤ। ਉਧਰ ਉਤਪਾਦਨ ਦੀ ਬਹੁਤਾਲਤਾ ਨੇ ਮੰਡੀਆਂ ਤਾਂ ਤੂਸ ਦਿੱਤੀਆਂ ਪਰ ਖਪਤ (ਭਾਵ ਖ਼੍ਰੀਦਦਾਰੀ ਕਰਨ ਵਾਲੇ) ਘੱਟ ਗਈ। ਮਜ਼ਦੂਰ ਮਿਹਨਤ ਤਾਂ ਕਰਦੇ ਸਨ ਪਰ ਉਨ੍ਹਾਂ ਦੀ ਉਜਰਤ ਐਨੀ ਘੱਟ ਸੀ ਕਿ ਖ਼੍ਰੀਦ ਹੀ ਨਹੀਂ ਸਕਦੇ ਸਨ। ਇਥੋਂ ਤੱਕ ਕਿ ਢਿੱਡ ਭਰਨ ਲਈ ਵੀ ਖ਼੍ਰੀਦ ਸ਼ਕਤੀ ਘੱਟ ਰਹੀ ਸੀ। ਇਕ ਨਵਾਂ ਸੰਕਟ ਆ ਗਿਆ। ਇਹ ਉਹੀ ਸੰਕਟ ਸੀ ਜਿਸ ਨੇ ਫਿਲਾਸਫੀ ਦੇ ਨਵੇਂ ਸਵਾਲਾਂ ਨੂੰ ਜਨਮ ਦਿੱਤਾ ਅਤੇ ਇਹੋ ਦੌਰ ਹੈ ਜਦੋਂ ਦੁਨੀਆਂ ਦਾ ਚਿੰਤਨ ਆਪਣੇ ਸਿਖਰ ਉਤੇ ਪਹੁੰਚਿਆ। ਪਹਿਲੀ ਵੇਰ ਮਾਰਕਸ ਨੇ 1867 ਵਿਚ ਪੂੰਜੀ ਨਾਮ ਗ੍ਰੰਥ ਵਿਚ ਇਸ ਦਾ ਠੋਸ ਮੁਲੰਕਣ ਕੀਤਾ। ਮਾਰਕਸ ਦੇ ਸਿਰ ਇਸ ਕਰਕੇ ਸਿਹਰਾ ਬੱਝਦਾ ਹੈ ਕਿ ਉਹਨੇ ਪੂੰਜੀਵਾਦ ਦੇ ਉਸ ਦੈਂਤ ਰੂਪੀ ਚਿਹਰੇ ਨੂੰ ਪਹਿਚਾਨਿਆਂ ਜਿਹੜਾ ਉਤਪਾਦਨ ਹੋੜ ਲਈ ਖਤਰਨਾਕ ਢੰਗਾਂ ਤੱਕ ਪਹੁੰਚ ਕੇ, ਸਮਾਜਿਕ ਹੋਂਦ ਲਈ ਹੀ ਖਤਰਾ ਬਣ ਕੇ ਸਾਹਮਣੇ ਆਉਂਦਾ ਹੈ। ਪੂੰਜੀਵਾਦ ਨੇ ਮਜ਼ਦੂਰਾਂ ਨੂੰ ਇਕ ਸ਼ਾਨਦਾਰ ਸਭਿਅਤਾ ਪੈਦਾ ਕਰਨ ਦੇ ਇਵਜ਼ 'ਚ ਬਦਹਾਲ ਕਰਨ ਤੱਕ ਸੁੱਟ ਦਿੱਤਾ, ਪਰ ਇਸ ਬਦਹਾਲੀ ਦੇ ਕਾਰਨ ਉਹਨੇ ਆਪਣੀ ਹੋਂਦ ਨੂੰ ਹੀ ਬਚਾਈ ਰੱਖਣ ਦੀ ਸਮਰੱਥਾ ਹੀ ਘੱਟ ਕਰ ਲਈ। ਇਸ ਸੰਕਟ ਦੇ ਵਿਸਥਾਰ ਦਾ ਹੱਲ ਆਪਣੀਆਂ-ਆਪਣੀਆਂ ਕੌਮੀ ਫੌਜਾਂ ਦਾ ਵਿਸਥਾਰ ਅਤੇ ਬਸਤੀਵਾਦ ਅਤੇ ਮੰਡੀਆਂ ਖੋਹਣ ਲਈ ਜੰਗ ਦੇ ਰਾਹੀਂ ਲੱਭਿਆ ਗਿਆ। ਪੂੰਜੀਪਤੀਆਂ ਦੀ ਜਿੰਨੀ ਬਾਹਰੀ ਸਜਾਵਟ ਬਾਹਰੀ ਦਿੱਖ ਵਜੋਂ ਪ੍ਰਗਟ ਹੋ ਰਹੀ ਸੀ, ਉਸ ਦੇ ਅੰਦਰ ਮਜ਼ਦੂਰ ਜਮਾਤ ਲਈ ਕੰਗਾਲੀ ਅਤੇ ਅਕਾਲੀ ਪ੍ਰਤੀਬਿੰਬਤ ਹੋ ਰਿਹਾ ਸੀ। ਇਸੇ ਸੰਦਰਭ ਵਿਚ ਫਰਾਂਸ ਤੋਂ ਪਿਛੋਂ ਰੂਸ ਵਿਚ ਇਨਕਲਾਬ ਦੇ ਵਾਰਿਸ ਉਭਰ ਕੇ ਸਾਹਮਣੇ ਆਈ। ਇਹ ਯਾਦ ਰੱਖਣਾ ਬਣਦਾ ਹੈ ਕਿ ਰੂਸ ਦੇ ਇਨਕਲਾਬ ਤੋਂ ਪਹਿਲਾਂ ਦੁਨੀਆਂ ਭਰ ਵਿਚ ਅਤੇ ਵਿਸ਼ੇਸ਼ ਕਰਕੇ ਪੂੰਜੀਪਤੀ ਦੇਸ਼ਾਂ ਵਿਚ ਮਜ਼ਦੂਰ ਜਮਾਤ ਦੇ ਸੰਘਰਸ਼ਾਂ ਦਾ ਇਕ ਸ਼ਾਨਦਾਰ ਲੜਾਕੂ ਇਤਿਹਾਸ ਵੀ ਹੈ। ਜਿਹਦੇ ਵਿਚ ਕੰਮ ਦੇ ਘੰਟੇ ਅਤੇ ਢੁਕਵੀਂ ਮਜ਼ਦੂਰੀ ਦੀਆਂ ਮੰਗਾਂ ਤੋਂ ਲੈ ਕੇ ਪੈਰਿਸ ਕਮਿਊਨਿਸਟ ਤੱਥ ਦੀ ਇਤਿਹਾਸਕ ਯਾਤਰਾ ਅਤੇ ਇਸ ਇਤਿਹਾਸਕ ਸੰਘਰਸ਼ ਯਾਤਰਾ ਦੇ ਨਾਲ ਨਾਲ ਮਜ਼ਦੂਰ ਜਮਾਤ ਦੀ ਫਿਲਾਸਫੀ ਦੀ ਯਾਤਰਾ ਵੀ ਹੈ। ਯਾਦ ਰਹਿਣਾ ਚਾਹੀਦਾ ਹੈ ਕਿ ਤਿੱਖੇ ਸੰਘਰਸ਼ਾਂ ਦੇ ਨਾਲ ਨਾਲ ਜੇ ਫਿਲਾਸਫੀ ਉਨ੍ਹਾਂ ਦੇ ਹਾਣ ਦੀ ਨਹੀਂ ਹੁੰਦੀ ਤਾਂ ਅੰਦੋਲਨ ਕਿੰਨੇ ਵੀ ਖਾੜਕੂ ਕਿਉਂ ਨਾ ਹੋਣ ਉਹ ਆਪਣੇ ਟੀਚੇ ਹਾਸਲ ਕਰਨ ਤੋਂ ਅਸਮਰਥ ਰਹਿੰਦੇ ਹਨ। ਨਾ ਸਿਰਫ਼ ਪੂੰਜੀਵਾਦੀ ਦੇਸ਼ਾਂ ਵਿਚ ਸਗੋਂ ਇਨ੍ਹਾਂ ਸੰਘਰਸ਼ਾਂ ਦਾ ਵਿਸਥਾਰ ਬਸਤੀਆਂ ਵਿਚ ਲੋਕਾਂ ਦੇ ਸੰਘਰਸ਼ਾਂ ਦੇ ਰੂਪ ਵਿਚ ਵੀ ਸਾਹਮਣੇ ਆਇਆ। ਜੇ ਪੂੰਜੀਵਾਦੀ ਦੇਸ਼ਾਂ ਵਿਚ ਸਨਅਤੀ ਮਜ਼ਦੂਰਾਂ ਦੇ ਸੰਘਰਸ਼ ਚਲ ਰਹੇ ਸਨ ਤਾਂ ਬਸਤੀਆਂ ਵਿਚ ਕਿਸਾਨਾਂ ਦੇ ਸੰਘਰਸ਼, ਜਿਹੜੇ ਕਿਸਾਨਾਂ ਦੀ ਤਬਾਹੀ 'ਚੋਂ ਉਪਜੇ ਸਨ, ਉਹ ਵੀ ਸਾਹਮਣੇ ਆ ਰਹੇ ਸਨ, ਨਾਲ ਹੀ ਬਸਤੀਵਾਦੀ ਦੇ ਖਾਤਮੇ ਲਈ ਸੰਘਰਸ਼ ਵੀ ਆਪਣੀ ਸਿਖਰ ਉਤੇ ਸਨ। ਇਨ੍ਹਾਂ ਸਾਰੇ ਅੰਦੋਲਨਾਂ ਦਾ ਜਮ੍ਹਾਂ ਜੋੜ ਹੀ ਸੀ, ਜਿਹਨੇ ਕੌਮਾਂਤਰੀ ਕਮਿਊਨਿਸਟ ਸਮਾਜ ਦੇ ਸੰਕਲਪ ਲਈ ਨਿਗਰ ਜ਼ਮੀਨ ਤਿਆਰ ਕੀਤੀ ਅਤੇ ਇਥੇ ਹੀ ਦੁਨੀਆਂ ਭਰ ਦੇ ਮਜ਼ਦੂਰਾਂ ਦੀ ਪੂੰਜੀਵਾਦੀ ਪ੍ਰਬੰਧ (ਜੋ ਸਾਮਰਾਜੀ ਪ੍ਰਬੰਧ ਵਿਚ ਤਬਦੀਲੀ ਹੋ ਚੁੱਕਾ ਸੀ) ਵਿਰੁੱਧ ਲੜਾਈ ਦੀ ਸਾਂਝ ਅਤੇ ਪੂੰਜੀ ਮੁਕਤ ਸਮਾਜ ਦੇ ਸਾਂਝੇ ਟੀਚੇ ਦਾ ਨਿਸ਼ਾਨਾ ਸਾਹਮਣੇ ਆਇਆ। ਜਿਹਨੂੰ ਪਹਿਲਾਂ ਏਂਗਲਜ਼ ਤੇ ਮਾਰਕਸ ਨੇ ਰੇਖਾਂਤਿਕ ਕੀਤਾ ਅਤੇ ਫਿਰ ਲੈਨਿਨ ਨੇ ਵਿਸਥਾਰ ਦਿੱਤਾ।

ਸੰਕਟਗ੍ਰਸਤ ਪੂੰਜੀਵਾਦ ਆਪਣੇ ਵਿਸਥਾਰ ਨਾਲ (1914-1918) ਪਹਿਲੀ ਸੰਸਾਰ ਜੰਗ ਦੇ ਮੂੰਹ ਤੱਕ ਪਹੁੰਚ ਗਿਆ ਅਤੇ ਇਹਨੇ ਕੌਮਾਂਤਰੀ ਕਮਿਊਨਿਜਮ ਨੂੰ ਆਧਾਰਸ਼ਿਲਾ ਦਿੱਲੀ। 1915 'ਚ ਸਵਿਟਜ਼ਰਲੈਂਡ ਦੇ ਜ਼ਿਮਰਵਾਲਡ ਵਿਚ ਇਕ ਦਿਨ ਛੋਟੀ ਜੇਹੀ ਸਭਾ ਵਿਚ ਸਮਾਜਵਾਦੀਆਂ ਨੇ ਪਹਿਲੀ ਸੰਸਾਰ ਜੰਗ ਸਬੰਧੀ ਇਕ ਵਿਸ਼ੇਸ਼ ਮਾਰਕਸਵਾਦੀ ਵਿਆਖਿਆ ਪੇਸ਼ ਕੀਤੀ। ਲੈਨਿਨ, ਅਲਗਜੈਂਡਰ ਕੋਲ ਲੋਕਤਾਈ ਅਤੇ ਕਾਰਲ ਰੈਡਿਕ ਵਲੋਂ ਤਿਆਰ ਕੀਤੇ ਗਏ ਜ਼ਿਮਰਵਾਲਡ ਐਲਾਨਨਾਮੇ ਦੇ ਖਰੜੇ ਵਿਚ ਉਨ੍ਹਾਂ ਲਿਖਿਆ-"ਯੁੱਧ ਦੀ ਸਿੱਧੀ ਸਿੱਧੀ ਜ਼ਿੰਮੇਵਾਰੀ ਨੂੰ ਲੈ ਕੇ ਸੋਚ ਭਾਵੇਂ ਕੁਝ ਵੀ ਹੋਵੇ, ਇਕ ਗੱਲ ਸਪਸ਼ਟ ਹੈ ਕਿ, ਜਿਸ ਯੁੱਧ ਨੇ ਇਹ ਅਰਾਜਕਤਾ ਪੈਦਾ ਕੀਤੀ ਹੈ ਉਹ ਸਿੱਧਮ ਸਿੱਧਾ-ਸਾਮਰਾਜਵਾਦ, ਹਰ ਦੇਸ਼ ਦੀ ਪੂੰਜੀਪਤੀ ਜਮਾਤ ਦੇ ਲਈ ਮੁਨਾਫ਼ੇ ਦੇ ਹਿੱਤ ਮਨੁੱਖੀ ਕਿਰਤ ਅਤੇ ਪੂਰੀ ਧਰਤੀ ਦੇ ਕੁਦਰਤੀ ਸੋਮਿਆਂ ਦੀ ਲੁੱਟ ਦਾ ਸਿੱਟਾ ਹੈ।" ਇਹ ਯੁੱਧ ਆਮ ਲੋਕਾਂ ਦਾ ਯੁੱਧ ਨਹੀਂ ਸਗੋਂ ਲੋਕਾਂ ਦੇ ਵਿਰੁੱਧ ਯੁੱਧ ਹੈ। ਜ਼ਿਮਰਵਾਲਡ ਦੀ ਇਹ ਮੀਟਿੰਗ ਮਜ਼ਦੂਰਾਂ ਨੂੰ ਯੁੱਧ ਦਾ ਵਿਰੋਧ ਕਰਨ, ਆਪਣੇ ਹਾਕਮਾਂ ਨੂੰ ਨਜ਼ਰ-ਅੰਦਾਜ਼ ਕਰਦਿਆਂ ? ਆਪਣੇ ਸੁਪਨਿਆਂ ਦੇ ਇਕ ਸਮਾਜ-ਮਜ਼ਦੂਰ ਸਮਾਜ ਦੇ ਨਿਰਮਾਣ ਕਰਨ ਦਾ ਸੱਦਾ ਦਿੰਦਾ ਹੈ।

ਇਹ ਯੁੱਧ ਹੀ ਸੀ ਜਿਹਨੇ ਰੂਸ ਵਿਚਲੇ ਅੰਤਰ ਵਿਰੋਧਾਂ ਨੂੰ ਤੇਜ਼ ਕੀਤਾ ਅਤੇ ਸਾਮਰਾਜਵਾਦੀ ਪ੍ਰਬੰਧ ਦੀ ਸਭ ਤੋਂ ਕਮਜ਼ੋਰ ਕੜੀ ਜ਼ਾਹ ਦੇ ਰੂਸ-ਵਿਚ ਇਕ ਗੰਭੀਰ ਸੰਕਟ ਪੈਦਾ ਕਰ ਦਿੱਤਾ। 8 ਮਾਰਚ 1917 ਨੂੰ ਕੌਮਾਂਤਰੀ ਔਰਤ ਦਿਵਸ ਦੇ ਮੌਕੇ ਉਤੇ ਰੂਸ ਦੇ ਪ੍ਰਮੁੱਖ ਸ਼ਹਿਰਾਂ ਵਿਚ ਨਿਕਲੇ ਪ੍ਰਦਰਸ਼ਨਾਂ ਵਿਚ ਮਜ਼ਦੂਰ ਪੂਰੀ ਤਰ੍ਹਾਂ ਵਿਦਰੋਹ ਬਣ ਕੇ ਉਤਰੇ। ਕੌਮਾਂਤਰੀ ਔਰਤ ਦਿਵਸ ਵਿਸ਼ਵ ਸਮਾਜਵਾਦੀ ਅੰਦੋਲਨ ਦਾ ਇਕ ਪ੍ਰਮੁੱਖ ਅੰਗ ਰਿਹਾ ਸੀ। ਇਹਨੇ ਪੂਰੇ ਰੂਸ ਵਿਚ ਮਜ਼ਦੂਰ ਔਰਤਾਂ ਨੂੰ ਅੰਦੋਲਨ ਨਾਲ ਜੋੜਿਆ ਸੀ ਅਤੇ ਇਹ ਕਿਰਤੀ ਵਰਗ ਅਤੇ ਸਹਿਜੇ ਸਹਿਜੇ ਕਿਸਾਨਾਂ ਨੂੰ ਵੀ ਜੋੜ ਰਿਹਾ ਸੀ ਅਤੇ ਇਨ੍ਹਾਂ ਵਰਗਾਂ 'ਚੋਂ ਆਉਣ ਵਾਲੇ ਫੌਜੀ ਵੀ ਇਸ ਨਾਲ ਜੁੜਨ ਲੱਗੇ। ਜਦੋਂ ਇਹ ਨਾਅਰਾ ਆਇਆ ਕਿ ਇਹ ਜੰਗ ਭਾਵ ਵਿਸ਼ਵ ਜੰਗ ਉਨ੍ਹਾਂ ਦੀ ਨਹੀਂ, ਇਹ ਜੰਗ ਕੁਲੀਨ ਵਰਗ ਦੀ ਹੈ ਅਤੇ ਮਜ਼ਦੂਰਾਂ ਕਿਸਾਨਾਂ ਨੂੰ ਕੁਲੀਨ ਵਰਗ ਦੀ ਤਾਨਾਸ਼ਾਹ ਹਕੂਮਤ ਦੇ ਵਿਰੁੱਧ ਸਿੱਧੀ ਲੜਾਈ ਦੀ ਲੋੜ ਹੈ, ਤਾਂ ਇਹਨੇ ਸਾਰੇ ਵਰਗਾਂ ਨੂੰ ਪ੍ਰਭਾਵਿਤ ਕੀਤਾ। ਕੌਮਾਂਤਰੀ ਔਰਤ ਦੇ ਪ੍ਰਦਰਸ਼ਨਾਂ ਤੋਂ ਦੋ ਦਿਨ ਪਿਛੋਂ ਹੀ ਸੇਂਟ ਪੀਟਰਬਰਗ ਵਿਚ 50 ਹਜ਼ਾਰ ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ। ਰੂਸੀ ਇਤਿਹਾਸ ਵਿਚ ਇਹ ਹੜਤਾਲ ਸਭ ਤੋਂ ਵੱਡੀ ਅਤੇ ਅਹਿਮ ਸੀ ਅਤੇ ਇਨ੍ਹਾਂ ਪ੍ਰਦਰਸ਼ਨਾਂ ਦਾ ਸਿੱਟਾ ਹੀ ਸੀ ਕਿ 16 ਮਾਰਚ ਨੂੰ ਰੂਸੀ ਜ਼ਾਰਸ਼ਾਹੀ ਦਾ ਮਜ਼ਬੂਤ ਪ੍ਰਬੰਧ ਢਹਿ-ਢੇਰੀ ਹੋ ਗਿਆ।

ਪਹਿਲੀ ਸਰਕਾਰ ਜਿਹੜੀ ਸਥਾਪਤ ਹੋਈ ਉਹਦੀ ਅਗਵਾਈ ਕੁਲੀਨ ਤੰਤਰ 'ਚੋਂ ਰਾਜ ਕੁਮਾਰ ਜਾਰਜੀ ਯੂਵਗੋਨਿਯਾਵਿਚ ਲਵੋਣ ਕਰ ਰਿਹਾ ਸੀ। ਸਮਾਂ ਸਹਿਜੇ ਸਹਿਜੇ ਅੱਗੇ ਵਧ ਰਿਹਾ ਸੀ ਅਤੇ ਫਿਰ ਇਕ ਉਦਾਰਵਾਦੀ ਅਲੈਗਜੈਂਡਰ ਕਰੈਂਸਕੀ ਨੇ ਸੱਤਾ ਦੀ ਵਾਗਡੋਰ ਸੰਭਾਲੀ। ਮਜ਼ਦੂਰ ਅਜੇ ਘਰਾਂ ਨੂੰ ਨਹੀਂ ਪਰਤੇ ਸਨ ਇਨਕਲਾਬੀ ਦੀ ਜਵਾਲਾ ਅਜੇ ਪ੍ਰਚੰਡ ਸੀ, ਇਸੇ ਦੌਰਾਨ ਸੋਵੀਅਤ ਪ੍ਰੀਸ਼ਦਾਂ ਬਣਾਉਣ ਦਾ ਕੰਮ ਸ਼ੁਰੂ ਹੋਇਆ ਅਤੇ ਇਹ ਦੋਹਰੀ ਹਕੂਮਤੀ ਪ੍ਰਬੰਧ ਹੋਂਦ 'ਚ ਆਇਆ। ਇਕ ਅਜਿਹੀ ਹਾਲਤ ਆ ਗਈ ਜਦੋਂ ਉਨ੍ਹਾਂ ਨੇ ਆਪਣੀਆਂ ਸੰਸਥਾਵਾਂ ਦੀ ਉਸਾਰੀ ਸ਼ੁਰੂ ਕਰ ਦਿੱਤੀ ਅਤੇ ਇਨ੍ਹਾਂ ਨੂੰ ਲੋਕਾਂ ਦੀ ਹਰਮਨਪਿਆਰੀ ਸਹਿਮਤੀ ਦੇ ਨਾਲ ਵਿਧਾਨਕ ਮਾਨਤਾ ਵੀ ਮਿਲ ਗਈ। ਲੈਨਿਨ ਸਮਝ ਰਹੇ ਸਨ ਕਿ ਇਹ ਨਵੀਂ ਹਾਲਤ ਮਜ਼ਦੂਰਾਂ ਦੀ ਬਣਾਈ ਹੋਈ ਹੈ। ਇਹ ਉਨ੍ਹਾਂ ਦੀ ਖੋਜ ਸੀ। ਅਪ੍ਰੈਲ 1917 ਵਿਚ ਲੈਨਿਨ ਲਿਖਦੇ ਹਨ ਕਿ "ਸਾਡੇ ਇਨਕਲਾਬੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹਨੇ ਦੋਹਰੀ ਹਕੂਮਤੀ ਵਿਵਸਥਾ ਲਿਆਉਣ ਦਾ ਕੰਮ ਕੀਤਾ ਹੈ।

ਇਸ ਸੱਚਾਈ ਨੂੰ ਸਵੀਕਾਰ ਕਰਨਾ ਬਹੁਤ ਜ਼ਰੂਰੀ ਹੈ। ਜਦੋਂ ਤੱਕ ਇਹਨੂੰ ਸਮਝਿਆ ਨਹੀਂ ਜਾਂਦਾ ਅਸੀਂ ਅੱਗੇ ਨਹੀਂ ਵਧ ਸਕਦੇ ਸਾਨੂੰ ਪੁਰਾਣੇ ਸਿਧਾਤਾਂ ਨੂੰ ਬਦਲਣਾ ਅਤੇ ਉਹਨੂੰ ਲਾਗੂ ਕਰਨਾ ਆਉਣਾ ਚਾਹੀਦਾ ਹੈ।" ਇਸ ਤੋਂ ਪਹਿਲਾਂ ਕਿਸੇ ਵੀ ਅਜਿਹੀ ਦੋਹਰੀ ਪ੍ਰਣਾਲੀ (ਭਾਵ ਹੇਠਾਂ ਹੋਰ ਲੋਕਾਂ ਦੀਆਂ ਸੋਵੀਅਤਾਂ ਦੀ ਉਸਾਰੀ ਦਾ ਢਾਂਚਾ ਉਪਰ ਕੁਲੀਨ ਵਰਗ ਦੇ ਕਰੈਂਸਕੀ ਦੀ ਹਕੂਮਤ) ਸਬੰਧੀ ਸੋਚਿਆ ਹੀ ਨਹੀਂ ਸੀ। ਜਿਹਦਾ ਮਤਲਬ ਕਿ ਕਿਸੇ ਰਾਜ ਨੂੰ ਜਾਂ ਪ੍ਰਬੰਧ ਨੂੰ ਬੁਨਿਆਦੀ ਤਬਦੀਲੀ ਦੇਣ ਵਾਲੀ ਤਾਕਤ ਫੋਰਸ (ਭਾਵੇਂ ਪਾਰਟੀ) ਨੂੰ ਰੱਟੇ ਲਾਏ ਮੰਤਰਾਂ ਨਾਲ ਕੰਮ ਨਹੀਂ ਸਾਰਨਾ ਚਾਹੀਦਾ, ਹਾਲਤਾਂ ਮੁਤਾਬਕ ਨਵੀਆਂ ਹਾਲਤਾਂ ਵਿਚ ਨਵੇਂ ਪੈਂਤੜੇ ਦਾਅਪੇਚ ਘੜਨੇ ਪੈਂਦੇ ਹਨ ਅਤੇ ਚਾਹੀਦੇ ਹਨ। ਨਹੀਂ ਤਾਂ ਇਤਿਹਾਸ ਅਜਿਹੀਆਂ ਤਾਕਤਾਂ ਨੂੰ ਨਿਪੁੰਸਕ ਬਣਾ ਕੇ ਸੁੱਟ ਦਿੰਦਾ ਹੈ ਜਾਂ ਫਿਰ ਜੜ੍ਹਤਾ ਦੇ ਖੂਹ ਵਿੱਚ।

ਦੋਹਰੀ ਵਿਵਸਥਾ ਨੂੰ ਸਮਝਣ ਵਾਲਾ ਹੈ। ਮਜ਼ਦੂਰ ਉਸ ਅਸਥਾਈ ਸਰਕਾਰ ਦੀ ਹਕੂਮਤ ਨੂੰ ਸਵੀਕਾਰ ਕਰ ਸਕਦੇ ਸਨ ਜਿਹਦੀ ਅਗਵਾਈ ਕਰੈਂਸ਼ਕੀ ਅਤੇ ਉਥੋਂ ਦੀ ਪੂੰਜੀਪਤੀ ਜਮਾਤ ਕਰ ਰਹੀ ਸੀ। ਮਜ਼ਦੂਰਾਂ ਨੇ ਹੇਠਾਂ ਫੌਜੀਆਂ ਤੇ ਕਿਸਾਨਾਂ ਨੂੰ ਲੈ ਕੇ ਡਿਪਟੀਜ਼ ਦੀ ਚੋਣ ਕਰ ਲਈ ਸੀ। ਭਾਵ ਸੰਸਦ ਮਜ਼ਦੂਰ ਜਮਾਤ ਅਤੇ ਕਿਸਾਨਾਂ ਦੀ ਸੀ ਨਾ ਕਿ ਵਪਾਰੀਆਂ ਸਨਅਤਕਾਰਾਂ ਅਤੇ ਉਨ੍ਹਾਂ ਦੇ ਸੇਵਕ ਵਰਗ ਦੀ। 1971 ਦੇ ਪੈਰਿਸ ਕਮਿਊਨ ਨਾਲੋਂ ਇਹ ਹਾਲਤ ਭਿੰਨ ਸੀ ਅਤੇ ਉਹਦਾ ਅਗਲੇਰਾ ਰੂਪ ਵੀ ਸੀ। ਇਥੇ ਇਕ ਗੱਲ ਹੋਰ ਜਿਹੜੀ ਉਹ ਨਹੀਂ ਜਾਣਦੇ ਸਨ ਉਹ ਇਹ ਸੀ ਕਿ ਇਸ ਤਰ੍ਹਾਂ ਦੀ ਹਕੂਮਤ ਦੇ ਇਕ ਹੋਰ ਪੁਰਖੇ ਵੀ ਸਨ–ਮਿਸਾਲ ਵਜੋਂ ਬ੍ਰਾਜੀਲ ਵਿਚ ਗੁਲਾਮਾਂ ਦੇ ਵਿਦਰੋਹ ਪਿਛੋਂ ਉਨ੍ਹਾਂ ਵਲੋਂ ਤਿਆਰ ਕੀਤਾ ਗਿਆ ਕਮਿਊਨ। ਇਹ ਸਾਰੀਆਂ ਮਜ਼ਦੂਰ ਇਤਿਹਾਸ ਦੀਆਂ ਉਹ ਉਦਾਹਰਣਾਂ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੇ ਢੰਗ ਨਾਲ ਇਜ਼ਾਦ ਕੀਤਾ ਸੀ–ਜਿਹੜੀਆਂ ਅਕਸਰ ਜਮਹੂਰੀ ਹੋਣ ਦੇ ਨਾਲ ਨਾਲ ਸੰਪਤੀ ਦੇ ਮਾਲਕਾਂ ਦੇ ਤੰਤਰ ਦੇ ਵਿਰੁੱਧ ਸਨ।

ਇਸ ਤੋਂ ਵੀ ਵੱਧ ਮਹੱਤਵ ਵਾਲੀ ਗੱਲ ਇਹ ਸੀ ਕਿ ਮਜ਼ਦੂਰਾਂ ਨੂੰ ਲੈਨਿਨ ਵਰਗਾ ਦੂਰਦਰਸ਼ੀ ਆਗੂ ਮਿਲ ਗਿਆ ਸੀ। ਜਿਹੜਾ ਫੈਕਟਰੀਆਂ ਤੋਂ ਲੈ ਕੇ ਗਲੀਆਂ ਤੱਕ ਦੀ ਚਲਣ ਵਾਲੀਆਂ ਸਰਗਰਮੀਆਂ ਉਤੇ ਤਿੱਖੀ ਨਜ਼ਰ ਰੱਖ ਰਿਹਾ ਸੀ। ਅਪ੍ਰੈਲ 17 ਵਿਚ ਉਨ੍ਹਾਂ ਨੇ ਜਿਹੜਾ ਮੁੱਦਾ ਉਠਾਇਆ ਸੀ ਉਹ ਇਕ ਘੱਟ ਗਿਣਤੀ ਵਰਗ ਵਲੋਂ ਸੱਤਾ ਉਤੇ ਕਬਜ਼ਾ ਕਰਨ ਮਾਤਰ ਨਹੀਂ ਸੀ–ਜੇ ਅਜਿਹਾ ਹੁੰਦਾ ਤਾਂ ਇਹ ਇਕ ਹਰਮਨਪਿਆਰਤਾ ਤਖਤਾ ਪਲਟ ਨਾ ਹੁੰਦਾ। ਇਸ ਸਮੇਂ ਉਨ੍ਹਾਂ ਲਿਖਿਆ ਕਿ, "ਅਸੀਂ ਮਾਰਕਸਵਾਦੀ ਹਾਂ। ਅਸੀਂ ਪੈਟੀ ਬੁਰਜੂਆ ਨਸ਼ੇ, ਅੰਧਰਾਸ਼ਟਰਵਾਦੀ ਰੱਖਿਆਤਮਕ ਜ਼ਮਲੇਬਾਜ਼ੀ ਅਤੇ ਬੁਰਜੂਆ ਵਰਗ ਉਤੇ ਨਿਰਭਰਤਾ ਦੇ ਵਿਰੁੱਧ ਸਰਵਗਥਾ ਦੇ ਵਰਗ ਸੰਘਰਸ਼ ਦੇ ਪੱਖ ਵਿਚ ਖਲੋਤੇ ਹਾਂ।" ਮਾਰਕਸਵਾਦੀਆਂ ਦਾ ਟੀਚਾ ਮਜ਼ਦੂਰਾਂ ਦੇ ਹਕੀਕੀ ਅਨੁਭਵ ਨੂੰ ਵਿਕਸਤ ਕਰਨਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਅਜਿਹਾ ਏਜੰਡਾ ਅਪਣਾਉਣਾ ਚਾਹੀਦਾ ਹੈ ਜਿਸ ਨਾਲ ਮਜ਼ਦੂਰਾਂ ਦੀ ਅਗਵਾਈ ਵਾਲੀ ਸੱਤਾ ਸਮਾਜ ਦੀ ਸੱਤਾ 'ਚ ਆ ਸਕੇ।

ਮੁੱਖ ਤੌਰ 'ਤੇ ਇਹੋ ਉਹ ਏਜੰਡਾ ਸੀ ਜਿਹੜਾ ਅਕਤੂਬਰ ਵਿਚ ਵਿਉਂਤਿਆ ਗਿਆ ਸੀ ਜਦੋਂ ਦੂਸਰਾ ਇਨਕਲਾਬ ਫੁੱਟ ਪਿਆ ਜਿਹਨੂੰ ਮਹਾਨ ਰੂਸੀ ਇਨਕਲਾਬ ਦੀ ਪਹਿਚਾਨ ਮਿਲੀ। ਇਹ ਸੋਵੀਅਤਾਂ ਦੀ ਸੱਤਾ ਉਤੇ ਕਬਜ਼ਾ ਸੀ ਜਿਹਨੇ ਬੁਰਜੂਆ ਸੰਸਦ (ਡੂੰਮਾਂ) ਨੂੰ ਖਾਰਜ ਕਰ ਦਿੱਤਾ ਅਤੇ ਆਪਣੇ ਆਪ ਨੂੰ ਸਮਾਜ ਦੇ ਸੰਚਾਲਕ ਦੇ ਤੌਰ 'ਤੇ ਨਿਯੁਕਤ ਕੀਤਾ ਲੈਨਿਨ ਜਦੋਂ ਪੀਟਰੋਗਾਰਡ ਸੋਵੀਅਤ ਵਿਚ ਸੱਤਾ ਉਤੇ ਕਬਜ਼ੇ ਦੇ ਸਮਾਰੋਹ ਵਿਚ ਹਿੱਸਾ ਲੈਣ ਗਏ। ਉਨ੍ਹਾਂ ਨੇ ਆਪਣੇ ਕਾਮਰੇਡ ਮਜ਼ਦੂਰਾਂ ਨੂੰ ਪੁੱਛਿਆ, ਇਸ ਇਨਕਲਾਬ ਦਾ ਮਹੱਤਵ ਕੀ ਹੈ?" ਇਸ ਦਾ ਸਭ ਤੋਂ ਵੱਡਾ ਮਹੱਤਵ ਇਹ ਹੈ ਕਿ ਸਾਡੇ ਕੋਲ ਇਕ ਸੋਵੀਅਤ ਸਰਕਾਰ ਹੋਵੇਗੀ। ਸੱਤਾ ਦਾ ਸਾਡਾ ਆਪਣਾ ਤੰਤਰ, ਜਿਸ ਵਿਚ ਬੁਰਜੂਆਜੀ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਹਿੱਸੇਦਾਰੀ ਨਹੀਂ ਹੋਵੇਗੀ। ਲੁੱਟੀਂਦੇ ਵਰਗ ਆਪਣੇ ਆਪ ਖੁਦ ਆਪਣੀ ਸੱਤਾ ਦਾ ਨਿਰਮਾਣ ਕਰ ਲੈਣਗੇ। ਪੁਰਾਣੇ ਰਾਜ ਤੰਤਰ ਦੀ ਨੀਂਹ ਹਿੱਲ ਜਾਵੇਗੀ ਅਤੇ ਇਕ ਪ੍ਰਸ਼ਾਸਨਿਕ ਢਾਂਚਾ ਸੋਵੀਅਤ ਸੰਗਠਨ ਦੇ ਰੂਪ ਵਿਚ ਉਹਦੀ ਥਾਂ ਲੈ ਲਵੇਗਾ। ਪੁਰਾਣਾ ਢਾਂਚਾ ਆਪਣੇ ਆਪ ਖਿੰਡ ਜਾਵੇਗਾ ਅਤੇ ਸੋਵੀਅਤ ਸੰਗਠਨਾਂ ਦੇ ਤੌਰ 'ਤੇ ਇਕ ਨਵਾਂ ਪ੍ਰਸ਼ਾਸਨਿਕ ਤੰਤਰ ਦੀ ਸਥਾਪਨਾ ਹੋਵੇਗੀ।"

ਸੋ 1917 ਦੇ ਇਨਕਲਾਬ ਦੇ ਰੂਸ ਨੂੰ ਇਕ ਨਵਾਂ ਮੁਹਾਂਦਰਾ ਦਿੱਤਾ। ਭਿਆਨਕ ਗਰੀਬੀ ਅਤੇ ਆਰਥਿਕ ਤੌਰ 'ਤੇ ਮੰਦਹਾਲ ਦੇਸ਼ ਤੋਂ ਸੋਵੀਅਤ ਸਮਾਜਵਾਦੀ ਗਣਤੰਤਰ ਸੰਘ (ਯੂ.ਐਸ.ਐਸ.ਆਰ.) ਨੇ ਇਕ ਦਹਾਕੇ ਵਿਚ ਹੀ ਅਹਿਮ ਸਥਾਨ ਹਾਸਲ ਕਰ ਲਿਆ। ਇਨਕਲਾਬ ਹੁੰਦਿਆਂ ਹੀ ਪਹਿਲਾਂ ਇਹ ਕਦਮ ਉਠਾਇਆ ਕਿ ਇਸ ਦੇਸ਼ ਨੇ ਪਹਿਲੀ ਸੰਸਾਰ ਜੰਗ ਨੂੰ ਆਪਣੇ ਨਾਲੋਂ ਅਲਿਹਦਾ ਕਰ ਲਿਆ। ਦੂਸਰਾ ਜਿਥੇ ਪੂੰਜੀਵਾਦੀ ਤਾਕਤਾਂ ਦੇ ਹਮਲਿਆਂ ਦਾ ਸਾਹਮਣਾ ਕੀਤਾ, ਉਥੇ ਦੇਸ਼ ਦੇ ਸਨਅਤੀ ਤੇ ਖੇਤਰ ਦੀ ਸਮਰੱਥਾ ਦੀ ਉਸਾਰੀ ਕੀਤੀ। ਨਵਾਂ ਯੂ. ਐਸ. ਐਸ. ਆਰ. ਘੋਰ ਪਛੜੇਪਨ ਤੋਂ ਆਰਥਿਕ ਸਮਾਜਿਕ ਅਮੀਰੀ ਦੇ ਵੱਲ ਵਧਣ ਲੱਗਾ। ਇਸੇ ਦੌਰ 'ਤੇ ਫੇਰ ਸਾਰੇ ਵਿਦੇਸ਼ੀਆਂ ਨੇ ਨਵੇਂ ਸਮਾਜਵਾਦੀ ਰੂਸ ਦਾ ਦੌਰਾ ਕੀਤਾ ਅਤੇ ਵੇਖ ਕੇ ਦੰਗ ਰਹਿ ਗਏ ਕਿ ਜਾਰ ਵਾਲੇ ਰੂਸ ਨਾਲੋਂ ਅੱਜ ਭਾਵ 1927 ਦਾ ਸਮਾਜਵਾਦੀ ਸਮਾਜਿਕ ਪੱਖੋਂ ਪੂੰਜੀਵਾਦੀ ਦੇਸ਼ਾਂ ਨਾਲੋਂ ਵੀ ਅਮੀਰ ਹੈ। ਰਾਜ ਭਾਗ ਚਲਾਉਣ ਵਾਲੇ ਭਾਵ ਬਾਲਸ਼ਵਿਕ ਮੁੱਖ ਤੌਰ 'ਤੇ ਗਰੀਬ ਮਿਹਨਤਕਸ਼ ਪਰਿਵਾਰਾਂ ਤੇ ਕਿਸਾਨੀ 'ਚੋਂ ਹੀ ਆਉਂਦੇ ਸਨ। ਆਮ ਲੋਕ ਦੇਸ਼ ਦੀ ਅਗਵਾਈ ਕਰ ਰਹੇ ਸਨ। ਜਿਹੜੇ ਰੂਸ ਵਿਚ 1897 ਦੀ ਜਨਗਣਨਾ ਮੁਤਾਬਕ ਇਕ ਤਿਹਾਈ ਤੋਂ ਵੀ ਘੱਟ ਲੋਕ ਪੜ੍ਹੇ ਲਿਖੇ ਸਨ ਅਤੇ ਔਰਤਾਂ ਸਿਰਫ਼ 13 ਫੀਸਦੀ ਹੀ ਪੜ੍ਹੀਆਂ ਲਿਖੀਆਂ ਸਨ ਉਸ ਸਮਾਜਵਾਦੀ ਰੂਸ ਵਿਚ 1937 ਤੱਕ ਆਦਮੀ 86 ਫੀਸਦੀ ਅਤੇ ਔਰਤਾਂ 65 ਫੀਸਦੀ ਤੱਕ ਪੜ੍ਹ ਗਈਆਂ ਸਨ। ਭਾਵ ਰੂਸੀ ਇਨਕਲਾਬ ਪਿਛੋਂ ਪਹਿਲੇ ਕੰਮਾਂ 'ਚੋਂ ਇਹ ਹੀ ਹੱਥ ਲਿਆ ਗਿਆ ਕਿ ਹਰ ਇਕ ਲਈ ਵਿਦਿਆ ਦੀ ਜ਼ਿੰਮੇਵਾਰੀ ਰਾਜ ਦੀ ਹੈ। ਇਥੇ ਹੀ ਨਹੀਂ ਸਮਾਜਵਾਦੀ ਰੂਸ ਵਿਚ ਖੇਤਰੀ ਤੇ ਸਥਾਨਕ ਭਾਸ਼ਾਵਾਂ ਵਿਚ ਵਿਦਿਆ ਦੇਣ ਨੂੰ ਪਹਿਲ ਦਿੱਤੀ ਗਈ ਨਾ ਕਿ ਰੂਸੀ ਭਾਸ਼ਾ ਥੋਪੀ ਗਈ। ਜਿਵੇਂ ਸਾਡੇ ਦੇਸ਼ ਵਿਚ 1947 ਤੋਂ ਪਿਛੋਂ ਹਿੰਦੀ ਨੂੰ ਥੋਪ ਕੇ ਬਹੁਤ ਸਾਰੀਆਂ ਸਥਾਨਕ ਤੇ ਖੇਤਰੀ ਭਾਸ਼ਾਵਾਂ ਦਾ ਗਲਾ ਘੁੱਟ ਦਿੱਤਾ ਗਿਆ ਹੈ ਤੇ ਘੁੱਟਿਆ ਜਾ ਰਿਹਾ ਹੈ। ਖੁਦ ਹਿੰਦੀ ਵੀ ਸੰਸਕ੍ਰਿਤੀ ਦੀ ਭੇਂਟ ਚੜ੍ਹ ਗਈ ਹੈ। ਦੂਸਰਾ ਕੰਮ ਸੀ ਲੋਕਾਂ ਦੀ ਸਿਹਤ ਦਾ ਇਹ ਜ਼ਿੰਮੇਵਾਰੀ ਵੀ ਰਾਜ ਨੇ ਆਪਣੇ ਸਿਰ ਲਈ ਕਿ ਸਮਾਜਵਾਦੀ ਰੂਸ ਦੇ ਹਰ ਨਾਗਰਿਕ ਨੂੰ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਮੁਫ਼ਤ ਸਿਹਤ ਸਹੂਲਤ ਜਾਂ ਸਿਹਤ ਦੀ ਦੇਖਭਾਲ ਦੀ ਜ਼ਿੰਮੇਵਾਰੀ ਰਾਜ ਦੀ ਹੋਵੇਗੀ। ਇਹਦੇ ਨਾਲ ਹੀ ਹਰ ਇਕ ਲਈ ਉਹਦੀ ਸਮਰਥਾ ਮੁਤਾਬਕ ਕੰਮ ਅਤੇ ਉਹਦੀ ਲੋੜ ਮੁਤਾਬਕ ਮਿਹਨਤਾਨਾ ਕਰਾਉਣ ਦੀ ਜ਼ਿੰਮੇਵਾਰੀ ਵੀ ਰਾਜ ਨੇ ਹੀ ਓਟੀ। ਇਹ ਪਹਿਲੀ ਵਾਰ ਸੀ ਕਿ ਰਾਜ ਨੇ ਸਨਅਤ ਅਤੇ ਖੇਤੀ ਦੇ ਵਿਕਾਸ ਲਈ ਕਿਸੇ ਬਾਹਰੀ ਦੇਸ਼ ਤੋਂ ਤਕਨੀਕ ਲੈਣ ਨਾਲੋਂ ਖੁਦ ਸਵੈ ਨਿਰਭਰ ਹੋਣ ਨੂੰ ਪਹਿਲੀ ਦਿੱਤੀ। ਇਉਂ ਸਨਅਤੀ ਹੀ ਨਹੀਂ ਖੋਜਾਂ ਦੇ ਕਾਰਜਾਂ ਵਿਚ ਵੀ ਅਤੇ ਉਹ ਵੀ ਵਿਗਿਆਨ ਅਤੇ ਤਕਨਾਲੋਜੀ ਦੇ ਹਰ ਖੇਤਰ ਵਿਚ ਆਤਮ ਨਿਰਭਰਤਾ ਦੀ ਮਿਸਾਲੀ ਸਮਰੱਥਾ ਵਿਕਸਿਤ ਕਰਕੇ ਪੂੰਜੀਵਾਦੀ ਦੇਸਾਂ ਨੂੰ ਵੀ ਹੈਰਾਨ ਕਰ ਦਿੱਤਾ।

70 ਸਾਲ ਦੀ ਨਿੱਕੀ ਜਿਹੀ ਉਮਰ ਹੰਢਾਉਣ ਮਗਰੋਂ ਦੁਨੀਆਂ ਦਾ ਇਹ ਬਿਹਤਰੀਨ ਰਾਜ ਅਤੇ ਸਮਾਜ ਕਿਉਂ ਢਹਿ ਢੇਰੀ ਹੋ ਗਿਆ ਇਹ ਸਵਾਲ ਇਕ ਅਲੱਗ ਵਿਸ਼ਾ ਹੈ ਪਰ ਇਕ ਗੱਲ ਸਾਫ਼ ਹੈ ਕਿ ਸਿਰਫ਼ ਤੇ ਸਿਰਫ਼ ਕਮਿਊਨਿਸਟ ਸਿਧਾਂਤ ਹੀ ਹੈ ਜਿਹੜਾ ਪੂੰਜੀਵਾਦ ਵਰਗੀ ਗਲੀ ਸੜੀ ਅਤੇ ਮਨੁੱਖਤਾ ਵਿਰੋਧੀ ਅਤੇ ਮਾਨਵਤਾ ਉਤੇ ਬੋਝ ਬਣੇ ਪ੍ਰਬੰਧ ਦੀ ਥਾਂ ਇਕ ਬੇਹਤਰੀਨ ਅਤੇ ਮਨੁੱਖਤਾ ਦੇ ਵਿਕਾਸ ਵਾਲਾ ਸਮਾਜ ਤੇ ਰਾਜ ਮੁਹੱਈਆ ਕਰ ਸਕਦਾ ਹੈ ਅਤੇ ਇਕ ਨਿਰੋਆ ਅਤੇ ਮਾਨਵਤਾ ਦੇ ਉਚੇਰੇ ਆਦਰਸ਼ਾਂ ਵਾਲਾ ਸਮਾਜ ਸਿਰਜਨ ਦੀ ਸਮਰੱਥਾ ਰੱਖਦਾ ਹੈ।

ਰੂਸੀ ਇਨਕਲਾਬ ਦਾ ਬਸਤੀਵਾਦ ਵਿਰੋਧੀ ਲਹਿਰਾਂ ਨੂੰ ਸੰਦੇਸ਼ – ਜਿੱਤ ਯਕੀਨੀ ਹੈ।

ਜਦੋਂ ਰੂਸੀ ਇਨਕਲਾਬ ਚਲ ਰਿਹਾ ਸੀ ਤਾਂ ਦੁਨੀਆਂ ਭਰ ਵਿਚ ਮਜ਼ਦੂਰ ਲਹਿਰ ਦਾ ਜਬਰਦਸਤ ਬੋਲਬਾਲਾ ਸੀ ਕਿਉਂਕਿ ਧਰਤੀ ਦਾ ਵਧੇਰੇ ਹਿੱਸਾ ਬਰਤਾਨਵੀ ਬਸਤੀਵਾਦ ਦੇ ਅਧੀਨ ਸੀ ਅਤੇ ਬਸਤੀਆਂ ਵਿਚ ਸਾਮਰਾਜਵਾਦ ਵਿਰੋਧੀ ਲੋਕਾਂ ਦਾ ਸੰਘਰਸ਼ ਵੀ ਤਿੱਖੇ ਰੂਪ 'ਚ ਚਲ ਰਹੇ ਸਨ। ਰੂਸੀ ਇਨਕਲਾਬ ਨੇ ਪਹਿਲਾ ਸੰਦੇਸ਼ ਦੁਨੀਆਂ ਭਰ ਦੇ ਲੜ ਰਹੇ ਲੋਕਾਂ ਨੂੰ ਇਹ ਦਿੱਤਾ ਕਿ – 'ਜਿੱਤ ਹੋ ਸਕਦੀ ਹੈ।' ਜਿੱਤ ਯਕੀਨੀ ਹੈ। ਦੁਨੀਆਂ ਭਰ ਦੀਆਂ ਲਹਿਰਾਂ ਲਈ ਇਕ ਹੁੰਗਾਰਾ ਇਕ ਤਾਕਤ ਦੀ ਦਵਾਈ ਵਰਗਾ ਸੀ। ਪ੍ਰਭਾਵਿਤ ਤਾਂ ਰੂਸ ਦੇ 1905 ਦੇ ਇਨਕਲਾਬ ਨੇ ਵੀ ਕੀਤਾ ਸੀ ਪਰ ਅਕਤੂਬਰ 1917 ਦੇ ਇਨਕਲਾਬ ਅਤੇ ਇਨਕਲਾਬ ਪਿਛੋਂ ਹੋਂਦ 'ਚ ਆਈ ਸਮਾਜਵਾਦੀ ਸਰਕਾਰ ਨੇ ਤਾਂ ਮਜ਼ਦੂਰਾਂ ਕਿਸਾਨਾਂ ਵਿਚ ਇਹ ਵਿਸ਼ਵਾਸ ਪੱਕਾ ਕਰ ਦਿੱਤਾ ਕਿ ਨਾ ਸਿਰਫ਼ ਜਿੱਤਿਆ ਜਾ ਸਕਦਾ ਹੈ ਸਗੋਂ ਇਕ ਨਿਰੋਆ ਪ੍ਰਬੰਧ ਵੀ ਦਿੱਤਾ ਜਾ ਸਕਦਾ ਹੈ। ਰੂਸੀ ਸਮਾਜਵਾਦੀ ਮਾਡਲ ਨੂੰ ਇਕ ਆਦਰਸ਼ ਦੇ ਰੂਪ ਵਿਚ ਇਨ੍ਹਾਂ ਬਸਤੀਵਾਦੀ ਲਹਿਰਾਂ ਨੇ ਅਪਣਾਇਆ। ਉਧਰ ਪੂੰਜੀਵਾਦੀ ਵਿਸ਼ਵ ਲਈ ਇਕ ਨਵੇਂ ਸਮਾਜਵਾਦੀ ਮਾਡਲ ਦੇ ਮੁਕਾਬਲੇ ਉਤੇ ਆਉਣ ਨਾਲ ਜਿਥੇ ਉਹਦੇ ਅੰਦਰਲੀ ਘਬਰਾਹਟ ਵਧੀ, ਉਥੇ ਉਹਨੇ ਇਸ ਨੂੰ ਚੱਤਰਫਿਊ ਘੇਰਨ ਅਤੇ ਖਤਮ ਕਰਨ ਲਈ ਅੰਦਰੋਂ ਅਤੇ ਬਾਹਰੋਂ ਕਈ ਤਰ੍ਹਾਂ ਦੇ ਹਮਲੇ ਵਿੱਢੇ। ਸਾਮਰਾਜੀ ਪੂੰਜੀ ਦੇ ਇਨ੍ਹਾਂ ਹਮਲਿਆਂ ਤੋਂ ਰੂਸੀ ਸਮਾਜਵਾਦੀ ਚੰਗੀ ਤਰ੍ਹਾਂ ਜਾਣੂ ਸਨ ਅਤੇ ਉਨ੍ਹਾਂ ਨੇ ਇਹ ਪਹਿਲਾਂ ਹੀ ਮਹਿਸੂਸ ਕੀਤਾ ਸੀ ਕਿ ਦੁਨੀਆਂ ਵਿਚ ਹੋਰਾਂ ਦੇਸ਼ਾਂ ਵਿਚ ਜੇ ਇਨਕਲਾਬ ਨਹੀਂ ਹੁੰਦੇ ਤਾਂ ਉਨ੍ਹਾਂ ਲਈ ਸਥਿਰ ਰਹਿਣਾ ਇਕ ਚੁਣੌਤੀ ਹੈ। ਇਹੀ ਕਾਰਨ ਕਿ ਰੂਸੀ ਸਮਾਜਵਾਦੀਆਂ ਨੇ ਸਭ ਤੋਂ ਪਹਿਲਾਂ ਜਰਮਨੀ ਜਿਥੇ ਮਜ਼ਦੂਰ ਲਹਿਰ ਸਭ ਤੋਂ ਤਾਕਤਵਰ ਸੀ, ਨੂੰ ਇਨਕਲਾਬ ਕਰਨ ਦਾ ਸਹਿਯੋਗ ਦਿੱਤਾ ਪਰ ਜਦੋਂ ਜਰਮਨੀ ਇਨਕਲਾਬ ਦੀ ਉਮੀਦ ਖਤਮ ਹੋ ਗਈ ਤਾਂ ਫਿਰ ਬਸਤੀਆਂ ਵਿਚ ਚਲ ਰਹੀਆਂ ਲਹਿਰਾਂ ਨੂੰ ਸਹਿਯੋਗ ਦੇਣ ਦੀ ਵਿਉਂਤ ਉਲੀਕੀ। 1919 ਵਿਚ ਕੌਮੀਨਟਰਨ ਦੀ ਸਥਾਪਨਾ ਦਾ ਮੰਤਵ ਇਹੋ ਸੀ ਕਿ ਪੂਰੀ ਦੁਨੀਆਂ ਵਿਚ ਕਮਿਊਨਿਸਟ ਸਿਧਾਂਤ ਦਾ ਪ੍ਰਚਾਰ ਕਰਨਾ ਅਤੇ ਸਥਾਪਤ ਕਰਨਾ। ਕੌਮਿਨਟਰਨ ਵਿਚ ਦੁਨੀਆਂ ਦੇ ਹਰ ਦੇਸ਼ ਦੇ ਲੜਾਕੂ ਇਨਕਲਾਬੀਆਂ ਸਮਾਜਵਾਦੀਆਂ ਨੂੰ ਜੋੜਨ ਦੀ ਕੋਸ਼ਿਸ਼ ਕੀਤੀ। ਇਸ ਵਿਆਪਕ ਕੌਮਾਂਤਰੀ ਤਾਲਮੇਲ ਨੇ ਬਸਤੀਵਾਦੀ ਵਿਰੋਧੀ ਅੰਦੋਲਨ ਨੂੰ ਨਾ ਸਿਰਫ਼ ਵਿਸ਼ਾਲ ਕੀਤਾ ਸਗੋਂ ਨਵੀਂ ਊਰਜਾ ਅਤੇ ਨਵੀਂ ਸੇਧ ਵੀ ਦਿੱਤੀ। ਪੁਰਾਣੀ ਪੀੜ੍ਹੀ ਜਿਸ ਟੀਚੇ ਨੂੰ ਲੈ ਕੇ ਚਲ ਰਹੀ ਸੀ, ਇਸ ਦੀ ਸਥਾਪਨਾ ਨੇ ਨਵੀਂ ਪੀੜ੍ਹੀ ਸਾਹਮਣੇ ਨਵੇਂ ਟੀਚੇ ਅਤੇ ਨਵੇਂ ਆਦਰਸ਼ ਰੱਖੇ। ਬਸਤੀਵਾਦੀ ਲਹਿਰਾਂ ਦਾ ਸਰੂਪ ਹੀ ਤਬਦੀਲ ਹੋ ਗਿਆ। ਰੂਸ (ਯੂ.ਐਸ.ਐਸ.ਆਰ.) ਵਿਸ਼ਵ ਦੀਆਂ ਲਹਿਰਾਂ ਦੇ ਮੱਕੇ ਦੇ ਰੂਪ ਵਿਚ ਸਾਹਮਣੇ ਆਇਆ। ਸਮਾਜਵਾਦੀ ਰੂਸ ਤੋਂ ਨਾ ਸਿਰਫ਼ ਕਮਿਊਨਿਸਟਾਂ ਅਤੇ ਇਨਕਲਾਬੀਆਂ ਨੂੰ ਊਰਜਾ ਤੇ ਸੇਧ ਮਿਲੀ ਸਗੋਂ, ਬਸਤੀਆਂ ਵਿਚ ਮੁਕਤੀ ਲਈ ਲੜ ਰਹੇ ਆਦਰਸ਼ਵਾਦੀ ਬੁਰਜੂਆ ਆਗੂਆਂ ਨੂੰ ਵੀ ਪ੍ਰਭਾਵਿਤ ਕੀਤਾ। ਮਿਸਾਲ ਲਈ ਨਹਿਰੂ ਵਰਗੇ ਉਹਦੇ ਪ੍ਰਭਾਵ ਦੀ ਗਹਿਰੀ ਗ੍ਰਿਫ਼ਤ ਵਿਚ ਆਏ ਹੋਣ ਕਰਕੇ ਹੀ ਸੀ ਕਿ 1947 ਤੋਂ ਪਿਛੋਂ ਉਨ੍ਹਾਂ ਜਿਹੜਾ ਪਬਲਿਕ ਸੈਕਟਰ ਵਿਕਸਿਤ ਕਰਨ ਦਾ ਮਾਡਲ ਅਪਣਾਇਆ। ਇਹ ਰੂਸੀ ਸਮਾਜਵਾਦ ਦੀ ਨਕਲ ਹੀ ਸੀ।

ਇਸ ਨੇ ਪਹਿਲੀ ਵਾਰ ਰਾਜ ਦੀ ਚਲੀ ਆਉਂਦੀ ਪਰਿਭਾਸ਼ਾ ਤੇ ਜ਼ਿੰਮੇਵਾਰੀ ਨੂੰ ਰੇਖਾਂਕਿਤ ਕੀਤਾ ਕਿ ਰਾਜ ਦੀ ਜ਼ਿੰਮੇਵਾਰੀ ਲੋਕਾਈ ਪ੍ਰਤੀ ਉਨ੍ਹਾਂ ਦੇ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਵਿਕਾਸ ਪ੍ਰਤੀ ਕਿਹੋ ਜਿਹੇ ਹੋਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਪੂੰਜੀਪਤੀ ਭਾਵ ਸਾਮਰਾਜੀ ਪੂੰਜੀ ਸਾਹਮਣੇ ਸਰੋਤਾਂ ਦੀ ਲੁੱਟ ਘਸੁੱਟ ਨੂੰ ਬਰਕਰਾਰ ਰੱਖਣ ਲਈ ਰਾਜ ਦੇ ਵੱਧ ਤੋਂ ਵੱਧ ਜਾਬਰ ਹੋਣ ਦਾ ਸੰਕਲਪ ਸੀ। ਪਰ ਸੋਵੀਅਤ ਰੂਸ ਦੀ ਸਥਾਪਤੀ ਪਿਛੋਂ ਉਹਨਾਂ ਅੰਦਰ ਵੀ ਮਨੁੱਖੀ ਅਧਿਕਾਰਾਂ ਉਤੇ ਪਹਿਰਾ ਦੇਣ ਦੀ ਗੱਲ ਤੁਰੀ। ਸੋਵੀਅਤ ਰੂਸ ਨੇ ਮਨੁੱਖ ਨੂੰ ਕੇਂਦਰ 'ਚ ਰੱਖ ਕੇ ਜੋ ਰਾਜ ਦਾ ਸੰਕਲਪ ਦਿੱਤਾ। ਉਸ ਨੂੰ ਦੂਸਰੀ ਸੰਸਾਰ ਜੰਗ ਤੋਂ ਪਹਿਲਾਂ ਤੇ ਪਿਛੋਂ ਵਿਸ਼ੇਸ਼ ਕਰਕੇ ਬੁਰਜੂਆਜੀ ਨੂੰ ਅਪਣਾਉਣ ਲਈ ਮਜ਼ਬੂਰ ਹੋਣਾ ਪਿਆ। ਇਹ ਵੱਖਰੀ ਗੱਲ ਹੈ ਕਿ ਰੂਸ ਦੇ 1990 'ਚ ਢਹਿਢੇਰੀ ਹੋਣ ਪਿਛੋਂ ਦੁਨੀਆਂ ਭਰ 'ਚ ਫਿਰ ਤੋਂ ਰਾਜ ਦੇ ਵੱਧ ਤੋਂ ਵੱਧ ਜ਼ਾਬਰ ਹੋਣ ਦੇ ਰੂਪ ਨੇ ਨਾ ਸਿਰਫ਼ ਜ਼ੋਰ ਫੜਿਆ ਹੈ ਸਗੋਂ ਅਪਣਾ ਲਿਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਥੇ ਸੋਵੀਅਤ ਰੂਸ ਨੇ ਮਨੁੱਖਤਾ ਦੇ ਵਿਕਾਸ ਨੂੰ ਉਚਤਮ ਪੱਧਰ 'ਤੇ ਪਹੁੰਚਾ ਦਿੱਤਾ, ਜਿਥੇ ਔਰਤ ਦੀ ਸ਼ਖਸੀ ਆਜ਼ਾਦੀ ਤੇ ਹੈਸੀਅਤ ਨੂੰ ਮਿਸਾਲੀ ਪਹਿਚਾਣ ਦਿੱਤੀ, ਜਿਥੇ ਹਰ ਤਰ੍ਹਾਂ ਦੇ ਜਾਤ ਪਾਤੀ ਵੰਡ ਵਖਰੇਵਿਆਂ ਤੋਂ ਮੁਕਤ ਸਮਾਜ ਅਤੇ ਆਪਣੀਆਂ ਵੱਖਰੀਆਂ–ਵੱਖਰੀਆਂ ਪਹਿਚਾਨਾਂ ਦੇ ਹੁੰਦਿਆਂ ਇਕ ਉਚੇਰੇ ਸਮਾਜੀ ਆਦਰਸ਼ ਵਾਲੇ ਮਨੁੱਖ ਦੀ, ਸਿਹਤਮੰਦ ਅਤੇ ਬੌਧਿਕ ਤੌਰ 'ਤੇ ਸੰਪਨ ਮਨੁੱਖ ਦੀ ਸਿਰਜਨਾ ਕੀਤੀ, ਜਿਥੇ ਪੂੰਜੀਵਾਦ ਦੇ ਮੁਕਾਬਲੇਬਾਜ਼ੀ ਵਾਲੇ ਅਤੇ ਅਣਸਾਵੇਂ ਵਿਕਾਸ ਦੀ ਥਾਂ ਯੋਜਨਾਬੱਧ ਅਤੇ ਇਕਸਾਰ ਵਿਕਾਸ ਨੂੰ ਪਹਿਲ ਦੇ ਕੇ ਸਮਾਜਿਕ ਤੇ ਆਰਥਿਕ ਵਖਰੇਵਿਆਂ ਤੇ ਸਮੱਸਿਆਵਾਂ ਨੂੰ ਸਮੁੱਚੇ ਸਮਾਜ ਅਧੀਨ ਜ਼ਬਤਬੱਧ ਕੀਤਾ, ਉਥੇ ਕੁਝ ਕਮਜ਼ੋਰੀਆਂ ਅਤੇ ਮਜ਼ਬੂਰੀਆਂ ਨੇ ਵੀ ਉਹਦੀ ਹਾਰ ਦੇ ਕਾਰਨਾਂ ਵਿਚ ਭੂਮਿਕਾ ਨਿਭਾਈ। ਸੋਵੀਅਤ ਰੂਸ ਨੂੰ ਖੁਦ ਆਪਣੀ ਸੁਰੱਖਿਆ ਹਿੱਤ ਸਾਮਰਾਜੀ ਦੇਸ਼ਾਂ ਦੇ ਮੁਕਾਬਲੇ ਦਾ ਵਿਸ਼ਾਲ ਫੌਜੀ ਤੰਤਰ ਅਤੇ ਇਹਦੇ ਨਾਲ ਹੀ ਸਨਅਤੀ ਅਤੇ ਵਿਗਿਆਨਕ ਤਕਨਾਲੋਜੀ ਦਾ ਤੰਤਰ ਖੜ੍ਹਾ ਕਰਨਾ ਪਿਆ। ਕਿਉਂਕਿ ਪੂੰਜੀਵਾਦੀ ਪ੍ਰਬੰਧ ਆਪਣੇ ਵਿਸਥਾਰ ਲਈ ਫੌਜੀ ਤੇ ਯੁੱਧ ਸਮੱਗਰੀ ਉਤੇ ਹੀ ਟੇਕ ਰੱਖਦੀ ਹੈ, ਪਰ ਇਕ ਮਨੁੱਖੀ ਵਿਕਾਸ ਹਿਤੈਸੀ ਰਾਜ ਨੂੰ ਜਦੋਂ ਅਜਿਹੀ ਮਜ਼ਬੂਰੀ ਗ੍ਰਸ ਲਵੇ ਤਾਂ ਵਿਵਸਥਾ 'ਚ ਕੁਝ ਗੜਬੜੀਆਂ ਦਾ ਖੜਾ ਹੋਣਾ ਸੁਭਾਵਿਕ ਹੈ। ਬਹੁਤ ਸਾਰੀਆਂ ਹੋਰ ਵੀ ਸਮੱਸਿਆਵਾਂ ਸਨ–ਮਿਸਾਲ ਲਈ ਇਨਕਲਾਬ ਉਤੇ ਪਹਿਰਾ ਦਿੰਦਿਆਂ ਪੈਦਾਵਾਰ ਵਧਾਉਣ ਅਤੇ ਵਾਧਾ ਪੈਦਾਵਾਰ ਦੀ ਮੰਡੀ ਦਾ ਸਵਾਲ ਵੱਡੀ ਤੇ ਛੋਟੀ ਸਨਅਤ, ਖੇਤੀ ਤੇ ਸਨਅਤ ਦੇ ਤਾਲਮੇਲ, ਸਾਇੰਸ ਅਤੇ ਤਕਨਾਲੋਜੀ ਵਿਦਿਆ ਵਿਚ ਮਾਹਿਰ ਤੇ ਲਾਲ ਮਾਡਲ ਬਣਨ ਬਣਾਉਣ ਆਦਿ ਅਤੇ ਸਭ ਤੋਂ ਪ੍ਰਮੁੱਖ ਕਮਿਊਨਿਸਟ ਪਾਰਟੀ ਵਲੋਂ ਰਾਜ ਨੂੰ ਵਿਕਸਿਤ ਕਰਨ ਦੇ ਨਾਲ ਨਾਲ ਪਾਰਟੀ ਦੇ ਵਿਚਾਰਧਾਰਕ ਵਿਕਾਸ ਦਾ ਸਵਾਲ ਭਾਵ ਰਾਜ ਨੂੰ ਕੰਟਰੋਲ ਤੇ ਨਿਯਮਤ ਕਰਨ ਲਈ ਵਿਚਾਰਧਾਰਾ ਦੀ ਭੂਮਿਕਾ ਅਹਿਮ ਹੈ ਜਾਂ ਪਾਰਟੀ ਦੀ ਅਤੇ ਇਸ ਤੋਂ ਵੀ ਅੱਗੇ ਕਿ ਇਕ ਜਮਾਤ ਰਹਿਤ ਸਮਾਜ ਦੀ ਸਿਰਜਨਾ ਵੱਲ ਵਧਦਿਆਂ, ਮਨੁੱਖੀ ਪਾਰਟੀ ਕਾਰਕੁੰਨਾਂ ਤੇ ਅਹੁਦੇਦਾਰਾਂ, ਰਾਜਕੀ ਮਸ਼ੀਨਰੀ ਨੂੰ ਕੰਟਰੋਲ ਕਰਨ ਵਾਲੇ ਕਰਿੰਦਿਆਂ ਦਾ ਵਿਚਾਰਧਾਰਾ ਦੇ ਅਧੀਨ ਰਹਿਣਾ। ਭਾਵ ਸੱਤਾ, ਸਮਾਜ ਅਤੇ ਪਾਰਟੀ ਦਾ ਵਿਚਾਰਧਾਰਾ ਦੀ ਸਰਦਾਰੀ ਦੇ ਨਿਯਮ ਅਧੀਨ ਰਹਿਣਾ।


ਸੋਵੀਅਤ ਰੂਸ 'ਚ ਪਹਿਲਾਂ ਸਮਾਜਵਾਦੀ ਤਜਰਬਾ ਸੀ, ਉਹਦੇ ਕਈ ਬਹੁਮੁੱਲੇ ਹਾਂਪੱਖੀ ਤਜਰਬੇ ਹਨ। ਬੇਸ਼ੱਕ ਇਹ ਅੱਧੀ ਜਾਂ ਪੌਣੀ ਸਦੀ ਹੀ ਹੰਢਾ ਸਕਿਆ ਪਰ ਮਨੁੱਖੀ ਇਤਿਹਾਸ ਵਿਚ ਇਹ ਬਹੁਤ ਮਾਮੂਲੀ ਸਮਾਂ ਹੈ। ਬੁਰਜੂਆਜੀ ਵਲੋਂ ਉਹਦੇ ਪ੍ਰਤੀ ਨਾਂਪੱਖੀ ਕੂੜ ਪ੍ਰਚਾਰ ਕੀਤਾ ਤੇ ਕੀਤਾ ਜਾ ਰਿਹਾ ਹੈ। ਇਹ ਮਜ਼ਦੂਰ ਜਮਾਤ ਦੀ ਸ਼ਾਨਦਾਰ ਪ੍ਰਾਪਤੀ ਸੀ ਤੇ ਹੈ ਜਿਸ ਤੋਂ ਪੂੰਜੀਵਾਦ ਹਮੇਸ਼ਾ ਤ੍ਰਿਹੰਦਾ ਰਿਹਾ ਅਤੇ ਹੈ। ਮਜ਼ਦੂਰ ਜਮਾਤ ਦੀ ਅਗਵਾਈ ਹੇਠ ਬੇਸ਼ੱਕ ਇਹ ਅਲਪਕਾਲੀਨ ਰਾਜ ਦੀ ਸਥਾਪਨਾ ਹੋਈ ਪਰ ਇਸ ਨੇ ਮਨੁੱਖੀ ਇਤਿਹਾਸ ਵਿਚ ਇਕ ਅਮਿੱਟ ਛਾਪ ਛੱਡੀ ਅਤੇ ਇਹ ਯਕੀਨੀ ਵੀ ਬਣਾਇਆ ਕਿ ਅਜਿਹਾ ਸਮਾਜ ਸਿਰਜਨਾ ਸੰਭਵ ਹੈ ਜਿਹੜਾ ਸਿਰਫ਼ ਮਨੁੱਖਤਾ ਲਈ ਹੀ ਹੋਵੇ। ਮੁਨਾਫ਼ੇ ਹਿੱਤ ਰਾਜ ਤੇ ਸਮਾਜ ਜਿਹੜਾ ਮਾਨਵਤਾ ਦੇ ਵਿਕਾਸ ਦਾ ਦੁਸ਼ਮਣ ਹੈ ਤੋਂ ਮੁਕਤੀ ਸਿਰਫ਼ ਮਜ਼ਦੂਰ ਜਮਾਤ ਮਹਾਨ ਰੂਸੀ ਇਨਕਲਾਬੀ ਦੇ ਬਹੁਮੁੱਲੇ ਤਜਰਬੇ ਨਾਲ ਆਤਮਸਾਤ ਕਰਦਿਆਂ ਹੀ ਹਾਸਲ ਕਰ ਸਕਦੀ ਹੈ ਅਤੇ ਇਹ ਸੰਭਵ ਵੀ ਹੈ।

1991 ਵਿਚ ਸੋਵੀਅਤ ਰੂਸ ਦੀ ਹਕੂਮਤ ਕੁਲੀਨ ਤੰਤਰ ਦੇ ਹੱਥਾਂ 'ਚ ਜਾਣ ਪਿਛੋਂ; ਉਥੇ ਬਹੁਤ ਤੇਜ਼ੀ ਨਾਲ ਸਮਾਜਿਕ ਗਿਰਾਵਟ ਆਈ। ਬਰਤਾਨੀਆਂ ਦੇ ਇਕ ਡਾਕਟਰੀ ਖੇਤਰ ਦੇ ਮਾਹਿਰ ਰਸਾਲੇ ਦਾ ਲੈਸੇਂਟ ਨੇ ਅਨੁਮਾਨ ਲਾਇਆ ਸੀ ਕਿ "ਵਿਆਪਕ ਨਿੱਜੀਕਰਨ ਦੇ ਆਰਥਿਕ ਡਟਕੇ ਅਤੇ ਸ਼ਾਕ ਥਰੈਪੀ ਦੇ ਚਲਦਿਆਂ 10 ਲੱਖ ਰੂਸੀਆਂ ਦੀ 1891 ਤੋਂ 2001 ਦੇ ਦਹਾਕੇ ਵਿਚ ਮੌਤ ਹੋਈ। ਆਖਰੀ ਸਾਲਾਂ ਵਿਚ ਰੂਸ ਵਿਚ ਔਸਤ ਉਮਰ 65 ਸਾਲ ਸੀ ਪਰ ਇਕ ਦਹਾਕੇ ਪਿਛੋਂ 60 ਸਾਲ ਰਹਿ ਗਈ। ਗੈਰ ਬਰਾਬਰੀ, ਭੁੱਖਮਰੀ, ਰੁਜ਼ਗਾਰਹੀਣਤਾ ਨੇ ਫਿਰ ਪੈਰ ਪਸਾਰ ਲਏ। ਅਜੇ ਵੀ ਵਧੇਰੇ ਰੂਸੀ ਪੁਰਾਣੇ ਸੋਵੀਅਤ ਸਮਾਜਵਾਦੀ ਰੂਸ ਦੇ ਸੁਪਨੇ ਲੈਂਦੇ ਰਹਿੰਦੇ ਹਨ। ਅਪ੍ਰੈਲ 2005 ਵਿਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਸੀ, "ਸੋਵੀਅਤ ਰੂਸ ਦਾ ਪਤਨ "ਪਿਛਲੀ ਸਦੀ ਦੀ ਸਭ ਤੋਂ ਵੱਡੀ ਭੂਰਾਜਨੀਤਕ ਤਬਾਹੀ ਸੀ।"

ਬੇਸ਼ੱਕ ਇਹ ਸ਼ਬਦ ਉਹ ਰਹਿ ਰਿਹਾ ਹੈ ਜਿਹੜਾ ਤਬਾਹਗ੍ਰਸਤ ਰੂਸੀ ਰਾਜ ਤੇ ਸਮਾਜ ਦੇ ਸੰਚਾਲਨ 'ਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ ਪਰ ਹੈ ਹਕੀਕਤ, ਇਸ ਸਭ ਦੇ ਬਾਵਜੂਦ ਰੂਸੀ ਸਮਾਜਵਾਦੀ ਇਨਕਲਾਬ ਮਨੁੱਖੀ ਇਤਿਹਾਸ ਦੀ ਇਕ ਅਹਿਮ ਪ੍ਰਾਪਤੀ ਸੀ ਅਤੇ ਹੈ ਅਤੇ ਇਹ ਹਮੇਸ਼ਾ ਦੁਨੀਆਂ ਦੇ ਮਜ਼ਦੂਰਾਂ ਤੇ ਮਿਹਨਤਕਸ਼ ਵਰਗਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਿਆ ਰਹੇਗਾ। ਇਹ ਉਹ ਮਿਸਾਲ ਹੈ ਜਿਸ ਨੂੰ ਜਗਦੇ ਰੱਖਣਾ ਤੇ ਜਿਸ ਨੂੰ ਲੈ ਕੇ ਚਲਦਿਆਂ ਹੀ ਵਿਸ਼ਾਲ ਦੈਂਤ ਰੂਪੀ ਪੂੰਜੀਵਾਦ ਤੋਂ ਸਮੁੱਚੀ ਵਿਸ਼ਵ ਮਜ਼ਦੂਰ ਜਮਾਤ ਦੀ ਮੁਕਤੀ ਸੰਭਵ ਹੋ ਸਕਦੀ ਹੈ। ਰੂਸੀ ਸਮਾਜਵਾਦੀ ਇਨਕਲਾਬ ਅਮਰ ਹੈ ਅਤੇ ਅਮਰ ਰਹੇਗਾ। ਇਹ ਦੀਆਂ ਪ੍ਰਾਪਤੀਆਂ ਮਜ਼ਦੂਰ ਜਮਾਤ ਦੇ ਇਤਿਹਾਸ ਵਿਚ ਸੁਨਹਿਰੇ ਅੱਖਰਾਂ ਵਿਚ ਦਰਜ ਹਨ।

# Bhagat Singh Is Not the Man the Right Wants You to Think He Is

An excerpt from Revolutionary Passions shows that Bhagat Singh – who the Hindu Right tends to project as an antidote to the Congress and Gandhi – not only had close relations with Congress leaders, but was also critical of Hinduism.




Christophe Jaffrelot

"A branch of peepal tree is cut and religious feelings of the Hindus are injured. A corner of a paper idol, tazia of the idol-breaker Mohammedans is broken, and 'Allah' gets enraged, who cannot be satisfied with anything less than the blood of the infidel Hindus. Man should receive more attention than the beasts and yet, in India, people break their heads in the name of 'sacred beasts'."

In the mid 1920s, the Kakori Conspiracy Case left the revolutionary movement headless, as all its front-ranking leaders were arrested and sent to the gallows or to jail. The following generation of militants – who were to revive the movement – was of a different kind. The strongest personality in this group, Bhagat Singh, is proof of this. Born in Lyallpur, Punjab, to a Sikh family that came under the influence of the Arya Samaj and the Ghadr Party – his uncle Ajit Singh had been deported to Mandalay along with Lajpat Rai when he was a child – Bhagat Singh was trained at the National College of Lahore. He was particularly shocked by the Jallianwallah Bagh massacre in Amritsar in 1919, where General Dyer killed hundreds of people. He then took part in the non-cooperation movement and like many others, joined the revolutionary movement after Mahatma Gandhi suspended the non-cooperation struggle. In 1926, he started the Naujawan Bharat Sabha and tried to draw the youth from the province into its fold, in order to develop a socialist and non-religious organisation. If the British were naturally the chosen target of Bhagat Singh, he also put the blame on his compatriots, paralysed by superstitions:

"A branch of peepal tree is cut and religious feelings of the Hindus are injured. A corner of a paper idol, tazia of the idol-breaker Mohammedans is broken, and 'Allah' gets enraged, who cannot be satisfied with anything less than the blood of the infidel Hindus. Man should receive more attention than the beasts and yet, in India, people break their heads in the name of 'sacred beasts'."

The combination of socialism, humanism and nationalism that was the trademark of Bhagat Singh was going to become even stronger after the launch of the Hindustan Socialist Republican Association (HRSA) in September 1928. While Bhagat Singh remained the key figure of the HSRA, among its leaders were other outstanding men, including Sukhdev, a great admirer of communism, Vijay Kumar Sinha, an avid reader, Shiv Verma and Chandrashekhar Azad, who was in charge of the Association's "military" operations. These men formed a Central Committee, which included two representatives of each province where the movement was well established – Punjab, the United Provinces and Bihar. The organisation was immediately divided into two branches, the ideological and the military. Bhagat Singh was at the helm of the former but took part in the latter too. Indeed, he was directly involved in the assassination of J.P. Saunders, a policeman who had been mistaken for the police chief J. A. Scott, whom Bhagat Singh held responsible for the death of Lala Lajpat Rai. An Arya Samaji and a Congress leader, Lajpat Rai had been killed after a lathi charge while he and others demonstrated against the Simon Commission's Lahore visit. Like terrorists of the 19th century, the HRSA thought – expressed in an "official" communiqué – that by killing Saunders, it could "let the world know that India still lives; that the blood of youths has not been totally cooled down and that they can still risk their lives if the honour of their nation is at stake".




But Bhagat Singh transitioned from terrorism to revolution. In his last piece of writing – drafted in February 1931 – he refers to his past action in a very telling manner:

"Apparently I have acted as a terrorist. But I am not a terrorist. I am a revolutionary who has got such definite ideas of a lengthy programme (…) Let me announce with all the strength at my command, that I am not a terrorist and never was, (except) perhaps at the beginning of my revolutionary career."

Bhagat Singh's worldview had been reshaped in the meantime by some rare readings. The list of authors in his library shows many books by various Western authors. One finds there Marx, Engels, Trotsky, Thomas Paine, Upton Sinclair, Morris Hillquit, Jack London, Victor Hugo, Dostoevsky, Spinoza, Bertrand Russell, John Stuart Mill, Thomas Jefferson, Kautsky, Bukharin, Burke, Lenin, Thomas d'Aquin, Danton, Omar Khayyam, Tagore, N.A. Morozov, Herbert Spencer, Henry Maine and Rousseau.

These books, that Bhagat Singh read in jail as much as before being arrested, contributed to making him a rationalist and a socialist. He was the first revolutionary to express clearly his rejection of religion in Why I am an atheist, written in prison – just when he was condemned to death. In this text, Bhagat Singh states lucidly how he awaits death without hoping for a life beyond:

"A God-believing Hindu might be expecting to be reborn as a king, a Muslim or a Christian, might dream of the luxuries to be enjoyed in paradise and the reward he is to get for his sufferings and sacrifices. But what am I to expect? I know the moment the rope is fitted round my neck and rafters removed, from under my feet. That will be the final moment – that will be the last moment. I, or to be more precise, my soul, as interpreted in the metaphysical terminology, shall all be finished there. Nothing further. A short life of struggle with no such magnificent end, shall in itself be the reward if I have the courage to take it in that light. That is all. With no selfish motive, or desire to be awarded here or hereafter, quite disinterestedly have I devoted my life to the cause of independence, because I could not do otherwise. The day we find a great number of men and women with this psychology who cannot devote themselves to anything else than the service of mankind and emancipation of the suffering humanity; that day shall inaugurate the era of liberty."

Bhagat Singh's rejection of religion, which alienates the masses, complemented his socialist criticism of two systems of oppression – capitalism and casteism. Before that, Indian revolutionaries had only targeted capitalism and colonialism.

In February 1931, Bhagat Singh, inviting the youth to embrace Marxism, pointed out that "Revolution means the complete overthrow of the existing social order and its replacement with the socialist order. For that purpose our immediate aim is the achievement of power. As a matter of fact, the state, the government machinery is just a weapon in the hands of the ruling class to further safeguard its interest. We want to snatch and handle it to utilise it for the consummation of our ideal, i.e., social reconstruction on new, i. e. Marxist basis."

In fact, Bhagat Singh is a Janus-like figure, combining different sources of inspiration, some of them Marxist, others harking back to the anarchists' "propaganda by action". This is evident from his last deed. On April 8, 1929, along with B.K. Dutt, he threw two bombs in the Central Legislative Assembly "to make the deaf hear", as written on the tracts they distributed in the assembly after their lightening coup. This formula was borrowed from Auguste Vaillant, a French anarchist. But Bhagat Singh also presented this action as being part of a larger game plan. First, it was aimed at dissuading the assembly from voting for a law – the Public Safety and Trade Disputes Bill – whose implementation would have penalised Indian workers. Second, it was also meant to denounce the manner in which this so-called Indian parliament projected itself – as an accomplice of the British. Finally, it aimed at avenging the death of Lajpat Rai. All these explanations relate this act as much to the anarchist as to the socialist agenda. The latter side of the coin shows that Bhagat Singh did not valorise violence.

To get a proper understanding of his political philosophy, one must read till the end the leaflet that Bhagat Singh and Dutt threw in the assembly after hurling their bombs. Its concluding words are remarkable:

"We are sorry to admit that we who attach so great a sanctity to human life, who dream of a glorious future, when man will be enjoying perfect peace and full liberty, have been forced to shed human blood."

These words reveal a denial of violence, a denial that would take a more systematic form in the declaration of Singh and Dutt made before the judges. There, they would emphasise that the two bombs had been thrown at the unoccupied rows and that their composition – the details of which they provide, like great chemists – made them inoffensive: had they been loaded with some other high explosive, with destructive pellets or darts, they could have wiped out a majority of the members of the legislative assembly.

Singh and Dutt even defended themselves against their recourse to violence – they merely speak of "force":

"We are next to none in our love for humanity. Far from having any malice against any individual, we hold human life sacred beyond words (…) Our sole purpose was 'to make the deaf hear' and to give the heedless a timely warning (…) Force when aggressively applied is 'violence' and is therefore, morally unjustifiable, but when it is used in the furtherance of a legitimate cause, it has its moral justification."

Interestingly, Bhagat Singh regarded Jesus Christ as one of his role models, like Gandhi: "If we set aside motive, then Jesus Christ will appear a man responsible for breaking peace and preaching revolt, and a dangerous personality in the language of the law. But we worship him. He commands great respect and a place in our hearts; the sight of his image fills us with spiritual energy".

Not only did Bhagat Singh, a truly exceptional revolutionary, never pay allegiance to Hinduism, but he also actually valued non-violence.

**Christophe Jaffrelot is Senior Research Fellow at CERI-Sciences Po/CNRS, Paris.**

# Why Is the RSS Afraid of the Revolutionary Punjabi Poet Pash?

After objecting to Rabindranath Tagore, Ghalib and writings on M.F. Hussain, the RSS ideologue Dinanath Batra now wants a poem by Pash, which depicts the general oppressiveness of society, removed from textbooks.



**Chaman Lal**





The biggest ideologue of the Rashtriya Swayamsevak Sangh (RSS) on education, Dinanath Batra, recently came out with a proposal to remove Avtar Pash's only poem 'Sabse Khatrnak' from the class XI Hindi textbook Aaroh. The poem by the revolutionary Punjabi poet – who was killed by Khalistani terrorists on March 23, 1988 – was first published in 2006.

The National Council of Educational Research and Training (NCERT) revised its textbooks for all subjects under the National Curriculum Framework of 2005. History and Hindi are the two subjects that had invited the ire of RSS. The expert committee in Hindi was led by professor Namvar Singh as its chairman and professor Purushottam Agarwal as chief advisor. For history, professor Neeladari Bhattacharya was the chief advisor.

On August 18, 2006, BJP leader Ravi Shankar Prasad (now the law minister) raised the issue of the publication of "objectionable" material in NCERT books in the Rajya Sabha. Interestingly, the whole debate was in Hindi and I had gone through it in 2006, before writing an article titled 'Issues and Facts about NCERT Books'.

But now, one cannot find Devanagari script on the Rajya Sabha website in order to read this page. There is a good record of the Rajya Sabha Official Debates, but little record of Rajya Sabha Verbatim Debates – this particular issue was part of the latter.

I remember a comment by Sushma Swaraj in which she had labeled Pash a 'Naxalite' poet. Even Abani Roy, the leader of Revolutionary Socialist Party, made uncharitable remarks on Pash in that debate. Since we used to exchange views, I had contacted Roy to express my resentment at his comments, from which he tried to wriggle out by saying that 'He wanted Pash not to be taught in the lower classes, he may be taught in higher classes.'

Roy apparently did not know that Pash's poem was included in class XI textbook and not for younger students.

Now, Batra, who retired as a Hindi teacher from a school, has not only objected to Pash's poem, he has also targeted Rabindranath Tagore, Ghalib, Urdu phraseology in general, writings on M.F. Hussain, etc. Whatever BJP MPs had said of Hussain in 2006 in a Rajya Sabha debate has been repeated by Batra now.

Just as the reference to Tagore being omitted from NCERT books created a stir in Bengal and even in the the parliament, Punjabi writers too have vehemently come out against Batra/RSS's recommendations.

Incidentally, Akka Mahadevi and Pash are the only two non-Hindi poets included in the class XI textbook.

Pash's poem – included in an anthology – veers towards the philosophical. While talking about oppression in society, the poet muses on the significance of dreams and he finds 'the death of dreams' as the 'most dangerous' human predicament. Perhaps the RSS and its cohorts are afraid of dreams, as dreams lead to inspiration, which further lead to transformational ideas of better humanity – which is dreaded by RSS like often by religious fundamentalist bodies. So the dreamer poet, who was assassinated by religious fundamentalists, now must be kept away from young minds in school.

But why has Pash offended the RSS so much? Read his poetry and the answer immediately becomes clear.

Pash is one of the major Punjabi poets whose works are a part of the syllabus of several universities. Pash's works have been translated into major Indian languages like Bengali, Gujarati, Marathi, Telugu, Malayalam, Kannada, Hindi etc. The University Grants Commission, in its model course designed during earlier NDA rule, had recommended teaching Pash.

His poetry has been compared to that of Pablo Neruda and Lorca, and he was murdered for confronting Khalistani terrorists directly through his poetry.

The Pash Library in Karnal, which was established in the memory of policemen of Haryana slain by Khalistanis, has now been closed by RSS chief Manohar Lal Khattar. Pash, in one of his poems, has referred to 'the critics with red turbans.' Had he listened to the interpretation of his poetry in Rajya Sabha and by Batra, what term would he have coined for such literary critics? Perhaps 'literary critics with red turbans and bhagwa (saffron) minds.'

Born on September 9, 1950, Pash's first collection of poetry 'Loh Katha' (Iron Tale) came out in 1970 and earned him instant recognition. His 1974 collection 'Uddade Bazan Magar' (After the Flying Hawks) and 1978 collection 'Sade Samian Vich' (In Our Times) immediately made him one of the major Punjabi poets of his generation.

Translations of his poetry got him recognition throughout India. After 1978, till his assassination a decade later on March 23 – a day of his own hero Bhagat Singh's martyrdom – he published a few poems in journals, but not in any collection. In this period, he brought out journals, set up a school and challenged the Khalistani interpretation of Gurbani.

He then moved to the US due to threats from Khalistani terrorists, but continued writing against both state and Khalistani terrorism in poetry and prose. On a visit to India in 1988, the day he was supposed to return to US with his village friend Hansaj, both were assassinated in his village Talwandi Salem near Jalandhar. His complete poetry was published in different volumes after his assassination and recently his complete prose collection 'Talwandi Salem nun Jandi Sadak' (The road going to Talwandi Salem) has been published.

Out of Pash's nearly 200 poems, T. C. Ghai has translated 102 poems in English as well. Two films have also been made on Pash. Rajiv Kumar, the internationally renowned director of Chamm and Nabar, made Apna Pash and another director made Chauras Chand.

Pash's very first poem is titled 'Bharat.' It announces his own sense of nationalism, which is based on working people's India. And the rejection of Indian nationhood comes in a poem titled 'A Petition for Disinheritance', based on the misbehaviour against Sikhs traveling on the Ambala-Delhi highway during the time of the 1982 Asian games.

If Pash attacks the Indian state for its oppression, he does not spare Bhindranwale followers for their cruel acts as well. Were he alive today, he would have definitely written about the murders of intellectuals and dissenters.

**Chaman Lal retired from JNU as Professor in Hindi Translation. He has translated poetry of Pash in Hindi and edited documents of Bhagat Singh in several languages.**

# ਰੋਹਿੰਗਾਯਾ ਨਰਸੰਹਾਰ ਮੁੱਦਾ : ਇੱਕ ਨਿਰਪੱਖ ਵਿਸ਼ਲੇਸ਼ਣ

ਪ੍ਰੋ: ਐਚ. ਐਸ. ਡਿੰਪਲ



ਭਾਰਤ ਦੇ ਉੱਤਰ-ਪੂਰਵ ਵਿਚ ਗਵਾਂਢੀ ਮੁਲਕ ਮਿਆਂਮਾਰ ਵਿਚ ਰੋਹਿੰਗਯਾ ਭਾਈਚਾਰਾ ਅੱਜ ਘਰੋਂ-ਬੇਘਰ ਹੈ। ਉੱਥੋਂ ਦਾ ਸਮਾਜ, ਸਰਕਾਰ ਅਤੇ ਬਹੁਗਿਣਤੀ ਬੋਧੀ ਸਮੂਹ, ਰੋਹਿੰਗਯਾ ਭਾਈਚਾਰੇ ਦੀ ਦੇਸ਼ ਵਿਚ ਹੋਂਦ ਦੇ ਵਿਰੋਧੀ ਹਨ। ਜਿੱਥੇ ਇਹ ਮਸਲਾ ਦਿਨੋਂ-ਦਿਨ ਗੰਭੀਰ ਹੋ ਰਿਹਾ ਹੈ, ਉੱਥੇ ਜਨ-ਸੰਚਾਰ ਮਾਧਿਅਮਾਂ, ਖਾਸ ਕਰਕੇ ਸੋਸ਼ਲ ਮੀਡੀਆ ਤੇ ਅਜਿਹੀਆਂ ਤਸਵੀਰਾਂ ਅਤੇ ਵੀਡੀਓਜ਼ ਆ ਰਹੇ ਹਨ, ਜਿਨ੍ਹਾਂ ਨੂੰ ਦੇਖ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਜ਼ੁਲਮ ਤੇ ਹਿੰਸਾ ਉਸ ਬੋਧੀ ਧਰਮ ਵਲੋਂ ਕੀਤੀ ਜਾਂਦੀ ਹੈ, ਜਿਸ ਦੀ ਬੁਨਿਆਦ ਅਹਿੰਸਾ ਦੇ ਸੰਕਲਪ ਤੇ ਖੜੀ ਹੈ। ਉੱਪਰੋਂ, ਸਿਤਮ ਇਹ ਹੈ ਕਿ ਦੇਸ਼ ਦੀ ਵਾਗਡੋਰ ਇਸ ਸਮੇਂ ਆਂਗ ਸਾਂਗ ਸੂ ਕੀ ਦੇ ਹੱਥ ਹੈ ਜਿਸਨੇ ਖੁਦ ਕਈ ਦਹਾਕੇ ਦੇਸ਼ ਵਿਚ ਹਿੰਸਾ ਖ਼ਿਲਾਫ਼ ਸੰਘਰਸ਼ ਕਰਦਿਆਂ ਘਰ-ਕੈਦ ਹੀ ਨਹੀਂ ਝੱਲੀ, ਸਗੋਂ ਇਸ ਸੰਘਰਸ਼ ਬਦਲੇ ਉਸਨੂੰ ਸ਼ਾਂਤੀ ਦਾ ਸਰਵੋਤਮ ਕੌਮਾਂਤਰੀ ਨੋਬਲ ਇਨਾਮ ਵੀ ਮਿਲ ਚੁੱਕਾ ਹੈ।

**ਪਿਛੋਕੜ** : ਭਾਰਤ ਦੇ ਉੱਤਰ-ਪੂਰਵ ਵਿਚ ਵਸਿਆ ਮਿਆਂਮਾਰ, ਜੋ ਭਾਰਤ ਦੇ ਚਾਰ ਸੂਬਿਆਂ ਅਰੁਣਾਚਲ ਪ੍ਰਦੇਸ਼, ਮਨੀਪੁਰ, ਨਾਗਾਲੈਂਡ ਅਤੇ ਮਿਜ਼ੋਰਮ ਨਾਲ ਛੋਹਦਾ ਹੈ, ਅਤੇ ਦੋਹਾਂ ਵਿਚਕਾਰ 1009 ਮੀਲ (1624 ਕਿਲੋਮੀਟਰ) ਲੰਮੀ ਸਰਹੱਦ ਹੈ, 4 ਜਨਵਰੀ, 1948 ਨੂੰ ਬਰਤਾਨੀਆਂ ਤੋਂ ਆਜ਼ਾਦ ਹੋਣ ਬਾਅਦ, ਨਿਰੰਤਰ ਰੋਹੰਗੀਆ ਮੁੱਦੇ ਕਰਕੇ ਹਮੇਸ਼ਾ ਚਰਚਾ ਵਿਚ ਰਿਹਾ ਹੈ।

ਅਸਲ ਵਿਚ, ਮਿਆਂਮਾਰ ਵਿਚ 88% ਬੋਧੀ ਬਹੁਗਿਣਤੀ, 6% ਈਸਾਈ, 4% ਰੋਹੰਗਯਾ ਮੁਸਲਮਾਨ ਅਤੇ 2% ਹੋਰ ਧਰਮਾਂ ਦੇ ਬਾਸਿੰਦੇ ਹਨ। ਰੋਹੰਗੀਆ ਮੁਸਲਮਾਨ ਸੁੰਨੀ ਅਤੇ ਸ਼ੀਆ ਤਬਕੇ ਨਾਲ ਸੰਬੰਧਤ ਹਨ। ਸੰਨ 1982 ਵਿਚ, ਬਰਮਾ (ਹੁਣ ਮਿਆਂਮਾਰ) ਵਿਚ 'ਨਾਗਰਿਕ ਕਾਨੂੰਨ' ਹੋਂਦ ਵਿਚ ਆਇਆ, ਜਿਸ ਮੁਤਾਬਿਕ 1948 ਵਿਚ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਇਥੇ ਰਹਿਣ ਵਾਲੇ ਹੀ ਨਾਗਰਿਕ ਮੰਨੇ ਜਾਣਗੇ। ਇਸ ਲਈ ਘੱਟ-ਗਿਣਤੀਆਂ ਨੂੰ ਦਸਤਾਵੇਜ਼ ਪੇਸ਼ ਕਰਕੇ ਇਹ ਸਾਬਤ ਕਰਨ ਲਈ ਆਖਿਆ ਗਿਆ ਕਿ ਉਨ੍ਹਾਂ ਦੇ ਪੁਰਖੇ 1823 ਤੋਂ ਪਹਿਲਾਂ ਤੋਂ ਇਸ ਦੇਸ਼ ਦੇ ਵਸਨੀਕ ਸਨ। ਅਜਿਹਾ ਨਾ ਕਰਨ ਦੀ ਸੂਰਤ ਵਿਚ ਇਹ ਮੰਨ ਲਿਆ ਜਾਵੇਗਾ, ਕਿ ਉਹ ਹੋਰ ਦੇਸ਼ਾਂ ਤੋਂ ਪਲਾਇਨ ਕਰਕੇ ਇਥੇ ਪੁੱਜੇ ਹਨ। ਰੋਹਿੰਗਯਾ ਭਾਈਚਾਰੇ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਪੁਰਖੇ ਚਿਰਾਂ ਤੋਂ, ਹਜ਼ਾਰਾਂ ਸਾਲਾਂ ਤੋਂ ਇਸ ਦੇਸ਼ ਵਿਚ ਜੰਮੇ-ਪਲੇ ਅਤੇ ਰਹਿੰਦੇ ਰਹੇ ਹਨ, ਪਰ ਉਨ੍ਹਾ ਕੋਲ ਇਸ ਨੂੰ ਸਾਬਤ ਕਰਨ ਲਈ ਕੋਈ ਕਾਗਜ਼ਾਤ ਨਾ ਹੋਣ ਕਰਕੇ, ਸਰਕਾਰ ਵਲੋਂ ਇਨ੍ਹਾਂ ਨੂੰ 'ਬਾਹਰਲੇ' ਹੀ ਮੰਨਿਆਂ ਜਾਂਦਾ ਹੈ।

ਰੋਹਿੰਗਯਾ ਭਾਈਚਾਰੇ ਦੀ ਸਮੱਸਿਆ ਦੀ ਜੜ੍ਹ: ਅਸਲ ਵਿਚ, 1982 ਵਿਚ ਬਰਮਾ (ਹੁਣ ਮਿਆਂਮਾਰ) ਦੇ 'ਨਾਗਰਿਕ ਕਾਨੂੰਨ' ਰਾਹੀਂ ਦੋ ਰੋਹਿੰਗਯਾ ਭਾਈਚਾਰੇ ਨੂੰ ਬੰਗਾਲੀ ਦਾ ਦਰਜਾ ਦਿੱਤੇ ਜਾਣ ਬਾਅਦ, ਰੋਹਿੰਗਯਾ ਭਾਈਚਾਰੇ ਘਰੋਂ-ਬੇਘਰ ਹੋ ਗਏ, ਅਤੇ ਤਦ ਤੋਂ ਹੁਣ ਤੱਕ ਨਿਰੰਤਰ ਹਿੰਸਾ ਅਤੇ ਦਹਿਸ਼ਤ ਦਾ ਸਾਹਮਣਾ ਕਰ ਰਹੇ ਹਨ। 2012 ਉਨ੍ਹਾਂ ਲਈ ਹਿੰਸਾ ਦੀ ਚਰਮ-ਸੀਮਾ ਸੀ, ਜਦੋਂ ਅੰਤਰ-ਧਾਰਮਿਕ ਤਣਾਉ ਨੇ ਹਜ਼ਾਰਾਂ ਦੀ ਗਿਣਤੀ ਵਿਚ ਦੇਸ਼ ਛੱਡਣ ਲਈ ਮਜਬੂਰ ਕਰ ਦਿੱਤਾ। ਸੰਨ 2014 ਵਿਚ ਵਸੋਂ ਗਣਤਾ ਵਿਚ ਉਨ੍ਹਾਂ ਨੂੰ ਰੋਹਿੰਗਯਾ ਦੀ ਥਾਂ ਸਿਰਫ਼ "ਬੰਗਾਲੀ" ਵਜੋਂ ਨਾਮ ਦਰਜ ਕਰਾਉਣ ਦਾ ਵਿਕਲਪ ਪੇਸ਼ ਕੀਤਾ। ਇਸ ਵਿਵਾਦਗ੍ਰਸਤ ਯੋਜਨਾ ਅਧੀਨ ਸਰਕਾਰ ਨੇ ਰੋਹਿੰਗਯਾ ਭਾਈਚਾਰੇ ਲਈ ਸ਼ਰਤ ਰੱਖੀ ਕਿ ਜੇਕਰ ਉਹ ਆਪਣੀ ਨਸਲ "ਬੰਗਾਲੀ" ਭਾਵ "ਬੰਗਲਾਦੇਸ਼ੀ" ਲਿਖਵਾਉਣਗੇ, ਤਾਂ ਹੀ ਉਨ੍ਹਾਂ ਨੂੰ ਨਾਗਰਿਕਤਾ ਮਿਲੇਗੀ। ਮਤਲਬ ਮਿਆਂਮਾਰ ਦੇਸ਼ ਵਿਚ ਗੈਰਕਾਨੂੰਨੀ ਹੋਣ ਦਾ ਕਬੂਲਨਾਮਾ। ਇਸ ਵਿਚਾਰ/ ਯੋਜਨਾ ਨੂੰ ਰੋਹਿੰਗਯਾ ਭਾਈਚਾਰੇ ਨੇ ਠੁਕਰਾ ਦਿੱਤਾ। ਬੰਗਲਾ ਦੇਸ਼ ਉਨ੍ਹਾਂ ਨੂੰ ਮਿਆਂਮਾਰ ਦੇ ਵਾਸੀ ਆਖ ਰਿਹਾ ਹੈ, ਅਤੇ ਮਿਆਂਮਾਰ ਸਰਕਾਰ ਉਨ੍ਹਾਂ ਨੂੰ "ਬੰਗਾਲੀ" ਦਾ ਦਰਜਾ ਦੇ ਰਹੀ ਹੈ। ਦਰਅਸਲ, 4 ਮਾਰਚ, 1962 ਵਿਚ ਜਨਰਲ ਨੇ ਵਿਨ ਦੇ ਫੌਜੀ ਪਲਟੇ ਤੋਂ ਪਹਿਲਾਂ ਰੋਹਿੰਗਯਾ ਭਾਈਚਾਰੇ ਨੇ ਅਰਾਕਾਨ ਵਿਚ ਇਕ ਵੱਖਰੇ ਰੋਹਿੰਗਯਾ ਸੂਬੇ ਦੀ ਮੰਗ ਕੀਤੀ ਸੀ, ਪਰ ਜਨਰਲ ਨੇ ਵਿਨ ਨੇ ਉਨ੍ਹਾਂ ਦੀ ਮੰਗ ਹੀ ਨਹੀਂ ਠੁਕਰਾਈ, ਸਗੋਂ ਉਨ੍ਹਾਂ ਨੂੰ ਗੈਰ-ਮੁਲਕੀ ਅਤੇ ਵੱਖਵਾਦੀ ਦਾ ਦਰਜਾ ਵੀ ਦਿੱਤਾ। ਉਨ੍ਹਾਂ ਨੂੰ ਸਿੱਖਿਆ ਜਾਂ ਨੌਕਰੀ ਹਾਸਲ ਕਰਨ ਤੇ ਪਾਬੰਦੀ ਲਗਾ ਦਿੱਤੀ ਗਈ, ਬੱਸਾਂ-ਰੇਲਾਂ ਵਿਚ ਯਾਤਰਾ ਕਰਨ ਤੋਂ ਰੋਕ ਦਿੱਤਾ ਗਿਆ। 2010 ਵਿਚ ਫੌਜ ਦੀ ਹਮਾਇਤ ਪ੍ਰਾਪਤ ਯਾਸਿਰਾ ਪਾਰਟੀ ਦੀ ਸਰਕਾਰ ਦੇ ਗਠਨ ਬਾਅਦ ਵੀ ਰੋਹਿੰਗਯਾ ਬਰਾਦਰੀ ਨਾਲ ਇਹ ਵਿਹਾਰ ਜਾਰੀ ਰਿਹਾ। ਮਿਆਂਮਾਰ ਸਰਕਾਰ ਤਾਂ ਉਨ੍ਹਾਂ ਲਈ ਰੋਹਿੰਗਯਾ ਸ਼ਬਦ ਦਾ ਪ੍ਰਯੋਗ ਵੀ ਨਹੀਂ ਕਰਦੇ, ਸਗੋਂ ਬੰਗਾਲੀ ਸ਼ਬਦ ਹੀ ਵਰਤਦੇ ਹਨ।

ਰੋਹਿੰਗਯਾ ਭਾਈਚਾਰੇ ਤੇ ਲੱਗੇ ਦੋਸ਼ 2012 ਵਿਚ ਇਕ ਬੋਧੀ ਮਹਿਲਾ ਦੇ ਸਮੂਹਿਕ ਬਲਾਤਕਾਰ ਅਤੇ ਕਤਲ ਵਿਚ ਰੋਹਿੰਗਯਾ ਭਾਈਚਾਰੇ ਨਾਲ ਸੰਬੰਧਤ ਯੁਵਕਾਂ ਦਾ ਨਾਮ ਆਉਣ ਨਾਲ, ਸਥਿਤੀ ਵਿਸਫੋਟਕ ਹੋਈ। ਇਸ ਨਾਲ ਰਖੀਨ ਪ੍ਰਾਂਤ ਦੇ ਵਾਸੀ ਬੋਧੀਆਂ ਅਤੇ ਰੋਹਿੰਗਯਾ ਮੁਸਲਮਾਨਾਂ ਵਿਚਕਾਰ ਲੜੀਵਾਰ ਖ਼ੂਨੀ ਝਪਟਾਂ ਕਈ ਦਿਨ ਸੁਰਖ਼ੀਆਂ ਬਣਦੀਆਂ ਰਹੀਆਂ। ਸਰਕਾਰ ਨੇ ਹਜ਼ਾਰਾਂ ਦੀ ਗਿਣਤੀ ਵਿਚ ਰੋਹਿੰਗਯਾ ਨੂੰ ਕੰਨਸੈਂਟ੍ਰੇਸ਼ਨ ਕੈਂਪਾਂ ਵਿਚ ਬੰਦ ਕਰ ਦਿੱਤਾ, ਜਿੱਥੇ ਘਟੀਆ ਖਾਣਾ ਅਤੇ ਨਾਂਮਾਤਰ ਸਿਹਤ ਸਹੂਲਤਾਂ ਕਰਕੇ ਅਨੇਕਾਂ ਰੋਹਿੰਗਯਾ ਭੁੱਖ ਅਤੇ ਬੀਮਾਰੀਆਂ ਦਾ ਸ਼ਿਕਾਰ ਬਣੇ, ਅਤੇ ਅਨੇਕਾਂ ਮੌਤਾਂ ਹੋਈਆਂ। ਕੈਂਪ ਛੱਡਣ ਦੀ ਕੋਸ਼ਿਸ਼ ਕਰਨ ਵਾਲੇ ਰੋਹਿੰਗਯਾ ਤੇ "ਵੇਖਦਿਆਂ ਗੋਲੀ ਮਾਰਨ" ਦੇ ਹੁਕਮ ਆਇਦ ਕੀਤੇ ਗਏ। ਰੇਖੀਨ ਪ੍ਰਾਂਤ ਦੇ ਇਨ੍ਹਾਂ ਬਾਸ਼ਿੰਦੇ ਜਿੱਥੇ ਫੌਜੀ ਅਤੇ ਬੋਧੀਆਂ ਦੇ ਦਬਾਓ ਕਰਕੇ ਦੇਸ਼ ਛੱਡਣ ਲਈ ਮਜਬੂਰ ਹਨ, ਉੱਥੇ ਕੁਝ ਰੋਹਿੰਗਯਾ ਯੁਵਕ ਮਜਬੂਰੀ ਹੇਠ, ਕੁਝ ਪ੍ਰਤੀਕ੍ਰਿਆ ਵਜੋਂ ਅਤੇ ਕੁਝ ਸੁਭਾਵਿਕ ਗੁੱਸੇ ਵਿਚ ਹਥਿਆਰ ਉਠਾ ਰਹੇ ਹਨ। ਇਸੇ ਕਰਕੇ ਦੋਹਾਂ ਧਿਰਾਂ ਵਿਚਕਾਰ ਹਿੰਸਕ ਝਪਟਾਂ ਜਾਰੀ ਹਨ, ਅਤੇ ਬੋਧੀ ਅਤੇ ਫੌਜੀ ਬਹੁਗਿਣਤੀ ਅਕਸਰ ਇਨ੍ਹਾਂ ਰੋਹਿੰਗਯਾ ਮੁਸਲਮਾਨਾਂ ਤੇ ਭਾਰੀ ਪੈ ਰਹੀ ਹੈ। ਸੰਯੁਕਤ ਰਾਸ਼ਟਰ ਮੁਤਾਬਿਕ 40,000 ਰੋਹਿੰਗਯਾ ਬੰਗਲਾ ਦੇਸ਼ ਪੁੱਜੇ ਹਨ।

ਰੋਹਿੰਗਯਾ ਮੁੱਦਾ ਹੁਣ ਕਿਉਂ ਭੜਕਿਆ? ਪਿਛਲੇ 2 ਹਫ਼ਤਿਆਂ ਤੋਂ 25 ਅਗਸਤ, 2017 ਤੋਂ ਰੋਹਿੰਗਯਾ ਭਾਈਚਾਰੇ ਦਾ ਮਿਆਂਮਾਰ ਤੋਂ ਬਾਹਰ ਵੱਲ ਵਹੀਰ ਤੇਜ਼ ਹੋਈ ਹੈ, ਜਿਸ ਦਾ ਮੁੱਖ ਕਾਰਣ ਇਕ ਕੱਟੜ ਰੋਹਿੰਗਯਾ ਸਮੂਹ ਵਲੋਂ ਕੁਝ ਪੁਲਿਸ ਚੌਂਕੀਆਂ ਤੇ ਹੱਲਾ ਹੈ, ਜਿਸ ਕਰਕੇ ਫੌਜ ਤੇ ਸਥਾਨਕ ਬੋਧੀ ਭੀੜਾਂ ਭੜਕੀਆਂ। ਸੰਯੁਕਤ ਰਾਸ਼ਟਰ ਦੇ ਇਕ ਅਨੁਮਾਨ ਮੁਤਾਬਿਕ ਹੁਣ ਤੱਕ ਰਖੀਨ ਸੂਬੇ ਵਿਚਲੀ ਕੁਝ ਰੋਹਿੰਗਯਾ ਵਸੋਂ ਦਾ ਇਹ ਚੌਥਾਈ ਹਿੱਸਾ 2,70,000 ਲੋਕ ਮਿਆਂਮਾਰ ਛੱਡ ਚੁੱਕੇ ਹਨ ਅਤੇ ਵਧੇਰੇ ਬੰਗਲਾ ਦੇਸ਼ ਜਾ ਵਸੇ ਹਨ। ਪਿਛਲੇ ਕਈ ਮਹੀਨਿਆਂ ਦੇ ਤਣਾਓ ਬਾਅਦ "ਅਰਾਕਾਨ ਰੋਹਿੰਗਯਾ ਮੁਕਤੀ ਆਰਮੀ" ਨਾਂ ਦੇ ਇਕ ਸਮੂਹ ਵਲੋਂ 25 ਪੁਲਿਸ ਪੋਸਟਾਂ ਤੇ ਹਮਲਾ ਕੀਤਾ ਗਿਆ। ਇਸ ਨਾਲ ਫੌਜ, ਪੁਲਿਸ, ਸਮਾਜ ਅਤੇ ਬੋਧੀ ਭਾਈਚਾਰਾ ਸਮੂਹਿਕ ਰੂਪ ਵਿਚ ਰੋਹਿੰਗਯਾ ਭਾਈਚਾਰੇ ਖ਼ਿਲਾਫ਼ ਹੋ ਗਿਆ। ਸੁਰੱਖਿਆ ਬਲਾਂ ਵਲੋਂ ਰੋਹਿੰਗਯਾ ਭਾਈਚਾਰੇ ਦੇ ਘਰ ਜਲਾਉਣ ਵਿਚ ਬੋਧੀ ਨਾਗਰਿਕਾਂ ਦੀ ਭੂਮਿਕਾ ਅਤੇ ਸਮਰਥਨ ਦੀਆਂ ਖ਼ਬਰਾਂ ਆਈਆਂ।

ਜਾਅਲੀ ਤਸਵੀਰਾਂ ਦਾ ਮੁੱਦਾ: ਮਿਆਂਮਾਰ ਦੇ ਉੱਤਰੀ ਰਿਖਾਈਨ ਸੂਬੇ ਵਿਚ ਪਿੱਛੇ ਜਿਹੇ ਵਧੀ ਹਿੰਸਾ ਨਾਲ ਸੰਬੰਧਤ ਵੀਭਤਸ, ਭੜਕਾਊ ਅਤੇ ਹਿੰਸਾ ਨਾਲ ਲਬਰੇਜ਼ ਤਸਵੀਰਾਂ ਅਤੇ ਚਲਚਿੱਤਰ (ਵੀਡੀਓਜ਼) ਸੋਸ਼ਲ ਮੀਡੀਆ ਤੇ ਨਿਰੰਤਰ ਨਸ਼ਰ ਹੋ ਰਹੇ ਹਨ, ਜਿਨ੍ਹਾਂ ਵਿਚੋਂ ਵਧੇਰੇ ਭੜਕਾਊ ਅਤੇ ਭ੍ਰਮਿਤ ਕਰਨ ਵਾਲੇ ਹਨ। ਬਿਨਾਂ ਸ਼ੱਕ ਰੋਹਿੰਗਯਾ ਮੁਸਲਮਾਨਾਂ ਤੇ ਬਹੁਗਿਣਤੀ ਬੋਧੀਆਂ ਵਿਚਕਾਰ ਦੇਰ ਤੋਂ ਡੂੰਘੇ ਅਵਿਸ਼ਵਾਸ ਅਤੇ ਤਣਾਓ ਕਰਕੇ, ਚਿਰਾਂ ਤੋਂ ਦੋਹਾਂ ਧਿਰਾਂ ਵਿਚਕਾਰ ਖ਼ੂਨੀ ਝੜਪਾਂ ਅਤੇ ਸੰਘਰਸ਼ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ, ਅਤੇ ਮਿਆਂਮਾਰ ਵਿਚ ਉਨ੍ਹਾਂ ਨੂੰ ਨਾਗਰਿਕਤਾ ਨਾ ਦੇਣ ਕਰਕੇ ਚਿਰਾਂ ਤੋਂ ਉਹ ਬੇਘਰ ਹਨ। ਉਨ੍ਹਾਂ ਦੇ ਘਰਾਂ ਨੂੰ ਅੱਗਾਂ ਲਗਾਈਆਂ ਜਾ ਰਹੀਆਂ ਹਨ। ਪਰ, ਗੁਮਰਾਹਕੁੰਨ ਅਤੇ ਜਾਅਲੀ ਤਸਵੀਰਾਂ ਅਤੇ ਚਲਚਿੱਤਰ ਬਲਦੀ ਤੇ ਅੱਗ ਪਾਉਣ ਦਾ ਕੰਮ ਕਰਦੇ ਹਨ। ਅਸਲ ਵਿਚ ਰਖਾਇਨ ਸੂਬੇ ਵਿਚ ਪੱਤਰਕਾਰਾਂ ਦੀ ਪਹੁੰਚ ਸੀਮਤ ਹੋਣ ਕਰਕੇ ਜਾਣਕਾਰੀ ਦੀ ਘਾਟ ਹੈ। ਸੋ, ਇਸ ਵਿਸਫੋਟਕ ਸਥਿਤੀ ਨੂੰ ਪੇਸ਼ ਕਰਨ ਲਈ ਕਈ ਵਾਰ ਸੋਸ਼ਲ ਮੀਡੀਆ ਤੇ ਸਰਗਰਮ ਗੈਰ-ਜ਼ਿੰਮੇਵਾਰ ਲੋਕਾਂ ਵਲੋਂ ਇਨ੍ਹਾਂ ਜਾਅਲੀ ਤਸਵੀਰਾਂ ਅਤੇ ਚਲਚਿੱਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿ ਸ਼ਰਮਨਾਕ ਕਾਰਾ ਹੈ।

ਚਾਰ ਤਸਵੀਰਾਂ ਦਾ ਮੁੱਦਾ ਕੀ ਹੈ?: 29 ਅਗਸਤ ਨੂੰ ਤੁਰਕੀ ਦੇ ਉਪ-ਪ੍ਰਧਾਨ ਮੰਤਰੀ ਸ੍ਰੀ ਮੇਹਮਤ ਸਿਮਸੇਕ ਨੇ 4 ਤਸਵੀਰਾਂ ਟਵਿੱਟਰ ਤੇ ਪਾ ਕੇ ਕੌਮਾਂਤਰੀ ਸਮੁਦਾਇ ਨੂੰ ਰੋਹਿੰਗਯਾ ਭਾਈਚਾਰੇ ਦੇ ਜਾਤੀ ਨਰਸੰਹਾਰ ਨੂੰ ਰੋਕਣ ਦੀ ਬੇਨਤੀ ਕੀਤੀ, ਜਦਕਿ ਬਾਅਦ ਵਿਚ ਚਾਰੇ ਤਸਵੀਰਾਂ ਅਪ੍ਰਮਾਣਿਤ ਅਤੇ ਗ਼ਲਤ ਸਾਬਤ ਹੋਣ ਤੇ ਹਟਾ ਦਿੱਤੀਆਂ ਗਈਆਂ। ਬੀ.ਬੀ.ਸੀ. ਦੀ ਇਕ ਖੋਜ ਰਿਪੋਰਟ ਮੁਤਾਬਿਕ ਪਹਿਲੀ ਤਸਵੀਰ 1971 ਵਿਚ ਬੰਗਲਾ ਦੇਸ਼ - ਭਾਰਤ ਯੁੱਧ ਦੀ, ਦੂਸਰੀ 2008 ਦੇ ਚਕਰਵਾਤ ਨਰਗਿਸ ਦੌਰਾਨ ਮਾਰੇ ਲੋਕਾਂ ਦੀਆਂ ਫੁੱਲੀਆਂ ਲਾਸ਼ਾਂ ਦੀ, ਤੀਸਰੀ ਕਿਸੇ ਸੜਕ ਹਾਦਸੇ ਦੇ ਪੀੜਤਾਂ ਦੀ ਹੈ। ਚੌਥੀ ਤਸਵੀਰ ਵਿਚ ਇਕ ਰੁੱਖ ਨਾਲ ਬੰਨ੍ਹੀ ਲਾਸ਼ ਕੋਲ ਰੋ ਰਹੇ ਬੱਚਿਆਂ ਦੀ ਤਸਵੀਰ ਰਿਊਟਰਜ਼ ਏਜੰਸੀ ਵਲੋਂ ਜੂਨ, 2003 ਵਿਚ ਇੰਡੋਨੇਸ਼ੀਆ ਦੇ ਆਚੇਹ ਖਿੱਤੇ ਦੀ ਹੈ। ਅੱਜਕੱਲ੍ਹ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਮਾਂ ਦੀ ਲਾਸ਼ ਕੋਲ ਦੋ ਰਹੇ ਰਹੇ ਬੱਚਿਆਂ ਦੀ ਤਸਵੀਰ ਜੁਲਾਈ, 1994 ਵਿਚ ਰਵਾਂਡਾ ਵਿਚ ਐਲਬਰਟ ਫਾਕੇਲੀ ਵਲੋਂ ਖਿੱਚੀ ਗਈ ਸੀ, ਜਿਸ ਤੇ ਵਿਸ਼ਵ ਪ੍ਰੈਸ ਇਨਾਮ ਉਸਨੂੰ ਮਿਲਿਆ ਸੀ। ਨੇਪਾਲ ਦੇ ਹੜ੍ਹ ਪੀੜਤਾਂ ਦੀਆਂ ਤਸਵੀਰਾਂ ਵੀ ਰੋਹਿੰਗਯਾ ਭਾਈਚਾਰੇ ਨਾਲ ਜੋੜ ਕੇ ਪੇਸ਼ ਕੀਤੀਆਂ ਜਾ ਰਹੀਆਂ ਹਨ।

ਮੌਜੂਦਾ ਕੌਮਾਂਤਰੀ ਸਥਿਤੀ: ਸੰਯੁਕਤ ਰਾਸ਼ਟਰ ਦੀ ਰਿਪੋਰਟ ਨੇ ਉਨ੍ਹਾਂ ਨੂੰ ਮਾਨਵਤਾ-ਵਿਰੋਧੀ ਜ਼ੁਲਮਾਂ ਦੇ ਸ਼ਿਕਾਰ ਆਖਿਆ, ਜਦੋਂ ਕਿ ਆਰਕਬਿਸ਼ਪ ਐਮੇਰੀਟਸ ਡੈਸਮੌਂਡ ਟੂਟੂ ਨੇ ਇਸ ਹਿੰਸਾ ਨੂੰ ਨਸਲੀ ਖਾਤਮਾ ਕਰਨ ਦੇ ਉਦੇਸ਼ ਤੋਂ ਪ੍ਰੇਰਿਤ ਆਖਿਆ। ਪਰ, ਇਸ ਸਮੇਂ ਰੋਹਿੰਗਯਾ ਭਾਈਚਾਰੇ ਲਈ ਦੋਚਿੱਤੀ ਵਾਲੀ ਸਥਿਤੀ ਬਣੀ ਹੈ। ਨਾ ਤਾਂ ਉਨ੍ਹਾਂ ਦਾ ਆਪਣਾ ਦੇਸ਼ ਉਨ੍ਹਾਂ ਨੂੰ ਸਵੀਕਾਰ ਕਰ ਰਿਹਾ ਹੈ, ਅਤੇ ਨਾ ਹੀ ਕੋਈ ਹੋਰ ਦੇਸ਼। ਮਿਆਂਮਾਰ ਦੀ ਸਥਿਤੀ ਤਾਂ ਸਪੱਸ਼ਟ ਕਰ ਦਿੱਤੀ ਗਈ ਹੈ। ਦੂਜੇ ਦੇਸ਼ ਵੱਖ-ਵੱਖ ਕਾਰਣਾਂ ਕਰਕੇ ਉਨ੍ਹਾਂ ਨੂੰ ਸਵੀਕਾਰ ਨਹੀਂ ਕਰ ਰਹੇ। ਵੈਸੇ, ਬੰਗਲਾ ਦੇਸ਼ ਵਧਦੀ ਆਬਾਦੀ ਕਰਕੇ, ਅਤੇ ਥਾਈਲੈਂਡ ਪੁਰਾਣੇ ਅਨੁਭਵ ਕਰਕੇ ਉਨ੍ਹਾਂ ਨੂੰ ਪਨਾਹ ਦੇਣ ਤੋਂ ਇਨਕਾਰੀ ਹੈ। ਈਸਾਈ, ਹਿੰਦੂ ਜਾਂ ਧਰਮ-ਨਿਰਪੱਖ ਦੇਸ਼ ਇਨ੍ਹਾਂ ਵਲੋਂ "ਧਾਰਮਿਕ ਪ੍ਰਚਾਰ ਅਤੇ ਪ੍ਰਸਾਰ" ਦੇ ਡਰੋਂ ਹੀ ਨਹੀਂ, ਹੋਰ ਅਨੇਕਾਂ ਸੁਭਾਵਿਕ ਕਾਰਣਾਂ ਕਰਕੇ ਆਪਣੇ ਦੇਸ਼ਾਂ ਵਿਚ ਪਨਾਹ ਦੇਣ ਤੋਂ ਕੰਨੀ ਕਤਰਾ ਰਹੇ ਹਨ। ਅਸਲ ਵਿਚ, ਇਨ੍ਹਾਂ ਤੇ ਅਕਸਰ ਦੋਸ਼ ਲਗਾਏ ਜਾਂਦੇ ਹਨ, ਕਿ ਇਹ ਜਿਸ ਦੇਸ਼ ਵਿਚ ਪਨਾਹ ਲੈਂਦੇ ਹਨ, ਉੱਥੋਂ ਦੇ ਸੱਭਿਆਚਾਰ ਨੂੰ ਅਪਣਾਉਣ ਦੀ ਥਾਂ ਉੱਥੇ ਦਖ਼ਲਅੰਦਾਜ਼ੀ ਅਤੇ ਵੱਖਵਾਦ ਦਾ ਮਾਹੌਲ ਪੈਦਾ ਕਰਦੇ ਹਨ। ਇਨ੍ਹਾਂ ਦੋਸ਼ਾਂ ਵਿਚ ਕਿੰਨੀ ਸੱਚਾਈ ਹੈ, ਇਹ ਖੋਜ ਦਾ ਵਿਸ਼ਾ ਹੈ। ਸੱਚਾਈ ਤਾਂ ਇਹ ਹੈ ਕਿ ਮਿਆਂਮਾਰ ਮੁਲਕ ਨੂੰ ਚੀਨ ਦਾ ਸਮਰਥਨ ਪ੍ਰਾਪਤ ਹੈ, ਜਿਸ ਕਰਕੇ ਕੋਈ ਦੇਸ਼ ਮਿਆਂਮਾਰ ਨੂੰ ਰੋਹਿੰਗਯਾ ਬਰਾਦਰੀ ਨਾਲ ਧੱਕਾ ਨਾ ਕਰਨ ਲਈ ਆਖਣ ਤੋਂ ਡਰਦਾ ਹੈ। ਸਾਉਦੀ ਅਰਬ ਸਮੇਤ ਜ਼ਿਆਦਾਤਰ ਮੁਸਲਿਮ ਦੇਸ਼ ਜਾਂ ਤਾਂ ਅਮਰੀਕਾ-ਪੱਖੀ ਹੋਣ ਕਰਕੇ, ਦੂਜੇ ਦੇਸ਼ਾਂ ਵਿਚ ਆਪਣੀ ਬਰਾਦਰੀ ਤੇ ਹੋ ਰਹੇ ਜ਼ੁਲਮਾਂ ਪ੍ਰਤੀ ਖਾਮੋਸ਼, ਸਵਾਰਥੀ ਅਤੇ ਸਵੈ-ਕੇਂਦਰਤ ਬਣੇ ਹਨ, ਅਤੇ ਅਫ਼ਗਾਨਿਸਤਾਨ, ਸੀਰੀਆ, ਈਰਾਨ ਅਤੇ ਇਰਾਕ ਵਰਗੇ ਦੇਸ਼ ਅਮਰੀਕਾ ਅਤੇ ਅਮਰੀਕਾ-ਪ੍ਰੇਰਤ ਘਰੇਲੂ ਯੁੱਧਾਂ ਨਾਲ ਜੂਝ ਰਹੇ ਹਨ।

ਸੰਯੁਕਤ ਰਾਸ਼ਟਰ ਨੇ ਕੀ ਕੀਤਾ? ਸੰਯੁਕਤ ਰਾਸ਼ਟਰ ਨੇ ਮਿਆਂਮਾਰ ਵਿਚ ਮਾਨਵੀ ਹੱਕਾਂ ਦੀ ਸਥਿਤੀ ਤੇ ਵਿਸ਼ੇਸ਼ ਰਿਪੋਰਟਰ ਵਜੋਂ ਯੈਂਗੀ ਲੀ ਨੂੰ ਨਿਯੁਕਤ (2014 ਤੋਂ ਹੁਣ ਤੱਕ) ਕੀਤਾ, ਜਿਸ ਨੇ ਆਪਣੀ ਖੋਜ-ਰਿਪੋਰਟ ਵਿਚ ਰੋਹਿੰਗਯਾ ਭਾਈਚਾਰੇ ਤੇ ਹੁੰਦੇ ਜ਼ੁਲਮਾਂ ਬਾਰੇ ਸ਼ਪੱਸ਼ਟ ਜ਼ਿਕਰ ਕੀਤਾ ਹੈ। ਇਹੀ ਨਹੀਂ 24-03-2017 ਨੂੰ ਸਾਬਕਾ ਸੰਯੁਕਤ ਰਾਸ਼ਟਰ ਦੇ ਸਾਬਕਾ ਸਕੱਤਰ ਜਨਰਲ ਕੋਫ਼ੀ ਅਨਾਨ ਦੀ ਅਗਵਾਈ ਹੇਠ ਇਕ 3-ਮੈਂਬਰੀ ਤੱਥ-ਲੱਭਤ ਮਿਸ਼ਨ ਦਾ ਗਠਨ ਕੀਤਾ। ਪਰ, ਮਿਆਂਮਾਰ ਸਰਕਾਰ ਵਲੋਂ ਉਨ੍ਹਾਂ ਨੂੰ ਉਨ੍ਹਾਂ ਖਿੱਤਿਆਂ ਲਈ "ਪ੍ਰਵੇਸ਼ ਵੀਜ਼ਾ" ਦੇਣ ਤੋਂ ਇਨਕਾਰ ਕਰ ਦਿੱਤਾ, ਜਿੱਥੇ ਰੋਹਿੰਗਯਾ ਭਾਈਚਾਰੇ ਖ਼ਿਲਾਫ਼ ਹਿੰਸਾ, ਪੱਖਪਾਤ, ਦਹਿਸ਼ਤ ਅਤੇ ਜ਼ੁਲਮਾਂ ਦੇ ਇਲਜ਼ਾਮ ਲੱਗੇ ਸਨ।

**ਭਾਰਤ ਦਾ ਸਟੈਂਡ**: ਭਾਰਤ ਨੇ ਕੌਮਾਂਤਰੀ ਪੱਧਰ ਤੇ ਹਮੇਸ਼ਾ ਅਹਿੰਸਾ ਅਤੇ ਅਮਨ ਦਾ ਸਮਰਥਨ ਕੀਤਾ ਹੈ। ਭਾਰਤ ਨੇ ਰੋਹਿੰਗਯਾ ਭਾਈਚਾਰੇ ਤੇ ਹੋ ਰਹੇ ਜ਼ੁਲਮਾਂ ਦਾ ਕਦੇ ਸਮਰਥਨ ਨਹੀਂ ਕੀਤਾ। ਮੌਜੂਦਾ ਸਮਿਆਂ ਵਿਚ ਭੂਗੋਲਿਕ-ਰਾਜਨੀਤੀ ਅਤੇ ਕੌਮਾਂਤਰੀ ਸਿਆਸਤ ਤੇ ਫ਼ੈਸਲੇ ਲੈਣ ਸਮੇਂ ਦੂਰਅੰਦੇਸ਼ੀ ਅਤੇ ਸੰਤੁਲਤ ਪਹੁੰਚ ਦਾ ਪੱਲਾ ਫੜਨਾ ਲਾਜ਼ਮੀ ਹੈ। ਅਜਿਹੀ ਹਾਲਤ ਵਿਚ ਭਾਰਤ ਦੀ ਕੇਂਦਰ ਸਰਕਾਰ ਵਲੋਂ ਬੜੇ ਠਰੰਮ੍ਹੇ ਅਤੇ ਸਹਿਜਤਾ ਨਾਲ ਦੇਸ਼ ਅਤੇ ਦੇਸ਼-ਵਾਸੀਆਂ ਦੇ ਹਿੱਤਾਂ ਨੂੰ ਪਹਿਲ ਦੇ ਆਧਾਰ ਤੇ ਸਾਹਮਣੇ ਰੱਖ ਕੇ ਫ਼ੈਸਲਾ ਲਿਆ ਜਾ ਰਿਹਾ ਹੈ। ਫਿਰ ਵੀ, ਰੋਹਿੰਗਯਾ ਭਾਈਚਾਰੇ ਦੀ ਖ਼ੁਸ਼ਹਾਲੀ ਅਤੇ ਚੰਗੇਰੇ ਭਵਿੱਖ ਲਈ ਅਸੀਂ ਅਰਦਾਸ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਇਹ ਮਸਲਾ ਛੇਤੀ ਹੀ ਹੱਲ ਹੋਵੇਗਾ, ਅਤੇ ਰੋਹਿੰਗਯਾ ਮੁਸਲਮਾਨਾਂ ਦੀਆਂ ਸਮੱਸਿਆਵਾਂ ਛੇਤੀ ਹੀ ਖਤਮ ਹੋਣਗੀਆਂ। ਕੌਮਾਂਤਰੀ ਸ਼ਾਂਤੀ ਵਿਚ ਹੀ ਹਰੇਕ ਦਾ ਭਲਾ ਹੈ।

**ਸੰਪਰਕ**: +91 98885 69669

*ਮਨੁੱਖੀ ਅਧਿਕਾਰਾਂ ਦੀਆਂ ਉਡੀਆਂ ਧੱਜੀਆਂ*

# ਕੈਲਗਰੀ ਵਿਚ ਲੋਕ ਹਿਤੈਸ਼ੀ ਸੰਸਥਾਵਾਂ ਵਲੋਂ ਜ਼ੋਰਦਾਰ ਰੋਸ ਮੁਜ਼ਾਹਰਾ



ਕੈਲਗਰੀ/ਚੰਦ ਸਿੰਘ ਸਦਿਉੜਾ

ਪਿਛਲੇ ਦਿਨੀਂ ਭਾਰਤ ਵਿਚ ਇਕ ਪ੍ਰਸਿੱਧ ਮੈਗਜ਼ੀਨ ਸੰਪਾਦਕਾ, ਅਗਾਂਹਵਧੂ ਲੇਖਿਕਾ, ਸਮਾਜ ਸੇਵਿਕਾ ਅਤੇ ਮਨੁੱਖੀ ਅਧਿਕਾਰਾਂ ਦੀ ਕਾਰਕੁੰਨ ਗੌਰੀ ਲੰਕੇਸ਼ ਦੀ ਕੱਟੜਵਾਦੀ ਸ਼ਕਤੀਆਂ ਵਲੋਂ ਗੋਲੀਆਂ ਮਾਰ ਕੇ ਸ਼ਰੇਆਮ ਹੱਤਿਆ ਕਰ ਦਿੱਤੀ ਗਈ ਸੀ। ਇਸੇ ਤਰ੍ਹਾਂ ਮੀਆਂਮਾਰ (ਬਰਮਾ) ਨਾਮੀ ਦੇਸ਼ ਵਿਚ ਰੋਹਿਗੀਆ ਜਾਤੀ ਦੇ ਮੁਸਲਮਾਨਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਸਿੱਟੇ ਵਜੋਂ 3 ਲੱਖ ਤੋਂ ਵੀ ਜ਼ਿਆਦਾ ਪੀੜਤ ਦੌੜ ਕੇ ਬੰਗਲਾਦੇਸ਼ ਵਿਚ ਸ਼ਰਨ ਲੈ ਚੁੱਕੇ ਹਨ, ਪਰ ਮੌਕੇ ਦੀਆਂ ਸਰਕਾਰਾਂ ਮੂਕ ਦਰਸ਼ਕ ਬਣਕੇ ਇਸ ਨਰ ਸੰਸਾਰ ਨੂੰ ਦੇਖ ਰਹੀਆਂ ਹਨ।

ਪਰ ਸੰਸਾਰ ਪੱਧਰ ਦੀਆਂ ਲੋਕ ਹਿਤੈਸ਼ੀ ਜਥੇਬੰਦੀਆਂ ਇਨ੍ਹਾਂ ਅਣਮਨੁੱਖੀ ਘਟਨਾਵਾਂ 'ਤੇ ਤਿੱਖੀ ਪ੍ਰਤੀਕਿਰਿਆ ਵਜੋਂ ਥਾਂ ਥਾਂ ਰੈਲੀਆਂ ਤੇ ਰੋਸ ਮੁਜ਼ਾਹਰੇ ਕਰ ਰਹੀਆਂ ਹਨ। ਇਸੇ ਲੜੀ ਵਿਚ ਕੈਲਗਰੀ (ਕੈਨੇਡਾ) ਦੀ ਪ੍ਰੌਗੇਸਿਵ ਕਲਚਰਲ ਐਸੋਸੀਏਸ਼ਨ, ਸਿੱਖ ਵਿਰਸਾ ਮੈਗਜ਼ੀਨ ਅਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਬਣੀ ਕਮੇਟੀ ਵਲੋਂ 15 ਸਤੰਬਰ 2017 ਨੂੰ ਜੈਨੇਸਿਸ ਸੈਂਟਰ ਵਿਚ ਭਰਵੇਂ ਰੋਸ ਮੁਜ਼ਾਹਰੇ ਦਾ ਆਯੋਜਨ ਕੀਤਾ ਗਿਆ। ਰੋਸ ਮੁਜ਼ਾਹਰੇ ਵਿਚ ਸ਼ਾਮਲ ਸਾਊਥ ਏਸ਼ੀਅਨ ਮੂਲ ਦੇ ਮੁਜ਼ਾਹਰਾਕਾਰੀਆਂ ਵਲੋਂ ਕਾਲੇ ਕੱਪੜੇ ਪਹਿਨ, ਸਿਰਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ, ਮੂੰਹ 'ਤੇ ਟੇਪਾਂ ਲਾ ਜ਼ੁਲਮ ਦੀ ਇੰਤਹਾ ਖਿਲਾਫ਼ ਵੱਡੀਆਂ-ਵੱਡੀਆਂ ਤਖਤੀਆਂ ਫੜ ਸਰਕਾਰਾਂ ਵਿਰੋਧੀ ਨਾਅਰੇ ਲਗਾਏ ਜਾ ਰਹੇ ਸਨ। ਪ੍ਰੌਗੈਸਿਵ ਕਲਚਰਲ ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਸਿੰਘ ਵਲੋਂ ਗੌਰੀ ਲੰਕੇਸ਼ ਦੀ ਘਿਨਾਉਣੀ ਹੱਤਿਆ ਸਬੰਧੀ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਮੌਕੇ ਦੀ ਮੋਦੀ ਸਰਕਾਰ ਨੂੰ ਲੋਕ ਵਿਰੋਧੀ ਕਾਰਵਾਈਆਂ ਸਬੰਧੀ ਤਾੜਨਾ ਕੀਤੀ। ਸਿੱਖ ਵਿਰਸਾ ਇੰਟਰਨੈਸ਼ਨਲ ਮੈਗਜ਼ੀਨ ਦੇ ਮੁੱਖ ਸੰਪਾਦਕ ਸ੍ਰੀ ਹਰਚਰਨ ਸਿੰਘ ਪਰਹਾਰ ਵਲੋਂ ਮੀਆਂਮਾਰ (ਬਾਸਾ) ਵਿਚ ਰੋਹੰਗੀਆ ਮੁਸਲਮਾਨਾਂ ਦੇ ਸ਼ਰੇਆਮ ਕਤਲੇਆਮ ਸਬੰਧੀ ਲੂੰ ਕੰਡੇ ਖੜ੍ਹੇ ਕਰ ਦੇਣ ਵਾਲੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਅਤੇ ਮੌਕੇ ਦੀ ਸਰਕਾਰ ਆਪਣੇ ਅੰਤਰ-ਰਾਸ਼ਟਰੀ ਸੰਸਥਾਵਾਂ ਨੂੰ ਇਸ ਕਾਰ ਸੰਘਾਰ ਨੂੰ ਰੋਕਣ ਲਈ ਅਪੀਲ ਕੀਤੀ। ਬਬਾ ਕੰਵਲਪ੍ਰੀਤ ਪੰਧੇਰ ਵਲੋਂ ਉਚੀ ਆਵਾਜ਼ ਵਿਚ ਨਾਅਰੇ ਲਾਏਗਏ। ਮੁੱਖ ਸੜਕ ਦੇ ਕੰਢੇ ਦਾ ਰੋਸ ਮੁਜ਼ਾਹਰਾ ਕੀਤਾ ਗਿਆ, ਜਿਸ ਵਿਚ ਭਾਈਚਾਰੇ ਦੇ ਬਹੁਤ ਸਾਰੇ ਭੈਣ ਭਰਾਵਾਂ ਅਤੇ ਬੱਚਿਆਂ ਵਲੋਂ ਸ਼ਮੂਲੀਅਤ ਕੀਤੀ ਗਈ। ਇਸ ਲੋਕਪੱਖੀ ਰੋਸ ਮੁਜ਼ਾਹਰੇ ਨੂੰ ਕਵਰ ਕਰਨ ਲਈ ਕੈਲਗਰੀ ਪੰਜਾਬੀ ਮੀਡੀਆ ਤੋਂ ਸ੍ਰੀ ਰਿਸ਼ੀ ਨਾਜਰ, ਚਰਨਜੀਤ ਸਿੱਧੂ, ਸਤਵਿੰਦਰ ਸਿੱਧੂ, ਜਸਪ੍ਰੀਤ ਧਾਮੀ, ਹਰਬੰਸ ਬੁੱਟਰ, ਸੁਖਵੀਰ ਗਰੇਵਾਲ, ਡੈਨੇ ਸਿੱਧੂ, ਬਲਜਿੰਦਰ ਸੰਘਾ ਅਤੇ ਚੰਦ ਸਿੰਘ ਸਦਿਉੜਾ ਅਤੇ ਸ੍ਰੀਮਤੀ ਗੁਰਦੀਪ ਪਰਹਾਰ ਨੇ ਸ਼ਿਰਕਤ ਕੀਤੀ। ਇਉਂ ਇਸ ਰੋਸ ਮੁਜ਼ਾਹਰੇ ਵਿਚ ਮੌਕੇ ਦੀਆਂ ਸਰਕਾਰਾਂ ਨੂੰ ਲਾਹਣਤਾਂ ਪਾਉਂਦੇ ਹੋਏ ਸ਼ਾਮਲ ਲੋਕ ਆਪਣੇ-ਆਪਣੇ ਘਰਾਂ ਨੂੰ ਰੁਖਸਤ ਹੋ ਗਏ।











# 8ਵਾਂ ਤਰਕਸ਼ੀਲ ਨਾਟਕ ਸਮਾਗਮ ਸਫ਼ਲਤਾਪੂਰਬਕ ਸੰਪੰਨ

## ਇਨਕਲਾਬੀ ਕਵੀ ਅਵਤਾਰ ਪਾਸ਼ ਨੂੰ ਸਮਰਪਿਤ ਸੀ

## ਪੰਜ ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ


















ਕੈਲਗਰੀ (ਮਾ. ਭਜਨ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਇਥੇ ਜੈਨਸਸ ਸੈਂਟਰ ਦੇ ਵੱਡੇ ਹਾਲ ਵਿਚ 8ਵਾਂ ਸਲਾਨਾ ਤਰਕਸ਼ੀਲ ਅਗਾਂਹਵਧੂ ਨਾਟਕ ਸਮਾਗਮ ਵੱਡੀ ਸਫ਼ਲਤਾ ਨਾਲ ਸਿਰੇ ਚਾੜ੍ਹਿਆ ਗਿਆ। ਇਨਕਲਾਬੀ ਕਵੀ ਅਵਤਾਰ ਪਾਸ਼ ਨੂੰ ਸਮਰਪਿਤ ਇਸ ਨਾਟਕ ਪ੍ਰੋਗਰਾਮ ਦੀ ਸ਼ੁਰੂਆਤ ਪ੍ਰਧਾਨ ਸੋਹਨ ਮਾਨ ਨੇ ਕਰਦਿਆਂ ਕਿਹਾ ਕਿ ਅਵਤਾਰ ਪਾਸ਼ ਦੀ ਸ਼ਹਾਦਤ ਵਾਂਗ ਹੀ ਗੌਰੀ ਲੰਕੇਸ਼ ਦਾ ਕਤਲ ਵੀ ਮੌਕੇ ਦੀਆਂ ਕਾਲੀਆਂ ਤਾਕਤਾਂ ਨੇ ਕੀਤਾ ਹੈ।

ਸਟੇਜ ਸੰਚਾਲਨ ਚਲਾ ਰਹੇ ਮਾਸਟਰ ਭਜਨ ਨੇ ਪ੍ਰੋਗਰਾਮ ਦੀ ਰੂਪ ਰੇਖਾ ਸਾਂਝੀ ਕੀਤੀ ਤੇ ਤੁਰੰਤ ਪਹਿਲੇ ਨਾਟਕ 'ਪਾਉਣ ਪੈੜਾਂ ਜੋ ਪੈਰ' ਦੀ ਸ਼ੁਰੂਆਤ ਕੀਤੀ। ਹਰਕੇਸ਼ ਚੌਧਰੀ ਦੇ ਲਿਖੇ ਨਾਟਕ ਦੀ ਨਿਰਦੇਸ਼ਨਾ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਕਲਾ ਮੰਚ ਦੀ ਕਨਵੀਨਰ ਕਮਲਪ੍ਰੀਤ ਕੌਰ ਪੰਧੇਰ ਨੇ ਕੀਤਾ। ਕਿਸਾਨੀ ਦੀ ਹਾਲਤ ਨੂੰ ਪਾਤਰਾਂ ਨੇ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ। ਬਹੁਤ ਸਾਰੇ ਦਰਸ਼ਕਾਂ ਨੂੰ ਭਾਵੁਕ ਕਰਨ 'ਚ ਨਾਟਕ ਕਾਮਯਾਬ ਰਿਹਾ। ਕਿਸਾਨੀ ਨੂੰ ਖੁਦਕੁਸ਼ੀਆਂ ਦਾ ਰਾਹ ਛੱਡ ਕੇ ਸੰਘਰਸ਼ ਕਰਨ ਦਾ ਸੰਦੇਸ਼ ਦੇਣ 'ਚ ਨਾਟਕ ਸਫ਼ਲ ਰਿਹਾ।


ਦੂਜੀ ਪੇਸ਼ਕਾਰੀ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਸਮੇਂ ਗਾਈ ਘੋੜੀ ਕੈਲਗਰੀ ਦੇ ਜੰਮਪਲ 25 ਬੱਚਿਆਂ ਵਲੋਂ ਪੇਸ਼ ਕੀਤੀ ਗਈ। ਅਗਲਾ ਨਾਟਕ 'ਦੇਵ ਪੁਰਸ਼ ਹਾਰ ਗਏ' ਗੁਰਸ਼ਰਨ ਭਾਅ ਜੀ ਦਾ ਲਿਖਿਆ ਹੋਇਆ ਸੀ, ਖੇਡਿਆ ਗਿਆ। ਇਹ ਨਾਟਕ ਜੋਤਸ਼ੀਆਂ ਤਾਂਤਰਿਕਾਂ ਅਤੇ ਬਾਬਿਆਂ ਦੇ ਕਿਰਦਾਰ ਦਾ ਪਰਦਾਫਾਸ਼ ਕਰ ਗਿਆ। ਅੰਤਲੇ ਸੀਨ ਵਿਚ ਜਦੋਂ ਕਮਲ ਸਿੱਧੂ ਸਰਸੇ ਵਾਲੇ ਸਾਧ ਦੇ ਕਿਰਦਾਰ ਅਤੇ ਜਸ ਲੰਮੇ ਹਨੀ ਦੇ ਰੂਪ 'ਚ ਸਟੇਜ 'ਤੇ ਆਏ ਤਾਂ ਦਰਸ਼ਕਾਂ ਦੀਆਂ ਤਾੜੀਆਂ ਨੇ ਹਾਲ ਗੂੰਜਾ ਦਿੱਤਾ ਅਤੇ ਚਾਰੇ ਪਾਸੇ ਹਾਸੇ ਬਿਖਰ ਗਏ। ਇਹ ਸੀਨ ਅੱਜ ਦੇ ਸਮਾਗਮ ਦੀ ਸਿੱਖਰ ਸੀ।

ਮਾਸਟਰ ਬਚਿੱਤਰ ਗਿੱਲ ਅਤੇ ਹਰਨੇਕ ਬੱਧਨੀ ਵਲੋਂ ਕਵੀਸ਼ਰੀ ਅਤੇ ਗੀਤ ਰਾਹੀਂ ਯੋਗਦਾਨ ਪਾਇਆ ਗਿਆ। ਕਲਾ ਮੰਚ ਦੀ

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains




Appointments also available on Saturdays & Evenings
Services Available in Punjabi, Hindi, Urdu & English
DR. J.S. BAINS & ASSOCIATES-(OPTOMETRY)
- Complete Eye Exam
- Ocular Health Assessment
- Contact Lenses



403-274-4514
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
deerfootvision@yahoo.ca

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
Contact Long time trusted name in the community
Gurbachan Singh Brar
* RESIDENTIAL
* BUSINESS
* LAND
* COMMERCIAL
* INDUSTRIAL
* INVESTMENT
403-470-2628
gsbrar@gsbrar.com
www.gsbrar.com



* Free no obligation evaluation
* Full time commitment
* Assistance to arrange best mortgage rates
urban
1A-4101 19 ST N.E. CALGARY, AB T2E 6X8
Ph: 403-590-2233 Fax: 403-776-1942

ਆਖਰੀ ਪੇਸ਼ਕਾਰੀ "ਐ ਸੂਰਮੇ ਜੁਝਾਰੋ, ਕੋਈ ਬੁਲਾ ਰਿਹਾ ਹੈ। ਗੋਬਿੰਦ ਦਾ ਸੁਨੇਹਾ, ਉੱਠੋ ਜਗ੍ਹਾ ਰਿਹਾ ਹੈ।" ਸਰੋਤਿਆਂ 'ਚ ਜੋਸ਼ ਭਰ ਗਈ। 850 ਦੇ ਕਰੀਬ ਮਰਦਾਂ-ਔਰਤਾਂ ਦੇ ਇਕੱਠ 'ਚ 135 ਦੇ ਕਰੀਬ 18 ਸਾਲ ਤੋਂ ਘੱਟ ਦੇ ਬੱਚੇ ਸਨ।

ਅੱਜ ਦੇ ਇਕੱਠ 'ਚ ਇਕ ਸਾਲ ਤੋਂ ਮੁਫ਼ਤ ਪੰਜਾਬੀ ਕਲਾਸਾਂ ਲਾ ਰਹੇ ਪੰਜ ਅਧਿਆਪਕਾਂ ਸੁਖਵੀਰ ਗਰੇਵਾਲ, ਜਸ ਲੰਮੇ, ਸਤਵਿੰਦਰ ਕੌਰ, ਕਿਰਨ ਪੁਰਬਾ ਅਤੇ ਕਮਲਜੀਤ ਗਰੇਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮਾ. ਭਜਨ ਸਿੰਘ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਇਹ ਅਧਿਆਪਕਾਂ ਨੇ ਜਿੰਨੀ ਪ੍ਰਤੀਬੱਧਤਾ, ਦ੍ਰਿੜ੍ਹਤਾ, ਮਿਹਨਤ ਨਾਲ ਬੱਚਿਆਂ ਨੂੰ ਪੜ੍ਹਾਇਆ ਹੈ। ਇਹ ਸਾਡੀ ਐਸੋਸੀਏਸ਼ਨ ਲਈ ਹੀ ਨਹੀਂ ਸਗੋਂ ਪੰਜਾਬੀ ਕਮਿਊਨਿਟੀ ਲਈ ਮਾਣ ਵਾਲੀ ਗੱਲ ਹੈ।

ਰੁਪਿੰਦਰਪਾਲ ਪੰਧੇਰ ਵਲੋਂ ਲਾਈਟ ਸਾਊਂਡ ਦੀਆਂ ਸੇਵਾਵਾਂ, ਗੁਰਪਿਆਰ ਗਿੱਲ, ਹਰਮਨ ਸੇਖੋਂ ਵਲੋਂ ਸਟੇਜ ਸੈਟ ਤਿਆਰ ਕੀਤਾ ਗਿਆ। ਨਾਟਕਾਂ ਵਿਚ ਜਸ਼ਨਪ੍ਰੀਤ ਗਿੱਲ, ਸੁਰਿੰਦਰ ਬਰਾੜ (ਟੀਨੂੰ) ਕਮਲ ਸਿੱਧੂ, ਸੁਖਦੀਪ ਚਾਹਲ, ਹਰਮਨ ਬਾਠ, ਅਮਨ ਗਿੱਲ, ਜਰਨੈਲ ਤੱਗੜ, ਨਵਕਿਰਨ ਢੁੱਡੀਕੇ, ਜਸ ਲੰਮੇ, ਕੁਸ਼ਮ ਸ਼ਰਮਾ, ਆਰੂਸ਼ੀ ਸ਼ਰਮਾ, ਰਿਸ਼ਮ ਸ਼ਰਮਾ, ਚੰਨਪ੍ਰੀਤ ਮੰਜਾਲ ਆਦਿ ਨੇ ਭਾਗ ਲਿਆ।

ਹਰ ਸਾਲ ਨਾਟਕ ਸਮਾਗਮ ਨੂੰ ਸਪਾਂਸਰ ਕਰਨ ਵਾਲੇ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਪਰਹਾਰ, ਗੁਰਦੀਪ ਪਰਹਾਰ, ਅਮਰ ਡਿਵੈਲਟਮੈਂਟ ਕੰਪਨੀ ਦੇ ਰਾਣੀ ਦੂਹਰਾ, ਰੀਲਾਇੰਸ ਲੀਗਲ ਗਰੁੱਪ ਦੇ ਐਡਵੋਕੇਟ ਤਰਨਜੀਤ ਔਜਲਾ, ਜੀ. ਟੈਕ. ਬਿਲਡਿੰਗ ਕੰਪਨੀ ਅਤੇ ਹਰਪਿੰਦਰ ਸਿੱਧੂ ਆਦਿ ਵਲੋਂ ਬੱਚਿਆਂ ਦੇ ਮੈਡਲ ਪਾ ਕੇ ਹੌਸਲਾ ਅਫ਼ਜਾਈ ਕੀਤੀ ਗਈ। ਸੁੱਖੀ ਗਿੱਲ, ਗੁਰਦੀਪ ਪਰਹਾਰ, ਬਲਵੀਰ ਕੌਰ, ਸੁਰਿੰਦਰ ਕੌਰ, ਸ਼ਨੀ ਖੋਸਾ, ਹਰੀਪਾਲ, ਮਨਜੀਤ ਗਿੱਲ ਅਤੇ ਗੁਰਦੀਪ ਚੀਮਾ ਆਦਿ ਨੇ ਵਲੰਟਰੀਅਰ ਸੇਵਾਵਾਂ ਨਿਭਾਈਆਂ। ਮੀਡੀਆ ਵਲੋਂ ਰਿਸ਼ੀ ਨਾਗਰ ਰੈਡ ਐਫ. ਐਮ., ਰਮਨ ਸਿੱਧੂ, ਗੁਰਬਚਨ ਬਰਾੜ, ਜੱਗ ਪੰਜਾਬੀ ਵਲੋਂ ਸੁਰਿੰਦਰ ਕੌਰ, ਸਤਵਿੰਦਰ ਸਿੰਘ, ਚੈਨਲ ਪੰਜਾਬੀ ਅਤੇ ਪੰਜਾਬੀ ਅਖ਼ਬਾਰ ਤੋਂ ਹਰਬੰਸ ਬੁੱਟਰ, ਮੈਪਲ ਮੀਡੀਆ ਵਲੋਂ ਬਲਜਿੰਦਰ ਸੰਘਾ, ਸੰਜੀਵ ਸ਼ਰਮਾ, ਜੱਗ ਬਾਣੀ, ਸੁਖਵੀਰ ਗਰੇਵਾਲ ਪੰਜਾਬੀ ਟ੍ਰਿਬਿਊਨ ਆਦਿ ਨੇ ਪੂਰੀ ਹਾਜ਼ਰੀ ਲਵਾਈ। ਹਰਦੀਪ ਦੇਵਗਨ ਵਲੋਂ ਤਿਆਰ ਕੀਤਾ ਸਭ ਸਪਾਂਸਪਜ਼ ਅਤੇ ਮੀਡੀਆ ਦੇ ਧੰਨਵਾਦ ਦਾ ਸਲਾਈਡ ਸ਼ੋਅ ਦਿਖਾਇਆ ਗਿਆ। ਅਲਬਰਟਾ ਦੇ ਮੰਤਰੀ ਇਰਫਾਨ ਸਬੀਰ ਅਤੇ ਪਾਕਿਸਤਾਨੀ-ਕੈਨੇਡੀਅਨ ਕਲਚਰਲ ਐਸੋਸੀਏਸ਼ਨ ਦੇ ਅਸਜ਼ਦ ਬੁਖ਼ਾਰੀ ਵੀ ਪੂਰਾ ਸਮਾਂ ਹਾਜ਼ਰ ਰਹੇ ਅਤੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਬਹੁਤ ਸਾਰੇ ਲੋਕਾਂ ਵਲੋਂ ਮੌਕੇ 'ਤੇ ਪ੍ਰੋਗਰਾਮ ਲਈ ਫੰਡ ਵੀ ਸਹਾਇਤਾ ਕੀਤੀ ਗਈ। ਅੰਤ ਵਿਚ ਸਕੱਤਰ ਮਾ. ਭਜਨ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਦੀ ਅਗਲੀ ਮਾਸਿਕ ਮੀਟਿੰਗ ਪਹਿਲੇ ਐਤਵਾਰ 1 ਅਕਤੂਬਰ ਨੂੰ ਕੋਸੋ ਹਾਲ ਹੋਵੇਗੀ। ਹੋਰ ਜਾਣਕਾਰੀ ਲਈ ਫੋਨ 403-455-4220 'ਤੇ ਸੰਪਰਕ ਕਰੋ।



















# ਯੂਨੀਵਰਸਿਟੀਆਂ, ਸਨਾਤਨੀ ਸੰਸਕਾਰ ਅਤੇ ਦਰਦ ਵਿਹੂਣੀ 'ਮਨ ਕੀ ਬਾਤ'








-ਬੂਟਾ ਸਿੰਘ ਨਵਾਂਸ਼ਹਿਰ
94634-74342

23 ਸਤੰਬਰ ਦੀ ਰਾਤ ਨੂੰ ਬੀ.ਐੱਚ.ਯੂ. (ਬਨਾਰਸ ਹਿੰਦੂ ਯੂਨੀਵਰਸਿਟੀ) ਵਾਰਾਨਸੀ ਵਿਖੇ ਪੁਲਿਸ ਵਲੋਂ ਧਰਨੇ 'ਤੇ ਬੈਠੀਆਂ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਕਰ ਰਹੇ ਵਿਦਿਆਰਥੀਆਂ ਨੂੰ ਵੀ.ਸੀ. ਦੇ ਇਸ਼ਾਰੇ 'ਤੇ ਕੁੱਟ-ਕੁੱਟਕੇ ਲਹੂ-ਲੁਹਾਣ ਕਰ ਦਿੱਤਾ ਗਿਆ। ਹੋਸਟਲ ਦੀ ਇਕ ਵਿਦਿਆਰਥਣ ਉੱਪਰ ਕੈਂਪਸ ਦੇ ਸੁਰੱਖਿਆ ਗਾਰਡ ਦੀ ਮੌਜੂਦਗੀ ਵਿਚ ਕੀਤੇ ਗਏ ਜਿਨਸੀ ਹਮਲੇ ਤੋਂ ਚਿੰਤਤ ਵਿਦਿਆਰਥਣਾਂ ਨੇ ਕੈਂਪਸ ਵਿਚ ਲੜਕੀਆਂ ਦੀ ਸੁਰੱਖਿਆ ਦੇ ਇੰਤਜ਼ਾਮ ਕਰਨ ਦੀ ਮੰਗ ਨੂੰ ਲੈਕੇ ਅੰਦੋਲਨ ਵਿੱਢ ਦਿੱਤਾ ਸੀ। ਅੰਦੋਲਨਕਾਰੀ ਵਿਦਿਆਰਥਣਾਂ ਉੱਪਰ ਪੁਲਿਸ ਦਾ ਇਹ ਹਮਲਾ ਇਕ ਹੋਰ ਪ੍ਰਤੱਖ ਸਬੂਤ ਹੈ ਕਿ ਸੰਘ ਬਰਗੇਡ ਅਤੇ ਇਨ੍ਹਾਂ ਦੇ ਵਾਈਸ ਚਾਂਸਲਰ ਦੀ ਜ਼ਿਹਨੀਅਤ ਕਿਸ ਘਿਣਾਉਣੀ ਹੱਦ ਤਕ ਔਰਤ ਵਿਰੋਧੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਸੰਘੀਆਂ ਦੇ 'ਬਹੁਤ ਹੂਆ ਨਾਰੀ ਪਰ ਵਾਰ, ਅਬ ਕੀ ਵਾਰ ਮੋਦੀ ਸਰਕਾਰ' ਅਤੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰਿਆਂ ਦੇ ਅਸਲ ਮਾਇਨੇ ਕੀ ਹਨ। ਧੀਆਂ ਦੇ ਸਤਿਕਾਰ ਲਈ ਮਾਪਿਆਂ ਨੂੰ ਉਨ੍ਹਾਂ ਨਾਲ ਆਪਣੀ ਸੈਲਫ਼ੀ ਖਿੱਚਕੇ ਸੋਸ਼ਲ ਮੀਡੀਆ ਉੱਪਰ ਸਾਂਝੀ ਕਰਨ ਦੀਆਂ ਨਸੀਹਤਾਂ ਦੇਣ ਵਾਲੇ ਨਰਿੰਦਰ ਮੋਦੀ ਦੀ ਜ਼ੁਬਾਨ ਇਸ ਸ਼ਰਮਨਾਕ ਕਾਂਡ ਬਾਰੇ ਇੰਵ ਖ਼ਾਮੋਸ਼ ਹੈ ਜਿਵੇਂ ਕੁਝ ਹੋਇਆ ਹੀ ਨਹੀਂ। ਹਾਲਾਂਕਿ ਵਿਦਿਆਰਥਣਾਂ ਨੇ ਉਸ ਨੂੰ ਗਿਆਰਾਂ ਨੁਕਾਤੀ ਮੰਗ-ਪੱਤਰ ਭੇਜਕੇ ਕੈਂਪਸ ਵਿਚ ਸਮਾਜ ਵਿਰੋਧੀ ਅਨਸਰਾਂ ਵਲੋਂ ਕੀਤੀ ਜਾਂਦੀ ਛੇੜਛੇੜ ਰੋਕਣ ਲਈ ਢੁੱਕਵੇਂ ਸੁਰੱਖਿਆ ਕਦਮ ਚੁੱਕਣ ਦੀ ਮੰਗ ਕੀਤੀ ਹੈ।

ਇਸ ਦੌਰਾਨ 23 ਸਤੰਬਰ ਨੂੰ ਜੁਮਲਾ ਮਾਹਰ ਪ੍ਰਧਾਨ ਮੰਤਰੀ ਆਪਣੇ ਹਲਕੇ ਵਿਚ ਪਧਾਰਦਾ ਹੈ। ਉਸਨੇ ਯੂਨੀਵਰਸਿਟੀ ਦੇ ਸਾਹਮਣਿਓਂ ਗੁਜ਼ਰਨਾ ਹੈ। ਉਸਦੇ ਕੰਨਾਂ ਨੂੰ ਵਿਦਿਆਰਥਣਾਂ ਦੀਆਂ ਮੰਗਾਂ ਦੇ ਸ਼ੋਰ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਉਸਦੇ ਕਾਫ਼ਲੇ ਦਾ ਰੂਟ ਬਦਲ ਦਿੱਤਾ ਗਿਆ। ਪ੍ਰਧਾਨ ਮੰਤਰੀ ਯੋਗੀ ਸਰਕਾਰ ਵਲੋਂ ਆਯੋਜਤ 'ਪਸ਼ੂਧਨ ਅਰੋਗ ਮੇਲਾ' ਦੀ ਕਾਮਯਾਬੀ ਦੇਖਕੇ ਬਾਗ਼ੋਬਾਗ ਹੋ ਗਿਆ ਜਿਸਨੇ 1700 ਪਸ਼ੂਆਂ ਦੀ ਤੰਦਰੁਸਤੀ ਲਈ ਇਹ ਮੇਲਾ ਆਯੋਜਤ ਕਰਕੇ ਪਸ਼ੂਆਂ ਦੀ ਸੇਵਾ ਕਰਨ ਦਾ ਐਨਾ ਵੱਡਾ ਉਪਰਾਲਾ ਕੀਤਾ ਸੀ। ਪ੍ਰਧਾਨ ਮੰਤਰੀ ਅਨੁਸਾਰ ਇਹ ਇਸ ਲਈ ਸੰਭਵ ਹੋਇਆ ਕਿਉਂਕਿ ਇਹ 'ਵੱਖਰੇ ਸੰਸਕਾਰਾਂ ਵਿਚ ਜੰਮੇ-ਪਲੇ' ਸਿਆਸਤਦਾਨਾਂ ਦੀ ਸਰਕਾਰ ਹੈ। ਉਹ ਸ਼ੇਖੀ ਮਾਰਦਾ ਹੈ: "ਅਸੀਂ ਵੋਟ ਕੇ ਹਿਸਾਬ ਨਾਲ ਤਰਜ਼ੀਹਾਂ ਤੈਅ ਨਹੀਂ ਕਰਦੇ, ਇਹ (ਪਸ਼ੂ) ਕਿਸੇ ਦੇ ਵੋਟਰ ਨਹੀਂ ਹਨ।" ਉਹ ਸਵੱਛ ਭਾਰਤ ਅਭਿਆਨ ਤਹਿਤ ਬਣਾਏ ਜਾ ਰਹੇ ਪਖ਼ਾਨਿਆਂ ਦਾ ਉਦਘਾਟਨ ਕਰਨ ਲਈ ਆਪਣੇ ਹੱਥੀਂ ਇੱਟ ਲਗਾਉਂਦਾ ਹੈ ਅਤੇ ਪਖ਼ਾਨੇ ਨੂੰ "ਇੱਜ਼ਤ ਘਰ" ਕਹਿਕੇ ਆਪਣੀ ਪਿੱਠ ਥਾਪੜਦਾ ਹੈ ਕਿ ਇਸ ਨਾਲ ਔਰਤਾਂ ਦਾ ਗੌਰਵ ਮਹਿਫ਼ੂਜ਼ ਹੋ ਗਿਆ ਹੈ। ਪਰ ਉਸ ਨੂੰ ਆਪਣੇ ਹਲਕੇ ਦੀ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਦੀ ਜਿਨਸੀ ਛੇੜਛੇੜ ਤੋਂ ਸੁਰੱਖਿਆ ਦੀ ਮੰਗ ਨਾਲ ਕੋਈ ਸਰੋਕਾਰ ਨਹੀਂ ਜੋ ਕੈਂਪਸ ਅੰਦਰ ਪਖ਼ਾਨੇ ਹੁੰਦਿਆਂ ਵੀ ਮਹਿਫ਼ੂਜ਼ ਨਹੀਂ। ਯੋਗੀ ਰਾਜ ਦੀ ਪੁਲਿਸ ਵਿਦਿਆਰਥਣਾਂ ਨੂੰ ਲਾਠੀਆਂ ਨਾਲ ਫੱਟੜ ਕਰਕੇ ਉਨ੍ਹਾਂ ਨੂੰ ਸਨਮਾਨ ਦਿੰਦੀ ਹੈ!

ਇਸ ਕਾਂਡ ਤੋਂ ਅਗਲੇ ਹੀ ਦਿਨ ਪ੍ਰਧਾਨ ਮੰਤਰੀ ਨੇ ਰੇਡੀਓ ਉੱਪਰ 'ਮਨ ਕੀ ਬਾਤ' ਕੀਤੀ। ਉਸਨੇ ਦਾਅਵਾ ਕੀਤਾ ਕਿ ਉਸਦਾ 'ਮਨ ਕੀ ਬਾਤ' ਪ੍ਰੋਗਰਾਮ ਸਿਆਸਤ ਤੋਂ ਨਿਰਲੇਪ ਹੈ ਅਤੇ ਇਸ ਵਿਚ ਸਿਰਫ਼ ਅਵਾਮ ਦੇ ਮਨ ਦੀ ਗੱਲ ਕੀਤੀ ਜਾਂਦੀ ਹੈ। ਇਹ ਸਵਾਲ ਕਰਨਾ ਹੀ ਬਣਦਾ ਹੈ ਕਿ ਇਸ ਸ਼ਖਸ ਦੇ ਕੰਨ ਆਪਣੇ ਸੰਸਦੀ ਹਲਕੇ ਵਿਚਲੀ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਦੇ ਮਨਾਂ ਦਾ ਦਰਦ ਸੁਣਣ ਤੋਂ ਬੰਦ ਕਿਉਂ ਹਨ, ਉਸ ਦੇ ਕੰਨਾਂ ਵਿਚ ਐਸਾ ਕਿਹੜਾ ਪਰਦਾ ਹੈ ਜੋ ਅੱਧੀ ਰਾਤ ਨੂੰ ਲਾਠੀਆਂ ਨਾਲ ਛੱਲੀਆਂ ਵਾਂਗ ਕੁੱਟੀਆਂ ਗਈਆਂ ਧੀਆਂ ਦੀਆਂ ਚੀਕਾਂ ਨੂੰ ਉਸਦੇ ਮਨ ਤਕ ਪਹੁੰਚਣ ਤੋਂ ਰੋਕਦਾ ਹੈ? ਕੀ ਹਿੰਦੂਤਵ ਦਾ ਇਹ ਪਰਦਾ ਸਿਆਸਤ ਤੋਂ ਨਿਰਲੇਪ ਹੈ?

ਆਰ.ਐੱਸ.ਐੱਸ. ਦੇ ਰਾਜ ਵਿਚ ਯੂਨੀਵਰਸਿਟੀ ਵਿਚ ਪੜ੍ਹ ਰਹੀਆਂ ਵਿਦਿਆਰਥਣਾਂ ਲਈ ਆਪਣੀ ਹਿਫਾਜ਼ਤ ਦੀ ਮੰਗ ਕਰਨਾ ਇਸ ਕਦਰ ਸੰਗੀਨ ਜੁਰਮ ਹੈ ਜਿਸਦੀ ਸਜ਼ਾ ਪੁਲਿਸ ਦੀਆਂ ਲਾਠੀਆਂ ਅਤੇ ਅੱਥਰੂ ਗੈਸ ਦੇ ਗੋਲੇ ਹਨ। ਯੂਨੀਵਰਸਿਟੀ ਦਰ ਯੂਨੀਵਰਸਿਟੀ ਇਸਦੀ ਨਵੀਂ ਮਿਸਾਲ ਪੇਸ਼ ਕਰ ਰਹੀ ਹੈ। ਆਰ.ਐੱਸ.ਐੱਸ. ਵਲੋਂ ਲਗਾਏ

ਗ਼ਦਰ ਹੈਰੀਟੇਜ਼ ਆਰਗੇਨਾਈਜੇਸ਼ਨ ਵਲੋਂ ਗ਼ਦਰੀਆਂ ਦੀ ਪੁਕਾਰ ਇਨਕਲਾਬ ਨਾਮੀ ਪੁਸਤਕ ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਵਲੋਂ ਪ੍ਰਕਾਸ਼ਤ ਸਤੰਬਰ 17, 2017 ਨੂੰ ਬਰੈਂਪਟਨ ਦੇ ਸ਼ਿੰਗਾਰ ਬੈਂਕਵਟ ਹਾਲ ਵਿਚ ਰਿਲੀਜ਼ ਕੀਤੀ ਗਈ। ਅੱਜ ਦੇ ਮੌਜੂਦਾ ਹਾਲਾਤ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਹੋ ਰਹੀ ਲੋਕਾਂ ਦੀ ਲੁੱਟ ਨੂੰ ਫਿਰ ਅਜਿਹੇ ਗ਼ਦਰ ਦੀ ਲੋੜ ਹੈ ਜੋ ਸਮੁੱਚੀ ਮਨੁੱਖਤਾ ਨੂੰ ਬਰਾਬਰਤਾ ਦਾ ਸਮਾਜ ਪ੍ਰਦਾਨ ਕਰਨ ਲਈ ਅੱਗੇ ਆਵੇ। ਇਸ ਦਾ ਪ੍ਰਬੰਧ ਇਕਬਾਲ ਸਿੰਘ ਸੁੰਬਲ ਵਲੋਂ ਕੀਤਾ ਗਿਆ ਸੀ।














# ਬਨਾਰਸ ਹਿੰਦੂ ਯੂਨੀਵਰਸਿਟੀ ਦੀਆਂ ਧਰਨੇ ਉੱਤੇ ਬੈਠੀਆਂ ਲੜਕੀਆਂ ਨੂੰ 23 ਸਤੰਬਰ ਦੀ ਅੱਧੀ ਰਾਤ ਪੁਲਿਸ ਨੇ ਬੁਰੀ ਤਰਾਂ ਕੁੱਟਿਆ



ਬਨਾਰਸ ਹਿੰਦੂ ਯੂਨੀਵਰਸਿਟੀ ਦੀਆਂ ਧਰਨੇ ਉੱਤੇ ਬੈਠੀਆਂ ਲੜਕੀਆਂ ਨੂੰ 23 ਸਤੰਬਰ ਦੀ ਅੱਧੀ ਰਾਤ ਪੁਲਿਸ ਨੇ ਬੁਰੀ ਤਰਾਂ ਕੁੱਟਿਆ। ਹੋਸਟਲਾਂ ਵਿੱਚ ਵੜ ਕੇ ਪੁਰਸ਼ ਪੁਲੀਸ ਨੇ ਕੁੜੀਆਂ ਉੱਤੇ ਡਾਂਗਾ ਵਰ੍ਹਾਈਆਂ। ਉਹਨਾਂ ਦਾ ਸਾਥ ਦੇ ਰਹੇ ਯੂਨੀਵਰਸਿਟੀ ਦੇ ਵਿਦਿਆਰਥੀ ਮੁੰਡਿਆਂ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ ਗਿਆ। ਇਹਨਾਂ ਕੁੜੀਆਂ ਦੀ ਕੀ ਮੰਗ ਸੀ? ਬਸ ਇਹੋ ਕਿ ਉਹਨਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਕਿ ਉਹਨਾਂ ਨਾਲ਼ ਨਿੱਤ ਦਿਨ ਹੁੰਦੀ ਜਿਣਸੀ ਛੇੜਛਾੜ ਬੰਦ ਕਰਾਈ ਜਾਵੇ। ਯੂਨੀਵਰਸਿਟੀ ਕੈਂਪਸ ਅੰਦਰ ਤੇ ਬਾਹਰ ਰੌਸ਼ਨੀ ਦੀ ਸਹੀ ਢੰਗ ਨਾਲ਼ ਪ੍ਰਬੰਧ ਹੋਵੇ। ਥਾਂ-ਥਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਾਏ ਜਾਣ। ਵਿਦਿਆਰਥਣਾਂ ਇੱਕ ਲੜਕੀ ਨਾਲ਼ ਛੇੜਛਾੜ ਤੋਂ ਬਾਅਦ ਜ਼ੋਰਦਾਰ ਧਰਨੇ 'ਤੇ ਬੈਠੀਆਂ ਸਨ। ਸੰਘੀ ਵੀ.ਸੀ. ਗੱਲ ਤੱਕ ਕਰਨ ਨੂੰ ਤਿਆਰ ਨਹੀਂ ਸੀ। ਕੁੜੀਆਂ ਦਾ ਗੁੱਸਾ ਇੱਕ ਦਿਨ ਵੀ ਨਹੀਂ ਭੜਕਿਆਂ ਸਗੋਂ ਲੰਮੇ ਸਮੇਂ ਤੋਂ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਉਹਨਾਂ ਦੀ ਸੁਰੱਖਿਆ ਅਤੇ ਮੰਗਾਂ ਦੀ ਅਣਦੇਖੀ ਕੀਤੀ ਜਾ ਰਹੀ ਸੀ। ਕੁੜੀਆਂ ਨੂੰ ਦੋਸ਼ੀ ਕਹਿ ਦਿੱਤਾ ਜਾਂਦਾ ਸੀ। ਹਾਲਤ ਇਹ ਸੀ ਕਿ ਕੁੜੀਆਂ ਨੇ ਸ਼ਿਕਾਇਤ ਕੀਤੀ ਕਿ ਹੋਸਟਲ ਸਾਹਮਣੇ ਕੁੱਝ ਲੜਕੇ ਅਸ਼ਲੀਲ ਹਰਕਤਾਂ ਕਰਦੇ ਹਾਂ ਤਾਂ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਿਹਾ ਕਿ ਲੜਕੀਆਂ ਖਿੜਕੀਆਂ ਖੁੱਲੀਆਂ ਕਿਉਂ ਰੱਖਦੀਆਂ ਹਨ! ਨਰਿੰਦਰ ਮੋਦੀ ਬਨਾਰਸ ਤੋਂ ਹੀ ਸੰਸਦ ਮੈਂਬਰ ਹੈ। ਪ੍ਰਧਾਨ ਮੰਤਰੀ ਦੇ ਸੰਸਦੀ ਹਲਕੇ ਵਿੱਚ ਹੀ 'ਬੇਟੀ ਪੜ੍ਹਾਓ, ਬੇਟੀ ਬਚਾਓ' ਦਾ ਇਹ ਹਾਲ ਹੈ (ਤੇ ਉੱਤਰ ਪ੍ਰਦੇਸ਼ ਵਿੱਚ ਯੋਗੀ ਸਰਕਾਰ ਹੈ!) ਤਾਂ ਬਾਕੀ ਥਾਂ ਉੱਤੇ ਸੰਘੀ ਬ੍ਰਿਗੇਡ ਦੇ ਰਵੱਈਏ, ਇਰਾਦੇ, ਕਾਰਵਾਈਆਂ ਲਾਉਣਾ ਕੋਈ ਮੁਸ਼ਕਿਲ ਕੰਮ ਨਹੀਂ। ਸਵਾਲ ਇਹ ਨਹੀਂ ਹੈ ਕਿ ਉਹ ਕੀ ਕਰ ਰਹੇ ਹਨ। ਸਵਾਲ ਇਹ ਹੈ ਕਿ ਅਸੀਂ ਕੀ ਕਰ ਰਹੇ ਹਾਂ? ਬੀ. ਐਚ. ਯੂ. ਵਿਦਿਆਰਥਣਾਂ-ਵਿਦਿਆਰਥੀ ਸੰਘਰਸ਼ ਦੇ ਮੈਦਾਨ ਵਿੱਚ ਡਟੇ ਹੋਏ ਹਨ। ਉਹਨਾਂ ਨੂੰ ਇਨਸਾਫਪਸੰਦ ਲੋਕਾਂ ਦੀ ਹਿਮਾਇਤ ਦੀ, ਸਾਥ, ਹੌਸਲਾ ਅਫਜਾਈ ਦੀ ਲੋੜ ਹੈ।

**ਬੀ.ਐਚ.ਯੂ. ਵਿਦਿਆਰਥੀ ਸੰਘਰਸ਼ ਜਿੰਦਾਬਾਦ!**

**ਮੋਦੀ-ਯੋਗੀ ਫਾਸੀਵਾਦੀ ਗੁੰਡਾ ਬ੍ਰਿਗੇਡ ਮੁਰਦਾਬਾਦ!**

ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੀ ਟੇਕ ਪੁਲਿਸ ਦੇ ਡੰਡੇ ਅਤੇ ਫ਼ੌਜ ਦੇ ਟੈਂਕਾਂ ਉੱਪਰ ਹੈ। ਜੇ.ਐੱਨ.ਯੂ. ਦਾ ਵੀ.ਸੀ. ਰਾਸ਼ਟਰਵਾਦ ਦੇ ਨਾਂ ਹੇਠ ਬੌਧਿਕ ਦਿਮਾਗਾਂ ਨੂੰ ਕੰਟਰੋਲ ਕਰਨ ਲਈ ਕੈਂਪਸ ਵਿਚ ਟੈਂਕ ਲਿਆਉਣ ਦੀ ਗੱਲ ਕਰਦਾ ਹੈ, ਬੀ.ਐੱਚ.ਯੂ. ਦਾ ਵੀ.ਸੀ. ਵਿਦਿਆਰਥਣਾਂ ਨੂੰ ਅਨੁਸ਼ਾਸਨ ਸਿਖਾਉਣ ਲਈ ਹੈਦਰਾਬਾਦ ਯੂਨੀਵਰਸਿਟੀ ਦੀ ਤਰਜ਼ 'ਤੇ ਕੈਂਪਸ ਦੇ ਅੰਦਰ ਪੁਲਿਸ ਬੁਲਾਉਂਦਾ ਹੈ। ਸੰਘ ਦਾ ਗਿਰੀਸ਼ ਚੰਦਰ ਤ੍ਰਿਪਾਠੀ ਨੂੰ ਵਰਗਿਆਂ ਨੂੰ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਲਗਾਏ ਜਾਣ ਦਾ ਪੈਮਾਨਾ ਹੀ ਇਹ ਸੀ ਕਿ ਉਹ ਕੱਟੜ ਹਿੰਦੂਤਵੀ ਹਨ। ਤ੍ਰਿਪਾਠੀ ਨੂੰ ਸੰਘ ਨਾਲ ਆਪਣੇ ਚਾਲੀ ਸਾਲ ਦੇ ਰਿਸ਼ਤੇ ਉੱਪਰ ਬੇਥਾਹ ਮਾਣ ਹੈ ਅਤੇ ਉਹ ਸਰੇਆਮ ਹਿੰਦੂਤਵੀ ਵਿਚਾਰਧਾਰਾ ਦੀ ਹਮਾਇਤ ਕਰਦਾ ਹੈ। ਉਹ ਬੇਝਿਜਕ ਇਕਬਾਲ ਕਰਦਾ ਹੋਇਆ ਕਹਿੰਦਾ ਹੈ: "ਜਦੋਂ ਭਾਰਤ ਸਰਕਾਰ ਹੀ ਆਰ.ਐੱਸ.ਐੱਸ. ਦੀ ਹੈ ਫਿਰ ਬੀ.ਐੱਚ.ਯੂ. ਵਿਚ ਆਰ.ਐੱਸ.ਐੱਸ. ਦੀ ਸ਼ਾਖਾ ਬਣਾਉਣ ਵਿਚ ਕੁਝ ਵੀ ਗ਼ਲਤ ਨਹੀਂ ਹੈ।" ਉਸਦੇ ਮਤਹਿਤ ਬੀ.ਐੱਚ.ਯੂ. ਸੱਚਮੁੱਚ ਸੰਘ ਦੀ ਸ਼ਾਖਾ ਬਣਾ ਦਿੱਤੀ ਗਈ ਹੈ।

ਯੂਨੀਵਰਸਿਟੀ ਉੱਪਰ ਥੋਪਿਆ ਸੰਘ ਦਾ ਚਾਲਕ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਹੈ ਕਿ ਵਿਦਿਆਰਥਣਾਂ ਮਰਿਯਾਦਾ ਵਿਚ ਰਹਿਣ ਦੀ ਬਜਾਏ ਸੁਰੱਖਿਆ ਦੀ ਮੰਗ ਕਰਨ। ਸਨਾਤਨੀ ਹਿੰਦੂ ਮਰਿਯਾਦਾ ਕਹਿੰਦੀ ਹੈ ਕਿ ਉਨ੍ਹਾਂ ਨੂੰ ਗੁੰਡਾ ਅਨਸਰਾਂ ਵਲੋਂ ਕੀਤੀ ਜਾਂਦੀ ਛੇੜਛਾੜ ਅਤੇ ਕੈਂਪਸ ਦੇ ਸਟਾਫ਼ ਦੀਆਂ ਅਸ਼ਲੀਲ ਟਿੱਪਣੀਆਂ ਅਤੇ ਹੋਰ ਰੋਜ਼ਮਰਾ ਜਿਨਸੀ ਹਿੰਸਾ ਚੁੱਪਚਾਪ ਬਰਦਾਸ਼ਤ ਕਰਨੀ ਚਾਹੀਦੀ ਹੈ। ਵਿਦਿਆਰਥਣਾਂ ਨੇ ਕਿਉਂਕਿ ਮਰਿਯਾਦਾ ਦੀ ਪਾਲਣਾ ਨਹੀਂ ਕੀਤੀ ਇਸ ਲਈ ਜ਼ੁਬਾਨਬੰਦੀ ਕਰਨ ਲਈ ਉਲਟਾ ਉਨ੍ਹਾਂ ਨੂੰ ਹੀ ਕਸੂਰਵਾਰ ਠਹਿਰਾ ਦਿੱਤਾ ਗਿਆ ਕਿ ਤੁਸੀਂ ਰੇਪ ਕਰਵਾਉਣ ਲਈ ਰਾਤਾਂ ਨੂੰ ਖ਼ੁਦ ਬਾਹਰ ਜਾਂਦੀਆਂ ਹੋ ਅਤੇ ਇਸ ਯੂਨੀਵਰਸਿਟੀ ਨੂੰ ਜੇ.ਐੱਨ.ਯੂ. ਬਣਾਉਣਾ ਚਾਹੁੰਦੀਆਂ ਹੋ। ਵੀ.ਸੀ. ਦਾ ਬਿਆਨ ਉਸਦੀ ਸਮਾਜੀ ਅਕਲ ਦੇ ਪੱਧਰ ਦੀ ਸਹੀ ਤਰਜ਼ਮਾਨੀ ਕਰਦਾ ਹੈ ਜੋ ਕਹਿੰਦਾ ਹੈ: "ਜਿਹੜੀਆਂ ਕੁੜੀਆਂ ਰਾਤ ਨੂੰ ਪੜ੍ਹਦੀਆਂ ਹਨ ਉਹ ਮਾੜੇ ਚਾਲ-ਚੱਲਣ ਵਾਲੀਆਂ ਹਨ।" ਇਹ ਦਰਸਾਉਂਦਾ ਹੈ ਕਿ ਮਨੂ ਸਮਰਿਤੀ ਦੇ ਅਜੋਕੇ ਪੈਰੋਕਾਰਾਂ ਦੇ ਜ਼ਿਹਨ ਵਿਚ ਔਰਤਾਂ ਦੀ ਆਜ਼ਾਦੀ ਲਈ ਕਿੰਨੀ ਘੋਰ ਨਫ਼ਰਤ ਭਰੀ ਹੋਈ ਹੈ।

ਇਹ ਬੀ.ਐੱਚ.ਯੂ. ਕੈਂਪਸ ਯੂਨੀਵਰਸਿਟੀ ਨਾ ਹੋਕੇ ਇਕ ਰੂੜੀਵਾਦੀ ਹਿੰਦੂ ਸੰਸਥਾ ਦੀ ਤਰ੍ਹਾਂ ਕੰਮ ਕਰ ਰਿਹਾ ਹੈ ਜਿਥੇ ਵਿਦਿਆਰਥਣਾਂ ਉੱਪਰ ਤਰ੍ਹਾਂ-ਤਰ੍ਹਾਂ ਦੀਆਂ ਬੰਦਸ਼ਾਂ ਆਇਦ ਹਨ। ਕੁੜੀਆਂ ਉੱਪਰ ਪੈਰ-ਪੈਰ 'ਤੇ ਪਾਬੰਦੀ ਹੈ। ਸਾਰੀਆਂ ਹੀ ਵਿਦਿਆਰਥਣਾਂ ਤੋਂ ਇਕ ਹਲਫ਼ਨਾਮੇ ਉੱਪਰ ਦਸਤਖ਼ਤ ਕਰਵਾਏ ਗਏ ਹਨ ਕਿ ਉਹ ਕਿਸੇ ਅੰਦੋਲਨ ਜਾਂ ਸੰਘਰਸ਼ ਵਿਚ ਹਿੱਸਾ ਨਹੀਂ ਲੈਣਗੀਆਂ। ਉਨ੍ਹਾਂ ਦਾ ਅਨਿਆਂ ਦੇ ਖ਼ਿਲਾਫ਼ ਆਵਾਜ਼ ਉਠਾਉਣ ਦਾ ਸੰਵਿਧਾਨਕ ਹੱਕ ਹੀ ਖੋਹ ਲਿਆ ਗਿਆ ਹੈ। ਗਰੈਜੂਏਟ ਪੱਧਰ ਤਕ ਲੜਕਿਆਂ ਅਤੇ ਲੜਕੀਆਂ ਦੇ ਕਾਲਜ ਵੱਖ-ਵੱਖ ਹਨ। ਉਨ੍ਹਾਂ ਦੀਆਂ ਜਮਾਤਾਂ ਵੱਖ-ਵੱਖ ਹਨ। ਵੀ.ਸੀ. ਅਨੁਸਾਰ 'ਲੜਕਿਆਂ ਅਤੇ ਲੜਕੀਆਂ ਦਾ ਇਕੱਠੇ ਘੁੰਮਣਾ ਭਾਰਤੀ ਮੁੱਲਾਂ ਦੇ ਖ਼ਿਲਾਫ਼ ਹੈ।' ਲੜਕੀਆਂ ਨੂੰ ਦਿਨ-ਰਾਤ ਮਰਜ਼ੀ ਨਾਲ ਘੁੰਮਣ-ਫਿਰਨ, ਖਾਣ-ਪੀਣ ਦੀ ਆਜ਼ਾਦੀ ਹੈ। ਪਰ ਲੜਕੀਆਂ ਨੂੰ ਸ਼ਾਮ ਸੱਤ ਵਜੇ ਹੋਸਟਲ ਵਿਚ ਡੱਕ ਕਰ ਦਿੱਤਾ ਜਾਂਦਾ ਹੈ। ਉਹ ਰਾਤ ਨੂੰ ਲਾਇਬ੍ਰੇਰੀ ਨਹੀਂ ਜਾ ਸਕਦੀਆਂ। ਉਨ੍ਹਾਂ ਉੱਪਰ ਰਾਤ ਦਸ ਵਜੇ ਤੋਂ ਬਾਦ ਮੋਬਾਈਲ ਫ਼ੋਨ ਇਸਤੇਮਾਲ ਕਰਨ ਉੱਪਰ ਪਾਬੰਦੀ ਹੈ। ਮਨਪਸੰਦ ਕੱਪੜੇ ਪਹਿਨ ਲੈਣ ਤਾਂ ਡਾਂਟ-ਝਿੜਕ ਆਮ ਗੱਲ ਹੈ। ਯੂਨੀਵਰਸਿਟੀ ਦੇ ਪ੍ਰਾਸਪੈਕਟਸ ਵਿਚ ਬੱਸ ਦੀ ਸਹੂਲਤ ਦੇ ਬਾਵਜੂਦ ਕੁੜੀਆਂ ਇਹ ਸਹੂਲਤ ਨਹੀਂ ਲੈ ਸਕਦੀਆਂ। ਉਨ੍ਹਾਂ ਨੂੰ ਕੈਂਪਸ ਤੋਂ ਬਾਹਰ ਕਿਸੇ ਸਮਾਜੀ-ਸੱਭਿਆਚਾਰਕ ਸਰਗਰਮੀ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ। ਵੀ.ਸੀ. ਦੀ ਸੋਚ ਹੈ, "ਮਾਲਵੀਆ ਮੁੱਲਾਂ ਅਨੁਸਾਰ ਮਾਸਾਹਾਰੀ ਖਾਣਾ ਖਾਣ ਨਾਲ ਔਰਤਾਂ ਅਪਵਿੱਤਰ ਹੋ ਜਾਂਦੀਆਂ ਹਨ।" ਉਨ੍ਹਾਂ ਤੋਂ ਮਰਿਯਾਦਾ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਮੰਗ ਕੀਤੀ ਜਾਂਦੀ ਹੈ। ਇਸ ਸਾਲ ਦੇ ਸ਼ੁਰੂ ਵਿਚ ਯੂਨੀਵਰਸਿਟੀ ਨੇ ਬਾਕਾਇਦਾ ਨੋਟੀਫੀਕੇਸ਼ਨ ਜਾਰੀ ਕੀਤਾ ਕਿ ਜੇ ਕੋਈ ਵਿਦਿਆਰਥੀ ਵੈਲੇਨਟਾਈਨ ਡੇ ਮਨਾਉਂਦਾ ਫੜਿਆ ਗਿਆ ਤਾਂ ਉਸ ਨੂੰ "ਏ-ਕੈਟੇਗਰੀ ਦੀ ਸਜ਼ਾ" ਦਿੱਤੀ ਜਾਵੇਗੀ। ਇਸਦਾ ਭਾਵ ਹੈ ਯੂਨੀਵਰਸਿਟੀ ਤੋਂ ਮੁਅੱਤਲੀ। ਦੂਜੇ ਪਾਸੇ, ਜੇ ਗੁੰਡੇ ਅਨਸਰ ਉਨ੍ਹਾਂ ਨਾਲ ਛੇੜਛਾੜ ਕਰਦੇ ਹਨ ਤਾਂ ਲੜਕੀਆਂ ਦਾ ਇਸਦੇ ਖ਼ਿਲਾਫ਼ ਆਵਾਜ਼ ਉਠਾਉਣਾ ਵਰਜਿਤ ਹੈ। ਬੀ.ਐੱਚ.ਯੂ. ਦਾ ਇਹੀ ਦਸਤੂਰ ਹੈ। ਇਹ ਦਸਤੂਰ ਉਨ੍ਹਾਂ ਉੱਪਰ ਮਰਦ ਸੱਤਾ ਦਾ ਦਾਬਾ ਬਣਾਈ ਰੱਖਣ ਦਾ ਸੰਦ ਹੈ। ਇਥੇ ਪ੍ਰਸ਼ਾਸਨ ਨੇ ਵਿਦਿਆਰਥੀਆਂ ਦੀ ਸਾਈਬਰ ਲਾਇਬ੍ਰੇਰੀ ਖੋਹਲਣ ਦੀ ਮੰਗ ਇਹ ਦਲੀਲ ਦੇਕੇ ਖਾਰਜ ਕਰ ਦਿੱਤੀ ਕਿ ਇਸਦਾ ਇਸਤੇਮਾਲ ਵਿਦਿਆਰਥੀਆਂ ਵਲੋਂ ਪੋਰਨੋਗ੍ਰਾਫ਼ੀ ਦੇਖਣ ਲਈ ਕੀਤਾ ਜਾਵੇਗਾ। ਇਹ ਸ਼ਾਇਦ ਇਕੋ-ਇਕ ਯੂਨੀਵਰਸਿਟੀ ਹੈ ਜਿਸਦੇ ਪ੍ਰਸ਼ਾਸਨ ਦਾ ਫ਼ਰਮਾਨ ਹੈ: "ਸਾਈਬਰ ਲਾਇਬ੍ਰੇਰੀ ਦੀ ਕੋਈ ਜ਼ਰੂਰਤ ਨਹੀਂ ਕਿਉਂਕਿ ਵਿਦਿਆਰਥੀਆਂ ਨੂੰ ਪਾਠਕ੍ਰਮ ਤੋਂ ਬਾਹਰੋਂ ਕੁਝ ਵੀ ਪੜ੍ਹਨ ਦੀ ਜ਼ਰੂਰਤ ਨਹੀਂ ਹੈ।"

ਇਹ ਪਹਿਲੀ ਵਾਰ ਹੈ ਕਿ ਅੰਦਰੋ-ਅੰਦਰੀ ਲੰਮੇ ਸਮੇਂ ਤੋਂ ਸੁਲਗ ਰਿਹਾ ਰੋਹ ਇਸ ਤਰ੍ਹਾਂ ਵਲਗਣਾਂ ਤੋੜਕੇ ਬਾਹਰ ਆਇਆ ਹੈ। ਵਿਦਿਆਰਥਣਾਂ ਇਸ ਦਸਤੂਰ ਤੋਂ ਨਾਬਰ ਹੋਕੇ ਧਰਨਾ ਲਾਕੇ ਬੈਠ ਗਈਆਂ। ਦੋ ਦਿਨ ਤੋਂ ਚੱਲ ਰਹੇ ਵਿਰੋਧ ਪ੍ਰਦਰਸ਼ਨ ਦੀ ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਕੋਈ ਪ੍ਰਵਾਹ ਨਹੀਂ ਕੀਤੀ ਗਈ। ਜੇ ਘੋਰ ਅਸੁਰੱਖਿਆ ਵਾਲੇ ਮਾਹੌਲ ਬਾਰੇ ਵੀ.ਸੀ. ਨੂੰ ਮਿਲਣ ਦੀ ਮੰਗ ਕਰ ਰਹੇ ਵਿਦਿਆਰਥੀਆਂ ਦੀ ਮੰਗ ਹੁਣ ਐਸੇ ਨਲਾਇਕ ਵੀ.ਸੀ. ਨੂੰ ਹਟਾਉਣ ਦੀ ਮੰਗ ਵਿਚ ਬਦਲ ਗਈ ਹੈ ਤਾਂ ਇਸ ਵਿਚ ਕੁਝ ਵੀ ਗ਼ਲਤ ਨਹੀਂ ਹੈ।

ਉਨ੍ਹਾਂ ਦੀਆਂ ਮੰਗਾਂ ਉੱਪਰ ਗੰਭੀਰਤਾ ਨਾਲ ਵਿਚਾਰ ਕਰਨ ਦੀ ਬਜਾਏ ਅੱਧੀ ਰਾਤ ਤੋਂ ਬਾਦ ਮਰਦ ਪੁਲਿਸ ਦਸਤੇ ਸੱਤਾਧਾਰੀ ਧਿਰ ਅਤੇ ਵੀ.ਸੀ. ਦੇ ਇਸ਼ਾਰੇ ਉੱਪਰ ਵਿਦਿਆਰਥਣਾਂ ਉੱਪਰ ਧਾੜਵੀਆਂ ਵਾਂਗ ਟੁੱਟ ਪੈਂਦੇ ਹਨ। ਹਵਾਈ ਫ਼ਾਇਰ ਕਰਦੇ ਹਨ, ਅੱਥਰੂ ਗੈਸ ਦੇ ਗੋਲੇ ਸੁੱਟਦੇ ਹਨ ਅਤੇ ਦਰਜਨਾਂ ਲੜਕੀਆਂ ਨੂੰ ਲਾਠੀਆਂ ਮਾਰਕੇ ਲਹੂ-ਲੁਹਾਣ ਕਰ ਦਿੰਦੇ ਹਨ। ਮਰਦ ਪੁਲਿਸ ਵਲੋਂ ਗਰਲਜ਼ ਹੋਸਟਲਾਂ ਵਿਚ ਵੜਕੇ ਲੜਕੀਆਂ ਉੱਪਰ ਹਮਲੇ ਕੀਤੇ ਗਏ। ਇਕ ਵਿਦਿਆਰਥਣ ਨੂੰ ਜ਼ਮੀਨ ਉੱਪਰ ਸੁੱਟਕੇ ਕੁੱਟੇ ਜਾਣ ਦੀ ਵੀਡੀਓ ਬਣਾਕੇ ਸੋਸ਼ਲ ਮੀਡੀਆ ਉੱਪਰ ਪਾਈ ਗਈ ਹੈ। ਇਸ ਲਾਕਾਨੂੰਨੀ ਕਾਰਵਾਈ ਨੂੰ ਜਾਇਜ਼ ਠਹਿਰਾਉਣ ਲਈ ਇਲਜ਼ਾਮ ਇਹ ਘੜ ਲਿਆ ਗਿਆ ਕਿ ਸਮਾਜ ਵਿਰੋਧੀ ਅਨਸਰਾਂ ਵਲੋਂ ਪੈਦਾ ਕੀਤੀ ਭੜਕਾਹਟ ਉੱਪਰ ਕਾਬੂ ਪਾਉਣ ਲਈ ਪੁਲਿਸ ਨੂੰ ਕਾਰਵਾਈ ਕਰਨੀ ਪਈ। ਇਹ ਆਮ ਇਲਜ਼ਾਮ ਹੈ ਜੋ ਹਰ ਜਾਬਰ ਕਾਰਵਾਈ ਨੂੰ ਜਾਇਜ਼ ਠਹਿਰਾਉਣ ਲਈ ਅਕਸਰ ਲਗਾਇਆ ਜਾਂਦਾ ਹੈ। ਮੁੱਖ ਮੰਤਰੀ ਯੋਗੀ ਦਾ ਆਦੇਸ਼ ਹੈ ਇਸਦੀ ਜਾਂਚ ਕਰਕੇ ਤੁਰੰਤ ਰਿਪੋਰਟ ਦਿਓ। ਰਿਪੋਰਟ ਕੀ ਹੋਵੇਗੀ, ਇਸਦਾ ਸੰਕੇਤ ਪੁਲਿਸ ਨੇ 1000 ਵਿਦਿਆਰਥੀਆਂ ਦੇ ਖ਼ਿਲਾਫ਼ ਅੱਗਜ਼ਨੀ ਅਤੇਹੋਰ ਸੰਗੀਨ ਧਾਰਾਵਾਂ ਤਹਿਤ ਮਾਮਲੇ ਦਰਜ ਕਰਕੇ ਦੇ ਦਿੱਤਾ ਹੈ ਅਤੇ ਯੂਨੀਵਰਸਿਟੀ ਨਾਲ ਸਬੰਧਤ ਕਾਲਜ 2 ਅਕਤੂਬਰ ਤਕ ਬੰਦ ਕਰ ਦਿੱਤੇ ਗਏ ਹਨ। ਇਹ ਤਾਨਾਸ਼ਾਹ ਪੇਸ਼ਬੰਦੀਆਂ ਵਿਦਿਆਰਥੀ ਰੋਹ ਉੱਪਰ ਕਿਸ ਕਦਰ ਅਸਰਅੰਦਾਜ਼ ਹੁੰਦੀਆਂ ਹਨ ਇਹ ਤਾਂ ਆਉਣ ਵਾਲਾ ਵਕਤ ਦੱਸੇਗਾ, ਪਰ ਇਕ ਚੀਜ਼ ਤੈਅ ਹੈ ਕਿ ਹਿੰਦੂਤਵੀ ਫਾਸ਼ੀਵਾਦ ਤੋਂ ਨਾਬਰ ਕੈਂਪਸਾਂ ਦੇ ਨਾਂਵਾਂ ਵਿਚ ਆਏ ਦਿਨ ਨਵੇਂ ਨਾਂ ਜੁੜਦੇ ਜਾਂਦੇ ਹਨ। ਯੂਨੀਵਰਸਿਟੀਆਂ ਦੀਆਂ ਵਿਦਿਆਰਥੀ ਚੋਣਾਂ ਵਿਚ ਹਿੰਦੂਤਵੀ ਧਿਰ ਨੂੰ ਇਕ ਪਿੱਛੋਂ ਦੂਜੀ ਨਮੋਸ਼ੀ ਵਾਲੀ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਹ ਸਾਫ਼ ਇਸ਼ਾਰਾ ਹੈ ਕਿ ਕੈਂਪਸਾਂ ਨੂੰ ਹਿੰਦੂਤਵੀ ਏਜੰਡਾ ਹਰਗਿਜ਼ ਮਨਜ਼ੂਰ ਨਹੀਂ।

# ਪੰਜਾਬ ਯੂਨੀਵਰਸਿਟੀ ਦੇ ਸਟੂਡੈਂਟ ਸੈਂਟਰ ਵਿਖੇ ਬਨਾਰਸ ਹਿੰਦੂ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ 'ਤੇ ਹੋਏ ਲਾਠੀਚਾਰਜ ਦੇ ਵਿਰੋਧ 'ਚ ਕੀਤਾ ਪ੍ਰਦਰਸ਼ਨ

ਪੰਜਾਬ ਯੂਨੀਵਰਸਿਟੀ ਦੇ ਸਟੂਡੈਂਟ ਸੈਂਟਰ ਵਿਖੇ PSU(Lalkaar), SFS ਅਤੇ AISA ਵਲੋਂ ਬਨਾਰਸ ਹਿੰਦੂ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ 'ਤੇ ਹੋਏ ਬਰਬਰ ਲਾਠੀਚਾਰਜ ਦੇ ਵਿਰੋਧ 'ਚ ਪ੍ਰਦਰਸ਼ਨ ਕੀਤਾ। ਇਸ ਵਿਰੋਧ ਪ੍ਰਦਰਸ਼ਨ ਵਿੱਚ ਕਈ ਵਿਦਿਆਰਥੀ ਸ਼ਾਮਲ ਹੋਏ ਅਤੇ ਉਹਨਾਂ ਨੇ ਸ਼ਾਂਤਮਈ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਵਿਦਿਆਰਥੀਆਂ 'ਤੇ ਕੀਤੇ ਪੁਲਿਸ ਲਾਠੀਚਾਰਜ ਦੀ ਨਿਖੇਧੀ ਕੀਤੀ।

ਬੁਲਾਰਿਆਂ ਨੇ ਕਿਹਾ ਕਿ ਬੀ.ਐਚ.ਯੂ. ਵਿੱਚ ਹੋਇਆ ਲਾਠੀਚਾਰਜ ਬੁਨਿਆਦੀ ਜਮਹੂਰੀ ਅਧਿਕਾਰਾਂ 'ਤੇ ਹੋਇਆ ਹਮਲਾ ਹੈ ਅਤੇ ਭਾਰਤ 'ਚ ਪਿਛਲੇ ਸਮੇਂ ਦੌਰਾਨ ਖਾਸ ਤੌਰ 'ਤੇ ਮੋਦੀ ਸਰਕਾਰ ਦੇ ਆਉਣ ਤੋਂ ਬਾਅਦ ਜਮਹੂਰੀ ਹੱਕਾਂ 'ਤੇ ਅਜਿਹੇ ਹਮਲੇ ਬਹੁਤ ਵਧ ਗਏ ਹਨ। ਪਿਛਲੇ ਸਮੇਂ ਵਿੱਚ ਹੈਦਰਾਬਾਦ ਯੂਨੀਵਰਸਿਟੀ, ਜੇ.ਐੱਨ.ਯੂ, ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਵਿੱਚ ਪੁਲਿਸ ਅਤੇ ਪ੍ਰਸ਼ਾਸਨ ਨੇ ਮਿਲ ਕੇ ਜਬਰੀ ਸੰਘਰਸ਼ਾਂ ਨੂੰ ਦਬਾਇਆ ਹੈ। ਸਿਰਫ਼ ਯੂਨੀਵਰਸਿਟੀਆਂ ਅੰਦਰ ਹੀ ਨਹੀਂ ਪੂਰੇ ਦੇਸ਼ ਵਿੱਚ ਆਪਣੇ ਸੰਘਰਸ਼ਾਂ ਲਈ



ਲੜਦੇ ਲੋਕਾਂ ਨੂੰ ਇਸ ਜਬਰ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਹੜੀ ਮੋਦੀ ਸਰਕਾਰ 'ਬੇਟੀ ਬਚਾਓ ਬੇਟੀ ਪੜ੍ਹਾਓ' ਦਾ ਨਾਅਰਾ ਲਾ ਕੇ ਸੱਤਾ 'ਚ ਆਈ ਸੀ, ਅੱਜ ਜਦੋਂ ਇੱਕ ਲੜਕੀ ਨਾਲ ਛੇੜਛਾੜ ਹੋਈ ਅਤੇ ਉਸਨੂੰ ਬਲਾਤਕਾਰ ਦੀਆਂ ਧਮਕੀਆਂ ਦਿੱਤੀਆਂ ਤਾਂ ਕਿਸੇ ਇਨਸਾਫ਼ ਦੀ ਥਾਂ ਆਪਣੀ ਸੁਰੱਖਿਆ ਮੰਗ ਰਹੀਆਂ ਲੜਕੀਆਂ 'ਤੇ ਪੁਲਿਸ ਦਾ ਕਹਿਰ ਵਰਸਾਇਆ ਗਿਆ। ਇਸ ਤੋਂ ਇਸ ਸਰਕਾਰ ਦੀ ਔਰਤ ਵਿਰੋਧੀ ਸੋਚ ਸਾਹਮਣੇ ਆਉਂਦੀ ਹੈ। ਇਸ ਸੰਘਰਸ਼ ਦੌਰਾਨ ਕਈ ਦਰਜਨਾਂ ਵਿਦਿਆਰਥਣਾਂ ਜ਼ਖਮੀ ਹੋਈਆਂ ਪਰ ਉਹਨਾਂ ਨੇ ਡਟ ਕੇ ਹਰ ਜਬਰ ਦਾ ਜਵਾਬ ਦਿੱਤਾ। ਸੰਘਰਸ਼ ਦੀ ਹਿਮਾਇਤ ਕਰਦੇ ਸਮਾਜ ਦੇ ਹੋਰ ਤਬਕਿਆਂ ਦੇ ਲੋਕਾਂ, ਜਮਹੂਰੀ ਜਨਤਕ ਜਥੇਬੰਦੀਆਂ, ਪੱਤਰਕਾਰਾਂ, ਬੁੱਧੀਜੀਵੀਆਂ, ਆਦਿ ਨੇ ਇਸ ਜਬਰ ਦਾ ਮੂੰਹਤੋੜ ਜਵਾਬ ਦਿੱਤਾ ਹੈ। ਇਸ ਮੌਕੇ ਮੰਚ ਸੰਚਾਲਕ ਮਾਨਵ ਨੇ ਕਿਹਾ ਕਿ ਵਿਦਿਆਰਥਣਾਂ ਦੇ ਇਸ ਜਾਇਜ਼ ਸੰਘਰਸ਼ ਨੂੰ ਵੀ ਬਦਨਾਮ ਕਰਨ ਲਈ ਦੇਸ਼ਧ੍ਰੋਹ ਦਾ ਨਾਮ ਦਿੱਤਾ ਜਾ ਰਿਹਾ ਹੈ ਜਦਕਿ ਸ਼ਰੇਆਮ ਗੁੰਡਾਗਰਦੀ ਕਰ ਰਹੇ ਅਨਸਰਾਂ ਨੂੰ ਬਚਾਇਆ ਜਾ ਰਿਹਾ ਹੈ। ਅਜਿਹੀ ਫ਼ਿਰਕਾਪ੍ਰਸਤੀ, ਪੁਲਸੀਆ ਜਬਰ ਅਤੇ ਗੁੰਡਾਗਰਦੀ ਦਾ ਜਵਾਬ ਸੜਕਾਂ 'ਤੇ ਇਕੱਠੇ ਹੋ ਕੇ ਹੀ ਦਿੱਤਾ ਜਾ ਸਕਦਾ ਹੈ। ਲੋਕਾਂ ਦੇ ਅਸਲ ਮੰਗਾਂ 'ਤੇ ਕੇਂਦਰਿਤ ਲੜਾਈ, ਭਾਵ ਕਿ ਸਿੱਖਿਆ, ਰੁਜ਼ਗਾਰ, ਔਰਤ ਸੁਰੱਖਿਆ, ਆਦਿ ਜਿਹੇ ਮਸਲਿਆਂ 'ਤੇ ਸੰਘਰਸ਼ ਨੂੰ ਕੇਂਦਰਿਤ ਕਰਕੇ ਹੀ ਇਹਨਾਂ ਫਿਰਕਾਪ੍ਰਸਤ ਤਾਕਤਾਂ ਨੂੰ ਲੋਕਾਂ ਸਾਹਮਣੇ ਨੰਗਿਆਂ ਕੀਤਾ ਜਾ ਸਕਦਾ ਹੈ।

ਇਸ ਮੌਕੇ ਦੀ ਪੀ.ਐਸ.ਯੂ. (ਲਲਕਾਰ) ਦੀ ਅਮਨਦੀਪ ਕੌਰ, ਐਸ.ਐਫ.ਐ. ਦੇ ਹਰਮਨਦੀਪ ਸਿੰਘ ਅਤੇ ਏ.ਆਈ.ਐਸ.ਏ. ਦੇ ਵਿਜੇ ਨੇ ਆਪਣੀ ਗੱਲ ਰੱਖੀ ਅਤੇ ਪੀ.ਏ.ਐਫ. ਦੇ ਪਰਮਵੀਰ ਸਿੰਘ ਵੱਲੋਂ ਇਸ ਮੌਕੇ ਇੱਕ ਕਵਿਤਾ ਪੜ੍ਹੀ ਗਈ।

# ਜ਼ਰੂਰਤ ਹੈ ਸੂਝਵਾਨ ਉਪ-ਕੁਲਪਤੀ ਨਿਯੁਕਤ ਕਰਨ ਦੀ

(ਸੰਦਰਭ: ਬੀ.ਐਚ.ਯੂ ਦੀਆਂ ਵਿਦਿਆਰਥਣਾਂ ਦਾ ਘੋਲ, ਸਤੰਬਰ,17)

**ਰਵੀਸ਼ ਕੁਮਾਰ**

ਯੂਨੀਵਰਸਿਟੀਆਂ ਦੇ ਉਪ-ਕੁਲਪਤੀਆਂ ਦਾ, ਪੁਲੀਸ ਅਤੇ ਹਥਿਆਰਾਂ ਦੀ ਵਰਤੋਂ ਉਪਰ ਭਰੋਸਾ, ਦਿਨ-ਬ-ਦਿਨ ਵਧ ਰਿਹਾ ਹੈ। ਬਨਾਰਸ ਹਿੰਦੂ ਯੂਨੀਵਰਸਿਟੀ (ਬੀ.ਐਚ.ਯੂ) ਦੀਆਂ ਵਿਦਿਆਰਥਣਾਂ ਨੇ ਛੇੜਖਾਨੀ ਵਿਰੁੱਧ ਆਵਾਜ਼ ਉਠਾਈ ਤਾਂ ਉਨ੍ਹਾਂ ਨੇ ਅਜਿਹਾ ਕਿਹੜਾ ਰਸਾਇਣ-ਵਿਗਿਆਨ ਦਾ ਕੋਈ ਮੁਸ਼ਕਲ ਸਵਾਲ ਪੁੱਛ ਲਿਆ ਸੀ ਕਿ ਉਪ-ਕੁਲਪਤੀ ਨੇ ਉਨ੍ਹਾਂ ਨਾਲ ਗੱਲ ਕਰਨੀ ਹੀ ਬੰਦ ਕਰ ਦਿੱਤੀ । ਲਾਠੀਚਾਰਜ ਸ਼ਰਮਨਾਕ ਘਟਨਾ ਹੈ। ਕੀ ਸੱਤਾ ਦਾ ਸਹਾਰਾ ਲੈ ਕੇ ਉਪ-ਕੁਲਪਤੀ ਸਾਹਿਬ ਇਹ ਦੱਸਣਾ ਚਾਹੁੰਦੇ ਹਨ ਕਿ ਇਸ ਲੋਕਤੰਤਰ ਵਿੱਚ ਲੜਕੀਆਂ ਦੇ ਕੋਈ ਅਧਿਕਾਰ ਨਹੀਂ ਹਨ ? ਲੜਕੀਆਂ ਨੂੰ ਕਿਹਾ ਗਿਆ ਕਿ ਤੁਸੀਂ ਬਲਾਤਕਾਰ ਕਰਵਾਉਣ ਲਈ ਰਾਤ ਸਮੇਂ ਬਾਹਰ ਜਾਣਾ ਚਾਹੁੰਦੀਆਂ ਹੋ। ਤੁਸੀਂ ਇਸ ਯੂਨੀਵਰਸਿਟੀ ਨੂੰ ਜੇ.ਐਨ.ਯੂ ਬਣਾ ਦੇਣਾ ਚਾਹੁੰਦੀਆਂ ਹੋ। ਮਤਲਬ ਛੇੜਛਾੜ ਸਹਿਣ ਕਰੋ, ਜੇਕਰ ਇਸ ਦਾ ਵਿਰੋਧ ਕਰੋਂਗੇ ਤਾਂ ਛੇੜਛਾੜ ਤੋਂ ਇਲਾਵਾ, ਚਰਿੱਤਰ ਦਾ ਚੀਰਹਰਨ ਵੀ ਹੋਵੇਗਾ।

ਬਵੰਜਾ ਘੰਟੇ ਤੱਕ ਲੜਕੀਆਂ ਦਾ ਧਰਨਾ ਜਾਰੀ ਰਿਹਾ ਪਰ ਉਪ-ਕੁਲਪਤੀ ਉਨ੍ਹਾਂ ਨਾਲ ਗਲਬਾਤ ਕਰਨ ਲਈ ਸਮਾਂ ਨਹੀਂ ਕੱਢ ਸਕਿਆ। ਪ੍ਰੋਕਟੋਰੀਅਲ ਬੋਰਡ ਦੇ ਦਫਤਰ ਦੇ ਸਾਹਮਣੇ ਕਿਸੇ ਲੜਕੀ ਦੇ ਕੱਪੜੇ ਪਾੜਨ ਦੀ ਕੋਸ਼ਿਸ਼ ਹੋਈ, ਉਸ ਨੂੰ ਦਬੋਚਿਆ ਗਿਆ, ਕੀ ਕੋਈ ਸਮਾਜ ਇਹ ਸਭ ਇਸ ਲਈ ਸਹਿਣ ਕਰ ਲਵੇ ਕਿ ਕਿਉਂਕਿ ਉਹ ਬਹੁਤ 'ਤੇਜ਼' ਹੋ ਗਈ ਹੈ! ਬਹੁਤ ਹੀ ਸ਼ਰਮਨਾਕ ਹੈ। ਐਨ.ਡੀ.ਟੀ.ਵੀ ਦੇ ਪੱਤਰਕਾਰ ਕਮਾਲ ਖਾਨ ਨੂੰ ਲੜਕੀਆਂ ਨੇ ਕਿਹਾ ਕਿ ਕੀ ਕੋਈ ਵੀ ਸ਼ਖ਼ਸ ਉਨ੍ਹਾਂ ਨੂੰ ਛੂਹ ਸਕਦਾ ਹੈ, ਕਿਸੇ ਜਗਾਹ ਵੀ ਦਬੋਚ ਸਕਦਾ ਹੈ? ਸਵਾਲਾਂ ਨੂੰ ਟਾਲਣ ਦੇ ਮਕਸਦ ਨਾਲ ਲੜਕੀਆਂ ਦੇ ਘੋਲ ਨੂੰ ਰਾਜਨੀਤੀ ਗਰਦਾਨਣਾ, ਹੋਰ ਵੀ ਸ਼ਰਮਨਾਕ ਵਰਤਾਰਾ ਹੈ। ਸਹੀ ਤਾਂਇਹ ਹੋਣਾ ਸੀ ਕਿ ਯੂਨੀਵਰਸਿਟੀ ਪ੍ਰਸ਼ਾਸਨ ਲੜਕੀਆਂ ਵਲੋਂ ਲਗਾਏ ਦੋਸ਼ਾਂ ਦੀ ਜਾਂਚ ਕਰਵਾਉਂਦਾ, ਉਨ੍ਹਾਂ ਨਾਲ ਗੱਲਬਾਤ ਕਰਦਾ। ਲਾਠੀਚਾਰਜ, ਉਹ ਵੀ ਲੜਕੀਆਂ 'ਤੇ ? ਕੀ ਹਿੰਦੂ ਬਨਾਮ ਮੁਸਲਿਮ ਵਾਲੇ ਮੁੱਦੇ ਉਪਰ ਇੰਨਾ ਵਿਸ਼ਵਾਸ ਹੋ ਚੁੱਕਾ ਹੈ ਕਿ ਤੁਸੀਂ ਸਮਾਜ ਨੂੰ ਕਿਸੇ ਤਰ੍ਹਾਂ ਵੀ ਦਰੜਦੇ ਰਹੋਂਗੇ ਅਤੇ ਲੋਕ ਚੁੱਪ-ਚਾਪ ਸਹਿਣ ਕਰਦੇ ਰਹਿਣਗੇ। ਇਹ ਨਾਹਰਾ ਕੀਹਦੇ ਵਾਸਤੇ ਹੈ? ਬੇਟੀ ਬਚਾਉ, ਬੇਟੀ ਪੜਾਉ। ਸੰਸਦ,ਵਿਧਾਨ ਸਭਾਵਾਂ ਵਿੱਚ ਮਹਿਲਾ ਰਾਖਵਾਂਕਰਨ ਬਿਲ ਪੇਸ਼ ਕਰਨ ਦੀ ਯਾਦ ਆਈ ਹੈ, ਇਸ ਲਈ ਨਹੀਂ ਕਿ ਇਹ ਅਧਿਕਾਰ ਦੇਣਾ ਹੈ ਸਗੋਂ ਇਸ ਲਈ ਕਿ ਆਰਥਿਕ ਮੰਦੀ ਤੋਂ ਧਿਆਨ ਲਾਂਭੇ ਕਰਨ ਲਈ ਇਹ ਮੁੱਦਾ ਕੰਮ ਆ ਸਕਦਾ ਹੈ। ਲੋਕ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਇਕੋ ਸਮੇਂ ਕਰਵਾਉਣ ਦਾ ਮੁੱਦਾ ਵੀ ਇਸੇ ਮਕਸਦ ਨਾਲ ਉਠਾਇਆ ਗਿਆ ਹੈ। ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਲਾਂਭੇ ਕਰਨ ਲਈ, ਵੱਡੇ ਮੁੱਦੇ ਚਰਚਾ ਵਿੱਚ ਲੈ ਕੇ ਆਉ। ਇਸ ਲਿਹਾਜ਼ ਤੋਂ ਵੀ ਬੀ.ਐਚ.ਯੂ ਦੀਆਂ ਵਿਦਿਆਰਥਣਾਂ ਸਹੀ ਕੰਮ ਕਰ ਰਹੀਆਂ ਹਨ। ਛੇੜਖਾਨੀ ਦੇ ਖਿਲਾਫ ਆਵਾਜ਼ ਉਠਾ ਕੇ ਉਹ ਸਾਨੂੰ ਦੱਸ ਰਹੀਆਂ ਹਨ ਕਿ ਰਾਇਸਾਨਾ ਹਿੱਲਜ਼ ਸਿਰਫ ਦਿੱਲੀ ਵਿਚ ਹੀ ਨਹੀਂ ਹੈ। ਉਹ ਕਿਸੇ ਵੀ ਥਾਂ 'ਤੇ ਹੋ ਸਕਦੀ ਹੈ। ਕੀ ਤੁਸੀਂ ਹਰਿਆਣਾ ਦੀਆਂ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਦੇ ਅੰਦੋਲਨ ਨੂੰ ਭੁੱਲ ਗਏ ਹੋਂ ? ਇਸੇ ਸਾਲ ਮਈ ਮਹੀਨੇ ਦੀ ਗੱਲ ਹੈ ਜਦੋਂ 95 ਵਿਦਿਆਰਥਣਾਂ ਭੁੱਖ-ਹੜਤਾਲ 'ਤੇ ਬੈਠ ਗਈਆਂ ਸਨ। ਉੱਚ ਜਮਾਤਾਂ ਦੀ ਪੜਾਈ ਕਰਵਾਉਣ ਵਾਲਾ ਸਕੂਲ ਦੂਰ ਸੀ ਅਤੇ ਰਸਤੇ ਵਿਚ ਉਨ੍ਹਾਂ ਨਾਲ ਛੇੜਖਾਨੀ ਹੁੰਦੀ ਸੀ। ਇਸ ਲਈ ਧਰਨੇ 'ਤੇ ਬੈਠ ਗਈਆਂ। ਕੀ ਉਹ ਵੀ ਖੱਬੇ-ਪੱਖੀ ਵਿਚਾਰਧਾਰਾ ਦੀਆਂ ਪੈਰੋਕਾਰ ਸਨ ? ਕੀ ਨਿਰਭਯਾ ਦੇ ਹੱਤਿਆਰਿਆਂ ਦੇ ਖਿਲਾਫ ਸਿਰਫ ਖੱਬੇ-ਪੱਖੀ ਹੀ ਰਾਇਸਾਨਾ ਹਿਲਜ਼ ਪਹੁੰਚੇ ਸਨ ? ਵੈਸੇ ਰਾਇਸਾਨਾ ਹਿੱਲਜ਼ 'ਤੇ ਪਹੁੰਚਣ ਦੀ ਸ਼ੁਰੂਆਤ ਖੱਬੇ-ਪੱਖੀ ਸੰਗਠਨਾਂ ਨੇ ਹੀ ਕੀਤੀ ਸੀ ਪਰ ਬਾਅਦ ਵਿਚ ਜੋ ਹਜ਼ਾਰਾਂ ਲੜਕੀਆਂ ਉਥੇ ਪਹੁੰਚੀਆਂ, ਕੀ ਉਹ ਸਾਰੀਆਂ ਖੱਬੇਪੱਖੀ ਵਿਚਾਰਾਧਾਰਾ ਦੀਆਂ ਸਮਰਥਕ ਸਨ? ਖੱਬੇ-ਪੱਖੀ ਸਮਰਥਕ ਹੋਣ ਵੀ, ਫਿਰ ਵੀ ਇਹ ਗੱਲ ਕਿਸ ਤਰਕ ਦੇ ਆਧਾਰ 'ਤੇ ਕਹੀ ਜਾ ਸਕਦੀ ਹੈ ਕਿ ਰਾਤ ਨੂੰ ਕੈਂਪਸ ਵਿੱਚ ਘੁੰਮਣਾ, ਬਲਾਤਕਾਰ ਕਰਵਾਉਣ ਲਈ ਘੁੰਮਣਾ ਹੈ। ਕੀ ਕੋਈ ਉਪ-ਕੁਲਪਤੀ ਅਜਿਹੀ ਗੱਲ ਕਹਿ ਸਕਦਾ ਹੈ? ਨਿਯਮ-ਅਨੁਸਾਰ ਪ੍ਰਧਾਨ ਮੰਤਰੀ ਨੂੰ ਬਨਾਰਸ ਤੋਂ ਰੁਖਸਤ ਹੋਣ ਤੋਂ ਪਹਿਲਾਂ ਅਜਿਹੇ ਉਪ-ਕੁਲਪਤੀ ਨੂੰ ਬਰਖ਼ਾਸਤ ਕਰ ਦੇਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਵਿਦਿਆਰਥਣਾਂ ਨਾਲ ਗੱਲ ਕਰਨ ਦੀ ਹਿੰਮਤ ਨਹੀਂ ਕਰ ਸਕੇ ਤਾਂ ਕੋਈ ਗੱਲ ਨਹੀਂ, ਵੀ.ਸੀ(ਉਪ-ਕੁਲਪਤੀ) ਨੂੰ ਤਾਂ ਬਰਖ਼ਾਸਤ ਕਰ ਹੀ ਸਕਦੇ ਹਨ। ਕੁਸ਼ ਨਹੀਂ ਕਰ ਸਕਦੇ ਤਾਂ ਕੈਂਪਸ ਵਿੱਚ ਤੋਪ ਤਾਂ ਰਖਵਾ ਹੀ ਸਕਦੇ ਹਨ ਤਾਂ ਕਿ ਲੱਗੇ ਤਾਂ ਸਹੀ ਕਿ ਕੁਝ ਕਰ ਰਹੇ ਹਨ। ਕੁਝ ਸੁਣ ਰਹੇ ਹਨ।

ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਜਿਲ੍ਹਾ ਪ੍ਰਸ਼ਾਸਨ ਨੇ ਵੀ.ਸੀ ਨੂੰ ਕਈ ਵਾਰ ਕਿਹਾ ਕਿ ਉਹ ਵਿਦਿਆਰਥਣਾਂ ਨਾਲ ਗੱਲ ਕਰ ਲੈਣ। ਪ੍ਰਧਾਨ ਮੰਤਰੀ ਨੂੰ ਖਾਸ ਕਰਕੇ ਇਸ ਨੁਕਤੇ ਦੀ ਰਿਪੋਰਟ ਮੰਗਣੀ ਚਾਹੀਦੀ ਹੈ ਕਿ ਵੀ.ਸੀ ਨੇ ਕੀ-2 ਕਦਮ ਉਠਾਏ। ਵਿਦਿਆਰਥਣਾਂ ਦਾ ਧਰਨਾ ਸਵੈ-ਪ੍ਰੇਰਿਤ ਸੀ। ਬਾਅਦ ਵਿਚ ਕੋਈ ਸਮਰਥਨ ਕਰਨ ਆ ਗਿਆ ਤਾਂ ਇਹ ਰਾਜਨੀਤਕ ਕਿਵੇਂ ਹੋ ਗਿਆ? ਵੀ.ਸੀ ਨੇ ਧਰਨੇ ਨੂੰ ਰਾਜਨੀਤੀ ਤੋਂ ਪ੍ਰੇਰਿਤ ਕਹਿ ਕੇ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਕਰਕੇ, ਕੀ ਉਹ ਖੁਦ ਪੱਖਪਾਤੀ ਨਹੀਂ ਬਣ ਗਏ? ਉਹ ਕਿਸ ਵਿਚਾਰਧਾਰਾ ਦੀ ਰਾਜਨੀਤੀ ਕਰ ਰਹੇ ਹਨ?

ਬਹਾਨੇ ਨਾ ਬਣਾਉ। ਸਾਫ਼-2 ਕਹੋ ਕਿ ਤੁਸੀਂ ਨਹੀਂ ਚਾਹੁੰਦੇ ਕਿ ਲੜਕੀਆਂ ਆਪਣਾ ਮੂੰਹ ਖੋਲਣ,ਆਪਣੇ ਹੱਕਾਂ ਦੀ ਗੱਲ ਕਰਨ। ਲੜਕੀਆਂ ਦੀ ਆਜ਼ਾਦੀ ਅਤੇ ਖੁਦ-ਮੁਖਤਿਆਰੀ ਖਿਲਾਫ ਜਾਗੀਰੂ ਨਫ਼ਰਤ ਫੈਲਾਉਂਦੇ ਰਹੋ। ਉਨ੍ਹਾਂ ਵਿਚ ਹੁਣ ਇੰਨੀ ਹਿੰਮਤ ਅਤੇ ਸਮਝ ਹੈ ਕਿ ਉਹ ਆਪਣੀ ਬਿਹਤਰੀ ਦਾ ਰਸਤਾ ਖੁਦ ਚੁਣ ਲੈਣਗੀਆਂ। ਅੰਦੋਲਨ ਵਿਚ ਬਾਹਰਲੇ ਲੋਕਾਂ ਦੇ ਦਖਲ ਦਾ ਬਹਾਨਾ ਹੁਣ ਨਹੀਂ ਚਲੇਗਾ।

ਵੈਸੇ ਬੀ.ਐਚ.ਯੂ ਦੇ ਪ੍ਰੋਫੈਸਰ ਕੀ ਕਰ ਰਹੇ ਹਨ।

**ਨੋਟ: ਆਈ. ਟੀ. ਸੈਲ ਵਿੱਚ ਹੁਣ ਅਦਲਾ-ਬਦਲੀ ਸ਼ੁਰੂ ਹੋ ਚੁੱਕੀ ਹੈ। ਤੁਸੀਂ ਜੋ ਮਰਜੀ ਕਰ ਲਉ ਪਰ ਆਪਣੇ ਮਾਂ-ਬਾਪ ਨੂੰ ਨਹੀਂ ਦੱਸ ਸਕਦੇ ਕਿ ਤੀਜੇ ਦਰਜੇ ਦੇ ਘਟੀਆ ਨੇਤਾਵਾਂ ਦੀ ਤਰਫਦਾਰੀ ਲਈ ਤੁਸੀਂ, ਉਨ੍ਹਾਂ ਤੋਂ ਸਵਾਲ ਪੁਛਣ ਵਾਲਿਆਂ ਨੂੰ ਗਾਲਾਂ ਦੇਣ ਦਾ ਕੰਮ ਕਰਦੇ ਹੋ। ਉਨ੍ਹਾਂ ਨੂੰ ਪਤਾ ਚਲ ਗਿਆ ਤਾਂ ਤੁਹਾਡੀ ਖਿਚਾਈ ਕਰ ਦੇਣਗੇ। ਤੁਸੀਂ ਜਿਸ ਨੇਤਾ ਲਈ ਇਹ ਸਭ ਕੰਮ ਕਰ ਰਹੇ ਹੋ, ਉਹ ਜਲਦੀ ਹੀ ਪਿਛਵਾੜੇ ਲੱਤ ਮਾਰ ਕੇ ਤੁਹਾਨੂੰ ਭਜਾਉਣ ਵਾਲਾ ਹੈ। ਆਪਣਾ ਅਕਸ ਸੁਧਾਰਨ ਲਈ ਉਹ ਕੁਝ ਵੀ ਕਰ ਸਕਦਾ ਹੈ।**

**ਧੰਨਵਾਦ ਸਹਿਤ : ਰਵੀਸ਼ ਕੁਮਾਰ ਸੀਨੀਅਰ ਪੱਤਰਕਾਰ ਐਨ.ਡੀ.ਟੀ.ਵੀ.**

**ਪੇਸ਼ਕਸ : ਹਰਚਰਨ ਸਿੰਘ ਚਹਿਲ**

## ਬੀ.ਐਚ.ਯੂ. ਦੀਆਂ ਬਹਾਦਰ ਵਿਦਿਆਰਥਣਾਂ ਅਤੇ ਵਿਦਿਆਰਥੀਆਂ ਨੇ ਗੁੰਡਾਗਰਦੀ ਖਿਲਾਫ਼ ਡਟ ਕੇ ਮੋਰਚਾ ਖੋਲਿਆ



ਬੀ.ਐਚ.ਯੂ. ਇੱਕ ਲੜਕੀ ਨਾਲ ਹੋਈ ਛੇੜਛਾੜ ਅਤੇ ਧਮਕੀ ਮਿਲਣ ਦੀ ਘਟਨਾ ਤੋਂ ਬਾਅਦ ਬੀ.ਐਚ.ਯੂ. ਦੀਆਂ ਬਹਾਦਰ ਵਿਦਿਆਰਥਣਾਂ ਅਤੇ ਵਿਦਿਆਰਥੀਆਂ ਨੇ ਇਸ ਗੁੰਡਾਗਰਦੀ ਖ਼ਿਲਾਫ਼ ਡਟ ਕੇ ਮੋਰਚਾ ਖੋਲਿਆ ਅਤੇ ਇਨਸਾਫ ਦੀ ਮੰਗ ਕੀਤੀ। ਪਰ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਪੁਲਸ ਪ੍ਰਸ਼ਾਸਨ ਨੇ ਇਨਸਾਫ ਦੀ ਮੰਗ ਕਰ ਰਹੇ ਵਿਦਿਆਰਥੀਆਂ ਨੂੰ ਇਨਸਾਫ ਤਾਂ ਕੀ ਦੇਣਾ ਸੀ, ਸਗੋਂ ਉਹਨਾਂ ਉੱਤੇ ਭਿਅੰਕਰ ਲਾਠੀਚਾਰਜ ਕੀਤਾ ਹੈ ਜਿਸ ਵਿੱਚ ਕਈ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਦੇ ਬੁਰੀ ਤਰ੍ਹਾਂ ਜ਼ਖਮੀ ਹੋਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਇਸ ਤੋਂ ਪਹਿਲਾਂ ਵੀ ਦਿਨ ਵੇਲੇ ਵੀ ਸੰਘਰਸ਼ ਨੂੰ ਠੱਲ੍ਹਣ ਲਈ ਅਤੇ ਵਿਦਿਆਰਥੀਆਂ ਦਾ ਮਨੋਬਲ ਤੋੜਨ ਲਈ ਸਰਕਾਰ ਦੇ ਤਲਵੇ ਚੱਟਣ ਵਾਲੇ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਯੂਨੀਵਰਸਿਟੀ ਵਿਚਲੇ ਬਾਥਰੂਮ ਅਤੇ ਪਾਣੀ ਦੀਆਂ ਟੂਟੀਆਂ ਬੰਦ ਕਰ ਦਿੱਤੀਆਂ ਗਈਆਂ ਜਿਸ ਕਾਰਨ ਅੰਦਰ ਮੌਜੂਦ ਵਿਦਿਆਰਥੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਆਰ. ਐੱਸ. ਐੱਸ. ਦੀ ਵਿਦਿਆਰਥੀ ਜਥੇਬੰਦੀ ਏ. ਬੀ. ਵੀ. ਪੀ ਵੱਲੋਂ ਵੀ ਇਸ ਪ੍ਰਦਰਸ਼ਨ ਵਿੱਚ ਖਲਲ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਹੁਣ ਫਿਰ ਰਾਤ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਉੱਤੇ ਲਾਠੀਚਾਰਜ ਕਰਨ ਤੋਂ ਬਾਅਦ ਵੀ ਮਰਦ ਪੁਲਸ ਵੱਲੋਂ ਲੜਕੀਆਂ ਦੇ ਹੋਸਟਲਾਂ ਦੀ ਛਾਪੇਮਾਰੀ ਦੀਆਂ ਖ਼ਬਰਾਂ ਆ ਰਹੀਆਂ ਹਨ। ਐਨੀ ਵੱਡੀ ਘਟਨਾ ਉੱਤੇ ਯੂ.ਪੀ ਸਰਕਾਰ ਅਤੇ ਬਨਾਰਸ ਦੇ ਐੱਮ.ਪੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਜੇ ਤੱਕ ਸਾਜਸ਼ੀ ਚੁੱਪ ਧਾਰ ਰੱਖੀ ਹੈ। ਦੋਸਤੋ, 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰੇ ਦੇਣ ਵਾਲੀ ਇਹ ਆਰ.ਐੱਸ.ਐੱਸ ਅਤੇ ਭਾਜਪਾ ਸਰਕਾਰ ਅਸਲ ਵਿੱਚ ਲੜਕੀਆਂ ਬਾਰੇ ਕਿਸ ਸੋਚ ਦੀ ਨੁਮਾਇੰਦਗੀ ਕਰਦੀ ਹੈ, ਉਹ ਸਾਨੂੰ ਇਸ ਘਟਨਾ ਤੋਂ ਸਾਫ਼ ਪਤਾ ਲਗਦਾ ਹੈ। ਇੱਕ ਲੜਕੀ ਜਿਸਨੂੰ ਕਿ ਸ਼ਰੇਆਮ ਛੇੜਿਆ ਗਿਆ ਅਤੇ ਬਲਾਤਕਾਰ ਦੀਆਂ ਧਮਕੀਆਂ ਦਿੱਤੀਆਂ ਗਈਆਂ, ਉਸ ਵੱਲੋਂ ਅਤੇ ਸਮੂਹ ਵਿਦਿਆਰਥੀਆਂ ਵੱਲੋਂ ਜਦੋਂ ਹੁਣ ਇਹ ਸੰਘਰਸ਼ ਛੇੜਿਆ ਗਿਆ ਹੈ ਤਾਂ ਇਸ ਸੰਘਰਸ਼ ਨੂੰ ਯੂ.ਪੀ ਸਰਕਾਰ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਨੇ ਮਿਲਕੇ ਬੁਰੀ ਤਰਾਂ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਕਰਕੇ ਇਹ ਦੋਹੇਂ ਧਿਰਾਂ ਸ਼ਰੇਆਮ ਉਹਨਾਂ ਛੇੜਛਾੜ ਕਰਨ ਵਾਲੇ ਗੁੰਡਿਆਂ ਦੇ ਹੱਕ ਵਿੱਚ ਖੜ੍ਹ ਗਈਆਂ ਹਨ। ਅਸੀਂ ਪੀ.ਐੱਸ.ਯੂ (ਲਲਕਾਰ) ਵੱਲੋਂ ਯੂ.ਪੀ ਸਰਕਾਰ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਦੀ ਇਸ ਸਿੱਧੀ ਧੱਕੇਸ਼ਾਹੀ ਦੀ ਜ਼ੋਰਦਾਰ ਨਿੰਦਾ ਕਰਦੇ ਹਾਂ ਅਤੇ ਸਾਰੇ ਇਨਸਾਫ-ਪਸੰਦ, ਜਮਹੂਰੀਅਤ-ਪਸੰਦ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ, ਰੰਗਕਰਮੀਆਂ ਅਤੇ ਹੋਰ ਚੇਤੰਨ ਨਾਗਰਿਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਵਿਦਿਆਰਥੀਆਂ ਦੇ ਇਸ ਹੱਕੀ, ਜਾਇਜ਼ ਸੰਘਰਸ਼ ਵਿੱਚ ਉਹਨਾਂ ਦਾ ਪੂਰਾ ਸਾਥ ਦੇਣ ਅਤੇ ਇਸ ਫ਼ਿਰਕੂ, ਪੁਲਸੀਆ ਕਹਿਰ ਨੂੰ ਮੂੰਹ-ਤੋੜਵਾਂ ਜਵਾਬ ਦੇਣ ਲਈ ਅੱਗੇ ਆਉਣ।

# ਗੌਰੀ ਲੰਕੇਸ਼ ਦੀ ਹੱਤਿਆ ਵਿਰੁੱਧ ਲੇਖਕਾਂ ਤੇ ਜਮਹੂਰੀ ਜਥੇਬੰਦੀਆਂ ਵਲੋਂ ਰੋਸ ਮਾਰਚ






ਸੰਗਰੂਰ (ਰਣਦੀਪ ਸੰਗਤਪੁਰਾ) : ਕੰਨੜ ਭਾਸ਼ਾ ਦੀ ਉੱਘੀ ਲੇਖਕਾ, ਪੱਤਰਕਾਰ ਅਤੇ ਸਮਾਜਿਕ ਕਾਰਕੁੰਨ ਗੌਰੀ ਲੰਕੇਸ਼ ਦੀ ਫਾਸ਼ੀਵਾਦੀ ਤਾਕਤਾਂ ਵਲੋਂ ਕੀਤੀ ਹੱਤਿਆ ਦੇ ਵਿਰੋਧ ਵਿੱਚ ਅੱਜ ਜ਼ਿਲ੍ਹਾ ਭਰ ਦੇ ਸੈਂਕੜੇ ਲੇਖਕਾਂ ਅਤੇ ਜਨਤਕ ਜਮਹੂਰੀ ਜਥੇਬੰਦੀਆਂ ਦੇ ਕਾਰਕੁੰਨਾਂ ਵਲੋਂ ਇਥੇ ਬਨਾਸਰ ਬਾਗ ਵਿਚ ਰੋਸ ਰੈਲੀ ਕਰਨ ਉਪਰੰਤ ਸ਼ਹਿਰ ਵਿਚ ਰੋਸ ਮਾਰਚ ਕੀਤਾ ਗਿਆ ਅਤੇ ਸਮੂਹ ਜਨਤਕ, ਜਮਹੂਰੀ, ਲੋਕ ਪੱਖੀ ਸ਼ਕਤੀਆਂ ਨੂੰ ਇਸ ਰੁਝਾਨ ਖ਼ਿਲਾਫ਼ ਇੱਕਜੁੱਟ ਹੋ ਕੇ ਮੁਕਾਬਲਾ ਕਰਨ ਦਾ ਸੱਦਾ ਦਿੱਤਾ।

ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿਚ ਮੋਦੀ ਹਕੂਮਤ ਵਲੋਂ ਲੋਕਾਂ ਵਿਚ ਪਾਈ ਜਾ ਰਹੀ ਬੇਚੈਨੀ ਨੂੰ ਜਿਥੇ ਜੁਮਲੇਬਾਜ਼ੀਆਂ ਨਾਲ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਥੇ ਆਰਐਸਐਸ ਵਲੋਂ ਹਿੰਦੂਤਵ ਰਾਸ਼ਟਰ ਦਾ ਏਜੰਡਾ ਲੋਕਾਂ ਉਪਰ ਥੋਪਿਆ ਜਾ ਰਿਹਾ ਹੈ। ਬੌਧਿਕ ਚੇਤਨਾ ਪੈਦਾ ਕਰਨ ਵਾਲੀਆਂ ਯੂਨੀਵਰਸਿਟੀਆਂ ਨੂੰ ਦੇਸ਼ ਧਰੋਹੀਆਂ ਦੇ ਅੱਡੇ ਗਰਦਾਨ ਕੇ ਤਬਾਹ ਕੀਤਾ ਜਾ ਰਿਹਾ ਹੈ। ਆਪਣੇ ਵਲੋਂ ਦੇਸ਼ ਭਗਤੀ ਦਾ ਕੂੜ ਪ੍ਰਚਾਰ ਕਰ ਕੇ ਪੂਰੇ ਦੇਸ਼ ਵਿਚ ਫਿਰਕੂ ਜ਼ਹਿਰ ਭਰਿਆ ਜਾ ਰਿਹਾ ਹੈ ਅਤੇ ਕਿਸੇ ਵੀ ਤਰਾਂ ਦੀ ਵਿਰੋਧੀ ਆਵਾਜ਼ ਨੂੰ ਆਪਣੇ ਸਰਕਾਰ ਤੇ ਗੈਰ ਸਰਕਾਰੀ ਧਰੋਹਾਂ ਰਾਹੀਂ ਹਿੰਸਕ ਸ਼ਕਤੀਆਂ ਨਾਲ ਦਬਾਉਣਾ ਲਗਾਤਾਰ ਜਾਰੀ ਹੈ। ਇਨ੍ਹਾਂ ਸ਼ਕਤੀਆਂ ਵਲੋਂ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਤੇ ਗਰੀਬੀ ਬੇਰੋਜ਼ਗਾਰੀ ਲਈ ਹੱਕ ਸੱਚ ਦੀ ਆਵਾਜ਼ ਉਠਾਉਣ ਵਾਲੇ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਸਮਾਜਿਕ ਸੇਵਕਾਂ ਨੂੰ ਡਰਾਉਣਾ ਧਮਕਾਉਣਾ ਤੇ ਖਤਮ ਕਰਨਾ ਲਗਾਤਾਰ ਜਾਰੀ ਹੈ। ਉਨ੍ਹਾਂ ਗੌਰੀ ਲੰਕੇਸ਼ ਦੇ ਕਤਲ ਦੀ ਉਚ ਪੱਧਰੀ ਜਾਂਚ ਕਰ ਕੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਰੈਲੀ ਵਿਚ ਪਾਸ ਕੀਤੇ ਇੱਕ ਮਤੇ ਰਾਹੀਂ ਪੰਜਾਬ ਸਰਕਾਰ ਵਲੋਂ ਲਾਗੂ ਕੀਤੀ ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਕਾਨੂੰਨ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਮਿਆਂਮਾਰ ਵਿੱਚ ਮੁਸਲਮਾਨ ਭਾਈਚਾਰੇ ਦੇ ਕੀਤੇ ਕਤਲੇਆਮ ਦੀ ਨਿਖੇਧੀ ਕਰਦਿਆਂ ਇਸ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਅਤੇ ਗੌਰੀ ਲੰਕੇਸ਼ ਦੇ ਕਤਲ ਉਪਰੰਤ ਸੋਸ਼ਲ ਮੀਡੀਆ 'ਤੇ ਗਾਲੀ ਗਲੋਚ ਕਰਨ ਵਾਲੇ ਅਨਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ।

ਰੈਲੀ ਨੂੰ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਨਾਮਦੇਵ ਸਿੰਘ ਭੁਟਾਲ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪਿਰਥੀ ਸਿੰਘ ਲੌਂਗੋਵਾਲ, ਇਨਕਲਾਬੀ ਲੋਕ ਮੋਰਚਾ ਪੰਜਾਬ ਦੇ ਸਵਰਨਜੀਤ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੰਜੀਵ ਮਿੰਟੂ, ਤਰਕਸ਼ੀਲ ਸੁਸਾਇਟੀ ਦੇ ਮਾਸਟਰ ਪਰਮ ਵੇਦ, ਨੌਜਵਾਨ ਸਭਾ ਦੇ ਆਗੂ ਹਰਵਿੰਦਰ ਸਿੰਘ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਗੂ ਜੁਝਾਰ ਸਿੰਘ, ਡੀਟੀਐਫ਼ ਦੇ ਜ਼ਿਲ੍ਹਾ ਪ੍ਰਧਾਨ ਬਲਵੀਰ ਚੰਦ ਲੌਂਗੋਵਾਲ, ਨੌਜਵਾਨ ਭਾਰਤ ਸਭਾ ਦੇ ਆਗੂ ਭੁਪਿੰਦਰ ਲੌਂਗੋਵਾਲ, ਨੌਜਵਾਨ ਭਾਰਤ ਸਭਾ ਪੰਜਾਬ ਦੇ ਆਗੂ ਜਗਸੀਰ ਸਿੰਘ ਨਮੋਲ, ਪੀਆਰਐਸਯੂ ਦੇ ਰਸ਼ਪਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਦਰਬਾਰਾ ਸਿੰਘ ਛਾਜਲੀ, ਪੰਜਾਬੀ ਸਾਹਿਤ ਸਭਾ ਦੇ ਮੂਲ ਚੰਦ ਸ਼ਰਮਾ, ਲੋਕ ਚੇਤਨਾ ਮੰਚ ਲਹਿਰਾਗਾਗਾ ਦੇ ਹਰਭਗਵਾਨ ਸਿੰਘ, ਰਣਦੀਪ ਸੰਗਤਪੁਰਾ, ਕ੍ਰਾਂਤੀਕਾਰੀ ਸਭਿਆਚਾਰਕ ਕੇਂਦਰ ਦੇ ਆਗੂ ਕੁਲਵਿੰਦਰ ਬੰਟੀ, ਦੋਧੀ ਯੂਨੀਅਨ ਦੇ ਭੁਪਿੰਦਰ ਸਿੰਘ ਕਾਂਝਲਾ ਆਦਿ ਨੇ ਵੀ ਸੰਬੋਧਨ ਕੀਤਾ।

# ਭਾਅ ਜੀ ਗੁਰਸ਼ਰਨ ਸਿੰਘ ਯਾਦ ਸਦੀਵੀ



–ਗੁਰਸ਼ਰਨ ਭਾਅ ਜੀ ਜੋ ਉੱਘੇ ਰੰਗਕਰਮੀ, ਪੰਜਾਬ ਦੀ ਤਰਕਸ਼ੀਲ ਲਹਿਰ ਦੇ ਮੋਢੀ, ਪੰਜਾਬੀ ਲੋਕ ਰੰਗਮੰਚ ਅਤੇ ਨੁੱਕੜ ਨਾਟਕਾਂ ਦੇ ਸ਼ੇਰ-ਏ-ਪੰਜਾਬ, ਇੱਕ ਅਦਾਕਾਰ, ਇੰਜੀਨੀਅਰ, ਲੇਖਕ, ਨਾਟਕਕਾਰ, ਨਿਰਦੇਸ਼ਕ, ਪ੍ਰਕਾਸ਼ਕ, ਲੋਕਾਂ ਦੇ ਆਗੂ, ਸੰਪਾਦਕ, ਕੁਸ਼ਲ ਪ੍ਰਬੰਧਕ, ਵਕਤਾ ਅਤੇ ਸਭ ਤੋਂ ਉਪਰ ਇੱਕ ਵਧੀਆ ਇਨਸਾਨ ਸਨ। ਉਹ ਇੱਕ ਤੁਰਦੀ-ਫਿਰਦੀ ਸੰਸਥਾ ਸਨ। ਗੁਰਸ਼ਰਨ ਸਿੰਘ ਭਾਅ ਜੀ ਦਾ ਜਨਮ 16 ਸਤੰਬਰ 1929 ਨੂੰ ਡਾਕਟਰ ਗਿਆਨ ਸਿੰਘ ਦੇ ਘਰ ਮੁਲਤਾਨ (ਪਾਕਿਸਤਾਨ) ਵਿੱਚ ਹੋਇਆ। ਉਨ੍ਹਾਂ ਐਮ.ਐਸ ਸੀ. (ਆਨਰਜ਼) ਟੈਕਨੀਕਲ ਕੈਮਿਸਟਰੀ ਤੱਕ ਵਿੱਦਿਆ ਪ੍ਰਾਪਤ ਕੀਤੀ। ਮੁਲਤਾਨ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਿਆਂ ਪੰਜਾਬੀ ਤੇ ਉਰਦੂ ਜ਼ੁਬਾਨਾਂ ਸਿੱਖੀਆਂ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪੜਾਈ ਕਰਨ ਉਪਰੰਤ 1951 'ਚ ਭਾਖੜਾ ਨੰਗਲ ਵਿਖੇ ਸੀਮਿੰਟ ਦੀ ਲੈਬਾਰਟਰੀ ਵਿੱਚ ਨੌਕਰੀ ਕੀਤੀ। ਉਥੇ ਕੰਮ ਕਰਦਿਆਂ ਉਹ ਇਪਟਾ ਦੇ ਨਾਮੀ ਰੰਗਕਰਮੀ ਜੋਗਿੰਦਰ ਬਾਹਰਲਾ ਦੇ ਨਾਟਕਾਂ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹ ਖੁਦ ਰੰਗਮੰਚ ਦੇ ਖੇਤਰ ਵਿੱਚ ਕੁੱਦ ਪਏ। 19-9-1975 ਨੂੰ ਉਨ੍ਹਾਂ ਨੂੰ ਨੌਕਰੀ ਤੋਂ ਸਸਪੈਂਡ ਕੀਤਾ ਗਿਆ। ਛੋਟੀ ਉਮਰੇ ਉਨਾਂ ਮਾਰਕਸੀ ਫਲਸਫੇ ਨੂੰ ਪੜਿਆ। ਨਾਟਕਾਂ ਵਿੱਚ ਆਪਣੀ ਪਤਨੀ ਕੈਲਾਸ਼ ਕੌਰ ਅਤੇ ਦੋਵਾਂ ਧੀਆਂ ਨੂੰ ਨਾਲ ਲੈ ਕੇ ਭਾਅ ਜੀ ਪਿੰਡ-ਪਿੰਡ ਲੋਕਾਂ ਨੂੰ ਜਾਗਰੂਕ ਕਰਦੇ, ਸਮਾਜਿਕ ਬਰਾਬਰੀ ਦਾ ਸੁਨੇਹਾ ਦਿੰਦੇ, ਨਾਟਕ ਖੇਡਦੇ, ਲੋਕਾਂ ਵਿੱਚ ਚੰਗਾ ਸਾਹਿਤ ਲੈ ਕੇ ਜਾਂਦੇ, ਹਜ਼ਾਰਾਂ, ਲੱਖਾਂ ਲੋਕਾਂ ਸਾਹਮਣੇ ਨਾਟਕ ਖੇਡਦੇ, ਕਿਸਾਨਾਂ, ਮਜ਼ਦੂਰਾਂ ਦੇ ਘਰਾਂ 'ਚ ਰੁੱਖੀ-ਮਿੱਸੀ ਦਾਲ ਰੋਟੀ ਛੱਕ ਕੇ ਠੰਡਾ ਪਾਣੀ ਪੀ ਕੇ ਫੇਰ ਅਗਲੇ ਪਿੰਡ ਲੋਕਾਂ ਨੂੰ ਪ੍ਰੇਰਨ ਵਾਲਾ ਜ਼ਿੰਦਗੀ ਦਾ ਮਸੀਹਾ, ਲੱਖਾਂ ਨੌਜਵਾਨਾਂ ਨੂੰ ਪ੍ਰੇਰਦਾ। ਉਹ ਹਮੇਸ਼ਾਂ ਹੀ ਬਾਬੇ ਨਾਨਕ, ਗੁਰੂ ਗੋਬਿੰਦ ਸਿੰਘ, ਸ਼ਹੀਦ ਭਗਤ ਸਿੰਘ ਤੇ ਗ਼ਦਰੀ ਬਾਬਿਆਂ ਦੇ ਰਾਹ ਨੂੰ ਆਪਣਾ ਰਾਹ ਕਹਿੰਦੇ। ਰੰਗਮੰਚ ਸਫ਼ਰ ਵਿੱਚ ਉਨ੍ਹਾਂ ਨੇ 185 ਤੋਂ ਵੱਧ ਨਾਟਕ ਲਿਖੇ, ਉਨ੍ਹਾਂ ਨਾਟਕਾਂ ਦੀਆਂ 12000 ਤੋਂ ਵੱਧ ਪੇਸ਼ਕਾਰੀਆਂ ਪੰਜਾਬ ਦੇ ਪਿੰਡਾਂ ਤੋਂ ਲੈ ਕੇ ਦੇਸ਼-ਵਿਦੇਸ਼ ਵਿੱਚ ਕੀਤੀਆਂ। ਉਨ੍ਹਾਂ ਨੇ ਅਦਾਕਾਰੀ ਅਤੇ ਨਾਟ ਪੇਸ਼ਕਾਰੀ ਤੇ ਰੰਗਮੰਚ ਨੂੰ ਸਮਾਜਿਕ ਚੇਤਨਾ ਲਈ ਹਥਿਆਰ ਵਜੋਂ ਵਰਤਿਆ। ਉਮਰ ਦੇ ਅੱਠ ਦਹਾਕੇ ਪਾਰ ਕਰਕੇ ਵੀ ਗੁਰਸ਼ਰਨ ਸਿੰਘ ਲੋਕਾਂ ਨੂੰ ਜਗਾਉਣ ਲਈ ਹੋਕੇ ਦਿੰਦਾ ਰਿਹਾ। ਭਾਖੜਾ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਜਾ ਰਿਹਾ ਸੀ, ਉਥੇ ਕੋਈ ਛੁੱਟੀ ਨਹੀਂ ਸੀ ਹੁੰਦੀ। 1954 'ਚ ਉਨਾਂ ਅਫ਼ਸਰਾਂ ਨੂੰ ਕਿਹਾ 8-12 ਵਾਲੀ ਸ਼ਿਫਟ ਵਿੱਚ ਜ਼ਰੂਰੀ ਕੰਮ ਚਲਾਏ ਜਾਣ ਅਤੇ ਬਾਕੀ ਛੁੱਟੀ ਕੀਤੀ ਜਾਵੇ ਪਰ ਮੈਨੇਜਮੈਂਟ ਨਾ ਮੰਨੀ। ਨਤੀਜੇ ਦੇ ਤੌਰ 'ਤੇ ਉਥੇ ਲੋਹੜੀ ਦੀ ਬਹੁਤ ਵੱਡੀ ਹੜਤਾਲ ਹੋਈ। ਇੱਥੇ ਹੀ ਉਨ੍ਹਾਂ ਨੇ ਪਹਿਲਾ ਨਾਟਕ 'ਲੋਹੜੀ ਦੀ ਹੜਤਾਲ' ਲਿਖਿਆ ਅਤੇ ਖੇਡਿਆ। 1952 ਤੋਂ ਭਾਖੜਾ ਡੈਮ 'ਤੇ ਬਤੌਰ ਇੰਜੀਨੀਅਰ ਸੇਵਾ ਨਿਭਾ ਰਹੇ ਸਰਕਾਰ ਦੀਆਂ ਨਜ਼ਰਾਂ ਵਿੱਚ ਗੁਰਸ਼ਰਨ ਸਿੰਘ ਵਿਦਰੋਹੀ ਸੁਰ ਰੱਖਣ ਵਾਲਾ ਤੇ ਹੋਰਨਾਂ ਨੂੰ ਵਿਦਰੋਹ ਲਈ ਉਕਸਾਉਣ ਵਾਲਾ ਬਣ ਗਿਆ। ਸਿੱਟੇ ਵਜੋਂ 1981 ਵਿਚ ਅਸਤੀਫ਼ਾ ਦੇ ਕੇ ਨਾਟਕ ਖੇਤਰ ਵਿੱਚ ਆ ਡਟੇ। ਉਨ੍ਹਾਂ ਨੇ ਨਾਟਕ ਵਰਗੀ ਕਲਾ ਦੀ ਨਬਜ਼ ਪਛਾਣ ਲਈ ਕਿ ਇਹ ਲੋਕਾਂ 'ਤੇ ਜਾਦੂ ਵਰਗਾ ਅਸਰ ਕਰਦੀ ਹੈ। ਉਨ੍ਹਾਂ ਬਿਨਾਂ ਸਟੇਜ ਰਿਹਰਸਲ, ਲਾਈਟਾਂ ਅਤੇ ਮਿਊਜ਼ਿਕ ਦੇ ਨੁੱਕੜ ਨਾਟਕਾਂ ਦੀ ਨੀਂਹ ਰੱਖੀ। ਅੰਮ੍ਰਿਤਸਰ ਸਕੂਲ ਆਫ ਡਰਾਮਾ ਰਾਹੀਂ ਨਵੇਂ ਮੁੰਡੇ-ਕੁੜੀਆਂ ਨੂੰ ਨਾਟਕ ਨਾਲ ਜੋੜਿਆ। ਇਹ ਮੁੰਡੇ ਖੁਦ ਵੱਡੇ ਕਲਾਕਾਰ ਅਤੇ ਨਿਰਦੇਸ਼ਕ ਬਣ ਗਏ। ਡਾ. ਸਾਹਿਬ ਸਿੰਘ ਅਤੇ ਕੇਵਲ ਧਾਲੀਵਾਲ ਵਰਗੇ ਨਾਮਵਰ ਕਲਾਕਾਰ ਹੁਣ ਗੁਰਸ਼ਰਨ ਸਿੰਘ ਦੀ ਸੋਚ ਨੂੰ ਹਰ ਆਦਮੀ ਤੱਕ ਲਿਜਾਣ ਲਈ ਪ੍ਰਤੀਬੱਧ ਹਨ। 1964 ਵਿੱਚ ਭਾਅ ਜੀ ਨੇ ਅੰਮ੍ਰਿਤਸਰ ਵਿਖੇ ਦੋਸਤਾਂ ਨਾਲ ਰਲ ਕੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਨੀਂਹ ਰੱਖੀ। ਅੱਜ ਇਹ ਸੰਸਥਾ ਨਾਟਕਾਂ ਦੀ ਉੱਘੀ ਸੰਸਥਾ ਹੈ। ਇਸ ਸੰਸਥਾ ਦਾ ਉਦੇਸ਼ ਸੀ ਕਿ ਚੰਗੇ, ਅਗਾਂਹਵਧੂ ਨਾਟਕਾਂ ਦੀ ਪੇਸ਼ਕਾਰੀ ਰਾਹੀਂ ਲੋਕਾਂ ਨੂੰ ਜਾਗ੍ਰਿਤ ਕਰਨਾ ਤਾਂ ਜੋ ਸਰਮਾਏਦਾਰੀ ਤਾਕਤਾਂ ਦੇ ਖ਼ਿਲਾਫ ਲੋਕਾਂ ਨੂੰ ਲਾਮਬੰਦ ਕੀਤਾ ਜਾ ਸਕੇ। ਨਾਟਕਾਂ ਦੇ ਅੰਤ ਤੇ ਅਗਾਂਹਵਧੂ ਕਿਤਾਬਾਂ ਤੇ ਸਰਦਲ ਅਤੇ ਸਮਤਾ ਮੈਗਜੀਨ ਆਪ ਕੱਢ ਕੇ ਸਸਤੇ ਮੁਲ ਤੇ ਦਿੰਦੇ ਸਨ। 27 ਸਤੰਬਰ 2011 ਵਿਚ ਸਾਡੇ ਤੋਂ ਸਦਾ ਲਈ ਵਿਛੜ ਗਏ। ਵਿਸ਼ਵ ਓਜੋਨ ਦਿਵਸ 1987 ਵਿਚ ਇਕ ਮੀਟਿੰਗ ਦੇ ਫੈਸਲੇ ਅਨੁਸਾਰ ਯੂ ਐਨ ਓ ਨੇ 1995 ਤੋਂ ਮਨਾਉਣਾ ਸ਼ੁਰੂ ਕੀਤਾ ਸੀ। ਓਜੋਨ ਅਜਿਹੀ ਪਰਤ ਹੈ ਜੋ ਧਰਤੀ ਵੱਲ ਨੂੰ ਸੂਰਜ ਤੋਂ ਆਉਣ ਵਾਲੀਆਂ ਅਲਟਰਾ ਬੈਂਗਣ ਕਿਰਨਾਂ ਨੂੰ ਜਜ਼ਬ ਕਰਦੀ ਹੈ। ਇਸ ਦੀ ਪਰਤ ਪ੍ਰਦੂਸ਼ਨ ਕਾਰਨ ਪਤਲੀ ਹੋਣ ਨਾਲ ਕੈਂਸਰ, ਫਸਲਾਂ ਦਾ ਨੁਕਸਾਨ ਹੁੰਦਾ ਹੈ। ਹਵਾਈ ਜਹਾਜ ਤੇ ਚੜਕੇ ਵੇਖੀਏ, ਤਿੰਨ ਕਿਲੋਮੀਟਰ ਉਪਰ ਬਦਲ ਹੀ ਬਦਲ ਹਨ ਤੇ ਇਥੋਂ ਧਰਤੀ ਸਾਫ ਦਿਸਦੀ ਹੈ। 11-12 ਕਿਲੋਮੀਟਰ ਉਤਾਂਹ ਜਾ ਕੇ ਹੇਠਾਂ ਵੇਖੀਏ ਤਾਂ ਬਦਲ ਤੇ ਧੁੰਦ ਵਿਚ ਲਿਪਟੇ ਧਰਤੀ ਵਿਖਾਈ ਦੇਵੇਗੀ। ਉਪਰ ਵੱਲ ਅਕਾਸ਼ ਦਾ ਰੰਗ ਗੂੜਾ ਨੀਲਾ ਦਿਖਾਈ ਦਿੰਦਾ ਹੈ। 40-42 ਕਿਲੋਮੀਟਰ ਹੋਵੇ ਪਰ ਜਾ ਕੇ ਉਤਾਂਹ ਵੱਲ ਨੀਲੇ ਤੋਂ ਉਨਾਭੀ ਤੇ ਫਿਰ ਕਾਲਾ ਰੰਗ ਵਿਖਾਈ ਦਿੰਦਾ ਹੈ। ਤਾਰੇ ਇਸ ਤਰਾਂ ਚਮਕਦੇ ਹਨ ਜਿਵੇਂ ਅੱਧੀ ਰਾਤ ਨੂੰ ਧਰਤੀ ਤੇ ਸੂਰਜ ਲਿਸ਼ਕਦਾ ਹੈ। ਓਜੋਨ ਪਰਤ ਦਾ ਲੱਗਭਗ 30 ਕਿਲੋਮੀਟਰ ਦਾ ਟੋਟਾ ਜੋ ਧਰਤੀ ਤੋਂ 16 ਕਿਲੋਮੀਟਰ ਤੋਂ ਲੈ ਕੇ 48 ਕਿਲੋਮੀਟਰ ਤੱਕ ਹੈ ਇਹ ਹਨੇਰੇ ਤੇ ਤਾਰਿਆਂ ਨੂੰ ਲਕੋ ਲੈਂਦਾ ਹੈ ਤੇ ਰਾਤ ਨੂੰ ਇਹ ਪਾਰਦਰਸ਼ੀ ਬਣ ਜਾਂਦਾ ਹੈ। ਦਿਨੇ ਸੂਰਜ ਦੀ ਧੁੱਪ ਨਾਲ ਧੂੜ ਕਣ ਚਮਕਣ ਕਰਕੇ ਇਸਦੇ ਗੰਧਲਾਪਣ ਹੋਣ ਨਾਲ ਅਕਾਸ਼ ਨੀਲੇ ਰੰਗ ਦਾ ਦਿਖਾਈ ਦਿੰਦਾ ਹੈ।






# ਮਰਾਠਾ ਨੌਜੁਆਨਾਂ ਦਾ ਮੋਰਚਾ : ਇੱਕ ਚੇਤਾਵਨੀ

ਭਾਰਤ ਦੇ ਮੌਜੂਦਾ ਹਾਕਮ ਤੇ ਇਹਨਾਂ ਤੋਂ ਪਹਿਲਾਂ ਸੱਤਾ 'ਤੇ ਬਿਰਾਜਮਾਨ ਰਹੀ ਸਥਾਪਤੀ ਦੇ ਸਾਰੇ ਆਗੂ ਇਹੋ ਦਾਅਵੇ ਕਰਦੇ ਰਹੇ ਹਨ ਕਿ ਦੇਸ਼ ਨੇ ਤੇਜ਼ ਗਤੀ ਨਾਲ ਵਿਕਾਸ ਕੀਤਾ ਹੈ। ਆਜ਼ਾਦੀ ਤੋਂ ਪਹਿਲਾਂ ਜਿੱਥੇ ਸਾਡੇ ਦੇਸ਼ ਵਿੱਚ ਸੂਈ ਤੱਕ ਨਹੀਂ ਸੀ ਬਣਦੀ, ਹੁਣ ਅਸੀਂ ਜਹਾਜ਼ ਤੇ ਨਵੀਨ ਸਨਅਤੀ ਉੱਪਕਰਣ ਬਣਾਉਣ ਦੇ ਸਮਰੱਥ ਹੋ ਗਏ ਹਾਂ। ਅਨਾਜ ਦੇ ਮਾਮਲੇ ਵਿੱਚ ਅਸੀਂ ਆਤਮ-ਨਿਰਭਰ ਹੀ ਨਹੀਂ ਹੋਏ, ਸਗੋਂ ਸਾਡੇ ਅਨਾਜ ਦੇ ਕੌਮੀ ਭੰਡਾਰ ਭਰੇ ਪਏ ਹਨ ਤੇ ਵੱਡੀ ਪੱਧਰ 'ਤੇ ਇਸ ਦੀ ਬਰਾਮਦ ਵੀ ਕਰ ਰਹੇ ਹਾਂ। ਹਕੀਕਤ ਇਹ ਹੈ ਕਿ ਵਿਕਾਸ ਦੇ ਲਾਭ ਸਭਨਾਂ ਨਾਗਰਿਕਾਂ ਤੱਕ ਨਹੀਂ ਪਹੁੰਚੇ। ਅੱਜ ਸਾਡੇ ਮਹਾਂਨਗਰਾਂ ਦੀ ਅੱਧੀ ਤੋਂ ਵੱਧ ਵੱਸੋਂ ਝੁੱਗੀ-ਝੌਂਪੜ ਬਸਤੀਆਂ ਵਿੱਚ ਰਹਿਣ ਲਈ ਮਜਬੂਰ ਹੈ। ਅੰਨਦਾਤਾ ਖ਼ੁਦਕੁਸ਼ੀਆਂ ਕਰ ਰਿਹਾ ਹੈ ਤੇ ਹੁਣ ਉਹ ਕੁਝ ਕਰ-ਗੁਜ਼ਰਨ ਦੇ ਦੌਰ ਵੱਲ ਵਧ ਰਿਹਾ ਹੈ।

ਇਹ ਠੀਕ ਹੈ ਕਿ ਆਮ ਲੋਕ ਚੋਣਾਂ ਵਿੱਚ ਕਿਸੇ ਨਾ ਕਿਸੇ ਪਾਰਟੀ ਨੂੰ ਵੋਟ ਪਾ ਕੇ ਸੱਤਾ ਤੱਕ ਪੁਚਾ ਦੇਂਦੇ ਹਨ, ਪਰ ਸਥਾਪਤੀ ਤੋਂ ਉਨ੍ਹਾਂ ਦਾ ਵਿਸ਼ਵਾਸ ਪੂਰੀ ਤਰ੍ਹਾਂ ਉੱਠਦਾ ਜਾ ਰਿਹਾ ਹੈ। ਇਸ ਦੇ ਇੱਕ ਨਹੀਂ, ਅਨੇਕ ਪ੍ਰਮਾਣ ਸਾਹਮਣੇ ਆ ਚੁੱਕੇ ਹਨ, ਪਰ ਸਥਾਪਤੀ ਦੇ ਕਰਣਧਾਰ ਹਨ ਕਿ ਉਹ ਲੋਕਾਂ ਵਿੱਚ ਲਗਾਤਾਰ ਵਧ ਰਹੀ ਬੇਵਿਸ਼ਵਾਸੀ ਨੂੰ ਸੰਜੀਦਗੀ ਨਾਲ ਲੈਣ ਤੋਂ ਇਨਕਾਰੀ ਹਨ।

ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਜਰਾਤ ਦੇ ਕਈ ਸਾਲਾਂ ਤੱਕ ਮੁੱਖ ਮੰਤਰੀ ਰਹਿ ਚੁੱਕੇ ਹਨ। ਇਸ ਦੌਰਾਨ ਉਹ ਇਹ ਦਾਅਵੇ ਕਰਦੇ ਰਹੇ ਕਿ ਉਨ੍ਹਾ ਨੇ ਆਪਣੇ ਸ਼ਾਸਨ ਕਾਲ ਦੌਰਾਨ ਵਿਕਾਸ ਦਾ ਜਿਹੜਾ ਗੁਜਰਾਤ ਮਾਡਲ ਅਮਲ ਵਿੱਚ ਲਿਆਂਦਾ ਹੈ, ਉਸ ਨੇ ਰਾਜ ਦਾ ਨਕਸ਼ਾ ਹੀ ਬਦਲ ਦਿੱਤਾ ਹੈ। ਇਸ ਨੂੰ ਉਨ੍ਹਾ ਨੇ ਲੋਕ ਸਭਾ ਚੋਣਾਂ ਦੌਰਾਨ ਖ਼ੂਬ ਪ੍ਰਚਾਰਿਆ ਵੀ ਸੀ। ਉਨ੍ਹਾ ਦੇ ਹੀ ਆਪਣੇ ਰਾਜ ਗੁਜਰਾਤ ਵਿੱਚ ਇੱਕ ਤੇਈ ਸਾਲਾ ਨੌਜੁਆਨ ਹਾਰਦਿਕ ਪਟੇਲ ਦੀ ਅਗਵਾਈ ਵਿੱਚ ਪਾਟੀਦਾਰਾਂ ਦਾ ਜਿਹੜਾ ਅੰਦੋਲਨ ਚੱਲਿਆ, ਉਸ ਨੇ ਰਾਜ ਸਰਕਾਰ ਦੀਆਂ ਚੂਲਾਂ ਤੱਕ ਹਿਲਾ ਕੇ ਰੱਖ ਦਿੱਤੀਆਂ ਸਨ। ਇਸ ਅੰਦੋਲਨ ਵਿੱਚ ਹਜ਼ਾਰਾਂ ਨਹੀਂ, ਲੱਖਾਂ ਨੌਜੁਆਨ ਬਿਨਾਂ ਕਿਸੇ ਜਥੇਬੰਦਕ ਆਧਾਰ ਦੇ ਸੜਕਾਂ 'ਤੇ ਆਏ ਸਨ। ਉਨ੍ਹਾਂ ਦੀ ਮੰਗ ਇਹ ਸੀ ਕਿ ਪਟੇਲ ਭਾਈਚਾਰੇ ਨੂੰ ਵੀ ਨੌਕਰੀਆਂ ਦੇ ਮਾਮਲੇ ਵਿੱਚ ਰਾਖਵੇਂਕਰਨ ਦੇ ਘੇਰੇ ਵਿੱਚ ਲਿਆਂਦਾ ਜਾਵੇ।

ਪਟੇਲ ਭਾਈਚਾਰਾ ਗੁਜਰਾਤ ਦਾ ਸਭ ਤੋਂ ਖ਼ੁਸ਼ਹਾਲ ਭਾਈਚਾਰਾ ਕਿਹਾ ਜਾਂਦਾ ਹੈ, ਪਰ ਖੇਤੀ ਸੈਕਟਰ ਦੇ ਸੰਕਟ ਤੇ ਰੁਜ਼ਗਾਰ ਦੇ ਨਵੇਂ ਮੌਕੇ ਹਾਸਲ ਨਾ ਹੋਣ ਕਰ ਕੇ ਨੌਜੁਆਨਾਂ ਨੇ ਇਹ ਅੰਦੋਲਨ ਸ਼ੁਰੂ ਕੀਤਾ ਸੀ। ਇਸ ਦੀ ਵਿਸ਼ੇਸ਼ ਗੱਲ ਇਹ ਸੀ ਕਿ ਉਨ੍ਹਾਂ ਨੇ ਆਪਣੇ ਅੰਦੋਲਨ ਦੌਰਾਨ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੂੰ ਨੇੜੇ ਨਹੀਂ ਸੀ ਫਟਕਣ ਦਿੱਤਾ।

ਕੁਝ ਇਹੋ ਜਿਹਾ ਵਰਤਾਰਾ ਹੀ ਹੁਣ ਦੇਸ ਦੇ ਸਨਅਤੀ ਤੇ ਖੇਤੀ ਦੇ ਖੇਤਰ ਵਿੱਚ ਸਭ ਤੋਂ ਵੱਧ ਵਿਕਸਤ ਰਾਜ ਮਹਾਰਾਸ਼ਟਰ ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਕੁਝ ਮਹੀਨੇ ਪਹਿਲਾਂ ਨਾਸਿਕ ਦੇ ਨੇੜਲੇ ਇੱਕ ਪਿੰਡ ਦੇ ਨੌਜੁਆਨਾਂ ਨੇ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਹਾਸਲ ਕਰਨ ਲਈ ਅੰਦੋਲਨ ਦੀ ਸ਼ੁਰੂਆਤ ਕੀਤੀ ਸੀ। ਦੇਖਦਿਆਂ-ਦੇਖਦਿਆਂ ਇਹ ਅੰਦੋਲਨ ਸਮੁੱਚੇ ਰਾਜ ਵਿੱਚ ਫੈਲ ਗਿਆ। ਪਹਿਲਾਂ ਤਹਿਸੀਲ ਪੱਧਰ 'ਤੇ ਮਾਰਚ ਆਯੋਜਤ ਕੀਤੇ ਗਏ ਤੇ ਫਿਰ ਜ਼ਿਲ੍ਹਾ ਪੱਧਰ ਉੱਤੇ। ਇਸ ਅੰਦੋਲਨ ਦੀ ਖ਼ਾਸ ਗੱਲ ਇਹ ਸੀ ਕਿ ਇਸ ਵਿੱਚ ਹਿੱਸਾ ਲੈਣ ਵਾਲੇ ਮਰਾਠਾ ਨੌਜੁਆਨਾਂ ਨੇ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੂੰ ਆਪਣੇ ਇਸ ਅੰਦੋਲਨ ਵਿੱਚ ਹਿੱਸਾ ਲੈਣ ਦੀ ਆਗਿਆ ਨਹੀਂ ਦਿੱਤੀ।

ਸਰਕਾਰ ਨੇ ਇਸ ਅੰਦੋਲਨ ਨੂੰ ਗੰਭੀਰਤਾ ਨਾਲ ਨਾ ਲਿਆ। ਜਦੋਂ ਇਸ ਨੇ ਰਾਜ-ਪੱਧਰੀ ਰੂਪ ਧਾਰਨ ਕਰ ਲਿਆ ਤਾਂ ਉਸ ਨੇ ਅੰਦੋਲਨਕਾਰੀਆਂ ਨੂੰ ਪਤਿਆਉਣ ਲਈ ਦਮ-ਦਿਲਾਸੇ ਦੇਣ ਤੱਕ ਆਪਣੇ ਆਪ ਨੂੰ ਸੀਮਤ ਰੱਖਿਆ। ਹੁਣ ਜਦੋਂ ਮਰਾਠਾ ਅੰਦੋਲਨਕਾਰੀਆਂ ਨੇ ਰਾਜਧਾਨੀ ਮੁੰਬਈ ਵਿੱਚ ਲੱਖਾਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਮਾਰਚ ਦਾ ਆਯੋਜਨ ਕੀਤਾ ਤਾਂ ਕੁਝ ਭਾਜਪਾ ਆਗੂਆਂ ਨੇ ਉਨ੍ਹਾਂ ਨਾਲ ਸ਼ਾਮਲ ਹੋਣ ਦਾ ਜਤਨ ਕੀਤਾ, ਪਰ ਉਨ੍ਹਾਂ ਨੂੰ ਮੂੰਹ ਨਾ ਲਾਇਆ ਗਿਆ। ਸ਼ਿਵ ਸੈਨਾ ਵਾਲਿਆਂ ਨੇ ਮਰਾਠਾ ਅੰਦੋਲਨ ਦੇ ਹੱਕ ਵਿੱਚ ਕਈ ਥਾਂਵਾਂ 'ਤੇ ਪੰਡਾਲ ਲਾਏ, ਪਰ ਅੰਦੋਲਨਕਾਰੀਆਂ ਨੇ ਉਨ੍ਹਾਂ ਨੂੰ ਢਹਿ-ਢੇਰੀ ਕਰ ਦਿੱਤਾ।

ਏਥੇ ਇਹ ਗੱਲ ਜ਼ਿਕਰ ਯੋਗ ਹੈ ਕਿ ਮਰਾਠਾ ਭਾਈਚਾਰਾ ਰਾਜ ਦੀ ਕੁੱਲ ਵਸੋਂ ਦਾ ਇੱਕ-ਤਿਹਾਈ ਬਣਦਾ ਹੈ ਤੇ ਵਿਧਾਨ ਸਭਾ ਵਿੱਚ ਉਸ ਦੇ ਮੈਂਬਰਾਂ ਦੀ ਗਿਣਤੀ ਤਕਰੀਬਨ ਅੱਧ ਦੇ ਨੇੜੇ ਪਹੁੰਚ ਜਾਂਦੀ ਹੈ। ਉਸ ਦੇ ਇਸ ਅੰਦੋਲਨ ਨੇ ਏਨਾ ਵਿਸ਼ਾਲ ਰੂਪ ਕਿਉਂ ਅਖਤਿਆਰ ਕੀਤਾ, ਇਸ ਦੇ ਕਾਰਨ ਵੀ ਸਪੱਸ਼ਟ ਹਨ। ਖੇਤੀ ਧੰਦੇ ਤੇ ਉਸ ਦੇ ਸਹਾਇਕ ਧੰਦਿਆਂ ਵਿੱਚ ਲੱਗੇ ਲੋਕ ਲਗਾਤਾਰ ਆਰਥਕ ਮੰਦਹਾਲੀ ਦਾ ਸਾਹਮਣਾ ਕਰ ਰਹੇ ਹਨ। ਰੁਜ਼ਗਾਰ ਦੇ ਅਵਸਰ ਦਿਨੋ-ਦਿਨ ਘਟਦੇ ਜਾ ਰਹੇ ਹਨ ਤੇ ਨੌਜੁਆਨਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਸਤਾ ਰਹੀ ਹੈ। ਜਿਹੜੇ ਨੌਜੁਆਨਾਂ ਨੇ ਕਰਜ਼ੇ ਚੁੱਕ ਕੇ ਉੱਚ ਤਕਨੀਕੀ ਤੇ ਪੇਸ਼ੇਵਾਰਾਨਾ ਸਿੱਖਿਆ ਹਾਸਲ ਕਰ ਰੱਖੀ ਹੈ, ਉਹ ਵੀ ਰੁਜ਼ਗਾਰ ਦੇ ਅਵਸਰ ਨਾ ਮਿਲਣ ਕਾਰਨ ਦਰ-ਦਰ ਭਟਕ ਰਹੇ ਹਨ। ਇਹ ਸੀ ਕਿ ਉਹ ਪਿਛੋਕੜ, ਜਿਸ ਵਿੱਚ ਲੱਖਾਂ ਮਰਾਠਾ ਨੌਜੁਆਨਾਂ ਨੂੰ ਮੁੰਬਈ ਵਿੱਚ ਮੋਰਚਾ ਲਾਉਣ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਦਾ ਸਥਾਪਤੀ ਤੇ ਮੌਜੂਦਾ ਪ੍ਰਬੰਧ ਤੋਂ ਵਿਸ਼ਵਾਸ ਪੂਰੀ ਤਰ੍ਹਾਂ ਉੱਠ ਚੁੱਕਾ ਹੈ। ਚਾਹੇ ਰਾਜ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਮਰਾਠਾ ਭਾਈਚਾਰੇ ਲਈ ਨੌਕਰੀਆਂ ਵਿੱਚ ਰਾਖਵੇਂਕਰਨ ਦੀ ਵਿਵਸਥਾ ਕਰਨ ਦਾ ਭਰੋਸਾ ਦਿਵਾਇਆ ਹੈ, ਪਰ ਇਹ ਮਸਲਾ ਕੇਵਲ ਰਾਖਵੇਂਕਰਨ ਨਾਲ ਹੀ ਹੱਲ ਹੋਣ ਵਾਲਾ ਨਹੀਂ। ਇਸ ਲਈ ਸਰਕਾਰ ਨੂੰ ਵਿਕਾਸ ਦੇ ਨਵੇਂ ਰਾਹ ਤਲਾਸ਼ਣੇ ਹੋਣਗੇ, ਜਿਸ ਨਾਲ ਨੌਜੁਆਨ ਪੀੜ੍ਹੀ ਦੀਆਂ ਆਸਾਂ-ਉਮੰਗਾਂ ਦੀ ਪੂਰਤੀ ਹੋ ਸਕੇ।

# ਉਗਣ ਵਾਲੇ ਉਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ...

ਅੰਮ੍ਰਿਤਸਰ : ਰਿਕਸ਼ਾ ਚਾਲਕ ਦੇ 23 ਸਾਲਾ ਪੁੱਤ ਮਿਥੁਨ ਨੇ ਘਰੇਲੂ ਵਿੱਤੀ ਸੰਕਟ ਦੇ ਬਾਵਜੂਦ ਖ਼ੁਦ ਪੜ੍ਹਨ ਅਤੇ ਗ਼ਰੀਬ ਤੇ ਪਰਵਾਸੀ ਮਜ਼ਦੂਰਾਂ ਦੇ ਬੱਚਿਆਂ ਨੂੰ ਮੁਫ਼ਤ ਪੜ੍ਹਾ ਕੇ ਮਿਸਾਲ ਕਾਇਮ ਕੀਤੀ ਹੈ। ਪਿੰਡ ਨਗਲੀ ਵਾਸੀ ਮਿਥੁਨ ਨੇ ਲਗਭਗ 9 ਸਾਲ ਪਹਿਲਾਂ ਬਿਨਾਂ ਪੈਸੇ ਅਤੇ ਹੋਰ ਸਾਧਨਾਂ ਦੇ ਇਸ ਮਿਸ਼ਨ ਲਈ ਕੰਮ ਸ਼ੁਰੂ ਕੀਤਾ ਸੀ। ਉਸ ਨੇ ਪ੍ਰਾਇਮਰੀ ਜਮਾਤਾਂ ਦੀਆਂ ਪੁਰਾਣੀਆਂ ਕਿਤਾਬਾਂ ਇਕੱਠੀਆਂ ਕੀਤੀਆਂ ਅਤੇ ਆਪਣੇ ਪਿੰਡ ਦੇ ਗ਼ਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਇਕੱਠਾ ਕਰ ਕੇ ਖਾਲੀ ਪਏ ਪਲਾਟ ਵਿੱਚ ਮੁਫ਼ਤ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਬੱਚਿਆਂ ਨੂੰ ਪੜ੍ਹਾਉਣ ਲਈ ਲੋੜੀਂਦੀ ਰਕਮ ਦਾ ਪ੍ਰਬੰਧ ਕਰਨ ਵਾਸਤੇ ਸ਼ੁਰੂ ਵਿੱਚ ਉਸ ਨੇ ਵੇਟਰ ਵਜੋਂ ਕੰਮ ਵੀ ਕੀਤਾ। ਉਸ ਨੇ ਕੁਲਚਿਆਂ ਤੇ ਚਾਹ ਦੀ ਰੇਹੜੀ ਲਾਉਣ ਤੇ ਭਾਂਡੇ ਧੋਣ ਦਾ ਕੰਮ ਵੀ ਕੀਤਾ। ਹੁਣ ਵੀ ਉਹ ਖ਼ਰਚਾ ਕੱਢਣ ਵਾਸਤੇ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਨੇੜੇ ਖਾਣ-ਪੀਣ ਦੇ ਸਾਮਾਨ ਵਾਲਾ ਖੋਖਾ ਚਲਾ ਰਿਹਾ ਹੈ। ਇਸ ਵੇਲੇ ਉਸ ਕੋਲ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ 170 ਹੋ ਗਈ ਹੈ। ਇਨ੍ਹਾਂ ਵਿੱਚ ਵਧੇਰੇ ਬੱਚੇ ਪਰਵਾਸੀ ਮਜ਼ਦੂਰਾਂ ਦੇ ਹਨ। ਉਸ ਨੇ ਆਪਣੀ ਪਾਠਸ਼ਾਲਾ ਨੂੰ 'ਐਮ ਰੀਅਲ' ਨਾਂ ਦਿੱਤਾ ਹੈ, ਜਿਸ ਦਾ ਭਾਵ 'ਮੈਥਡਾਲੋਜੀ ਫਾਰ ਰੂਰਲ ਐਜੂਕੇਸ਼ਨ ਐਂਡ ਲਰਨਿੰਗ' ਹੈ। ਆਪਣੇ ਇਸ ਸਕੂਲ ਵਿੱਚ ਉਹ ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਦਾ ਵਿਸ਼ੇਸ਼ ਗਿਆਨ ਦੇਣ ਦਾ ਯਤਨ ਕਰਦਾ ਹੈ ਤਾਂ ਜੋ ਇਹ ਬੱਚੇ ਅਗਲੀ ਪੜ੍ਹਾਈ ਚੰਗੇ ਢੰਗ ਨਾਲ ਕਰ ਸਕਣ। ਮਿਥੁਨ ਖ਼ੁਦ ਸ਼ਹਿਰ ਦੇ ਡੀਏਵੀ ਕਾਲਜ ਵਿੱਚ ਬੀਏ ਕਰ ਰਿਹਾ ਹੈ। ਆਪਣੇ ਮਿਸ਼ਨ ਬਾਰੇ ਗੱਲ ਕਰਦਿਆਂ ਮਿਥੁਨ ਨੇ ਦੱਸਿਆ ਕਿ ਜਦੋਂ ਉਹ ਦੋ ਸਾਲ ਦਾ ਸੀ ਤਾਂ ਉਸ ਦਾ ਪਰਿਵਾਰ ਬਿਹਾਰ ਦੇ ਕਟਿਹਾਰ ਇਲਾਕੇ ਤੋਂ ਅੰਮ੍ਰਿਤਸਰ ਆ ਗਿਆ। ਉਸ ਦੇ ਪਿਤਾ ਦੀਨਾਨਾਥ ਰਿਕਸ਼ਾ ਚਲਾਉਂਦੇ ਹਨ ਤੇ ਮਾਂ ਮੀਰਾ ਦੇਵੀ ਲੋਕਾਂ ਦੇ ਘਰਾਂ ਵਿੱਚ ਕੰਮ ਕਰਦੀ ਹੈ। ਉਹ ਬਚਪਨ ਵਿੱਚ ਪੜ੍ਹਨਾ ਚਾਹੁੰਦਾ ਸੀ, ਪਰ ਘਰ ਦੀ ਆਰਥਿਕ ਸਥਿਤੀ ਮਾੜੀ ਹੋਣ ਕਾਰਨ ਉਸ ਨੂੰ ਇਕ ਟੀ-ਸਟਾਲ 'ਤੇ ਲਾ ਦਿੱਤਾ ਗਿਆ। ਜਦੋਂ ਉਹ ਬੱਚਿਆਂ ਨੂੰ ਮੋਢਿਆਂ 'ਤੇ ਬਸਤੇ ਪਾ ਕੇ ਸਕੂਲ ਜਾਂਦਾ ਵੇਖਦਾ ਤਾਂ ਉਸ ਦਾ ਮਨ ਵੀ ਸਕੂਲ ਜਾਣ ਨੂੰ ਕਰਦਾ। ਇਸ ਮਗਰੋਂ ਉਸ ਨੇ ਆਪਣੀ ਪੜ੍ਹਾਈ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਤੇ ਹੁਣ ਗ੍ਰੈਜੂਏਸ਼ਨ ਕਰ ਰਿਹਾ ਹੈ। ਹੁਣ ਉਸ ਦੀ ਕਾਲਜ ਅਤੇ ਯੂਨੀਵਰਸਿਟੀ ਦੀ ਫੀਸ ਮੁਆਫ਼ ਹੈ। ਉਸ ਨੇ ਆਪਣੇ ਵਰਗੇ ਗ਼ਰੀਬ ਤੇ ਪਰਵਾਸੀ ਪਰਿਵਾਰਾਂ ਦੇ ਬੱਚਿਆਂ ਨੂੰ ਮੁਫ਼ਤ ਵਿੱਦਿਆ ਦੇਣੀ ਸ਼ੁਰੂ ਕੀਤੀ ਹੋਈ ਹੈ। ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਸ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਹੈ, ਜਿਸ ਸਦਕਾ ਉਸ ਨੂੰ ਸ਼ਲਾਘਾ ਪੁਰਸਕਾਰ ਅਤੇ ਯਾਦਗਾਰੀ ਚਿੰਨ੍ਹ ਵੀ ਦਿੱਤਾ ਗਿਆ ਹੈ, ਪਰ ਉਸ ਨੂੰ ਗਿਲਾ ਹੈ ਕਿ ਹੁਣ ਤੱਕ ਕਿਸੇ ਨੇ ਵੀ ਸੰਸਥਾ ਨੇ ਇਸ ਮਿਸ਼ਨ ਵਾਸਤੇ ਸਹਿਯੋਗ ਦੇਣ ਦਾ ਉਪਰਾਲਾ ਨਹੀਂ ਕੀਤਾ। ਉਸ ਦੇ ਇੱਕ ਸੋਸ਼ਲ ਸਾਈਟ 'ਤੇ ਬਣੇ ਖਾਤੇ ਕਾਰਨ ਦਲਾਈਲਾਮਾ ਸਮਰਥਕ ਡਾ. ਐਰਨੈਸਟ ਅਲਬਰਟ ਵੱਲੋਂ ਉਸ ਨੂੰ ਮਾਇਕ ਮੱਦਦ ਮੁਹੱਈਆ ਕੀਤੀ ਗਈ ਹੈ, ਜਿਸ ਕਰਕੇ ਉਸ ਨੇ ਬੱਚਿਆਂ ਨੂੰ ਪੜ੍ਹਾਉਣ ਲਈ ਤਿੰਨ ਅਧਿਆਪਕਾਂ ਨੂੰ ਵੀ ਆਪਣੇ ਨਾਲ ਜੋੜਿਆ ਹੈ ਤੇ ਉਨ੍ਹਾਂ ਨੂੰ ਦੋ-ਦੋ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇ ਰਿਹਾ ਹੈ।



ਕੁੱਝ ਸ਼ਾਨਦਾਰ ਅਨੁਵਾਦਿਤ ਕਵਿਤਾਵਾਂ

## ਉਹਨਾਂ ਦਾ ਡਰ

ਉਹ ਡਰਦੇ ਹਨ
ਕਿਸ ਚੀਜ ਤੋਂ ਡਰਦੇ ਹਨ ਉਹ
ਸਮੁੱਚੀ ਧਨ-ਦੌਲਤ
ਗੋਲਾ-ਬਾਰੂਦ ਪੁਲਿਸ ਫੌਜ ਦੇ ਬਾਵਜੂਦ?
ਉਹ ਡਰਦੇ ਹਨ
ਕਿ ਇੱਕ ਦਿਨ
ਨਿਹੱਥੇ ਅਤੇ ਗਰੀਬ ਲੋਕ
ਉਹਨਾਂ ਤੋਂ ਡਰਨਾ
ਬੰਦ ਕਰ ਦੇਣਗੇ।

-ਗੋਰਖ ਪਾਂਡੇ

## ਭੋਪਾਲ

ਹਰ ਚੀਜ 'ਚ ਘੁਲ ਗਿਆ ਸੀ ਜਹਿਰ
ਹਵਾ 'ਚ ਘੁਲ ਗਿਆ ਸੀ
ਮਿੱਟੀ 'ਚ ਖੂਨ 'ਚ
ਇੱਥੋਂ ਤੱਕ ਕਿ
ਦੇਸ਼ ਦੇ ਕਾਨੂੰਨ 'ਚ
ਨਿਆਂ ਦੀਆਂ ਜੜਾਂ 'ਚ
ਇਸ ਲਈ ਜਦ ਫੈਸਲਾ ਸੁਣਾਇਆ
ਤਾਂ ਉਹ ਇੱਕ ਜਹਿਰੀਲਾ ਫਲ ਸੀ।

-ਰਾਜੇਂਦਰ ਰਾਜਨ

• • •

ਉਸਦਾ ਹੱਥ
ਆਪਣੇ ਹੱਥ 'ਚ ਲੈਂਦੇ ਮੈਂ ਸੋਚਿਆ
ਦੁਨੀਆਂ ਨੂੰ
ਹੱਥ ਦੀ ਤਰਾਂ ਗਰਮ ਅਤੇ ਸੁੰਦਰ ਹੋਣਾ ਚਾਹੀਦਾ ਹੈ।

-ਕੇਦਾਰ ਨਾਥ ਸਿੰਘ

• • •

ਇੱਕ ਚਿਹਰਾ ਹੋਵੇ ਤਾਂ ਪਹਿਚਾਣੀਏ
ਸ਼ੈਤਾਨ ਦੇ ਸੌ-ਸੌ ਚਿਹਰੇ ਹਨ
ਕੁਰਸੀ ਤਾਂ ਅੱਖਾਂ ਦੀ ਅੰਨੀ ਹੈ
ਅਤੇ ਕੁਰਸੀ ਵਾਲੇ ਬਹਿਰੇ ਹਨ
ਇਹ ਵਾਅਦਿਆਂ ਦਾ ਝੂਠ ਪਕਾਏਗੀ
ਸਭ ਪੱਕਿਆ ਹੋਇਆ ਖੁਦ ਖਾਏਗੀ
ਆਪਣੀ ਦੁਨੀਆ ਕਦ ਬਦਲੇਗੀ।

-ਬ੍ਰਿਜ ਚੌਹਾਨ

• • •

ਉਹਨਾਂ ਦਾ ਭੈਅ
ਜਦ ਅਸੀਂ ਗਾਉਂਦੇ ਹਾਂ ਤਾਂ ਉਹ ਡਰ ਜਾਂਦੇ ਹਨ।
ਉਹ ਡਰ ਜਾਂਦੇ ਹਨ ਜਦ ਅਸੀਂ ਚੁੱਪ ਹੁੰਦੇ ਹਾਂ
ਉਹ ਡਰ ਹਨ ਸਾਡੇ ਗੀਤਾਂ ਤੋਂ
ਅਤੇ ਸਾਡੀ ਚੁੱਪ ਤੋਂ ਵੀ।

-ਕਾਤਿਆਨੀ

• • •

ਉੱਠੋ ਅਤੇ ਖੁਦ ਨੂੰ ਆਪਣੇ ਅੰਦਰੋਂ ਕੱਢੋ
ਸਾਡੀ ਦੁਨੀਆ'ਚ ਫੈਲ ਜਾਣ ਲਈ,
ਹਾਸੇ ਅਤੇ ਧੁੱਪ ਅਤੇ ਹਵਾ ਦੀ ਤਰਾਂ।

-ਸ਼ਲਭ ਸ਼੍ਰੀਰਾਮ ਸਿੰਘ

• • •

ਚੋਣਾਂ 'ਚ
ਕੋਈ ਵੀ ਜਿੱਤੇ
ਸਰਕਾਰ ਕਿਸੇ ਦੀ ਵੀ ਬਣੇ
ਇਸ ਨਾਲ ਕੀ ਫਰਕ ਪੈਂਦਾ ਹੈ
ਕੋਈ ਫਰਕ ਨਹੀਂ ਪੈਂਦਾ,
ਲੇਬਲ ਬਦਲਣ ਨਾਲ
ਜਹਿਰ ਦਾ ਅਸਰ ਤਾਂ ਉਹੀ ਰਹਿੰਦਾ ਹੈ।

-ਜੈ ਕਿਰਨ

• • •

ਤੁਸੀਂ ਪਿਆਰ ਕਰਦੇ ਹੋ ਦੇਸ਼ ਨੂੰ
ਜਿਗਰੀ ਦੋਸਤ ਦੀ ਤਰਾਂ
ਕਿਸੇ ਦਿਨ, ਉਹ, ਉਸ ਨੂੰ ਵੇਚ ਦਿੰਦੇ ਹਨ
ਸ਼ਾਇਦ ਅਮਰੀਕਾ ਨੂੰ
ਨਾਲ ਹੀ ਤੁਹਾਨੂੰ ਵੀ,
ਸਾਡੀ ਮਹਾਨ ਆਜਾਦੀ ਸਮੇਤ।

-ਨਾਜਿਮ ਹਿਕਮਤ

• • •

ਇੱਕ ਭਾਰੀ ਸਾਜਿਸ਼ ਦੇ ਤਹਿਤ
ਸਾਡੀ ਇੱਕ ਬਸਤੀ ਨੂੰ
ਜਹਿਰ ਦੇਕੇ
ਮਾਰਨ ਦੀ ਕੋਸ਼ਿਸ਼ ਕੀਤੀ ਗਈ
'ਤੇ ਅਸੀਂ ਵੇਖਦੇ ਰਹੇ
ਬੇਵੱਸ, ਉਸ ਨੂੰ ਛਟਪਟਾਉਂਦੇ ਹੋਏ!
ਛੜਯੰਤਰਕਾਰੀਆਂ ਨੂੰ ਮਾਲੂਮ ਹੈ
ਕਿ ਆਦਮੀ ਨੂੰ ਮਾਰਨ ਤੋਂ
ਜਿਆਦਾ ਆਸਾਨ ਹੈ
ਬਸਤੀ ਨੂੰ ਮਾਰ ਦੇਣਾ!
ਕਿਉਂਕਿ ਬਸਤੀ ਵਿਰੋਧ ਨਹੀਂ
ਕਰ ਸਕਦੀ
ਅਤੇ ਇਹ ਵੀ ਕਿ
ਆਦਮੀ ਨੂੰ ਮਾਰਨ ਨਾਲ
ਸਿਰਫ ਇੱਕ ਪੀੜੀ ਮਰਦੀ ਹੈ
ਬਸਤੀ ਨੂੰ ਮਾਰਨ ਨਾਲ
ਹਵਾ, ਪਾਣੀ, ਧਰਤੀ ਅਤੇ
ਆਦਮੀ ਦੀ
ਪੀੜੀ-ਦਰ-ਪੀੜੀ ਮਰ ਜਾਂਦੀ ਹੈ।

- ਰਾਣਾ ਪ੍ਰਤਾਪ ਸਿੰਘ

• • •

ਕੋਈ ਨਹੀਂ ਪੁੱਛੇਗਾ
ਕਦ ਨੰਨੇ ਹੱਥਾਂ ਨੇ ਚਿਕਨੇ ਪੱਥਰਾਂ ਨਾਲ,
ਤਲਾਬ ਖੂਬਸੂਰਤ ਲਹਿਰਾਂ ਉਠਾਈਆਂ!
ਪੁੱਛਣਗੇ ਜੰਗ ਦੀ ਤਿਆਰੀ ਕਦ ਸ਼ੁਰੂ ਹੋਈ?
ਕੋਈ ਨਹੀਂ ਪੁੱਛੇਗਾ,
ਕਦ ਹੁਸਨ ਕਮਰੇ 'ਚ ਦਾਖਲ ਹੋਇਆ!
ਪੁਛਣਗੇ ਲੋਕਾਂ ਦੇ ਖਿਲਾਫ
ਸਾਜਿਸ਼ਾਂ ਕਦੋਂ ਰਚੀਆਂ ਗਈਆਂ?
ਕੋਈ ਨਹੀਂ ਪੁੱਛੇਗਾ,
ਅਖਰੋਟ ਦਾ ਦਰਖਤ ਕਦ ਝੂਮ ਉਠਿਆ,
ਪੁਛਣਗੇ ਸਰਕਾਰ ਨੇ ਕਦ ਮਜ਼ਦੂਰਾਂ ਨੂੰ
ਕੁਚਲ ਕੇ ਰੱਖ ਦਿੱਤਾ?
ਨਹੀਂ ਕਹਿਣਗੇ, ਕਿ ਵਕਤ ਬੁਰਾ ਸੀ!
ਪੁਛਣਗੇ ਕਿ ਤੁਹਾਡੇ ਫਨਕਾਰ ਕਿਉਂ ਖਾਮੋਸ਼ ਸਨ?

- ਬ੍ਰਤੋਲਤ ਬ੍ਰੈਖਤ

## ਘਰ ਤੋਂ ਮਹਿਲ ਵੱਲ

ਮਹਿਲ ਤਾਂ ਮਹਿਲ ਹੁੰਦੇ ਨੇ
ਮਹਿਰਾਬਾਂ ਉਚੀਆਂ ਦਰਵਾਜ਼ੇ ਬੰਦ ਹੁੰਦੇ ਨੇ

ਰਾਜਾ ਪਰਜਾ ਦੇ ਦਰ ਜਦ ਆਏ ਮਰਜੀ
ਪਰਜਾ ਲਈ ਮਹਿਲ ਸਦਾ ਬੰਦ ਹੁੰਦੇ ਨੇ

ਕਿਸੇ ਦੇ ਦੁੱਖਾਂ ਦਾ ਹੱਲ ਤਾਂ ਕੀ ਕੱਢਣਾ
ਦੁੱਖ ਸੁਣਨ ਤੇ ਜਦੋਂ ਪ੍ਰਤੀਬੰਦ ਹੁੰਦੇ ਨੇ

ਦੀਵਾਰਾਂ ਕੋਲ ਵੀ ਨਾ ਢੁਕ ਜਾਏ ਕੋਈ
ਡਾਢੀਆਂ ਦੀਵਾਰਾਂ ਦੇ ਵੀ ਕੰਨ ਹੁੰਦੇ ਨੇ

ਕਸਮਾਂ ਵਾਅਦੇ ਨਾ ਧਰਮ ਰਾਜਿਆਂ ਦੇ
ਇਹ ਤਾਂ ਰਾਜਗੱਦੀ ਦੇ ਪਾਬੰਦ ਹੁੰਦੇ ਨੇ

ਭੋਲ਼ੇ ਗਲ਼ਾਂ ਦੀ ਰਾਖੀ ਕਰੂ ਕੌਣ ਰੱਸਿਆਂ ਤੋਂ
ਸ਼ਾਹੀ ਮਹਿਲਾਂ 'ਚ ਉਡਦੇ ਰੰਗ ਹੁੰਦੇ ਨੇ

ਅੱਜ ਖਤਰਾ ਉਹਨਾਂ ਮਰਜੀਵੜਿਆਂ ਤੋਂ
ਵੋਟਾਂ ਵੇਲ਼ੇ ਹੱਥ ਜੁੜੇ ਨੈਣ ਬੰਦ ਹੁੰਦੇ ਨੇ

ਇਹ ਮਰਜੀਵੜੇ ਨਹੀਂ ਭੁਲੇਖਾ ਗਲਤ ਰਾਜਾ
ਇਹ ਤਾਂ ਜੀਂਵਦੇ ਐਟਮ ਬੰਬ ਹੁੰਦੇ ਨੇ

ਮਹਿਲ ਖੜਨ ਭਾਵੇਂ ਮਿੱਟੀ ਮਾਂ ਉੱਤੇ
ਕਿਸਾਨ ਮਾਂ-ਮਿੱਟੀ ਦੇ ਫ਼ਰਜ਼ੰਦ ਹੁੰਦੇ ਨੇ।

-ਡਾ. ਅਵਤਾਰ

## ਗੌਰੀ ਲੰਕੇਸ਼ ਜ਼ਿੰਦਾ ਹੈ

ਤੂੰ ਸ਼ਬਦਾਂ ਦੀ ਜਨਣੀ ਮਾਂ
ਤੂੰ ਧੁੱਪ ਦੇ ਵਿੱਚ ਠੰਡੜੀ ਛਾਂ
ਤੇਨੂੰ ਦਈਏ ਕਿਹੜਾ ਨਾਂ
ਧਰਤੀ ਮਾਂ ਦੀ ਵੀ ਤੂੰ ਮਾਂ

ਉਡਣੇ ਸੱਪ ਢੰਗ ਮਾਰਨ ਪੈਣ
ਮਾਏ ! ਨੀ ਤੈਨੂੰ ਕੁੱਤੀ ਕਹਿਣ
ਹਰਫ਼ਾਂ ਦਾ ਇਹ ਸੇਕ ਨਾ ਸਹਿਣ
ਬੜੇ ਬਹਾਦਰ ਡਰਦੇ ਰਹਿਣ

ਮਰਕੇ ਵੀ ਹੈ ਗੌਰੀ ਹੱਸਦੀ
ਗੌਰੀ ਜੀਣ ਦਾ ਰਾਹ ਹੈ ਦੱਸਦੀ
ਗੌਰੀ ਕਲਮ ਦਾ ਤੀਰ ਹੈ ਕਸਦੀ
ਗੌਰੀ ਸਾਡੇ ਦਿਲਾਂ ਚ ਵਸਦੀ

ਜੇ ਚੁੱਪ ਰਹਿਦੀ ਤਾਂ ਮਰ ਜਾਂਦੀ
ਬਿਨਾਂ ਗੋਲੀ ਦੇ ਹੀ ਠਰ ਜਾਂਦੀ
ਹੁਣ ਹੈ ਜਿਉਂਦੀ ਰਾਹ ਰਸ਼ਨਾਂਦੀ
ਸੱਚ ਦਾ ਪਰਚਮ ਹੈ ਲਹਿਰਾਂਦੀ

ਜ਼ਿੰਦ ਨਿਹੱਥੀ ਕਰਦੇ ਫਾਇਰ
ਮਾਰ ਗੋਲੀਆਂ ਭੱਜੇ ਕਾਇਰ
ਇਹਨਾਂ ਦੇ ਵਿੱਚ ਵਸਦਾ ਡਾਇਰ
ਹਿਟਲਰ ਘੁੰਮਦੇ ਸ਼ਹਿਰ ਸ਼ਹਿਰ

ਖੂਨ ਦਬੋਲਕਰ ਦਾ ਪਿਆ ਆਖੇ
ਕਦੇ ਨਾ ਮਰਦੇ ਸੱਚ ਦੇ ਰਾਖੇ
ਕੁਲਬੁਰਗੀ ਵੀ ਜਿਉਂਦਾ ਜਾਪੇ
ਸੋਧਣਗੇ ਉਠ ਲੋਕੀਂ ਆਪੇ

ਫਿਰਕੂ ਟੋਲੇ ਨੇ ਸੰਗ ਲਾਹੀ
ਕਹਿੰਦੇ ਕਿਹੜਾ ਮਰ ਗਈ ਗਾਈ !
ਗੌਰੀ ਮਰੀ ਕਿਉਂ ਆਫ਼ਤ ਆਈ !
ਨਹੀਂ ਝੁਕੀ ਤਾਂ ਮਾਰ ਮੁਕਾਈ

ਗੌਰੀ ਧਰਤੀ-ਅੰਬਰ ਜਾਈ
ਗੌਰੀ ਲੋਕਾਂ ਵਿੱਚ ਸਮਾਈ
ਲੋਕਾਂ ਕਲਮ, ਬੰਦੂਕ ਉਠਾਈ
ਗੌਰੀ ਦਾ ਯੁੱਗ ਲਿਆਉਣਾ ਭਾਈ

ਜਰਿਆ ਧਰਤੀ ਸਿਤਮ ਬਥੇਰਾ
ਹੂੰਝ ਦਿਆਂਗੇ ਕੂੜ-ਹਨੇਰਾ
ਰੋਕੂ ਕਿਹੜਾ ਸੁਰਖ਼- ਸਵੇਰਾ
ਗੌਰੀ ਲਹੂ ਬੋਲਦਾ ਤੇਰਾ

ਫਾਸ਼ੀ ਦੌਰ ਕੁੰਡੇ ਖੜਕਾਏ
ਜੇ ਨਾ ਵਿਚ ਮੈਦਾਨੇ ਆਏ
ਕੀ ਬਣਦੈ ਪਿਛੋਂ ਪਛਤਾਏ
ਜਿੱਤਾਂਗੇ ਰਲ ਹੱਥ ਮਿਲਾਏ।

- ਅਮੋਲਕ ਸਿੰਘ

## ਘੱਟਾ

ਮੇਰੇ ਪਿੰਡ ਦੇ ਕੁਝ ਬੰਦੇ ਆਖਦੇ ਨੇ
ਆਉ ਚੱਲੀਏ ਤੇ ਸਰਕਾਰ ਨੂੰ ਦੱਸੀਏ
ਕਿ ਇੱਥੇ ਘੱਟਾ ਬਹੁਤ ਏ....
ਮੇਰੇ ਲੰਘਦਿਆਂ
ਇੱਕ ਜ਼ਨਾਨੀ ਦੂਸਰੀ ਨੂੰ ਕਹਿ ਰਹੀ ਸੀ
"ਤੇਰਾ ਝਾਟਾ ਖੋਲ ਕੇ ਵਿੱਚ ਘੱਟਾ ਨਾ ਪਾਇਆ ਨਾ...ਤੇ ਆਖੀਂ"
ਇਸ ਘੱਟੇ ਤੋਂ ਕਿਸਾਨਾਂ ਦਾ ਦਿਲ ਘੱਟਦੈ
ਤੇ ਪਿੰਡ ਵਾਲੇ ਇਹ ਨਹੀਂ ਆਖਦੇ
ਕਿ ਬੱਸ ਆਵੇ ਤਾਂ ਦੱਸੀ
ਬਲਕਿ ...ਆਖਦੇ ਹਨ
"ਘੱਟਾ ਉੱਡੇ ਤਾਂ ਦੱਸੀਂ"
ਔਰਤਾਂ ਮੂੰਹ 'ਤੇ ਚੁੰਨੀ ਲਪੇਟ ਕਿ ਆਖਦੀਆਂ ਹਨ...
"ਔਤਰਾ..ਖਸਮਾ ਖਾਣਾ....ਦਫ਼ਾ ਹੋਣਾ...ਬੀਮਾਰੀ ਆਲਾ ਘੱਟਾ!"
ਇਸ ਘੱਟੇ ਨਾਲ ਈ ਲਫ਼ਜ਼
ਲਿੱਬੜ ਕੇ ਤਖ਼ਤ ਤੱਕ ਅੱਪੜਦੇ ਹਨ
ਤੇ ਅਗਾਂਹ ਧੀਆਂ-ਭੈਣਾਂ ਤੱਕ
ਘੱਟੇ ਤੋਂ ਲੋਕ ਇੰਝ ਮੂੰਹ ਢੱਕਦੇ ਨੇ
ਜਿਵੇਂ ਕੁਕਰਮ ਹੁੰਦਾ ਵੇਖ ਲਿਆ ਹੋਵੇ
ਮੰਤਰੀ ਦੀ ਕਾਰ ਜਦੋਂ ਘੱਟਾ ਉਡਾਉਂਦੀ ਏ
ਵਿੱਚ ਬੈਠਾ ਮੰਤਰੀ ਕਹਿੰਦੈ..
"ਇੱਥੋਂ ਦੇ ਲੋਕ ਕਿੰਨੇ ਲਾਪਰਵਾਹ ਨੇ!"
ਤੇ ਸਟੇਜ 'ਤੇ ਚੜ੍ਹ ਕੇ ਆਖਦੈ..
"ਦੋਸਤੋ! ਇਸ ਪਿੰਡ ਦੀਆਂ ਸੜਕਾਂ ਤੋਂ ਘੱਟਾ ਇੰਝ ਉੱਡਦੈ..ਜਿਵੇਂ ਕਿਸੇ ਕੁੜੀ-ਮੁੰਡੇ ਦੀ ਗੱਲ ਉੱਡਦੀ ਏ"
ਸਾਰੇ ਹੱਸ ਪੈਂਦੇ ਹਨ...
ਤੇ ਇਸੇ ਈ ਘੱਟੇ ਨੇ ਕਿੰਨੀ ਵਾਰ ਵੋਟਾਂ ਮੰਗੀਆਂ ਹਨ....
ਤੇ ਇਹੀ ਘੱਟਾ ਹਰ ਵਾਰ ਵੋਟਾਂ 'ਤੇ ਵੀ ਪੈਂਦਾ ਰਿਹੈ...
ਤੇ ਇਹਦੇ ਨਾਲ ਈ ਵੋਟ ਪ੍ਰਣਾਲੀ ਲਿੱਬੜ ਗਈ
ਪਿੰਡ ਦੇ ਨਿੱਛਾਂ ਮਾਰਦੇ ਲੋਕਾਂ ਨੂੰ
ਡਾਕਟਰ ਨੇ ਘੱਟੇ ਤੋਂ ਵਰਜ਼ ਦਿੱਤਾ ਹੈ
ਉਹ ਆਖਦੈ ਕਿ
"ਇਹਦੇ ਨਾਲ ਸਾਹ ਪ੍ਰਣਾਲੀ ਵਿਗੜਦੀ ਏ"
ਇਹ ਘੱਟਾ ਮਾਸੂਮ ਤੇ ਭੋਲੇ-ਭਾਲੇ
ਅੱਖਰਾਂ 'ਤੇ ਵੀ ਪੈਂਦੈ ਤੇ ਜੰਮ ਜਾਂਦੈ
ਬਣਦਾ-ਬਣਦਾ ਕ੍ਰੋਧ ਬਣ ਜਾਂਦੈ
ਪਰ ਅੱਖਰਾਂ ਤੋਂ ਘੱਟਾ ਝਾੜਨ ਤੋਂ ਪਹਿਲਾਂ
ਕੋਈ ਨਾ ਕੋਈ ਘਟਨਾ ਘਟ ਜਾਂਦੀ ਏ।

-ਬਲਵਿੰਦਰ ਢਾਬਾਂ

## ਕਵਿਤਾ

ਬੇਟੀ ਬਚਾਓ ਬੇਟੀ ਪੜਾਓ ਦਾ ਨਾਅਰਾ
ਡਾਂਗਾਂ ਦੇ ਵਰਦੇ ਮੀਹ ਅੱਗੇ
ਖੜ ਕੇ ਮੀਸਣਾ ਜਿਹਾ ਹੱਸਦਾ ਹੈ
ਤੇ ਕਹਿੰਦਾ ਹੈ ਜੇ ਹਿੰਮਤ ਹੈ ਤਾਂ
ਬੇਟੀ ਪੜ੍ਹਾ ਕੇ ਅਤੇ ਬਚਾਅ ਕੇ ਦੇਖ ਲਓ

7 ਰੇਸ ਕੋਰਸ ਰੋਡ ਦੀਆਂ ਅੱਖਾਂ
ਮਗਰਮੱਛੀ ਹੰਝੂ ਨਾਲ ਲਬਰੇਜ਼ ਨੇ
ਜੋ ਆਏ ਦਿਨ ਇੱਜਤਾਂ ਤੇ ਪੈਂਦੇ ਹੱਥ
ਦੇਖ ਕੇ ਮਨ ਕੀ ਬਾਤ 'ਚ ਹੀ
ਡੁੱਸਕਦੀਆਂ ਨੇ

ਮਹਾਰਾਜੇ ਦੇ ਘਰ ਅੱਗੇ
ਓਹਨੂੰ ਓਹਦੇ ਵਾਹਦੇ
ਚੇਤੇ ਕਰਵਾਉਣ ਜਾਣ ਤੋਂ ਪਹਿਲੋਂ
ਪੁਲਿਸ ਘਰ ਘਰ ਨੌਕਰੀਆਂ ਵੰਡਣ
ਖੁਦ ਪਹੁੰਚ ਜਾਂਦੀ ਹੈ

ਦਹਾਕਿਆਂ ਤੋਂ ਸਿਵਿਆਂ ਚ
ਰੋਜ ਬਲਦੀ ਪੰਜਾਬ ਦੀ ਜਵਾਨੀ
ਦਾ ਸੰਤਾਪ ਜਦ ਰੁੱਕਣ ਦਾ ਨਾਮ
ਨਹੀਂ ਲੈਂਦਾ ਤਾਂ
ਨੰਨੀ ਛਾਂ ਨੂੰ ਵੀ ਅੱਖਾਂ ਦਾ ਮੋਤੀਆ
ਠੀਕ ਹੋ ਜਾਣ ਤੇ
ਪੰਜਾਬ 'ਚ ਸ਼ਰੇਆਮ
ਵਿਕਦਾ ਚਿੱਟਾ ਦਿਖਾਈ ਦੇਣ
ਲੱਗ ਗਿਆ ਹੈ

- ਗੁਰਪ੍ਰੀਤ ਸਿੰਘ ਸਰੌਦ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੁਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

*ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ*

# ਸ਼ਹੀਦ ਭਗਤ ਸਿੰਘ ਇੱਕ ਚਿੰਤਨਸ਼ੀਲ ਵਿਚਾਰਵਾਨ



ਰਣਦੀਪ ਸੰਗਤਪੁਰਾ
98556-95905
rvs0001@gmail.com

ਭਗਤ ਸਿੰਘ ਨੇ ਲਗਭਗ ਦੋ ਸਾਲ ਜੇਲ੍ਹ 'ਚ ਬਿਤਾਏ। 1927 'ਚ ਹੋਈ ਪਹਿਲੀ ਗ੍ਰਿਫ਼ਤਾਰੀ ਸਮੇਂ ਉਹ 20 ਵਰ੍ਹਿਆਂ ਦਾ ਮੁੱਛਫੁੱਟ ਗਭਰੂ ਸੀ। ਜੇਲ੍ਹਵਾਸ ਤੋਂ ਪਹਿਲਾਂ ਉਹ ਕੁਝ ਰੁਮਾਂਚਿਕ ਇਨਕਲਾਬੀ ਕਾਰਵਾਈਆਂ 'ਚ ਸ਼ਾਮਲ ਰਹੇ। ਇਨ੍ਹਾਂ ਇਨਕਲਾਬੀ ਕਾਰਵਾਈਆਂ ਦਾ ਆਪਣਾ ਮਹੱਤਵ ਹੋਣ ਦੇ ਬਾਵਜੂਦ ਉਸ ਸਮੇਂ ਤੱਕ ਭਗਤ ਸਿੰਘ ਦੀ ਸ਼ਖ਼ਸ਼ੀਅਤ ਇਕ ਪ੍ਰੱਪਕ ਕਮਿਊਨਿਸਟ ਇਨਕਲਾਬੀ ਦੇ ਤੌਰ ਤੇ ਨਹੀਂ ਸੀ ਉੱਭਰੀ। ਪਰੰਤੂ ਜੇਲ੍ਹਵਾਸ ਦੌਰਾਨ ਕੀਤੇ ਡੂੰਘੇ ਚਿੰਤਨ-ਮਨਨ ਨੇ ਉਨ੍ਹਾਂ ਨੂੰ ਲਹਿਰ ਦੇ ਬਾਕੀ ਇਨਕਲਾਬੀ ਨੌਜਵਾਨਾਂ 'ਚੋਂ ਸਿਰਕੱਢ ਵਿਚਾਰਵਾਨ ਬਣਾ ਦਿੱਤਾ। ਗੁਪਤਵਾਸ, ਗ੍ਰਿਫਤਾਰੀਆਂ ਤੇ ਜੇਲ੍ਹ ਜੀਵਨ ਦੀਆਂ ਮੁਸ਼ਕਲਾਂ ਤੇ ਸੀਮਿਤ ਪੜ੍ਹਨ-ਲਿਖਣ ਦੇ ਵਸੀਲਿਆਂ ਦੇ ਬਾਵਜੂਦ ਭਗਤ ਸਿੰਘ ਆਪਣੀ ਤਿੱਖੀ ਸੂਝ-ਬੂਝ ਕਾਰਨ ਕੌਮੀ ਤੇ ਕੌਮਾਂਤਰੀ ਲਹਿਰਾਂ ਦੇ ਅਹਿਮ ਵਰਤਾਰਿਆਂ ਨੂੰ ਪਕੜਨ, ਸਮਝਣ, ਵਿਚਾਰਧਾਰਕ ਸਪੱਸ਼ਟਤਾ ਰੱਖਣ ਅਤੇ ਸਹੀ ਨਿਰਣੇ 'ਤੇ ਪਹੁੰਚਣ ਦੀ ਮਿਸਾਲੀ ਸਮਰੱਥਾ ਤੇ ਮੁਹਾਰਤਾ ਰੱਖਦੇ ਸਨ।

ਭਗਤ ਸਿੰਘ ਉਪਰ ਅੱਠ-ਨੌਂ ਸਾਲ ਦੀ ਉਮਰ 'ਚ ਹੀ ਗ਼ਦਰ ਲਹਿਰ ਦਾ ਪ੍ਰਭਾਵ ਪੈਣਾ ਸ਼ੁਰੂ ਹੋ ਜਾਂਦਾ ਹੈ। ਦੇਸ਼ ਭਗਤ ਪਰਿਵਾਰਕ ਪਿਛੋਕੜ 'ਚੋਂ ਮਿਲੀ ਦੇਸ਼ ਭਗਤੀ ਦੀ ਸਿੱਖਿਆ ਕਾਰਨ ਦਸ-ਗਿਆਰਾਂ ਸਾਲ ਦੀ ਉਮਰ 'ਚ ਹੀ ਉਹ ਜਨਤਕ ਲਹਿਰਾਂ ਦਾ ਅਨੁਭਵ ਹਾਸਲ ਕਰਦੇ ਰਹੇ। 12 ਸਾਲਾ ਭਗਤ ਸਿੰਘ ਦੇ ਮਨ 'ਚ 1919 'ਚ ਜਲਿਆਂਵਾਲੇ ਬਾਗ ਦੇ ਨਿਰਦੋਸ਼ ਲੋਕਾਂ ਦੇ ਅੱਖੀਂ ਡਿੱਠੇ ਕਤਲੇਆਮ ਤੋਂ ਬਸਤੀਵਾਦੀ ਹਾਕਮਾਂ ਦੇ ਅਣਮਨੁੱਖੀ ਜਬਰ ਖਿਲਾਫ ਰੋਹ ਦੀ ਚਿਣਗ ਸੁਲਗ ਉਠਦੀ ਹੈ, ਤੇ ਵਿਦਰੋਹ ਦੀ ਇਸ ਭਾਵਨਾ ਦਾ ਹੋਣਾ ਇਕ ਉੱਤਮ ਮਾਨਵੀ/ਨੈਤਿਕ ਗੁਣ ਹੁੰਦਾ ਹੈ। ਇਸ ਸਮੇਂ ਭਗਤ ਸਿੰਘ ਨੇ ਨਿਰਦੋਸ਼ ਲੋਕਾਂ ਦੇ ਹੱਕ 'ਚ ਤੇ ਅੰਗਰੇਜੀ ਸਰਕਾਰ ਦੇ ਵਿਰੁੱਧ ਤਕਰੀਰ ਕੀਤੀ। 1921 'ਚ ਭਗਤ ਸਿੰਘ ਦਸਵੀਂ ਦੀ ਪੜ੍ਹਾਈ ਛੱਡ ਨਾ ਮਿਲਵਰਤਨ ਅੰਦੋਲਨ 'ਚ ਸ਼ਾਮਲ ਹੋ ਜਾਂਦਾ ਹੈ। 1922 'ਚ ਨੈਸ਼ਨਲ ਕਾਲਜ ਲਾਹੌਰ 'ਚ ਦਾਖਲ ਹੋ ਕੇ ਇਨਕਲਾਬੀ ਵਿਚਾਰਾਂ ਤੇ ਇਨਕਲਬਾਬੀ ਨੌਜਵਾਨਾਂ ਨਾਲ ਸਰਗਰਮ ਤਾਲਮੇਲ 'ਚ ਆ ਜਾਂਦਾ ਹੈ। 1923-24 ਦੇ ਅਰਸੇ 'ਚ ਭਗਤ ਸਿੰਘ 'ਪ੍ਰਤਾਪ' ਅਖਬਾਰ 'ਚ ਕੰਮ ਕਰਨ, ਜੈਤੋ ਦੇ ਮੋਰਚੇ ਦੇ ਜੱਥੇ ਦਾ ਸਾਥ ਦੇਣ, ਕਾਨਪੁਰ ਹੜ੍ਹ ਪੀੜਤਾਂ ਦੀ ਮੱਦਦ ਕਰਨ ਤੇ ਲਹਿਰਾਂ ਬਾਰੇ ਜਾਣਨ-ਸਮਝਣ 'ਚ ਲੱਗੇ ਰਹੇ। ਭਗਤ ਸਿੰਘ ਨੇ 1924 'ਚ ਜਦੋਂ ਉਨ੍ਹਾਂ ਦੀ ਉਮਰ 17 ਵਰ੍ਹਿਆਂ ਦੀ ਸੀ, ਲਿਖਣਾ ਸ਼ੁਰੂ ਕੀਤਾ ਸੀ। 1925 'ਚ ਹੋਏ ਕਾਕੋਰੀ ਕਾਂਡ ਤੋਂ ਬਾਅਦ ਭਗਤ ਸਿੰਘ ਨੇ ਅਧਿਐਨ ਨਾਲ ਆਪਣਾ ਗੂੜਾ ਰਿਸ਼ਤਾ ਬਣਾ ਲਿਆ। ਇਸਤੋਂ ਬਾਅਦ ਲਗਾਤਾਰ ਅਧਿਐਨ, ਅਨੁਵਾਦ ਕਰਨ ਤੇ 'ਕਿਰਤੀ' ਤੇ 'ਚਾਂਦ ਫਾਂਸੀ ਅੰਕ' ਦਾ ਸੰਪਾਦਨ ਕਰਨ, ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟ ਯੂਨੀਅਨ ਬਣਾਉਣ ਆਦਿ ਮਹੱਤਵਪੂਰਨ ਕੰਮਾਂ ਵਿਚ ਲੱਗੇ ਰਹੇ। 1928 'ਚ ਸਾਈਮਨ ਕਮੀਸ਼ਨ ਦੇ ਵਿਰੋਧ ਦੌਰਾਨ ਲਾਲਾ ਲਾਜਪਤ ਰਾਏ ਦੀ ਹੋਈ ਮੌਤ ਦਾ ਬਦਲਾ ਲੈਣ ਅਤੇ ਆਪਣੇ ਸੰਗਠਨ ਦਾ ਉਦੇਸ਼ ਲੋਕਾਂ ਤੱਕ ਲਿਜਾਣ ਲਈ ਸਾਂਡਰਸ ਦਾ ਕਤਲ ਕੀਤਾ। 1929 'ਚ ਦੋ ਦਮਨਕਾਰੀ ਕਾਲੇ ਕਾਨੂੰਨਾਂ ਖਿਲਾਫ ਅਸੰਬਲੀ 'ਚ ਬੰਬ ਸੁੱਟਕੇ ਬਸਤੀਵਾਦੀ ਹਾਕਮਾਂ ਨੂੰ ਭੈਅਭੀਤ ਕਰ ਦਿੱਤਾ। 8 ਅਪ੍ਰੈਲ 1929 ਤੋਂ 23 ਮਾਰਚ 1931 ਤੱਕ ਭਗਤ ਸਿੰਘ ਨੇ ਜੇਲ੍ਹ 'ਚ ਰਹਿੰਦਿਆਂ ਭੁੱਖ ਹੜਤਾਲਾਂ, ਮੁਕੱਦਮੇ ਦੀ ਪੈਰਵਾਈ, ਚਿੰਤਨ ਤੇ ਲੇਖਣ ਦਾ ਅਮੁੱਲਾ ਕੰਮ ਕੀਤਾ। ਇਹ ਹੈ ਉਸਦੇ ਥੋੜੇ ਜਿਹੇ ਸਮੇਂ ਦੇ ਸਿਆਸੀ ਜੀਵਨ ਦੀਆਂ ਕੁਝ ਅਹਿਮ ਘਟਨਾਵਾਂ ਦਾ ਵੇਰਵਾ।

ਉਨ੍ਹਾਂ ਦੇ ਸਿਆਸੀ ਜੀਵਨ ਦੌਰਾਨ ਉਨ੍ਹਾਂ ਦੇ ਵਿਚਾਰਾਂ 'ਚ ਵਧੇਰੇ ਸ਼ਪੱਸਟਤਾ ਜੇਲ੍ਹਵਾਸ ਦੌਰਾਨ ਕੀਤੇ ਅਧਿਐਨ ਤੋਂ ਹੀ ਆਉਣੀ ਸ਼ੁਰੂ ਹੋਈ। ਜੇਲ੍ਹ ਦੀ ਬੇਹੱਦ ਮੁਸ਼ਕਲਾਂ ਭਰੀ ਜ਼ਿੰਦਗੀ ਜਦੋਂ ਉਨ੍ਹਾਂ ਨੂੰ ਸਾਥੀਆਂ ਸਮੇਤ ਲੰਮੀਆਂ ਭੁੱਖ-ਹੜਤਾਲਾਂ ਕਰਨੀਆਂ ਪੈਂਦੀਆਂ ਸਨ ਤੇ ਨਾਲ ਹੀ ਆਪਣੇ ਮੁਕੱਦਮੇ ਸਬੰਧੀ ਕਾਨੂੰਨੀ ਲੜਾਈ ਲੜਨੀ ਪੈਂਦੀ ਸੀ ਤਾਂ ਉਦੋਂ ਅਜਿਹੀਆਂ ਹਾਲਤਾਂ 'ਚ ਡੂੰਘਾ ਚਿੰਤਨ-ਮਨਨ ਤੇ ਲੇਖਣ ਦਾ ਕੰਮ ਕਰਨਾ ਉਸ ਸ਼ਹੀਦ ਨੂੰ ਅੱਜ ਸਾਡਾ ਰਾਹ ਦਰਸਾਵਾ ਤੇ ਪ੍ਰੇਰਨਾ ਸ੍ਰੋਤ ਹੋਣ ਦਾ ਮਾਣ ਦਿੰਦਾ ਹੈ। ਜੇਲ੍ਹ ਵਿਚ ਜੇਕਰ ਉਸਨੂੰ ਇਕ ਵੱਡੀ ਤੰਗੀ ਸੀ ਤਾਂ ਉਹ ਸੀ ਕਿਤਾਬਾਂ ਦੀ ਸਮੇਂ ਸਿਰ ਨਾ ਮਿਲਣ ਦੀ ਤੰਗੀ। ਪੱਗੜੀ ਸੰਭਾਲ ਜੱਟਾ ਲਹਿਰ, ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਨਾ ਮਿਲਵਰਤਨ ਅੰਦੋਲਨ, ਗ਼ਦਰ ਲਹਿਰ, ਬੰਗਾਲ, ਮਹਾਂਰਾਸ਼ਟਰ ਦੀਆਂ ਕੌਮੀ ਇਨਕਲਾਬੀ ਲਹਿਰਾਂ ਤੋਂ ਲੈ ਕੇ ਫਰਾਂਸ ਦੀ ਕ੍ਰਾਂਤੀ, ਆਇਰਲੈਂਡ ਤੇ ਇਟਲੀ ਦੇ ਮੁਕਤੀ ਸੰਘਰਸ਼ ਅਤੇ ਰੂਸ ਦੇ ਇਨਕਲਾਬ ਦੀਆਂ ਇਨਕਲਾਬੀ ਲਹਿਰਾਂ ਦਾ ਉਸਦੇ ਨੌਜਵਾਨ ਜਗਿਆਸੂ ਮਨ ਤੇ ਡੂੰਘਾ ਪ੍ਰਭਾਵ ਸੀ। ਹਰ ਕੌਮੀ ਤੇ ਕੌਮਾਂਤਰੀ ਹਲਚਲ ਦਾ ਉਹ ਸਰਗਰਮੀ ਤੇ ਪਹਿਲਕਦਮੀ ਨਾਲ ਗੰਭੀਰ ਨੋਟਿਸ ਲੈਣ ਵਾਲਾ ਬੁੱਧੀਮਾਨ ਨੌਜਵਾਨ ਸੀ। 'ਨਾ ਮਿਲਵਰਤਨ ਅੰਦੋਲਨ' ਤੋਂ ਲੈ ਕੇ ਸਮਾਜਵਾਦੀ ਵਿਚਾਰਧਾਰਾ ਵਿਚ ਪ੍ਰਪੱਕਤਾ ਹਾਸਲ ਕਰਨ ਦੇ ਸਫਰ ਦੌਰਾਨ ਭਗਤ ਸਿੰਘ ਦਾ ਬਿੰਬ ਇਕ ਪ੍ਰਬੁੱਧ ਵਿਚਾਰਵਾਨ ਤੇ ਕੁਰਬਾਨੀ ਦੇ ਪੁੰਜ ਦੇ ਰੂਪ 'ਚ ਉਭਰਕੇ ਸਾਹਮਣੇ ਆਉਂਦਾ ਹੈ। ਉਸਦੀ ਇਨਕਲਾਬੀ ਜ਼ਿੰਦਗੀ ਦਾ ਇਹ ਸਫਰ ਸਮੇਂ ਪੱਖੋਂ ਛੋਟਾ ਪਰ ਆਪਣੇ ਉੱਚੇ ਅਰਥਾਂ-ਆਦਰਸ਼ਾਂ, ਮਹੱਤਤਾ ਤੇ ਉਦੇਸ਼ ਦੀ ਵਿਸ਼ਾਲਤਾ ਪੱਖੋਂ ਇਤਿਹਾਸ 'ਚ ਵੱਡੀ ਮਹੱਤਤਾ ਰੱਖਦਾ ਹੈ/ਰੱਖਦਾ ਰਹੇਗਾ। ਛੋਟੀ ਉਮਰੇ ਗੁਲਾਮ ਭਾਰਤੀ ਲੋਕਾਂ ਦੀ ਮੁਕਤੀ ਲਈ ਗਾਂਧੀਵਾਦੀ ਮਾਰਗ ਨੂੰ ਰੱਦ ਕਰਕੇ ਉਸਦੀ ਥਾਂ ਸਮਾਜਵਾਦ ਤੇ ਕਮਿਊਨਿਜ਼ਮ ਦੀ ਵਿਚਾਰਧਾਰਾ ਨੂੰ ਕੌਮੀ ਮੁਕਤੀ ਲਈ ਇਕੋ-ਇਕ ਸਹੀ ਮਾਰਗ ਸਮਝਣ ਤੇ ਉਸ ਤਹਿਤ ਭਾਰਤ 'ਚ ਇਨਕਲਾਬ ਕਰਨ ਦੀ ਤਿਆਰੀ 'ਚ ਜੁੱਟ ਜਾਣਾ, ਉਸਦੀ ਤੀਖਣ ਪ੍ਰਤਿਭਾ, ਸਮਰਥਾ, ਇਨਕਲਾਬੀ ਪ੍ਰਤੀਬੱਧਤਾ ਤੇ ਕੁਰਬਾਨੀ ਦੀ ਲਟ-ਲਟ ਬਲਦੀ ਭਾਵਨਾ ਦੇ ਦਰਸ਼ਨ ਕਰਵਾਉਂਦਾ ਹੈ।

ਅਧਿਐਨ ਨੇ ਭਗਤ ਸਿੰਘ ਨੂੰ ਰੁਮਾਂਚਿਕ ਇਨਕਲਾਬੀ ਤੋਂ ਇਨਕਲਾਬੀ ਅਤੇ ਇਕ ਆਦਰਸ਼ਵਾਦੀ ਤੋਂ ਯਥਾਰਥਵਾਦੀ ਬਣਾ ਦਿੱਤਾ। ਭਗਤ ਸਿੰਘ ਨੇ ਲੱਗਭਗ ਹਰ ਚਲੰਤ ਕੌਮੀ ਤੇ ਕੌਮਾਂਤਰੀ ਵਰਤਾਰੇ ਉੱਤੇ ਆਪਣਾ ਪ੍ਰਤੀਕਰਮ ਦਿੱਤਾ। ਉਸਨੇ ਧਰਮ, ਹੜਤਾਲਾਂ, ਰਾਜਨੀਤੀ ਆਦਿ ਵਰਗੇ ਅਨੇਕਾਂ ਸਮਾਜਿਕ ਤੇ ਰਾਜਨੀਤਿਕ ਮਸਲਿਆਂ ਦੇ ਨਾਲ-ਨਾਲ ਅਨਾਰਕਿਜ਼ਮ ਵਰਗੇ ਕੌਮਾਂਤਰੀ ਵਰਤਾਰਿਆਂ ਤੇ ਇਨਕਲਾਬੀ ਲਹਿਰਾਂ ਬਾਰੇ ਵੀ ਆਪਣੇ ਲੇਖਾਂ, ਪਰਚਿਆਂ ਤੇ ਭਾਸ਼ਣਾਂ 'ਚ ਵਿਚਾਰ ਪੇਸ਼ ਕੀਤੇ। ਭਗਤ ਸਿੰਘ ਦੀ ਸਿਆਸੀ ਸੂਝ-ਬੂਝ ਦਾ ਪ੍ਰਭਾਵ ਉਨ੍ਹਾਂ ਘਟਨਾਵਾਂ ਤੋਂ ਵੀ ਮਿਲਦਾ ਹੈ ਜਦੋਂ ਉਹ ਜੇਲ੍ਹਵਾਸ ਦੌਰਾਨ ਭੁੱਖ ਹੜਤਾਲ ਨੂੰ ਤੇ ਮੁਕਦਮੇ ਦੌਰਾਨ ਅਦਾਲਤ ਨੂੰ ਆਪਣੀ ਸਮਾਜਵਾਦੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਇਕ ਸਿਆਸੀ ਮੰਚ ਵਜੋਂ ਵਰਤਕੇ ਅੰਗਰੇਜ਼ ਹਾਕਮਾਂ ਨੂੰ, ਉਨ੍ਹਾਂ ਦੇ ਮਨਸੂਬਿਆਂ ਨੂੰ ਹਾਰੇ ਹੋਏ ਸਿੱਧ ਕਰਦਾ ਹੈ ਅਤੇ ਕੈਦਖਾਨੇ 'ਚ ਬੰਦ ਰਹਿਕੇ ਵੀ ਆਪਣੇ ਆਪ ਨੂੰ, ਆਪਣੀ ਵਿਚਾਰਧਾਰਾ ਨੂੰ, ਭਵਿੱਖ 'ਚ ਲੋਕਾਂ ਦੇ ਹੱਕੀ ਸੰਘਰਸ਼ਾਂ ਦੀ ਨਿਰੰਤਰਤਾ ਦੇ ਬਣੇ ਰਹਿਣ ਨੂੰ ਆਖਰੀ ਸਾਹ ਤੱਕ ਜਿੱਤ ਵਜੋਂ ਪੇਸ਼ ਕਰਦਾ ਰਿਹਾ।



ਭਗਤ ਸਿੰਘ ਨੇ ਹਿੰਦੋਸਤਾਨ ਰਿਪਬਲਿਕ ਪਾਰਟੀ ਨੂੰ ਹਿੰਦੋਸਤਾਨ ਸ਼ੋਸ਼ਲਿਸਟ ਰਿਪਬਲਿਕ ਪਾਰਟੀ ਬਣਾਉਣ 'ਚ ਮੋਹਰੀ ਭੂਮਿਕਾ ਅਦਾ ਕੀਤੀ। ਇਹੀ ਨਹੀਂ ਬਲਕਿ ਪਾਰਟੀ ਉਸਾਰੀ ਦੇ ਕਾਜ਼ ਨੂੰ ਸਮਾਜਵਾਦੀ ਵਿਚਾਰਧਾਰਾ ਅਨੁਸਾਰ ਅੱਗੇ ਵਧਾਉਂਦਿਆਂ ਇਸਦੇ ਉਦੇਸ਼ਾਂ ਦਾ ਸਪੱਸ਼ਟ ਭਵਿੱਖ ਨਕਸ਼ਾ ਪੇਸ਼ ਕੀਤਾ। ਅਜ਼ਾਦੀ ਸੰਗਰਾਮ 'ਚ ਕਾਂਗਰਸ ਅਤੇ ਐਚ.ਐਸ.ਆਰ.ਏ. ਦੇ ਉਦੇਸ਼ਾਂ 'ਚ ਸਪੱਸ਼ਟ ਨਿਖੇੜਾ ਕੀਤਾ। ਪਾਰਟੀ ਮੈਨੀਫੈਸਟੋ 'ਚ ਭਾਰਤ 'ਚ ਇਨਕਲਾਬ ਲਈ ਹਥਿਆਰਬੰਦ ਇਨਕਲਾਬ ਦੇ ਪੜਾਅ 'ਚੋਂ ਗੁਜਰਨ ਦੇ ਸੰਕਲਪ ਨੂੰ ਕਲਮਬੱਧ ਕੀਤਾ ਗਿਆ। ਕਿਰਤੀ ਲੋਕਾਂ ਦੀ ਮੱਦਦ ਨਾਲ ਰਾਜਸੱਤਾ ਨੂੰ ਮਜ਼ਦੂਰ ਜਮਾਤ ਦੀ ਇਨਕਲਾਬੀ ਪਾਰਟੀ ਦੇ ਹੱਥਾਂ 'ਚ ਦੇਣ ਦੀ ਗੱਲ ਕੀਤੀ। ਉਹ ਇਨਕਲਾਬੀ ਫਲਸਫੇ ਦੇ ਮਨੁੱਖਤਾਪੱਖੀ, ਇਕ ਨਿਯਮ, ਇਕ ਉਦੇਸ਼ ਤੇ ਇਕ ਸੱਚ ਹੋਣ ਦਾ ਵਿਚਾਰ ਲੋਕਾਂ ਤੱਕ ਲੈ ਕੇ ਗਏ। ਉਨ੍ਹਾਂ ਨੂੰ ਕਮਿਊਨਿਜ਼ਮ ਦੀ ਅਟੱਲ ਜਿੱਤ 'ਚ ਪੂਰਨ ਵਿਸ਼ਵਾਸ਼ ਸੀ। ਕੌਮੀ ਮੁਕਤੀ ਲਹਿਰ ਦੇ ਇਨਕਲਾਬੀ ਨੌਜਵਾਨਾਂ 'ਚੋਂ ਸਭ ਤੋਂ ਪਹਿਲਾਂ ਸਮਾਜਵਾਦੀ ਵਿਚਾਰਾਂ ਨੂੰ ਗ੍ਰਹਿਣ ਕਰਨ ਵਾਲਾ, ਸਭ ਤੋਂ ਪਹਿਲਾਂ ਇਨਕਲਾਬ ਦਾ ਨਾਅਰਾ ਦੇਣ ਵਾਲਾ ਤੇ ਇਨਕਲਾਬ ਦੇ ਨਾਅਰੇ ਨੂੰ ਭਾਰਤੀ ਲੋਕਾਂ ਦੀ ਵਿਸ਼ਾਲ ਵਸੋਂ ਤੱਕ ਲਿਜਾਣ ਵਾਲਾ ਚਿੰਤਨਸ਼ੀਲ ਨੌਜਵਾਨ ਸੀ। ਉਸਨੇ ਸਰਵਵਿਆਪੀ ਰੱਬ ਤੇ ਹੋਰ ਦੈਵੀ ਸ਼ਕਤੀਆਂ ਦੀ ਹੋਂਦ ਉੱਤੇ ਤਰਕਸ਼ੀਲ ਵਿਸ਼ਲੇਸ਼ਣ ਕਰਕੇ ਉਸ ਅੱਗੇ ਵੱਡਾ ਚੈਲੰਜ ਖੜਾ ਕੀਤਾ ਤੇ ਲੋਕਾਂ ਨੂੰ ਧਰਮ ਦੇ ਚੁੰਗਲ ਤੋਂ ਮੁਕਤ ਹੋਣ ਦੇ ਵਿਚਾਰ ਪ੍ਰਤੀ ਸਪੱਸ਼ਟਤਾ ਦੇਣ ਦੀ ਚੰਗੀ ਤੇ ਵੱਡੀ ਕੋਸ਼ਿਸ਼ ਕੀਤੀ। ਉਸਨੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਖਤਮ ਕਰਨ ਲਈ ਲੋਕਾਂ ਲਈ ਲੋਕਾਂ ਵੱਲੋਂ ਰਾਜਸੀ ਤਾਕਤ ਤੇ ਕਬਜਾ ਕਰਕੇ ਇਨਕਲਾਬ ਦੇ ਕਾਜ਼ ਨੂੰ ਨੇਪਰੇ ਚਾੜ੍ਹਨ ਬਾਰੇ ਦੇਸ਼ ਦੇ ਲੋਕਾਂ ਨੂੰ ਦੱਸਿਆ। ਉਸਨੇ ਦੇਸ਼ ਦੇ ਕਿਰਤੀ ਲੋਕਾਂ ਦੀ ਲੁੱਟ, ਜਬਰ ਤੇ ਦਾਬੇ ਤੋਂ ਮੁਕਤੀ ਲਈ ਇਨਕਲਾਬੀ ਪਾਰਟੀ ਦੀ ਅਗਵਾਈ 'ਚ ਬਸਤੀਵਾਦੀ ਸਾਮਰਾਜਵਾਦ ਖਿਲਾਫ ਜੱਦੋਜਹਿਦ ਕਰਨ ਲਈ ਕਿਹਾ। ਉਹਨਾ ਬਰਤਾਨਵੀਂ ਸਾਮਰਾਜਵਾਦੀਆਂ ਦੇ ਬਸਤੀਵਾਦੀ ਕਬਜਿਆਂ ਨੂੰ ਜਾਬਰ ਤੇ ਨਿਹੱਕੇ ਕਿਹਾ ਤੇ ਇਸਦੇ ਉਲਟ ਲੋਕਾਂ ਦੇ ਵਿਰੋਧ ਸੰਘਰਸ਼ਾਂ ਤੇ ਇਨਕਲਾਬ ਦੇ ਸੰਗਰਾਮ ਨੂੰ ਹੱਕੀ ਤੇ ਨਿਆਈਂ ਕਿਹਾ। ਸਦਾ ਉਦੇਸ਼ਾਂ 'ਤੇ ਪਹਿਰਾ ਦੇਣ ਵਾਲਾ ਇਨਕਲਾਬੀ ਨੌਜਵਾਨ ਭਗਤ ਸਿੰਘ ਇਕ ਅਜ਼ਾਦ ਅਲੋਚਨਾਤਮਿਕ ਵਿਚਾਰਵਾਨ ਸੀ। ਉਹ ਇਸ ਵਿਚਾਰ ਦਾ ਪੱਕਾ ਧਾਰਨੀ ਸੀ ਕਿ ਇਨਕਲਾਬ ਬੰਬਾਂ-ਪਿਸਤੌਲਾਂ ਨਾਲ ਨਹੀਂ ਆਉਂਦਾ ਬਲਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਤੇ ਤਿੱਖੀ ਹੁੰਦੀ ਹੈ। ਇਨਕਲਾਬੀ ਸਾਥੀਆਂ ਨਾਲ ਮਾਰਕਸਵਾਦੀ ਸਾਹਿਤ ਦਾ ਗੰਭੀਰ ਅਧਿਐਨ ਕਰਦਿਆਂ ਵਿਚਾਰ-ਵਟਾਂਦਰਾ ਤੇ ਬਹਿਸ ਕਰਨ ਦਾ ਭਗਤ ਸਿੰਘ ਦਾ ਆਪਣਾ ਇਕ ਹੁਨਰ ਸੀ ਜੋ ਸਾਥੀ ਇਨਕਲਾਬੀਆਂ ਨੂੰ ਮਾਰਕਸਵਾਦ ਦਾ ਅਧਿਐਨ ਲਈ ਪ੍ਰੇਰਿਤ ਕਰਨ ਵਾਲਾ ਹੁੰਦਾ ਸੀ।

ਜੇਲ੍ਹਵਾਸ ਦੌਰਾਨ ਭਗਤ ਸਿੰਘ ਦੁਆਰਾ 'ਆਤਮ ਕਥਾ', 'ਸਮਾਜਵਾਦ ਦਾ ਆਦਰਸ਼', 'ਭਾਰਤ ਵਿਚ ਇਨਕਲਾਬੀ ਸੰਘਰਸ਼', ਤੇ 'ਮੌਤ ਦੇ ਦਰਵਾਜੇ ਤੇ' ਚਾਰ ਪੁਸਤਕਾਂ ਦੀ ਵੀ ਰਚਨਾ ਕੀਤੀ ਗਈ ਜਿਨ੍ਹਾਂ ਇਤਿਹਾਸਕ ਦਸਤਾਵੇਜਾਂ ਦੇ ਖਰੜੇ ਅੱਜ ਤੱਕ ਉਪਲਬਦ ਨਹੀਂ ਹੋ ਸਕੇ। ਇਹ ਦਸਤਾਵੇਜ਼ ਭਗਤ ਸਿੰਘ ਦੇ ਚਿੰਤਕੀ ਪੱਖ ਨੂੰ ਉਨ੍ਹਾਂ ਦੁਆਰਾ ਇਨ੍ਹਾਂ ਪੁਸਤਕਾਂ ਦੀ ਤਿਆਰੀ ਲਈ ਲਏ ਗਏ ਨੋਟਿਸਾਂ ਵਾਲੀ 'ਜੇਲ੍ਹ ਡਾਇਰੀ' ਨਾਲੋਂ ਵੀ ਵੱਧ ਉਜਾਗਰ ਕਰਨ ਵਿਚ ਸਹਾਈ ਹੁੰਦੇ। ਇਸ ਤੋਂ ਇਲਾਵਾ ਭਗਤ ਸਿੰਘ ਵਾਈਲਡ, ਸਿੰਕਲੇਅਰ, ਗੋਰਕੀ, ਪ. ਕਰੋਪੋਤਿਕਨ, ਪੈਟਰਿਕ ਹੈਨਰੀ, ਟਾਮਸ ਪੇਨ, ਰੂਸੋ, ਫਿਕਸ, ਮਾਰਕਸ, ਏਂਗਲਜ਼ ਤੇ ਲੈਨਿਨ ਦੀਆਂ ਲਿਖਤਾਂ ਦਾ ਅਧਿਐਨ ਕਰਨ ਵਿੱਚ ਜਿਆਦਾ ਰੁਚਿਤ ਸੀ। ਆਖਰੀ ਵਰ੍ਹਿਆਂ ਦੌਰਾਨ ਭਗਤ ਸਿੰਘ, ਲੈਨਿਨ ਰਚਿਤ 'ਦੂਜੀ ਕੌਮਾਂਤਰੀ ਦਾ ਪਤਨ', 'ਖੱਬੇਪੱਖੀ ਕਮਿਊਨਿਜ਼ਮ ਇਕ ਬਚਕਾਨਾ ਰੋਗ', 'ਮਜ਼ਦੂਰ ਇਨਕਲਾਬ ਤੇ ਗਦਾਰ ਕਾਊਟਸਕੀ', 'ਰਾਜ ਤੇ ਇਨਕਲਾਬ', ਮਾਰਕਸ ਰਚਿਤ ' ਫਰਾਂਸ ਦੀ ਘਰੇਲੂ ਜੰਗ' ਏਂਗਲਜ਼ ਰਚਿਤ 'ਜਰਮਨੀ 'ਚ ਇਨਕਲਾਬ ਤੇ ਉਲਟ ਇਨਕਲਾਬ' ਆਦਿ ਮਹੱਤਵਪੂਰਨ ਮਾਰਕਸਵਾਦੀ ਕਿਰਤਾਂ ਦਾ ਅਧਿਐਨ ਕਰਦੇ ਰਹੇ।

ਤੱਥ ਦਸਦੇ ਹਨ ਕਿ ਮਾਰਕਸਵਾਦ ਤੇ ਹੋਰ ਇਨਕਲਾਬੀ ਸਾਹਿਤ ਦਾ ਅਜ਼ਾਦ ਤੌਰ ਤੇ ਅਧਿਐਨ ਕਰਨ ਵਾਲੇ ਭਗਤ ਸਿੰਘ ਅੰਤਲੇ ਸਮੇਂ ਭਾਰਤ 'ਚ ਇਨਕਲਾਬ ਦੇ ਪ੍ਰਸੰਗ 'ਚ ਇਸ ਮਹੱਤਵਪੂਰਨ ਸਿੱਟੇ ਤੇ ਪੁੱਜ ਚੁਕੇ ਸਨ ਕਿ ਸੰਸਾਰ ਇਨਕਲਾਬ ਤੋਂ ਬਿਨਾਂ ਕਿਸੇ ਦੇਸ਼ 'ਚ ਕਮਿਊਨਿਸਟ ਸੱਤਾ ਕੌਮਾਂਤਰੀ ਪੂੰਜੀਵਾਦੀ ਖਤਰਿਆਂ ਤੋਂ ਨਿਰਲੇਪ ਨਹੀਂ ਰਹਿ ਸਕਦੀ। ਉਹ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਨੂੰ ਸੰਸਾਰ ਕਮਿਊਨਿਸਟ ਨਜ਼ਰੀਏ ਤੋਂ ਵੇਖਦੇ ਸਨ। ਉਨ੍ਹਾਂ ਨੇ ਇਕ ਇਨਕਲਾਬੀ ਪਾਰਟੀ ਤੇ ਉਸ ਪਾਰਟੀ ਉਸਾਰੀ ਲਈ ਕੁੱਲਵਕਤੀ ਕਾਰਕੁੰਨਾਂ ਦੀ ਲੋੜ ਤੇ ਜੋਰ ਦਿੱਤਾ। ਉਹ ਕੁਲਵਕਤੀ ਕਾਰਕੁੰਨ ਜਿਨ੍ਹਾਂ ਦਾ ਜ਼ਿੰਦਗੀ 'ਚ ਇਨਕਲਾਬ ਤੋਂ ਬਿਨਾਂ ਹੋਰ ਕੋਈ ਦੂਜਾ ਉਦੇਸ਼ ਨਾ ਹੋਵੇ। ਉਹ ਪਾਰਟੀ ਦੇ ਉਦੇਸ਼ਾਂ ਦਾ ਵੱਡੀ ਪੱਧਰ ਤੇ ਲੋਕਾਂ ਤੱਕ ਪ੍ਰਚਾਰ ਕਰਨ, ਲੋਕਾਂ ਨੂੰ ਸਿਆਸੀ ਤੌਰ ਤੇ ਸਿੱਖਿਅਤ ਕਰਨ ਤੇ ਜੱਥੇਬੰਦ ਕਰਨ ਉਪਰ ਸਦਾ ਜੋਰ ਦਿੰਦੇ ਰਹੇ। ਭਗਤ ਸਿੰਘ ਸਰੀਰ ਨੂੰ ਨਾਸ਼ਵਾਨ ਮੰਨਦੇ ਹੋਏ ਵਿਚਾਰਾਂ ਤੇ ਭਾਵਨਾਵਾਂ ਦੀ ਅਮਰਤਾ 'ਚ ਵਿਸ਼ਵਾਸ਼ ਰੱਖਦੇ ਹੋਏ ਜਮਾਤੀ ਜੰਗ ਦੇ ਉਦੋਂ ਤੱਕ ਚਲਦੇ ਰਹਿਣ ਦੀ ਗੱਲ ਕਰਦੇ ਰਹੇ ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਖਤਮ ਨਹੀਂ ਹੋ ਜਾਂਦੀ। ਉਨ੍ਹਾਂ ਦੀ ਲੜਾਈ ਇਕ ਬਰਾਬਰਤਾ ਅਧਾਰਿਤ ਚੰਗੇ ਸਮਾਜ ਦੀ ਉਸਾਰੀ ਲਈ ਸੀ। ਅੱਜ ਉਨ੍ਹਾਂ ਦੀ ਸ਼ਹਾਦਤ ਨੂੰ ਲੰਮਾ ਅਰਸਾ ਬੀਤ ਜਾਣ ਬਾਅਦ ਵੀ ਉਨ੍ਹਾਂ ਦੇ ਵਿਚਾਰ, ਕੁਰਬਾਨੀ ਤੇ ਉਨ੍ਹਾਂ ਦੀ ਪ੍ਰੇਰਨਾ ਸ੍ਰੋਤ ਕਮਿਊਨਿਜ਼ਮ ਦੀ ਵਿਚਾਰਧਾਰਾ ਦੇਸ਼ ਦੇ ਕਿਰਤੀ ਲੋਕਾਂ ਲਈ ਮੁਕਤੀ ਹਾਸਲ ਕਰਨ ਦਾ ਇਕੋ-ਇਕ ਸਹੀ ਰਾਹ ਹੈ।

ਅੱਜ ਦੇਸ਼ ਦੇ ਕਿਰਤੀ ਲੋਕਾਂ ਤੇ ਖਾਸਕਰ ਨੌਜਵਾਨਾਂ ਨੂੰ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਦੇ ਹਕੀਕੀ ਸੰਗੀ ਬਣਨਾ ਚਾਹੀਦਾ ਹੈ। ਉਸਦੇ ਵਿਚਾਰਵਾਨ ਇਨਕਲਾਬੀ ਬਣਨ ਦੇ ਗੁਰ ਨੂੰ ਆਤਮਸ਼ਾਤ ਕਰਨ ਦੀ ਵੱਡੀ ਲੋੜ ਹੈ। ਦੇਸ਼ ਅਤੇ ਸੰਸਾਰ ਕਮਿਊਨਿਸਟ ਲਹਿਰ ਦੇ ਮਹੱਤਵਪੂਰਨ ਸਵਾਲਾਂ ਅਤੇ ਅੱਜ ਦੇ ਸਮਾਜ ਦੇ ਅਹਿਮ ਸਵਾਲਾਂ ਨੂੰ ਜਾਣਨ-ਸਮਝਣ ਤੇ ਹੱਲ ਕਰਨ ਦੇ ਮਿਹਨਤੀ, ਗੰਭੀਰ ਤੇ ਵਿਸ਼ਾਲ ਯਤਨ ਕਰਨ ਦੀ ਕੋਸ਼ਿਸ ਕਰਨੀ ਚਾਹੀਦੀ ਹੈ। ਉਸ ਇਨਕਲਾਬੀ ਨੌਜਵਾਨ ਸ਼ਹੀਦ ਪ੍ਰਤੀ ਸਾਡੇ ਮਨ ਵਿਚਲਾ ਆਦਰ-ਸਤਿਕਾਰ ਸਾਥੋਂ ਸੱਚੇ ਅਰਥਾਂ 'ਚ ਇਹੀ ਮੰਗ ਕਰਦਾ ਹੈ ਕਿ ਅਸੀਂ ਲੋਕਾਂ ਦੀ ਮੁਕਤੀ ਲਈ ਇਨਕਲਾਬ ਅਤੇ ਕਮਿਊਨਿਜ਼ਮ ਦੀ ਵਿਚਾਰਧਾਰਾ ਦੀ ਰਾਖੀ ਤੇ ਉਸਨੂੰ ਹੋਰ ਵੱਧ ਫੁਲਿਤ ਕਰਨ ਦੇ ਯਤਨ ਕਰੀਏ।

# ਮੁੰਡੇ ਬਾਬਿਆਂ ਦੀ ਮੇਹਰ ਸਦਕਾ ਨਹੀਂ, ਸਰੀਰਕ ਜਾਣਕਾਰੀ ਪ੍ਰਾਪਤ ਕਰਨ ਨਾਲ ਹਾਸਲ ਹੋ ਸਕਦੇ ਹਨ

# ਦੁਖਾਂ ਦੀ ਮਾਰੀ ਦੁਨੀਆਂ ਘਰ ਛੱਡਦੀ ਕੋਈ ਸਾਧ ਬਣਦਾ ਕੋਈ ਡਾਕੂ

ਸਾਧ ਅਤੇ ਡਾਕੂ, ਦੋਹਾਂ ਦੇ ਘਰ ਛੱਡਣ ਦਾ ਕਾਰਨ ਇੱਕ ਹੀ ਹੈ ਪਰ ਦਿਲ ਦੀ ਵੱਖਰੀ ਵੱਖਰੀ ਅਵਸਥਾ ਹੋਣ ਕਰਕੇ ਦੋਹਾਂ ਦੇ ਕੰਮਾਂ ਕਾਜ਼ਾਂ ਦੇ ਕਰਨ ਦਾ ਢੰਗ ਵੱਖਰਾ ਹੈ। ਇੱਕ ਬੁਜ਼ਦਿਲ ਹੈ ਇੱਕ ਦਲੇਰ ਹੈ। ਇੱਕ ਚਾਤਰ ਹੈ ਇੱਕ ਮੂਰਖ ਹੈ। ਹਰ ਯੁੱਗ ਹਰ ਸਮੇਂ ਇਹੀ ਹੁੰਦਾ ਰਿਹਾ ਹੈ ਕਿ ਮਨੁੱਖ ਆਪਣੀ ਕਮਜ਼ੋਰੀ ਕੁੱਛ ਸਮੇਂ ਤਕ ਦਬਾਉਂਦਾ ਰਿਹਾ ਤੇ ਫਿਰ ਲਾਚਾਰ ਹੋ ਕੇ ਆਪਣੇ ਆਪ ਨੂੰ, ਕਿਸੇ ਮਨੁੱਖ ਦੇ ਜਾਂ ਕਿਸੇ ਦੇਵੀ ਦੇਵਤੇ ਦੇ ਅੱਗੇ ਪੇਸ਼ ਕਰਦਾ ਰਿਹਾ ਹੈ। ਪਰ ਰੱਬ ਨੇ ਮਨੁੱਖ ਨੂੰ ਅਕਲ ਬਖਸ਼ੀ ਤੇ ਅਕਲ ਤੋਂ ਕੰਮ ਲੈਣ ਲਈ ਪ੍ਰੇਰਿਆ। ਚਾਤਰ ਮਨੁੱਖ ਨੇ ਜਾਂ ਕਿਸੇ ਦੇਵੀ ਦੇਵਤੇ ਦੇ ਏਜੰਟ ਨੇ ਬੇਅਕਲੇ ਮਨੁੱਖ ਨੂੰ ਆਨੇ-ਬਹਾਨੇ ਸਿਰਫ ਲੁਟਿਆ ਤੇ ਅੱਜ ਵੀ ਇੱਸ ਸੰਸਾਰ ਵਿੱਚ ਕਰੋੜਾਂ ਦੀ ਤੈਦਾਦ ਵਿੱਚ ਲੋਕ ਸ਼੍ਰੀ ਸ਼੍ਰੀ 108 ਜਾਂ 1008 ਕੋਲੋਂ ਲੁਟੇ ਹੀ ਜਾ ਰਹੇ ਹਨ। ਪੁਰਣੇ ਜ਼ਮਾਨੇ ਵਿੱਚ ਵੀ ਸਮੇਂ ਦੀ ਬੋਲੀ ਨੂੰ ਸਿਰਫ ਪੰਜ ਜਾਂ ਦਸ ਪ੍ਰਤੀਸ਼ਤ ਲੋਕ ਹੀ ਸਮਝਦੇ ਸਨ ਤੇ ਅੱਜ ਵੀ ਇਹੋ ਕੁੱਝ ਹੀ ਹੋ ਰਿਹਾ ਹੈ। ਇੰਜ ਨਾ ਸੋਚੋ ਕਿ ਮੈਂ ਬੀ ਕਾਮ ਕਰਕੇ ਜ਼ਾਂ ਕੋਈ ਹੋਰ ਡਿਗਰੀ ਕਰਕੇ ਭਾਰਤ ਤੋਂ ਕਨੇਡਾ ਅਇਆ ਹਾਂ ਤੇ ਮੈਂ ਜ਼ਮਾਨੇ ਦੀ ਬੋਲੀ ਸਮਝਣ ਜੋਗਾ ਹੋ ਗਿਆ ਹਾਂ, ਇਹ ਕੋਰਾ ਝੂਠ ਹੈ। ਕਿਉਂਕਿ ਡਾਕਟਰ ਨੂੰ ਭਾਈਆਂ ਦੀ ਬੋਲੀ ਦੀ ਸਮਝ ਨਹੀ ਪੈਂਦੀ, ਇੰਜਨੀਅਰ ਨੂੰ ਮੁਲਾਯਮ ਸਿੰਘ ਯਾਦਵ ਜ਼ਾਂ ਲਾਲੂ ਪ੍ਰਸ਼ਾਦ ਯਾਦਵ ਦੀ ਬੋਲੀ ਦੀ ਸਮਝ ਨਹੀ ਪੈਂਦੀ ਤੇ ਆਮ ਜਨ-ਸਾਧਾਰਣ ਨੂੰ ਕਿਸੇ ਵੀ ਕਿਤੇ ਦੀ ਸਮਝ ਨਹੀ ਪੈਂਦੀ ਇੱਸ ਕਰਕੇ ਉੱਹ ਕੰਮ ਕਰਨ ਜੋਗਾ ਹੀ ਹੈ। ਹਮੇਸ਼ਾਂ ਹੀ ਲੋਕਾਂ ਦੀ ਖੱਲ ?ਤਾਰਨ ਵਾਲੀ ਜਮਾਤ ਨੇ ਸੱਚ ਨੂੰ ਕੂੜ ਦੀ ਗਲੇਫੀ ਚਾੜ੍ਹ ਕੇ ਇੱਸ ਤਰੀਕੇ ਨਾਲ ਪੇਸ਼ ਕੀਤਾ ਹੈ ਕਿ ਲੋਕਾਂ ਨੇ ਕੂੜ ਨੂੰ ਸੱਚ ਤੇ ਸੱਚ ਨੂੰ ਕੂੜ ਹੀ ਕਬੁਲਿਆ ਹੈ।

ਸੱਚ ਹਮੇਸ਼ਾਂ ਸਮੇਂ ਦੀ ਸਰਕਾਰ ਨਾਲ ਟਕਰਾਇਆ ਹੈ ਤੇ ਝੂਠ ਨੇ ਹਮੇਸ਼ਾਂ ਸਮੇਂ ਦੀ ਸਰਕਾਰ ਨਾਲ ਮਿਲ ਕੇ ਲੋਕਾਂ ਨੂੰ ਠੱਗਿਆ ਹੈ। ਇਸ ਤਰ੍ਹਾਂ ਦੀਆਂ ਉਦਾਹਰਣਾਂ ਸਾਡੇ ਕੋਲ ਮੌਜੂਦ ਹਨ। ਮੰਦਰਾਂ ਦੀ ਪੁਜਾਰੀ ਜਮਾਤ ਨੇ ਕ੍ਰਿਸ਼ਨ ਜੀ ਨੂੰ ਅਵਤਾਰ ਜ਼ਾਂ ਭਗਵਾਨ ਦੇ ਰੂਪ ਵਿੱਚ ਪੇਸ਼ ਕਰਕੇ ਨਾਲ ਹੀ ਮੱਖਣ ਚੋਰ, ਗੋਪੀਆਂ ਨਾਲ ਰੰਗ ਰਲੀਆਂ ਮਨਾਉਣ ਵਾਲਾ, ਕਪੜੇ ਚੋਰੀ, ਅਣਗਿਣਤ ਔਰਤਾਂ ਦੇ ਆਸ਼ਕ ਦੇ ਰੂਪ ਵਿੱਚ ਵੀ ਪੇਸ਼ ਕਰ ਦਿੱਤਾ ਤਾਂਕਿ ਕੱਲ੍ਹ ਨੂੰ ਜਦ ਪੁਜਾਰੀ ਖੁਦ ਚੋਰੀ ਯਾਰੀ ਕਰੇ ਤਾਂ ਉੱਸ ਦੇ ਛੁਟਕਾਰੇ ਲਈ ਕੋਈ ਰਸਤਾ ਨਿਕਲ ਸਕੇ। ਇੱਸੇ ਕਰਕੇ ਅੱਜ ਅਸੀਂ ਕ੍ਰਿਸ਼ਨ ਜੀ ਦੇ ਅਸਲੀ ਰੂਪ ਨੂੰ ਸਮਝਣ ਵਿੱਚ ਨਾਕਾਮਯਾਬ ਰਹੇ ਹਾਂ। ਕ੍ਰਿਸ਼ਨ ਜੀ ਤੇ ਉਸ ਦੇ ਆਪਣੇ ਸਕੇ ਮਾਮੇ ਕੰਸ, ਮੌਕੇ ਦਾ ਰਾਜਾ, ਸਮੇਂ ਦੀ ਸਰਕਾਰ ਨਾਲ ਲੜਾਈ ਹੀ ਸਾਨੂੰ ਕ੍ਰਿਸ਼ਨ ਦੀ ਦੀ ਅਸਲੀ ਤਸਵੀਰ ਪੇਸ਼ ਕਰਦੀ ਹੈ। ਪਰ ਕੀ ਅਸੀ ਇੱਸ ਗੱਲ ਨੂੰ ਸਮਝ ਸਕੇ ਹਾਂ? ਹਜਰੱਤ ਮੁਹੰਮੱਦ ਸਾਹਿਬ ਵੀ ਆਪਣੇ ਜਮਾਨੇ ਦੀ ਸਰਕਾਰ ਨਾਲ ਟਕਰਾਏ ਕਿਉਂਕਿ ਉਹਨਾਂ ਨੇ ਵੀ ਸੱਚ ਪੱਲੇ ਬੱਧਾ ਹੋਇਆ ਸੀ। ਕਹਾਣੀ ਤੋਂ ਪੱਤਾ ਚੱਲਦਾ ਹੈ ਕਿ ਹਜਰੱਤ ਮੁਹੰਮੱਦ ਸਾਹਿਬ ਨੂੰ ਬੁੱਤ-ਪੂਜ ਸਰਕਾਰ ਨਾਲ ਬਹੁਤ ਸਾਰੀਆਂ ਲੜਾਈਆਂ ਕਰਨ ਤੋਂ ਬਾਅਦ ਆਪਣੀ ਮਰਜ਼ੀ ਦਾ ਰਾਜ-ਭਾਗ ਸਥਾਪੱਤ ਕਰਨ ਵਿੱਚ ਕਾਮਯਾਬੀ ਹਾਸਲ ਹੋਈ ਤੇ ਹਜਰੱਤ ਸਾਹਿਬ ਦਾ ਪੈਗਾਮ ਅੱਗੇ ਫੈਲਦਾ ਗਿਆ।ਬਿਲਕੁਲ ਪਹਿਲੇ ਦੀ ਤਰਾਂ ਹੀ ਜਹਰੱਤ ਮੁਹੰਮਦ ਸਾਹਿਬ ਦੇ ਪੈਗਾਮ ਨੂੰ ਵੀ ਕ੍ਰਿਸ਼ਨ ਜੀ ਦੇ ਪੈਗਾਮ ਦੀ ਤਰਾਂ ਉਸ ਦੇ ਪੈਰੋਕਾਰਾਂ ਤੇ ਜਮਾਨੇ ਦੀ ਸਰਕਾਰ ਨੇ ਮਿਲ ਕੇ ਬਿਲਕੁਲ ਬਦਲ ਦਿੱਤਾ ਤੇ ਅੱਜ ਇਸਲਾਮ ਵੀ ਜਮਾਨੇ ਦੀ ਸਰਕਾਰ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਜੀਸਿਸ ਕਰਾਈਸਟ ਸਾਹਿਬ ਵੀ ਆਪਣੇ ਸਮੇਂ ਜਮਾਨੇ ਦੀ ਸਰਕਾਰ ਨਾਲ ਟਕਰਾਏ ਤੇ ਸੂਲੀ ਉਪਰ ਟੰਗ ਦਿੱਤੇ ਗਏ। ਇੱਸੇ ਹੀ ਤਰਾਂ ਸਿੱਖ ਗੁਰੂ, ਜਿਹਨਾਂ ਨੇ ਸੱਚ ਪੱਲੇ ਬੱਧਾ ਹੋਇਆ ਸੀ, ਸੱਚ ਨੂੰ ਆਪਣਾ ਗੁਰੂ ਧਾਰਿਆ ਹੋਇਆ ਸੀ,

ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ॥ ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ॥1॥

ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ॥ ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ॥ ਮ:5, ਪੰਨਾ 396 ਤੇ

ਗੁਰੂ ਅਰਜਨ ਦੇਵ ਜੀ ਆਖਦੇ ਹਨ। ਹੇ ਪ੍ਰਭੂ! ਮੈਂ ਨਿਮਾਣੇ ਦਾ ਤੂੰ ਹੀ ਮਾਣ ਹੈਂ, ਮੈਨੂੰ ਸਿਰਫ ਤੇਰਾ ਹੀ ਭਰਵਾਸਾ ਹੈ। ਜਿਸ ਆਦਮੀ ਨੂੰ ਸਦਾ ਥਿਰ ਰਹਿਣ ਵਾਲੇ ਪ੍ਰਮਾਤਮਾ ਤੋਂ ਬਿਨਾ ਕਿਸੇ ਹੋਰ ਦੀ ਟੇਕ ਬਣੀ ਰਹੇ ਸਮਝੋ ਉਹ ਹਾਲੇ ਕੱਚਾ ਹੈ, ਉਹ ਹਾਲੇ ਕੰਮਜੋਰ ਜੀਵਨ ਵਾਲਾ ਹੈ।

ਜਿਹੜੇ ਆਦਮੀ ਕ੍ਰਿਪਾਨਾਂ ਕਛਿਹਰੇ, ਮਤਲਬ ਅੰਮ੍ਰਿਤ ਛੱਕ ਕੇ ਵੀ ਸ਼੍ਰੀ ਸ਼੍ਰੀ 108-1008 ਜਾਂ ਸ਼੍ਰੀ ਸ਼੍ਰੀ ਮਹਿਤਿਆਂ ਕੋਲ ਜ਼ਾਂਦੇ ਹਨ ਉਹ ਇਹਨਾਂ ਪੰਗਤੀਆਂ ਵੱਲ ਨਜ਼ਰ ਮਾਰਨ। ਗੁਰੂ ਸਾਹਿਬ ਲਿਖਦੇ ਹਨ, ਬੰਦਾ ਬੈ ਖਰੀਦ, ਬੰਦਾ-ਗੁਲਾਮ ਤੇ ਬੈ ਖਰੀਦ ਜੋ ਮੁੱਲ ਦੇ ਕੇ ਖਰੀਦਿਆ ਹੋਵੇ। ਗੁਰੂ ਸਾਹਿਬ ਲਿਖਦੇ ਹਨ ਕਿ ਹੇ ਪ੍ਰਮਾਤਮਾ ਮੈਂ ਤੇਰਾ ਗੁਲਾਮ ਹਾਂ ਤੇ ਗੁਲਾਮ ਵੀ ਕਿਹੜਾ ਜਿਹੜਾ ਮੁੱਲ ਦੇ ਕੇ ਖਰੀਦਿਆ ਹੋਵੇ। ਫਿਰ ਕੀ ਹੁੰਦਾ ਹੈ ਜੋ ਕੁੱਛ ਵੀ ਹੈ ਉਹ ਸਾਰਾ ਮਾਲਕ ਦਾ ਹੋ ਜ਼ਾਂਦਾ ਹੈ ਤੇ ਗੁਲਾਮ ਦਾ ਕੁੱਝ ਵੀ ਨਹੀ।ਮਰਜ਼ੀ ਵੀ ਮਾਲਕ ਦੀ। ਐਸਾ ਸੱਚ ਪੱਲੇ ਬੰਨਿਆ ਹੋਇਆ ਸੀ ਗੁਰੂ ਸਾਹਿਬਾਂ ਦੇ ਪੱਲੇ।ਇੱਸ ਕਰਕੇ ਉਹ ਤੱਤੀ ਰੇਤ ਉਪਰ ਹੱਥ ਪੈਰ ਬੰਨ ਕੇ ਸੁੱਟ ਦਿੱਤੇ ਗਏ ਤੇ ਕਿਸੇ ਮੁਸਮਾਨ ਵਲੋਂ ਉਨ੍ਹਾ ਦੇ ਮੱਥੇ ਉਪਰ ਇੱਟ-ਵੱਟਾ ਮਾਰਨ ਤੇ ਖੂਨ ਨਿਕਲਣ ਉਪਰੰਤ ਰਾਵੀ ਵਿੱਚ ਜਲਦੀ ਨਾਲ ਜਲ ਪ੍ਰਵਾਹ ਕਰ ਦਿੱਤੇ ਗਏ ਕਿਉਂਕਿ ਯਾਸਾ ਅਨੁਸਾਰ ਕਿਸੇ ਧਾਰਮਿਕ ਵਿਆਕਤੀ ਦਾ ਸ਼ਹੀਦ ਕਰਨ ਵੇਲੇ ਧਰਤੀ ਤੇ ਖੂਨ ਦਾ ਤੁਪਕਾ ਵੀ ਨਹੀਂ ਗਿਰਨਾ ਚਾਹੀਦਾ ਤੇ ਗੁਰੂ ਜੀ ਆਖਰ ਨੂੰ ਸ਼ਹਾਦਤ ਦਾ ਜ਼ਾਮ ਪੀ ਗਏ। ਪਰ ਸੱਚ ਦਾ ਪ੍ਰਚਾਰ ਬੰਦ ਨਹੀ ਕੀਤਾ। ਕੋਈ ਸਮਝੌਤਾ ਨਹੀਂ ਕੀਤਾ ਗਿਆ।

ਉਪਰ ਲਿਖੇ ਸਾਰੇ ਪੈਗੰਬਰਾਂ ਦੇ ਜੀਵਾਨ ਵਿੱਚੋਂ ਇੱਕ ਸਾਂਝ ਸਾਹਮਣੇ ਆਉਂਦੀ ਹੈ,ਉਹ ਹੈ ਸੱਚ। ਸੱਚ ਨੂੰ ਪੱਲੇ ਬੰਨ ਕੇ ਜਨ ਕਲਿਆਣ ਵਾਸਤੇ ਉਹ ਝੂਠ ਨਾਲ ਟਕਰਾਏ। ਝੂਠ ਨੂੰ ਜੜੋਂ ਪੁਟਣ ਦੀ ਕੋਸ਼ਿਸ਼ ਕੀਤੀ ਤੇ ਕੁੱਛ ਹੱਦ ਤਕ ਸਫਲਤਾ ਵੀ ਪ੍ਰਾਪੱਤ ਕੀਤੀ। ਪਰ ਝੂਠ ਤੇ ਸ਼ੈਤਾਨ ਨੇ ਇੱਕਠਿਆਂ ਮਿਲ ਕੇ ਆਪਣੀ ਸ਼ਕਲ ਬਦਲ ਲਈ। ਜਿਸ ਤਰਾਂ ਦੇ ਨਿਰਮਲ ਪੰਥ, ਸਿੱਖ ਧਰਮ ਨੂੰ ਚਲਾਉਣ ਲਈ ਸਿੱਖ ਗੁਰੂ ਸਾਹਿਬਾਂ,ਉਹਨਾਂ ਦੇ ਪ੍ਰੀਵਾਰਾਂ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਤੇ ਹੋਰ ਅਣ-ਗਿਣਤ ਸਿੰਘਾਂ ਤੇ ਸਿੰਘਣੀਆਂ ਨੇ ਸਹਿ ਤੇ ਅਸਹਿ ਕਸ਼ਟ ਸਹਾਰਦੇ ਹੋਏ ਸ਼ਹੀਦੀਆਂ ਦਿੱਤੀਆਂ ਅੱਜ ਉਸੇ ਧਰਮ ਦੀ ਨੁਹਾਰ ਦੇਖੋ ਕੀ ਹੈ? ਪਰ ਸਤਿਗੁਰਾਂ ਨੇ ਸਾਨੂੰ ਕੀ ਸਮਝਾਇਆ ਸੀ:

ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ॥ ਸਤਿਗੁਰੁ ਸੇਵੀ ਅਵਰੁ ਨ ਦੂਜਾ॥ ਮ:4 ਪੰਨਾ 1069



ਸੇਵਾ ਕਿਸ ਤਰਾਂ ਕਰਨੀ ਹੈ:

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥ ਮ:3 ਪੰਨਾ 552

ਗੁਰੂ ਸਾਹਿਬ ਸਾਨੂੰ ਮਨ ਨਾਲ ਸੇਵਾ ਕਰਨ ਵਾਸਤੇ ਆਖਦੇ ਹਨ ਪਰ ਅਸੀਂ ਦਿੱਨ ਰਾਤ, ਉਦਾਹਰਣ ਦੇ ਤੌਰ ਤੇ ਕੋਈ ਕਾਰੋਬਾਰ ਕਰਦੇ ਹਾਂ, ਟੈਕਸੀ ਚਲਾਉਂਦੇ ਹਾਂ, ਟਰੱਕ ਚਲਾਉਂਦੇ ਹਾਂ, ਕੋਈ ਵੀ ਹੋਰ ਕਿਤਾ ਕਰਦੇ ਹਾਂ, ਜਿਥੇ ਦਾਅ ਲੱਗੇ ਝੂਠ ਬੋਲ ਬੋਲ ਕੇ ਪੈਸਾ ਕਮਾ ਕੇ ਉਸੇ ਗੁਰੂ ਸਾਹਿਬ ਅੱਗੇ ਦੋ ਚਾਰ ਡਾਲਰ ਮੱਥਾ ਟੇਕਣ ਨੂੰ ਹੀ ਸੇਵਾ ਸਮਝ ਰਹੇ ਹਾਂ ਜਾਂ ਸਾਲ ਵਿੱਚ ਇੱਕ ਅਖੰਡ ਪਾਠ ਕਰਵਾਉਣ ਨੂੰ ਹੀ ਸੇਵਾ ਸਮਝਣ ਲੱਗ ਪਏ ਹਾਂ। ਜਿਹੜਾ ਗੁਰੂ ਸਾਹਿਬ ਸਾਨੂੰ ਹਮੇਸ਼ਾਂ ਸੱਚ ਪੱਲੇ ਬੰਨਣ ਵਾਸਤੇ ਆਖਦਾ ਹੈ, ਜਿਹੜਾ ਗੁਰੂ ਸਾਨੂੰ ਮਨ ਨਾਲ ਸੇਵਾ ਕਰਨ ਵਾਸਤੇ ਆਖਦਾ ਹੈ ਕੀ ਅਸੀਂ ਉਸ ਗੁਰੁ ਦੀ ਇੱਕ ਵੀ ਗੱਲ ਮੰਨੀ ਹੈ? ਗੁਰੂ ਗ੍ਰੰਥ ਸਾਹਿਬ ਦੀ ਇੱਕ ਵੀ ਪੰਗਤੀ ਇੱਹ ਨਹੀ ਆਖਦੀ ਕਿ ਤੁਸੀਂ ਅਖੰਡ ਪਾਠ ਕਰਵਾਓ ਫਿਰ ਤੁਹਾਡੀ ਤਰੱਕੀ ਹੋ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਇੱਹ ਵੀ ਨਹੀ ਆਖਦੇ ਕਿ ਅਖੰਡ ਪਾਠ ਕਰਵਾਓ ਤੁਹਾਡੇ ਘਰ ਮੁੰਡਾ ਪੈਦਾ ਹੋਵੇਗਾ। ਪਰ ਅਸੀਂ ਕਰ ਇਹੀ ਰਹੇ ਹਾਂ। ਤਾਂ ਹੁਣ ਇੱਹ ਸਵਾਲ ਪੈਦਾ ਹੁੰਦਾ ਹੈ ਇੱਹ ਕੰਮ ਕਰਵਾਉਣ ਵਾਸਤੇ ਸਾਨੂੰ ਕਿਹੜੀ ਜਮਾਤ ਪ੍ਰੇਰਦੀ ਹੈ, ਝੂਠ ਨੂੰ ਸੱਚ ਦੀ ਗਲੇਫੀ ਚਾੜ੍ਹ ਕੇ ਕੌਣ ਪੇਸ਼ ਕਰ ਰਿਹਾ ਹੈ ਤੇ ਉਸ ਦਾ ਇਸ ਤਰ੍ਹਾਂ ਦੀ ਸੇਵਾ, ਅਖੰਡ ਪਾਠ ਨਾਲ ਲਾਲਚ ਦਾ ਸਬੰਧ ਤਾਂ ਨਹੀ? ਜਵਾਬ ਸਾਫ ਹਾਂ ਪੱਖੀ ਹੈ। ਜੇ ਭਾਈ ਜਮਾਤ ਤੇ ਟਕਸਾਲਾਂ ਵਾਲੇ ਇਸ ਤਰ੍ਹਾਂ ਦਾ ਅੰਧਵਿਸ਼ਵਾਸ਼ ਨਹੀਂ ਫੈਲਾਉਣਗੇ ਤਾਂ ਉਹਨਾਂ ਦਾ ਤੋਰੀ ਫੁਲਕਾ ਕਿਸ ਤਰਾਂ ਚੱਲੇਗਾ? ਮੈਂ ਹੁਣ 60 ਵਿਆਂ ਵਿੱਚ ਮਸ਼ਹੂਰ ਹੋਏ ਪੰਜਾਬ ਦੇ ਦੋ ਸੰਤਾਂ ਦਾ ਜਿਕਰ ਕਰਨਾ ਲਾਜਮੀ ਸਮਝਦਾ ਹਾਂ। ਇੱਕ ਸੀ ਦਰਬਾਰੀ ਦਾਸ ਤੇ ਦੂਜਾ ਸੀ ਸੰਤ ਗੁਰਮੇਲ ਸਿੰਘ। ਇਹ ਦੋਵੇਂ ਹੀ ਇੱਕੋ ਪਿੰਡ ਲੋਪੋ, ਜਿਹੜਾ ਮੋਗਾ ਤਹਿਸੀਲ ਵਿੱਚ ਪੈਂਦਾ ਹੈ, ਦੇ ਸਨ। ਜਗਰਾਵਾਂ, ਮੋਗਾ, ਬਾਘਾ ਪੁਰਾਣਾ, ਕੋਟਕਪੂਰਾ ਤੇ ਹੋਰ ਆਸ-ਪਾਸ ਦੇ ਇਲਾਕਿਆ ਦੇ ਲੋਕ ਇਹਨਾਂ ਪਾਸ ਮੁੰਡੇ ਲੈਣ ਜ਼ਾਂਦੇ ਸਨ। ਅਸਲੀਅਤ ਵਿੱਚ ਸੰਤ ਦਰਬਾਰੀ ਦਾਸ ਦੇ ਆਪਣੀ ਘਰਵਾਲੀ ਦੇ ਪੇਟੋਂ ਦੋ ਕੁੜੀਆਂ ਹੀ ਪੈਦਾ ਹੋਈਆਂ ਸਨ ਤੇ ਮੁੰਡਾ ਕੋਈ ਵੀ ਨਹੀ। ਸੰਤ ਗੁਰਮੇਲ ਸਿੰਘ ਦਾ ਵਿਆਹ ਹੀ ਨਹੀਂ ਹੋਇਆ ਸੀ ਉਂਝ ਉਹਨਾਂ ਦੀਆਂ ਕੁੱਝ ਧਰਮ ਭੈਣਾਂ ਸਨ ਜਿਹਨਾਂ ਦੇ ਕਾਫੀ ਮੁੰਡੇ ਸਨ। ਵਰ, ਸਰਾਪ ਤੇ ਅਸ਼ੀਵਾਦ, ਜੋ ਅੰਧਵਿਸ਼ਵਾਸ਼ ਦੀ ਹੀ ਪੈਦਾਇਸ਼ ਹਨ, ਵਿੱਚੋਂ ਸਾਨੂੰ ਸਿੱਖ ਧਰਮ ਬਾਹਰ ਕੱਢਦਾ ਹੈ ਪਰ ਅਸੀਂ ਹਰ ਮੁਸ਼ਕਲ ਦਾ ਸੌਖਾ ਇਲਾਜ਼ ਲੱਭਦੇ ਹੋਣ ਕਰਕੇ ਇੱਸ ਅੰਧਵਿਸ਼ਵਾਸ਼ ਵਿੱਚੋਂ ਬਾਹਰ ਹੀ ਨਹੀ ਨਿਕਲ ਰਹੇ।

ਸਰਮੁ ਧਰਮੁ ਦੁਇ ਛਪਿ ਖਲੋਏ ਕੂੜ ਫਿਰੈ ਪਰਧਾਨੁ ਵੇ ਲਾਲੋ॥ ਮ:1 ਪੰਨਾ 722

ਇੱਥੇ ਇੱਕ ਹੋਰ ਘਟਨਾ ਦਾ ਵਰਨਣ ਕਰਨਾ ਵੀ ਮੈਂ ਬਹੁਤ ਜ਼ਰੂਰੀ ਸਮਝਦਾ ਹਾਂ। ਡਾ: ਕਰਤਾਰ ਸਿੰਘ ਸੋਲਨ ਵਾਲੇ ਆਪਣੀ ਪੁਸਤਕ, ਸਿੱਖ ਧਰਮ ਦੇ ਮੂਲਕ ਸਿਧਾਂਤ ਵਿੱਚ ਇਹਨਾਂ ਗੋਲ ਤੇ ਚਿੱਟੀਆਂ ਪੱਗਾਂ ਵਾਲਿਆਂ ਦਾ ਜ਼ਿਕਰ ਕਰਦੇ ਲਿਖਦੇ ਹਨ ਕਿ ਇੱਕ ਵਾਰੀ ਇੱਕ ਸਿੱਖ ਰਿਆਸਤੀ ਰਾਜੇ ਦੇ ਘਰ ਪਹਿਲੀ ਇਸਤਰੀ ਦੇ ਪੇਟੋਂ ਪਹਿਲਾ ਬੱਚਾ ਇੱਕ ਲੜਕੀ ਪੈਦਾ ਹੋ ਗਈ।ਉਹ ਰਾਜਾ ਆਪਣੀ ਮਾਂ ਨੂੰ ਆਖਣ ਲੱਗਾ, ਮਾਂ ਮੈਂ ਵਿਆਹ ਹੋਰ ਕਰਵਾਊਣਾ ਹੈ ਇੱਹ ਔਰਤ ਲੜਕੀਆਂ ਹੀ ਪੈਦਾ ਕਰੇਗੀ। ਮਾਂ ਜ਼ਰਾ ਧਾਰਮਿਕ ਖਿਆਲਾਂ ਦੀ ਔਰਤ ਸੀ ਤੇ ਆਪਣੇ ਪੁਤਰ ਨੂੰ ਆਖਣ ਲੱਗੀ, ਪੁੱਤਰ ਇੱਕ ਸਾਲ ਦੀ ਹੀ ਤਾਂ ਗੱਲ ਹੈ। ਆਪਾਂ ਫਲਾਣੇ ਡੇਰੇ (ਨਾਨਕਸਰ) ਵਾਲਿਆਂ ਦੇ ਬੰਧਨ ਵਾਲੇ ਤਰੀਕੇ ਨਾਲ ਪਾਠ ਕਰਵਾਉਂਦੇ ਹਾਂ। ਉਹ ਸੰਤ ਜੀ ਆਖਦੇ ਹਨ ਸਾਡੇ ਕੋਲੋਂ ਸਾਡੀ ਮਰਯਾਦਾ ਨਾਲ ਸੰਪਟ ਲਗਵਾ ਕੇ ਅਖੰਡ ਪਾਠ ਕਰਵਾਓ ਗੁਰੂ ਮਹਾਂਰਾਜ ਲੜਕੇ ਦੀ ਬਖਸ਼ਿਸ਼ ਕਰਨਗੇ। ਚਲੋ ਰਾਜਾ ਕਿਵੇਂ ਨਾ ਕਿਵੇਂ ਆਪਣੀ ਮਾਂ ਦਾ ਕਿਹਾ ਟਾਲ ਨਾ ਸਕਿਆ ਤੇ ਉਹਨਾਂ ਡੇਰੇਦਾਰਾਂ ਦੇ ਤਰੀਕੇ ਨਾਲ ਅਖੰਡ ਪਾਠ ਕਰਵਾਇਆ ਗਿਆ ਤੇ ਬੱਚੇ ਵਾਸਤੇ ਇੱਕ ਕੋਸ਼ਿਸ਼ ਹੋਰ ਕੀਤੀ ਗਈ। ਪਰ ਰੱਬ ਦੀ ਮਰਜੀ ਕਿ ਦੂਸਰੀ ਵਾਰੀ ਵੀ ਲੜਕੀ ਹੀ ਪੈਦਾ ਹੋਈ। ਸੰਤ ਜੀ ਨੂੰ ਪੁਛਿਆ ਗਿਆ। ਤਿਆਰ-ਬਰ-ਤਿਆਰ ਜਵਾਬ ਮਿਲਿਆ।ਕਿਧਰੇ ਬੰਧਨ ਵਿੱਚ ਕੋਈ ਕਮੀ ਰਹਿ ਗਈ, ਯਾਨੀ ਮਰਯਾਦਾ ਭੰਗ ਹੋ ਗਈ। ਇਸੇ ਤਰੀਕੇ ਨਾਲ ਇੱਕ ਕੋਸ਼ਿਸ਼ ਹੋਰ ਕੀਤੀ ਗਈ ਪਰ ਲੜਕਾ ਨਹੀ ਸਗੋਂ ਇੱਕ ਹੋਰ ਲੜਕੀ ਨੇ ਰਾਜੇ ਦੇ ਘਰ ਜਨਮ ਲਿਆ। ਸੰਤ ਜੀ ਨੂੰ ਰਾਜੇ ਦੇ ਪੇਸ਼ ਕੀਤਾ ਗਿਆ। ਇਸ ਵਾਰ ਸੰਤ ਜੀ ਦਾ ਜਵਾਬ ਸੀ ਕਿ ਹੁਣ ਮੈਂ ਆਪਣੀ ਦਿਬ ਦ੍ਰਿਸ਼ਟੀ ਨਾਲ ਦੇਖਿਆ ਹੈ ਤੁਹਡੇ ਘਰ ਇੱਕ ਅਖੰਡ ਪਾਠ ਨਾਲ ਗੱਲ ਨਹੀ ਬਣਦੀ। ਤੁਸੀਂ ਇੱਕ ਮੌਕਾ ਸਾਨੂੰ ਹੋਰ ਦਿਓ। ਤੁਸੀਂ ਇੱਕ ਵਾਰ ਬੱਚੇ ਵਾਸਤੇ ਫੇਰ ਟਰਾਈ ਕਰੋ ਤੇ ਅਸੀਂ ਉਤਨਾ ਚਿਰ ਅਖੰਡ ਪਾਠ ਜਾਰੀ ਰੱਖਾਂਗੇ ਜਿਤਨਾ ਚਿਰ ਬੱਚਾ ਪੈਦਾ ਨਹੀ ਹੋ ਜਾਂਦਾ। ਅਵਸ਼ ਲੜਕਾ ਹੀ ਪੈਦਾ ਹੋਵੇਗਾ। ਅਖੰਡ ਪਾਠ ਨੌਂ ਮਹੀਨੇ ਜਾਰੀ ਰਿਹਾ ਤੇ ਜਦੋਂ ਸੰਤਾਂ ਦੇ ਬੰਧਨ ਕਰਨ ਦੇ ਬਾਵਜ਼ੂਦ ਵੀ ਚੌਥੀ ਲੜਕੀ ਹੀ ਪੈਦਾ ਹੋ ਗਈ ਤਾਂ ਖਬਰ ਮਿਲਣ ਤੇ ਸੰਤ ਜੀ ਡਰਦੇ ਮਾਰੇ ਅਖੰਡ ਪਾਠ ਵਿੱਚ ਵਿਚਾਲੇ ਛੱਡ ਕੇ ਭੱਜ ਨਿਕਲੇ। ਇੱਸ ਤੋਂ ਬਾਅਦ ਉਸ ਸਿੱਖ ਰਾਜੇ ਨੇ ਕਈ ਸਾਲਾਂ ਤਕ ਅਖੰਡ ਪਾਠ ਕਰਾਉਣ ਦਾ ਨਾਂ ਨਹੀ ਲਿਆ। ਇਹ ਹਨ ਨਾਨਕਸਰੀਏ।

ਆਓ ਹੁਣ ਆਪਾਂ ਉਧਰ ਨੂੰ ਮੋੜਾ ਕੱਟੀਏ ਜਿਸ ਬਾਰੇ ਜ਼ਾਂ ਤਾਂ ਸਾਨੂੰ ਬਿਲਕੁਲ ਪਤਾ ਨਹੀ ਜ਼ਾਂ ਅਸੀਂ ਪਤਾ ਲਾਉਣਾ ਨਹੀ ਚਾਹੁੰਦੇ। ਭਾਰਤ ਵਿੱਚ ਕਾਮ ਬਾਰੇ ਗੱਲ ਕਰਨੀ ਭਾਰਤੀ ਸੰਸਕ੍ਰਿਤੀ ਮੁਤਾਬਕ ਮਨਾਹ ਹੈ।ਇੱਸ ਕਰਕੇ ਲੜਕੀ ਨੂੰ ਵਿਆਹ ਤੋਂ ਪਹਿਲਾਂ ਥੋੜੀ ਬਹੁਤੀ ਜਾਣਕਾਰੀ ਆਪਣੀਆਂ ਸਹੇਲੀਆਂ ਕੋਲੋਂ ਤੇ ਐਨ ਵਿਆਹ ਦੇ ਨਜ਼ਦੀਕ ਆਪਣੀ ਮਾਂ ਕੋਲੋਂ ਪ੍ਰਾਪਤ ਹੁੰਦੀ ਹੈ। ਲੜਕੇ ਨੂੰ ਸਿਰਫ ਤੇ ਸਿਰਫ ਆਪਣੇ ਦੋਸਤਾਂ ਕੋਲੋਂ ਹੀ ਘਿਸੀ-ਪਿਟੀ ਜਾਣਕਾਰੀ ਮਿਲਦੀ ਹੈ। ਇਹ ਜਾਣਕਾਰੀ ਕਿਤਨੀ ਕੁ ਠੀਕ ਹੈ ਕਿਤਨੀ ਕੁ ਗਲਤ ਹੈ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ। ਅੱਜ ਸੀਸ ਦੇ ਯੁੱਗ ਵਿੱਚ ਇੱਸ ਸਵਾਲ ਦਾ ਜਵਾਬ ਮਿਲ ਚੁਕਿਆ ਹੈ ਕਿ ਉਸੀ ਔਰਤ ਦੇ ਪੇਟੋਂ ਉਸੀ ਆਦਮੀ ਨਾਲ ਕਾਮ ਤ੍ਰਿਪਤੀ ਤੋਂ ਬਾਅਦ ਕਦੇ ਲੜਕਾ ਤੇ ਕਦੀ ਲੜਕੀ ਕਿਉਂ ਪੈਦਾ ਹੁੰਦੇ ਹਨ? ਸ਼ਾਈਦ ਇੱਸ ਦਾ ਮੈਨੂੰ ਵੀ ਪਤਾ ਨਾ ਚਲਦਾ ਜੇ 1976 ਵਿੱਚ ਮੈਂ ਕਨੇਡਾ ਵਿੱਚ ਓਲਿੰਪਕ ਦੇਖਣ ਨਾ ਆਉਂਦਾ ਤਾਂ। ਮੌਂਟਰੀਆਂਲ ਵਿੱਚ ਖੇਡਾਂ ਦੇਖਣ ਤੋਂ ਬਾਅਦ ਮੈਂ ਹੈਮਿਲਟਨ ਵਿੱਚ ਇੱਕ ਦਿਨ ਟਰਾਂਟੋ ਸਟਾਰ ਪੜ੍ਹ ਰਿਹਾ ਸੀ ਤਾਂ ਮੇਰਾ ਧਿਆਨ ਇੱਕ ਲੇਖ ਤੇ ਪਿਆ ਜਿਸ ਦਾ ਸਿਰਲੇਖ ਸੀ, ਲੜਕੇ ਤੇ ਲੜਕੀ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?

ਹੁਣ ਮੈਂ ਆਪਣੇ ਇਕ ਦੋਸਤ ਦਾ ਵਰਨਣ ਕਰਨਾ ਯੋਗ ਸਮਝਦਾ ਹਾਂ ਜਿਸ ਦਾ ਵਿਆਹ ਹੋ ਚੁਕਿਆ ਸੀ। ਉਸ ਦੀ ਖ਼ੁਆਸ਼ ਸੀ ਕਿ ਕਿਸੇ ਐਸੇ ਘਰ ਵਿਆਹ ਕਰਵਾਉਣਾ ਹੈ ਜਿਥੇ ਉਸ ਦੇ ਦੋ ਜਾਂ ਤਿੰਨ ਸਾਲੇ ਹੋਣ। ਪਰ ਜਿਸ ਘਰ ਵਿਚ ਉਸਦੀ ਸ਼ਾਦੀ ਹੋਈ ਉਸਦਾ ਸਾਲਾ ਕੋਈ ਨਹੀਂ ਪਰ ਸਾਲੀਆਂ ਦੋ। ਵਿਆਹ ਤੋਂ ਬਾਅਦ ਲੜਕੇ ਦੀ ਪ੍ਰਾਪਤੀ ਲਈ ਦੋਹਾਂ ਦੇ ਮਨ ਵਿੱਚ ਉਕਸੁਕਤਾ ਹੋਰ ਵੀ ਵੱਧ ਗਈ। ਜਦੋਂ ਉਸਦੀ ਪਤਨੀ ਜਰਮਨੀ ਪਹੁੰਚ ਗਈ ਤਾਂ ਉਸ ਨੇ " How to choose the sex of your baby by Landrum B. Shettels," ਦੀ ਲਿਖੀ ਹੋਈ ਕਿਤਾਬ ਅਮਰੀਕਾ ਤੋਂ ਮੰਗਵਾਈ। ਇੱਸ ਦਸ ਡਾਲਰ ਦੀ ਕਿਤਾਬ ਨੇ ਉਹਨਾਂ ਨੂੰ ਇੱਹ ਸੋਝੀ ਦਿੱਤੀ ਕਿ ਲੜਕਾ ਕਿਵੇਂ ਬਣਦਾ ਹੈ ਤੇ ਲੜਕੀ ਕਿਵੇਂ ਬਣਦੀ ਹੈ। ਔਰਤ ਦੇ ਖੱਬੇ ਤੇ ਸੱਜੇ ਪਾਸੇ ਦੀਆਂ ਟਿਊਬਜ਼ ਵਿੱਚੋਂ ਜਿਹੜਾ ਅੰਡਾ ਨਿਕਲਦਾ ਹੈ ਤੇ ਜ਼ਦੋਂ ਉੱਸ ਨੂੰ ਆਦਮੀ ਦਾ ਵੀਰਜ਼ ਮਿਲਦਾ ਹੈ ਤਾਂ ਬੱਚਾ ਲੜਕਾ ਜ਼ਾਂ ਲੜਕੀ ਪੈਦਾ ਹੁੰਦੇ ਹਨ।ਉੱਸ ਅੰਡੇ ਦਾ ਸਮਾਂ ਕਿਵੇਂ ਨਿਸ਼ਚਤ ਕਰਨਾ ਹੈ? ਜੇ ਆਦਮੀ ਦੇ ਵੀਰਜ਼ ਵਿੱਚ ਐਕਸ ਜ਼ਾਂ ਵਾਈ ਕਰੋਮੋਜ਼ੋਮਜ਼ ਦੀ ਹਿਲਜ਼ੁਲ ਦੀ ਕਮੀ ਹੋਵੇ, ਕਿਵੇਂ ਵਧਾਉਣੀ ਹੈ? ਅੰਡਾ ਆਉਣ ਤੋਂ ਬਾਅਦ ਇਸਤਰੀ ਦੇ ਗੁਪਤ ਅੰਗ ਤੇ ਬੱਚੇਦਾਨੀ ਵਿੱਚਕਾਰ ਜਿਹੜਾ ਤਰਲ-ਪਦਾਰਥ ਹੂੰਦਾ ਹੈ ਉੱਸ ਵਿੱਚ ਕਿਹੜੀ ਤਬਦੀਲੀ ਆਉਂਦੀ ਹੈ? ਇਹਨਾਂ ਸਾਰੇ ਸਵਾਲਾਂ ਦਾ ਜਵਾਬ ਇੱਸ ਕਿਤਾਬ ਵਿੱਚ ਅੱਛੀ ਤਰਾਂ ਦਿੱਤਾ ਹੋਇਆ ਹੈ। ਇੱਸ ਕੰਮ ਵਾਸਤੇ ਤੁਹਾਨੂੰ ਇੱਕ ਵਧੀਆ ਥਰਮਾਮੀਟਰ ਚਾਹੀਦਾ ਹੈ ਜੋ ਹਰ ਇੱਕ ਵਿਆਕਤੀ ਦੇ ਘਰ ਹੁੰਦਾ ਹੀ ਹੈ ਜੇ ਨਹੀਂ ਤਾਂ ਥਰਮਾਮੀਟਰ ਦੀ ਲੋੜ ਤਾਂ ਜੀਵਨ ਵਿੱਚ ਪੈਂਦੀ ਹੀ ਰਹਿੰਦੀ ਹੈ। ਮੇਰਾ ਦੋਸਤ ਮੈਨੂੰ ਦੱਸਦਾ ਹੈ ਕਿ ਜਦੋਂ ਅਸੀਂ ਲੜਕੇ ਵਾਸਤੇ ਟਰਾਈ ਕੀਤੀ ਤਾਂ ਮੇਰੀ ਪਤਨੀ ਮੈਨੂੰ ਨਿਟਰਚੁਰਸ ਕਰਨ ਤੋਂ ਬਾਅਦ ਆਖਦੀ ਹੈ, ਮੇਰੀ ਮਾਂ ਨੇ ਕਿਹਾ ਸੀ ਕਿ ਭੋਗ ਕਰਨ ਤੋਂ ਬਾਅਦ ਸੱਜੇ ਪਾਸੇ ਲੇਟਣ ਨਾਲ ਮੁੰਡੇ ਦੀ ਪ੍ਰਾਪਤੀ ਦੇ ਚਾਂਨਸ ਜ਼ਿਆਦਾ ਹੁੰਦੇ ਹਨ। ਮੇਰੇ ਦੋਸਤ ਨੇ ਮੈਨੂੰ ਦੱਸਿਆ ਕਿ ਮੈਥੋਂ ਇੱਹ ਗੱਲ ਕਹਿਣੋਂ ਰਿਹਾ ਨਹੀ ਗਿਆ ਕਿ ਫਿਰ ਤੇਰੀ ਮਾਂ ਨੇ ਤਿੰਨ ਚਾਂਨਸ ਕਿਵੇਂ ਹੱਥੋਂ ਗੁਆ ਲਏ। ਸੋ ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਸਾਡੇ ਕੋਲ ਕਿਸ ਤਰ੍ਹਾਂ ਦੀ ਸਰੀਰਕ ਜਾਣਕਾਰੀ ਹੈ। ਬਾਅਦ ਵਿੱਚ ਜਦੋਂ ਮੈਂ ਜਰਮਨੀ ਛੱਡ ਕੇ ਦਿੱਲੀ ਚਲਾ ਗਿਆ ਤਾਂ ਮੈਂ ਉਹ ਕਿਤਾਬ ਆਪਣੇ ਕਈ ਦੋਸਤਾਂ

ਨੂੰ ਦਿੱਤੀ। ਜਿਨ੍ਹਾਂ ਜਿਨ੍ਹਾਂ ਨੇ ਵੀ ਡਾ. ਸ਼ੈਟਲਜ਼ ਦੀ ਥਿਊਰੀ ਸਮਝਣ ਤੋਂ ਬਾਅਦ ਉਸ ਦੀ ਕਿਤਾਬ ਮੁਤਾਬਕ ਆਪਣਾ ਕੰਮ ਕੀਤਾ ਉਹਨਾਂ ਦੀ ਖੁਆਸ਼ ਪੂਰੀ ਹੋਈ। ਮੇਰੇ ਦੋਸਤ ਦੇ ਦੋਵੇਂ ਲੜਕੇ ਹਨ। ਮੇਰੇ ਆਪਣੇ ਇੱਕ ਲੜਕਾ ਤੇ ਇੱਕ ਲੜਕੀ ਹੈ ਤੇ ਹੋਰ ਵੀ ਕਈ ਦੋਸਤਾਂ ਦੇ ਘਰ ਲੜਕੇ ਤੇ ਲੜਕੀਆਂ ਖੁਆਸ਼ ਮੁਤਾਬਕ ਪੈਦਾ ਹੋਏ ਹਨ। ਮੈਨੂੰ ਇਸ ਕਿਤਾਬ ਦੇ ਵਿਕਣ ਨਾਲ ਕੋਈ ਕਮਿਸ਼ਨ ਨਹੀ ਮਿਲਣਾ ਤੇ ਨਾਂ ਹੀ ਅੱਜ ਤਕ ਕੋਈ ਐਸਾ ਕੰਮ ਜ਼ਿੰਦਗੀ ਵਿੱਚ ਕੀਤਾ ਹੈ ਕਿ ਪਬਲਿਕ ਨੂੰ ਗੁੰਮਰਾਹ ਕਰਕੇ ਪੈਸਾ ਕਮਇਆ ਹੋਵੇ। ਮੇਰੀ ਤਾਂ ਸਾਰੇ ਭੈਣਾਂ ਤੇ ਭਰਾਵਾਂ ਨੂੰ ਇਹੀ ਅਪੀਲ ਹੈ ਕਿ ਜੇਕਰ ਤੁਸੀਂ ਦਸ ਡਾਲਰ ਵੀ ਨਹੀ ਲਗਾ ਸਕਦੇ ਤਾਂ ਇੱਹ ਕਿਤਾਬ ਜ਼ਰੂਰ ਪਬਲਿਕ ਲਾਇਬ੍ਰੇਰੀ ਵਿਚੋਂ ਲੈ ਕੇ ਪੜ੍ਹੋ ਤਾਂਕਿ ਅਸੀਂ ਅੰਧਵਿਸ਼ਵਾਸ਼ ਵਿਚੋਂ ਬਾਹਰ ਨਿਕਲ ਸਕੀਏ। ਇਹਨਾਂ ਹੀ ਬਾਬਿਆ ਦੇ ਇੱਕ ਸਾਥੀ ਨੇ ਮਾਲਟਨ ਦੇ ਏਰੀਏ ਵਿੱਚ ਇੱਕ ਅੰਧਵਿਸ਼ਵਾਸ਼ੀ ਸਰਦਾਰ ਦਾ ਦਿਮਾਗ ਸਾਫ (ਮਾਈਨਡ ਵਾਸ਼) ਕਰਕੇ ਉੱਸ ਦੀ ਸੁੰਦਰ ਜ਼ਨਾਨੀ ਨੂੰ ਆਪਣੀ ਜ਼ਨਾਨੀ ਬਣਾ ਲਿਆ ਹੈ। ਚਾਲੀ ਦਿਨਾਂ ਦੀ ਪੂਜਾ ਤੋਂ ਬਾਅਦ ਸਰਦਾਰ ਜੀ ਨੂੰ ਇੱਹ ਸਮਝਾ ਦਿੱਤਾ ਗਿਆ ਕਿ ਮੈਂ ਸਵਰਗਾਂ ਵਿੱਚ ਦੇਖ ਕੇ ਆਇਆ ਹਾਂ, ਪਿਛਲੇ ਜਨਮ ਵਿੱਚ ਇੱਹ ਔਰਤ ਤੇਰੀ ਮਾਂ ਸੀ ਤੇ ਇਸ ਦਾ ਮੇਰੇ ਨਾਲ ਵਿਆਹ ਹੋਇਆ ਹੋਇਆ ਸੀ। ਉਹ ਸੁੰਦਰ ਜਨਾਨੀ ਅੱਜ ਬਾਬਾ ਜੀ ਕੋਲੋਂ ਗਰਭਵਤੀ ਹੈ ਤੇ ਬਾਬਾ ਜੀ ਨੇ ਉਹਨਾਂ ਦੇ ਘਰ ਹੀ ਰਹਿਣਾ ਸ਼ੁਰੂ ਕੀਤਾ ਹੋਇਆ ਹੈ।

ਆਓ ਹੁਣ ਆਪਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਵੱਲ ਨਜ਼ਰ ਮਾਰੀਏ। ਉਹਨਾਂ ਦੀ ਉਮਰ 45 ਸਾਲ ਦੀ ਸੀ ਜਦੋਂ ਬਾਲ ਗੋਬਿੰਦ ਰਾਏ ਜੀ ਨੇ ਉਹਨਾਂ ਦੇ ਘਰ ਜਨਮ ਲਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਾਦੀ 18 ਕੁ ਸਾਲ ਦੀ ਉਮਰ ਵਿੱਚ ਹੋਈ ਤੇ ਉਹਨਾਂ ਦੇ ਘਰ 27 ਸਾਲ ਬੱਚਾ ਪੈਦਾ ਨਹੀ ਹੁੰਦਾ। ਗੁਰੂ ਗ੍ਰੰਥ ਸਾਹਿਬ ਦੀ ਬੀੜ ਗੁਰੂ ਅਰਜਨ ਦੇਵ ਜੀ 1604 ਈ: ਵਿੱਚ ਤਿਆਰ ਕਰਵਾ ਗਏ ਸਨ। ਜੇ ਕਰ ਅਖੰਡ ਪਾਠ ਕਰਵਾਉਣ ਨਾਲ ਬੱਚਾ ਪੈਦਾ ਹੋ ਸਕਦਾ ਹੈ ਤਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਵਾਸਤੇ ਕੋਈ ਇੱਕ ਐਸਾ ਅਖੰਡ ਪਾਠ ਕਿਉਂ ਨਹੀ ਕਰਵਾਇਆ? ਐਸੀਆਂ ਇਤਹਾਸਕ ਘਟਨਾਵਾਂ, ਜਿਹੜੀਆਂ ਸਾਡੇ ਆਪਣੇ ਨਾਲ ਹੀ ਵਾਪਰ ਚੁੱਕੀਆਂ ਹਨ, ਤੋਂ ਸੇਧ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਮੈਂ ਤਾਂ ਤੁਹਾਨੂੰ ਇਹੀ ਸੁਝਾਓ ਦੇਵਾਂਗਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਧਿਆਨ ਨਾਲ ਪੜ੍ਹੋ, ਧਿਆਨ ਨਾਲ ਵਿਚਾਰੋ ਪਰ ਟੂਣੇ ਟਾਮਣ ਦੀ ਤਰ੍ਹਾਂ ਨਾ ਵਰਤੋ। ਜਿਸ ਤਰੀਕੇ ਨਾਲ ਅੱਜ ਭਾਈ ਸਾਹਿਬ ਤੁਹਡੇ ਘਰਾਂ ਵਿਚ ਪਾਠ ਕਰ ਰਹੇ ਹਨ ਇਹ ਤਾਂ ਟੂਣੇ ਵਾਲਾ ਤਰੀਕਾ ਹੀ ਹੈ। ਗੁਰੂ ਗ੍ਰੰਥ ਸਾਹਿਬ ਤਾਂ ਇਹ ਆਖਦੇ ਹਨ ਕਿ; ਮਨ ਸਮਝਾਵਨ ਕਾਰਨੇ ਕਛੂਅ ਕ ਪੜੀਐ ਗਿਆਨ॥ ਭਗਤ ਕਬੀਰ, ਪੰਨਾ 340। ਪਰ ਅਸੀਂ 48 ਘੰਟਿਆਂ ਵਿੱਚ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਬਗੈਰ ਸਮਝਣ ਦੇ ਪੜ੍ਹਨ ਨੂੰ ਹੀ ਇੱਕ ਬਹੁਤ ਵੱਡਾ ਕਾਰਜ ਸਮਝਦੇ ਹਾਂ। ਇਹ ਕਿਹੜੀ ਸਿਆਣਪ ਹੈ? ਆਪਣੇ ਮਨ ਨੂੰ ਸਮਝਾਉਣ ਵਾਸਤੇ ਜੇ ਜਿਆਦਾ ਨਹੀ ਤਾਂ ਥੋੜਾ ਬਹੁਤ ਗਿਆਨ ਜ਼ਰੂਰ ਪੜ੍ਹੋ। ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥ ਮ:3, ਪੰਨਾ 841।

ਮੰਦਾ ਚੰਗਾ ਉੱਸ ਨਾਲ ਵਾਪਰਦਾ ਹੈ ਜਿਸ ਨੂੰ ਸੱਚ ਭੁੱਲ ਜ਼ਾਂਦਾ ਹੈ।

ਗੁਰੂ ਦੇ ਪੰਥ ਦਾ ਦਾਸ,

**ਗੁਰਚਰਨ ਸਿੰਘ ਜਿਉਣ ਵਾਲਾ**

ਬਰੈਂਪਟਨ : 647 966 3132, 810 449 1079

# ਤੂੰ ਹਿੰਮਤ ਕਰ ਸੱਚ ਬੋਲ, ਹੋਰ ਕੀ ਲੈ ਜਾਏਂਗਾ ਕੀ ਹੋਇਆ ਜੇ ਕੱਲ੍ਹ ਨੂੰ 'ਕੱਲ੍ਹਾ ਰਹਿ ਜਾਏਂਗਾ।



**ਸੁਰਜੀਤ ਗੱਗ**

ਅਜੀਜ਼ ਗੌਰੀ,

ਮੌਤ ਕਦੇ ਵੀ ਏਨੀ ਭਿਆਨਕ ਨਹੀਂ ਹੁੰਦੀ, ਜਿੰਨੀ ਭਿਆਨਕ ਕਦਮ ਦਰ ਕਦਮ ਮੌਤ ਵੱਲ ਵਧਦੀ ਜ਼ਿੰਦਗੀ, ਜਦੋ ਕਿ ਸਾਡੇ ਸਮਾਜ ਵਿੱਚ, ਇਤਿਹਾਸ ਵਿੱਚ ਅਤੇ ਧਾਰਮਿਕ ਮਾਨਤਾਵਾਂ ਵਿੱਚ ਮੌਤ ਨੂੰ ਭਿਆਨਕ ਮੰਨਿਆ ਗਿਆ ਹੈ। ਮੌਤ ਨੂੰ ਮੁਕਤੀ ਆਖਿਆ ਗਿਆ ਹੈ, ਅਸਲ ਵਿੱਚ ਇਹ ਵੀ ਭਰਮ ਹੀ ਹੈ ਜਦੋਂ ਕਿ ਸਮੱਸਿਆਵਾਂ ਜਿਉਂ ਦੀਆਂ ਤਿਉਂ ਮੂੰਹ ਅੱਡੀ ਖੜ੍ਹੀਆਂ ਰਹਿੰਦੀਆਂ ਹਨ। ਕਿਸੇ ਵਿਅਕਤੀ ਦੀ ਮੌਤ, ਉਸ ਦੇ ਸਮੁੱਚੇ ਵਿਅਕਤੀਤਵ ਦੀ ਮੌਤ ਨਹੀਂ ਹੁੰਦੀ। ਵਿਗਿਆਨਕ ਨਜ਼ਰੀਏ ਤੋਂ ਵਿਅਕਤੀ ਕਦੇ ਵੀ ਮੁਕੰਮਲ ਮੌਤ ਨਹੀਂ ਮਰਦਾ। ਉਸ ਦੇ ਸਰੀਰ ਦੇ ਜਿਉਂਦੇ ਅੰਗ ਉਸ ਦੇ ਪੂਰੇ ਹੋਣ ਦੀ ਦਾਰਨਾ ਨੂੰ ਰੱਦ ਕਰਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤੇਰਾ ਪੜ੍ਹਿਆ ਲਿਖਿਆ ਹੋਣਾ, ਤੇਰੀ ਜ਼ਮੀਰ ਦਾ ਜਾਗਦੇ ਹੋਣਾ ਅਤੇ ਖੁੱਲ੍ਹ ਕੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਹੀ ਤੇਰੇ ਕਤਲ ਦਾ ਕਾਰਨ ਬਣਿਆ ਹੈ। ਤੇਰਾ ਇਸ ਤਰ੍ਹਾਂ ਸਿਰਫ਼ ਨੂੰ ਪ੍ਰਣਾਏ ਹੋਏ ਕਤਲ ਹੋ ਜਾਣਾ ਇੱਕ ਮਾਣਮੱਤੀ ਪ੍ਰਾਪਤੀ ਹੈ। ਇਸ ਪ੍ਰਾਪਤੀ ਨੂੰ ਲੈ ਕੇ ਤੇਰੇ ਜਿਹੇ ਹੋਰ ਉਹਨਾਂ ਜ਼ਿੰਦਗੀ ਦੇ ਆਸ਼ਕਾਂ, ਜੋ ਜ਼ਿੰਦਗੀ ਦੀ ਭਿਆਨਕਤਾ ਨੂੰ ਨੰਗੀ ਅੱਖ ਨਾਲ ਵੇਖਣ ਦਾ ਦਮ ਭਰਦੇ ਹਨ, ਦਾ ਹੋਰ ਵੀ ਉਤਸ਼ਾਹਿਤ ਹੋ ਜਾਣਾ ਅਤੇ ਜੋਸ਼ ਵਿੱਚ ਆ ਜਾਣਾ, ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜ਼ਿੰਦਗੀ ਦੀ ਭਿਆਨਕਤਾ ਨੂੰ ਖ਼ਤਮ ਕਰਨ ਦੇ ਰਾਹ ਵਿੱਚ ਮੌਤ ਕਦੇ ਵੀ ਰੁਕਾਵਟ ਨਹੀਂ ਬਣਦੀ।

ਪ੍ਰੋ ਐਮ ਐਮ ਕਲਬੁਰਗੀ, ਗੋਵਿੰਦ ਪਨਸਾਰੇ, ਡਾ. ਨਰਿੰਦਰ ਦਭੋਲਕਰ ਸਾਨੂੰ ਦੱਸ ਗਏ ਹਨ ਕਿ ਜ਼ਿੰਦਗੀ ਦੇ ਖ਼ਤਮ ਹੋਣ ਨਾਲ ਜੰਗ ਖ਼ਤਮ ਨਹੀਂ ਹੋ ਜਾਂਦੀ। ਇਹ ਜੰਗ ਮਹਿਜ ਵਿਚਾਰਾਂ ਦੇ ਵਖਰੇਵੇਂ ਦੀ ਹੀ ਜੰਗ ਨਹੀਂ ਹੈ। ਇਹ ਜੰਗ ਵੱਖਵਾਦ, ਨਸਲਵਾਦ, ਫਿਰਕਾਪ੍ਰਸਤੀ, ਅਨਪੜ੍ਹਤਾ-ਅਗਿਆਨਤਾ, ਧਾਰਮਿਕ ਕੱਟੜਤਾ, ਅੰਧ ਵਿਸ਼ਵਾਸ, ਜਾਤਿ ਪ੍ਰਥਾ, ਲਿੰਗ ਭੇਦ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖਿਲਾਫ਼ ਛੇੜੀ ਗਈ ਮੁਹਿੰਮ ਦਾ ਹਿੱਸਾ ਹੈ। ਇਹ ਜੰਗ ਕਿਸੇ ਦਾ ਖ਼ੂਨ ਵਹਾਉਣ ਲਈ ਨਹੀਂ, ਸਗੋਂ ਖ਼ੂਨ ਵਿੱਚੋਂ ਜ਼ਹਿਰੀਲੇ ਤੱਤ ਬਾਹਰ ਕੱਢਣ ਲਈ ਲੜੀ ਜਾ ਰਹੀ ਹੈ।

ਅਸੀਂ ਮੌਤ ਤੋਂ ਨਹੀਂ ਡਰਦੇ, ਮਾਰੇ ਜਾਣ ਤੋਂ ਡਰਦੇ ਹਾਂ। ਜ਼ਿੰਦਗੀ ਨੂੰ ਬੇ-ਇੰਤਹਾ ਪਿਆਰ ਕਰਦੇ ਹਾਂ ਅਤੇ ਏਸ ਤਰ੍ਹਾਂ ਦੀ ਜ਼ਿੰਦਗੀ ਦੇ ਹਾਮੀ ਹਾਂ ਜਿਸ ਵਿੱਚ ਸੰਪੂਰਣ ਸਾਖਰਤਾ, ਸੁਰੱਖਿਅਤਾ, ਆਜ਼ਾਦੀ ਅਤੇ ਰੋਮਾਂਸ ਹੋਵੇ। ਪਰ ਅੱਜ ਸਾਨੂੰ ਜ਼ਿਮਦਗੀ ਦਾ ਇਹ ਮੂਲ ਆਧਾਰ ਕਿਤੇ ਵੀ ਨਜ਼ਰ ਨਹੀਂ ਆਉਂਦਾ ਤੇ ਇਸ ਦੀ ਪ੍ਰਾਪਤੀ ਲਈ ਜੱਦੋ-ਜ਼ਹਿਦ ਕਰਦੇ ਰਹਿਣਾ ਅਪਣਾ ਮੁਢਲਾ ਫ਼ਰਜ਼ ਸਮਝਦੇ ਹਾਂ।

ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਜਦੋਂ ਅਸੀਂ ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਾਂਗੇ ਤਾਂ ਜਾਨੋਂ ਖ਼ਤਮ ਕਰ ਦੇਣ ਦੀਆਂ ਧਮਕੀਆਂ, ਗਾਲ੍ਹਾਂ, ਜ਼ਲਾਲਤ, ਨਿਜੀ ਨੁਕਸਾਨ, ਝੂਠੇ ਮੁਕੱਦਮੇ ਅਤੇ ਅਜਿਹੇ ਹੋਰ ਬਹੁਤ ਸਾਰੇ ਵਿਰੋਧਾਂ ਦਾ ਸਾਹਮਣਾ ਕਰਨਾ ਪਵੇਗਾ। ਸਾਡੇ ਵਿਰੁੱਧ ਸਾਡੇ ਹੀ ਪਰਿਵਾਰ, ਰਿਸ਼ਤੇਦਾਰੀ, ਕਬੀਲੇ ਆਦਿ ਨੂੰ ਭੜਕਾ ਕੇ ਸਾਨੂੰ ਕਮਜ਼ੋਰ ਕਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ ਤੇ ਸਾਡਾ ਸਮਾਜਿਕ ਬਾਈਕਾਟ ਵੀ ਕੀਤਾ ਜਾਵੇਗਾ। ਝੂਠੀਆਂ ਸ਼ਿਕਾਇਤਾਂ ਦੇ ਆਧਾਰ ਤੇ ਜੇਲ੍ਹਾਂ ਵਿੱਚ ਡੱਕ ਕੇ ਸਾਡੀ ਆਵਾਜ਼ ਨੂੰ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ ਤੇ ਏਥੋਂ ਤੱਕ ਕਿ ਸਾਡਾ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ। ਸਾਡੀ ਜ਼ੁਬਾਨ ਬੰਦੀ ਲਈ ਹਰ ਕੋਸ਼ਿਸ਼ ਕੀਤੀ ਜਾਵੇਗੀ, ਅਸੀਂ ਚੰਗੀ ਤਰਾਂ ਜਾਣਦੇ ਹਾਂ। ਇਸ ਸਭ ਨੂੰ ਟੱਕਰ ਦੇਣ ਲਈ ਸਾਡੇ ਕੋਲ ਜਜ਼ਬਾ ਹੈ, ਉਮੀਦ ਹੈ, ਸੁਪਨਾ ਹੈ ਜਿਸ ਦੇ ਸੁਨਹਿਰੀਪਨ ਤੇ ਕੋਈ ਝਾਲ ਨਹੀਂ ਚੜ੍ਹਾਈ ਜਾ ਸਕਦੀ ਤੇ ਇਹੋ ਉਮੀਦ ਸਾਨੂੰ ਸੰਘਰਸ਼ ਕਰਦੇ ਰਹਿਣ ਲਈ ਪ੍ਰੇਰਦੀ ਹੈ। ਅਸੀਂ ਜਾਣਦੇ ਹਾਂ ਕਿ ਸੰਘਰਸ਼ ਕੀਤੇ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਹੈ।

ਸਾਡਾ ਬੋਲਣਾ ਉਦੋਂ ਹੋਰ ਵੀ ਅਹਿਮ ਅਤੇ ਲਾਜ਼ਮੀ ਹੋ ਜਾਂਦਾ ਹੈ ਜਦੋਂ ਆਮ ਲੋਕਾਂ ਨੂੰ ਕੁਰਾਹੇ ਪਾਉਣ ਲਈ ਅਖੌਤੀ ਬੁੱਧੀਜੀਵੀ ਵਰਗ ਨੂੰ ਸਾਡੇ ਮੁਕਾਬਲੇ ਵਿੱਚ ਲਿਆ ਖੜ੍ਹਾ ਕਰ ਦਿੱਤਾ ਜਾਂਦਾ ਹੈ ਜਿਸ ਨੇ ਝੂਠ ਤੇ ਸੋਨੇ ਦਾ ਮੁਲੰਮਾ ਚਾੜ੍ਹ ਕੇ, ਉਸ ਨੂੰ ਸੱਚ ਵਰਗੀ ਰੰਗਤ ਦੇ ਕੇ ਪੇਸ਼ ਕਰਨਾ ਹੁੰਦਾ ਹੈ। ਅਜਿਹੇ ਝੂਠ ਨੂੰ ਪ੍ਰਚਾਰਨ ਲਈ ਹਕੂਮਤਾਂ ਹਰ ਉਹ ਵਸੀਲਾ ਵਰਤਦੀਆਂ ਹਨ, ਜੋ ਵਰਤ ਸਕਦੀਆਂ ਹਨ। ਬਿਜਲਈ ਮੀਡੀਆ, ਪ੍ਰਿੰਟ ਮੀਡੀਆ, ਸੋਸ਼ਲ ਮੀਡੀਆ ਆਦਿ ਤੇ ਅਪਣੇ ਤਨਖ਼ਾਹਦਾਰ ਨੁਮਾਇੰਦੇ ਭਰਤੀ ਕਰਕੇ ਹਰ ਤਰਾਂ ਦੀ ਵਗਦੀ ਹਵਾ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਬੇਸ਼ੱਕ ਇਹਨਾਂ ਨੂੰ ਟੱਕਰ ਦੇਣੀ ਹਥਿਆਰਬੰਦ ਫ਼ੌਜਾਂ ਨਾਲ ਨਿਹੱਥੇ ਮੁਕਾਬਲਾ ਕਰਨ ਵਾਂਗ ਹੈ ਪਰ ਲੜਨਾ ਸਮੇਂ ਦੀ ਮੰਗ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ਾਸਤਰਾਂ ਅੱਗੇ ਸ਼ਸਤਰ ਹਮੇਸ਼ਾ ਹਾਰਦੇ ਆਏ ਹਨ। ਜੇ ਇਹਨਾਂ ਧਾੜਵੀਆਂ ਕੋਲ ਆਧੁਨਿਕ ਹਥਿਆਰ, ਵਿਕਾਊ ਮੀਡੀਆ, ਰੇਡਓ, ਟੀਵੀ, ਅਖ਼ਬਾਰ, ਧਾਰਮਿਕ ਡੇਰੇ, ਗੁਰੂਦੁਆਰੇ, ਮੰਦਰ, ਗਿਰਜੇ ਆਦਿ ਪ੍ਰਚਾਰ ਸਾਧਨ ਅਤੇ ਦੇਸ ਦੀ ਕੁਲ ਸੰਪਤੀ ਦਾ 85% ਹੈ, ਤਾਂ ਮੁਕਾਬਲੇ ਵਿੱਚ ਸਾਡੇ ਕੋਲ ਕਲਮ ਹੈ, ਜ਼ੁਬਾਨ ਹੈ, ਸੁਪਨਾ ਹੈ, ਉਮੀਦ ਹੈ ਅਤੇ ਸਭ ਤੋਂ ਵੱਡੀ ਗੱਲ ਕਿ ਸਾਡੇ ਕੋਲ ਗੁਆਉਣ ਲਈ ਕੁੱਝ ਵੀ ਨਹੀਂ ਹੈ ਤੇ ਪ੍ਰਾਪਤ ਕਰਨ ਲਈ ਸਾਰੀ ਕਾਇਨਾਤ ਸਾਡੇ ਸਾਹਮਣੇ ਹੈ। ਸਾਡੀ ਇਹੋ ਖ਼ੂਬੀ ਸਾਨੂੰ ਸੰਘਰਸ਼ ਕਰਨ ਲਈ ਪ੍ਰੇਰਦੀ ਹੈ। ਹਕੂਮਤ ਨੂੰ ਇਹੋ ਡਰ ਦਿਨ-ਰਾਤ ਚੈਨ ਨਹੀਂ ਲੈਣ ਦਿੰਦਾ ਕਿ ਜੇ ਇਹ ਬੁੜ੍ਹਾਂ ਮਾਰੇ ਆਮ ਲੋਕ ਸਾਧਨ-ਸੰਪਨ ਹੋ ਗਏ ਤਾਂ ਉਹਨਾਂ ਦੀ ਜੀ-ਹਜ਼ੂਰੀ ਕੌਣ ਕਰੇਗਾ, ਉਹਨਾਂ ਦੇ ਸੁੱਖ ਆਰਾਮ ਨੂੰ, ਵਿਹਲੀਆਂ ਖਾਣ ਨੂੰ ਖੋਰਾ ਲੱਗਣਾ ਸ਼ੁਰੂ ਹੋ ਜਾਵੇਗਾ, ਉਹਨਾਂ ਦੀ ਅੰਨ੍ਹੀ ਲੁੱਟ ਕਾਇਮ ਨਹੀਂ ਰਹਿਣੀ ਤੇ ਉਹਨਾਂ ਨੂੰ ਵੀ ਮੁਢਲੀਆਂ ਲੋੜਾਂ ਲਈ ਕਿਰਤ ਕਰਨੀ ਪਵੇਗੀ।

ਇਸੇ ਲਈ ਆਮ ਲੋਕਾਂ ਦਾ ਧਿਆਨ ਵੰਡਾਉਣ ਲਈ ਹਕੂਮਤ ਅਜਿਹਆਂ ਲੋਕ ਲੁਭਾਊ ਚਾਲਾਂ ਚੱਲਦੀ ਹੈ ਜਿਹਨਾਂ ਦੇ ਬਹਿਕਾਵੇ ਵਿੱਚ ਆ ਕੇ ਭੋਲ਼ੇ ਲੋਕ ਲਗਾਤਾਰ ਅਪਣੀ ਲੁੱਟ ਕਰਵਾਈ ਜਾ ਰਹੇ ਹਨ ਤੇ ਉਹਨਾਂ ਨੂੰ ਲੁੱਟੇ ਜਾਣ ਦਾ ਅਹਿਸਾਸ ਵੀ ਨਹੀਂ ਹੁੰਦਾ। ਵੋਟਤੰਤਰ, ਜੋ ਕਿ ਲੋਕਤੰਤਰ ਦਾ ਮਜ਼ਬੂਤ ਆਧਾਰ ਹੈ, ਨੂੰ ਮੁੱਠੀਭਰ ਸਰਮਾਏਦਾਰਾਂ ਨੇ ਅਪਣੇ ਕਬਜ਼ੇ ਵਿੱਚ ਕਰਕੇ ਇਸ ਦੀ ਦੁਰਵਰਤੋਂ ਕਰਨੀ ਆਰੰਭ ਕਰ ਦਿੱਤੀ ਹੈ, ਜਿਸ ਦੀ ਆਮ ਲੋਕਾਂ ਨੂੰ ਹਰ ਪੰਜ ਸਾਲ ਬਾਅਦ ਧੋਖਾ ਖਾ ਕੇ ਵੀ ਸਮਝ ਨਹੀਂ ਆਉਂਦੀ। ਲੁਟੇਰਿਆਂ ਨੇ ਲੁੱਟ ਜਾਰੀ ਰੱਖਣ ਲਈ ਸਾਡੇ ਵਿੱਚੋਂ ਹੀ ਸਾਡੇ ਪ੍ਰਤਿਨਿਧ ਚੁਣ ਲਏ ਹਨ, ਜਿਹਨਾਂ ਨੂੰ ਲੁੱਟ ਦਾ ਕੰਮ ਸੌਂਪ ਕੇ ਖ਼ੁਦ ਦਿਆਨਤਦਾਰ ਹੋਣ ਦਾ ਭਰਮ ਸਿਰਜਣ ਵਿੱਚ ਕਾਮਯਾਬ ਹੋ ਰਹੇ ਹਨ। ਇਸ ਲੁੱਟ ਦੇ ਮਾਲ ਵਿੱਚੋਂ ਸਾਨੂੰ ਥੋੜ੍ਹੀ ਜਿਹੀ ਸਬਸਿਡੀ, ਮੁਫ਼ਤ ਆਟਾ-ਦਾਲ੍ਹਾਂ, ਮੁਫ਼ਤ ਬਿਜਲੀ, ਰਾਖਵਾਂਕਰਨ ਦਾ ਲਾਲੀਪੋਪ, ਵਜ਼ੀਫੇ, ਨੌਕਰੀਆਂ ਆਦਿ ਤੋਂ ਇਲਾਵਾ ਸਵੱਛ ਭਾਰਤ, ਬੇਟੀ ਬਚਾਓ, ਵੰਦੇ ਮਾਤਰਮ ਆਦਿ ਲੋਕ ਲੁਭਾਊ ਨਾਅਰੇ ਆਦਿ ਵੰਡ ਕੇ ਸਾਨੂੰ ਅਪਣਾ ਅਹਿਸਾਨਮੰਦ ਬਣਾਉਣ ਵਿੱਚ ਸਫ਼ਲ ਹੋ ਰਹੇ ਹਨ। ਅਸੀਂ ਲੋਕ ਕਿਤੇ ਅਪਣੇ ਮਾੜੇ ਹਾਲਾਤਾਂ ਦਾ ਵਿਸ਼ਲੇਸ਼ਣ ਨਾ ਕਰਨ ਲੱਗ ਜਾਈਏ, ਇਹਨਾਂ ਲੁਟੇਰਿਆਂ ਨੇ ਆਲੀਸ਼ਾਨ ਧਾਰਮਿਕ ਸਥਾਨ, ਡੇਰੇ ਉਸਾਰ ਕੇ, ਧਾਰਮਿਕ ਤਿਉਹਾਰ-ਪੁਰਬ, ਧਾਰਮਿਕ ਯਾਤਰਾਵਾਂ ਆਦਿ ਦਾ ਮਾਹੌਲ ਸਿਰਜ ਕੇ ਸਾਡੀ ਮਾਨਸਿਕ ਕੰਗਾਲੀ ਨੂੰ ਖ਼ੁਰਾਕ ਮੁਹੱਈਆ ਕਰਵਾਈ ਜਾ ਰਹੀ ਹੈ। ਧਰਮ ਗੁਰੂਆਂ, ਧਾਰਮਿਕ ਅਹੁਦੇਦਾਰਾਂ, ਡੇਰੇਦਾਰਾਂ, ਸੰਤਾਂ, ਮਹਾਤਮਾ ਆਦਿ ਵਲੋਂ ਧਰਮ ਦੇ ਨਾਂ ਤੇ ਲੁੱਟ ਨੂੰ ਲੋਕ ਹਿਤੂ ਦਿਖਾਉਣ ਲਈ ਆਰਥਿਕ ਤੌਰ ਤੇ ਗਰੀਬ ਲੜਕੀਆਂ ਦੇ ਵਿਆਹ, ਮੈਡੀਕਲ ਕੈਂਪ, ਖ਼ੂਨਦਾਨ ਕੈਂਪ, ਮੇਲੇ, ਲੰਗਰ ਆਦਿ ਦਾ ਪ੍ਰਬੰਧ ਕਰਕੇ ਸਾਨੂੰ ਲੋਕਾਂ ਨੂੰ ਅਪਣੀ ਸਵੱਛ ਦਿੱਖ ਦਿਖਾਉਣ ਦਾ ਭਰਮ ਸਿਰਜਿਆ ਜਾਂਦਾ ਹੈ, ਤਾਂ ਜੋ ਅਸੀਂ ਸੋਚਣ ਦੀ ਬਜਾਏ ਸਿਮਰਨ ਕਰਨ ਤੱਕ ਹੀ ਸੀਮਿਤ ਰਹਿ ਜਾਈਏ ਤੇ ਅਪਣੇ ਮਾੜੇ ਹਾਲਾਤਾਂ ਨੂੰ ਕਿਸੇ ਪਿਛਲੇ ਜਨਮ ਦਾ ਕਰਮ ਜਾਂ ਰੱਬ ਦੀ ਲਿਖੀ ਸਮਝ ਕੇ ਰੁੱਖੀ ਮਿੱਸੀ ਤੇ ਹੀ ਸਬਰ ਕਰ ਲਈਏ।

ਜਦੋਂ ਗਾਂ ਦਾ ਦੁੱਧ ਪੀ ਕੇ, ਚਾਰਾ ਖਾ ਕੇ ਡਕਾਰ ਵੀ ਨਾ ਮਾਰਨ ਵਾਲ਼ੇ ਗਾਂ ਦਾ ਮੂਤ ਪੀਣ ਦਾ ਉਪਦੇਸ਼ ਦੇਣ ਲੱਗ ਜਾਣ, ਕਿਸੇ ਨੇ ਕੀ ਖਾਣਾ ਹੈ, ਕੀ ਪਹਿਨਣਾ ਹੈ, ਕਿੱਥੇ ਜਾਣਾ ਤੇ ਕਿੱਥੇ ਨਹੀਂ ਜਾਣਾ ਹੈ ਆਦਿ ਹੁਕਮਨਾਮੇ ਜਾਰੀ ਹੋਣ ਲੱਗ ਜਾਣ, ਬਲਾਤਕਾਰ ਲਈ ਔਰਤ ਦੇ ਪਹਿਰਾਵੇ ਨੂੰ ਉਕਸਾਊ ਆਖਣ ਵਾਲੇ ਅਲਫ ਨੰਗੇ ਹੋ ਕੇ ਪਾਰਲੀਮੈਂਟ ਸਮਾਗਮ ਦੀ ਪ੍ਰਧਾਨਗੀ ਕਰਨ ਲੱਗ ਜਾਣ, ਮਿਥਿਹਾਸ ਨੂੰ ਇਤਿਹਾਸ ਆਖ ਕੇ ਸਕੂਲੀ ਸਿਲੇਬਸਾਂ ਵਿੱਚ ਲਾਗੂ ਕਰਵਾਇਆ ਜਾਵੇ, ਪਾਈਨਐਪਲ ਅਤੇ ਨਾਰੀਅਲ ਵਿੱਚ ਫ਼ਰਕ ਨਾ ਪਤਾ ਹੋਣ ਵਾਲੇ ਮੁਲਕ ਦੇ ਆਗੂ 56 ਇੰਚ ਚੌੜੇ ਸੀਨੇ ਦੀਆਂ ਟਾਹਰਾਂ ਮਾਰ ਰਹੇ ਹੋਣ, ਮੋਰ ਦੇ ਹੰਝੂਆਂ ਤੋਂ ਮੋਰਨੀ ਦੇ ਗਰਭ ਠਹਿਰਨ ਦੀ ਤਾਈਦ ਕਰਦੇ ਮਾਨਸਿਕ ਅਪੰਗ ਹਾਈਕੋਰਟ ਦੇ ਜੱਜ ਦੇ ਅਹੁਦੇ ਦਾ ਆਨੰਦ ਮਾਣਦੇ ਰਹੇ ਹੋਣ, ਗਣੇਸ਼ ਦੀ ਕਲਪਿਤ ਤਸਵੀਰ ਨੂੰ ਵਿਸ਼ਵ ਦੀ ਸਭ ਤੋਂ ਪਹਿਲੀ ਸਰਜਰੀ ਆਖਣ ਵਾਲੇ ਹਾਕਮ ਦੀ ਗੱਲ ਕੱਟਣ ਦਾ ਉਹ ਲੋਕ ਜੇਰਾ ਨਾ ਕਰ ਸਕਦੇ ਹੋਣ, ਜਿਹਨਾਂ ਨੇ ਸਾਡੀਆਂ ਗ਼ਰੀਬਾਂ ਦੀਆਂ ਸੁੱਕੀਆਂ ਵਗਦੀਆਂ ਨਾੜਾਂ ਵਿੱਚੋਂ ਧੂਹੇ ਗਏ ਟੈਕਸ ਤੋਂ ਸਬਸਿਡੀਆਂ ਲੈ ਕੇ ਡਾਕਟਰੀ ਦੀ ਪੜ੍ਹਾਈ ਕੀਤੀ ਹੋਵੇ, ਸਕੂਲਾਂ, ਹਸਪਤਾਲਾਂ ਵਿੱਚ ਕੀਤੀ ਜਾਂਦੀ ਆਰਥਿਕ ਲੁੱਟ ਤੇ ਕੋਈ ਸ਼ਿਕੰਜਾ ਨਾ ਰਹੇ, ਤਾਂ ਕਿਸੇ ਨਾ ਕਿਸੇ ਦਾ ਗੌਰੀ ਲੰਕੇਸ਼ ਬਣ ਕੇ ਸਥਾਪਤੀ ਨੂੰ ਵੰਗਾਰਨਾ ਲਾਜ਼ਮੀ ਹੋ ਜਾਂਦਾ ਹੈ। ਇਹੋ ਜ਼ਿੰਦਗੀ ਦੀ ਭਿਆਨਕਤਾ ਹੈ, ਇਸ ਸੱਚ ਨੂੰ ਕਬੂਲ ਕਰਕੇ ਇਸ ਨਾਲ ਟੱਕਰ ਲੈਣੀ ਜੇ ਸੌਖੀ ਨਹੀਂ ਤੇ ਏਨੀ ਔਖੀ ਵੀ ਨਹੀਂ ਹੈ। ਪਿਆਰੀ ਗੌਰੀ, ਇਹ ਜੰਗ ਮੁੱਕੀ ਨਹੀਂ, ਸਗੋਂ ਹੋਰ ਵੀ ਉਤਸ਼ਾਹ ਅਤੇ ਹੌਸਲੇ ਨਾਲ ਲਬਰੇਜ਼ ਇਹ ਜੰਗ ਜਾਰੀ ਹੈ ਅਤੇ ਜਾਰੀ ਰਹੇਗੀ। ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੋ ਜਾਂਦੀ।

# ਗਾਥਾ ਗ਼ਦਰੀਆਂ ਦੀ : ਗ਼ਦਰੀ ਇਨਕਲਾਬੀ ਦੇਸ਼ ਭਗਤਾਂ ਦੀਆਂ ਸੰਖੇਪ ਜੀਵਨੀਆਂ

ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਸੰਗਰਾਮ ਦੇ ਇਤਿਹਾਸ ਵਿਚ ਗ਼ਦਰ ਲਹਿਰ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ ਕਾਂਡ ਹੈ। ਭਾਵੇਂ 1857 ਦੇ ਗ਼ਦਰ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਆਖ ਦਿੱਤਾ ਜਾਂਦਾ ਹੈ ਪਰ ਉਹ ਅੰਗਰੇਜ਼ਾਂ ਦੇ ਪਾੜੋ-ਤੇ-ਰਾਜ-ਕਰੋ ਦੀ ਨੀਤੀ ਨਾਲ ਗੱਦੀਓਂ ਲਾਹੇ, ਪਰ ਅਜੇ ਵੀ ਸਾਧਨਾਂ ਅਤੇ ਫ਼ੌਜਾਂ ਦੇ ਮਾਲਕ, ਰਾਜਿਆਂ ਦਾ ਆਪਣੀਆਂ ਰਿਆਸਤਾਂ ਲਈ ਸੰਗਰਾਮ ਸੀ। ਇਹਦੇ ਉਲਟ, ਆਪਣਾ ਤਨ, ਮਨ ਤੇ ਧਨ, ਸਭ ਕੁਰਬਾਨ ਕਰ ਕੇ ਦੇਸ ਨੂੰ ਆਜ਼ਾਦ ਕਰਵਾਉਣ ਵਾਸਤੇ ਨੰਗੇ-ਧੜ ਲੜਿਆ ਗਿਆ ਗ਼ਦਰੀਆਂ ਦਾ ਸੰਗਰਾਮ ਸੱਚੇ ਅਰਥਾਂ ਵਿਚ ਆਜ਼ਾਦੀ ਦੀ ਪਹਿਲੀ ਜਨਤਕ ਲੜਾਈ ਸੀ। ਭਾਵੇਂ ਕਈ ਕਾਰਨਾਂ ਕਰਕੇ ਗ਼ਦਰ ਦਾ ਨਿਸ਼ਾਨਾ ਪੂਰਾ ਨਾ ਹੋਇਆ, ਤਾਂ ਵੀ ਲਹਿਰ ਨੇ ਕਈ ਪੱਖਾਂ ਤੋਂ ਵੱਡੀ ਸਫ਼ਲਤਾ ਹਾਸਲ ਕੀਤੀ। ਇਹਨੇ ਸਤਵੰਜਾ ਦੀ ਮੁਕੰਮਲ ਹਾਰ ਕਾਰਨ ਪਸਤ ਹੋਈ ਕੌਮ ਨੂੰ ਬਾਂਹੋਂ ਫੜ ਕੇ ਖੜ੍ਹੀ ਕਰ ਦਿੱਤਾ। ਇਹਨੇ ਸਮਝੌਤਾਬਾਜ਼ ਸੰਗਰਾਮ ਦੇ ਟਾਕਰੇ ਉੱਤੇ ਦੇਸ ਸਾਹਮਣੇ ਸਾਮਰਾਜੀਆਂ ਨਾਲ ਸਿੱਧੇ-ਮੱਥੇ ਟੱਕਰ ਦੀ ਰਣਨੀਤੀ ਖੜ੍ਹੀ ਕੀਤੀ। ਇਹ ਸਮਕਾਲੀ ਅਤੇ ਭਵਿੱਖੀ ਲਹਿਰਾਂ ਵਾਸਤੇ ਇਕ ਵੱਡੀ ਪ੍ਰੇਰਨਾ ਬਣੀ ਫ਼ਾਂਸੀਆਂ ਤੇ ਲੰਮੀਆਂ ਕੈਦਾਂ ਤੋਂ ਬਚੇ ਗ਼ਦਰੀ ਜੋਧੇ ਗ਼ਦਰ ਦੀ ਅਸਫ਼ਲਤਾ ਮਗਰੋਂ ਵੀ ਢੇਰੀ ਢਾਹ ਕੇ ਨਹੀਂ ਬੈਠੇ ਸਗੋਂ, ਖ਼ਾਸ ਕਰਕੇ ਖੱਬੇਪੱਖੀ ਲਹਿਰ ਦੇ ਅੰਗ ਬਣ ਕੇ, ਆਪਣੇ ਮਿਸ਼ਨ ਵਾਸਤੇ ਨਿਸ਼ਕਾਮ ਲੜਾਈ ਲੜਦੇ ਰਹੇ ਅੱਜ ਦੀ ਨਿੱਘਰੀ ਹੋਈ ਸਮਾਜਕ-ਰਾਜਨੀਤਕ ਹਾਲਤ ਵਿਚ ਗ਼ਦਰੀ ਬਾਬਿਆਂ ਨੂੰ ਸਿਮਰਨਾ ਅਤੇ ਅਗਲੀਆਂ ਪੀੜ੍ਹੀਆਂ ਨੂੰ ਉਹਨਾਂ ਦੇ ਉੱਚੇ-ਸੁੱਚੇ ਬੇਦਾਗ਼ ਤੇ ਬੇਗਰਜ਼ ਜੀਵਨ ਤੋਂ ਜਾਣੂ ਕਰਵਾਉਣਾ ਬਹੁਤ ਮਹੱਤਵ ਰਖਦਾ ਹੈ। ਇਸ ਪਰਸੰਗ ਵਿਚ ਮਨਦੀਪ ਅਤੇ ਰਣਦੀਪ ਦੀ ਸੰਪਾਦਿਤ ਪੁਸਤਕ 'ਗ਼ਦਰੀ ਬਾਬਿਆਂ ਦੀਆ ਸੰਖੇਪ ਜੀਵਨੀਆਂ' ਇਕ ਸ਼ਲਾਘਾਯੋਗ ਕਦਮ ਹੈ।




-ਗੁਰਬਚਨ ਸਿੰਘ ਭੁੱਲਰ

# ਅਛੂਤ ਦਾ ਸਵਾਲ : ਭਗਤ ਸਿੰਘ

**(ਕਾਕੀਨਾੜਾ ਵਿਖੇ 1923 ਵਿਚ ਕਾਂਗਰਸ ਦਾ ਅਜਲਾਸ ਹੋਇਆ। ਮੁਹੰਮਦ ਅਲੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ, ਅੱਜਕਲ੍ਹ ਦੀਆਂ ਅਨੁਸੂਚਿਤ ਜਾਤੀਆਂ ਦੇ ਮੈਂਬਰ, ਜਿਹਨਾਂ ਨੂੰ ਉਦੋਂ ਅਛੂਤ ਕਿਹਾ ਜਾਂਦਾ ਸੀ, ਨੂੰ ਹਿੰਦੂ ਤੇ ਮੁਸਲਮਾਨ ਮਿਸ਼ਨਰੀ ਸੰਸਥਾਵਾਂ ਵਿਚ ਵੰਡ ਦੇਣ ਦਾ ਸੁਝਾਅ ਦਿੱਤਾ। ਅਮੀਰ ਮੁਸਲਮਾਨ ਇਸ ਲਈ ਪੈਸੇ ਦੇਣ ਲਈ ਤਿਆਰ ਹੋਏ ਸਨ ਜਿਸ ਨੇ ਅਜਿਹੇ ਸੁਝਾਅ ਨੂੰ ਜਨਮ ਦਿੱਤਾ। ਇਸੇ ਤਰ੍ਹਾਂ ਮਜ਼ਹਬੀ ਤੌਰ 'ਤੇ ਵੰਡ ਨੂੰ ਪੱਕਿਆਂ ਕਰਨ ਲਈ ਬਿਰਲੇ ਨੇ ਵੀ ਹਿੰਦੂ ਅਛੂਤ ਉਦਾਰ ਕਮੇਟੀ ਬਣਾਉਣ ਲਈ ਪੈਸੇ ਦੇਣ ਲਈ ਹੱਥ ਅੱਗੇ ਵਧਾਇਆ।**

**ਇਸ ਤਰ੍ਹਾਂ ਅਛੂਤਾਂ ਦੇ 'ਦੋਸਤ' ਉਹਨਾਂ ਨੂੰ ਧਰਮ ਦੇ ਨਾਂ ਤੇ ਪਾੜਨ ਦੇ ਯਤਨ ਕਰਦੇ ਸਨ। ਅਜਿਹੀ ਬਹਿਸ ਦੇ ਸਮੇਂ ਭਗਤ ਸਿੰਘ ਨੇ ਅਛੂਤ ਦਾ ਸਵਾਲ ? ਨਾਂ ਦਾ ਲੇਖ ਲਿਖਿਆ। ਜੋ ਇਸ ਕਿਰਤੀ ਵਰਗ ਦੀ ਤਾਕਤ ਤੇ ਕਮਜ਼ੋਰੀ ਦਾ ਜਾਇਜ਼ਾ ਲੈ ਕੇ, ਉਹਨਾਂ ਨੂੰ ਤਰੱਕੀ ਕਰਨ ਲਈ ਠੋਸ ਸੁਝਾਅ ਦਿੰਦਾ ਹੈ। ਇਹ ਲੇਖ ਜੂਨ, 1928 ਦੇ 'ਕਿਰਤੀ' 'ਚ 'ਵਿਦਰੋਹੀ' ਦੇ ਕਲਮੀ ਨਾਂ ਹੇਠ ਛਪਿਆ ਸੀ। - ਜਗਮੋਹਨ ਸਿੰਘ)**

ਸਾਡੇ ਮੁਲਕ ਜਿੰਨੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ ਹੋਣੀ। ਇੱਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ। ਇਕ ਬੜਾ ਭਾਰੀ ਸਵਾਲ ਅਛੂਤ ਦਾ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਆਬਾਦੀ ਵਾਲੇ ਮੁਲਕ ਵਿਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਹਨਾਂ ਨਾਲ ਛੂਹ ਲੈਣ ਨਾਲ ਧਰਮ ਭ੍ਰਿਸ਼ਟ ਤੇ ਨਾ ਹੋਵੇਗਾ ? ਕੀ ਉਨ੍ਹਾਂ ਨੂੰ ਮੰਦਰਾਂ ਵਿਚ ਜਾਣ ਦੇਣ ਨਾਲ ਦੇਵਤੇ ਨਰਾਜ਼ ਤੇ ਨਾ ਹੋ ਜਾਣਗੇ ? ਕੀ ਉਨ੍ਹਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਾ ਹੋ ਜਾਵੇਗਾ ? ਇਹ ਸਵਾਲ ਵੀਹਵੀਂ ਸਦੀ ਵਿਚ ਕੀਤੇ ਜਾ ਰਹੇ ਹਨ, ਜਿਹਨਾਂ ਨੂੰ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ।

ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੁਹਾਨੀਅਤ ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਵਾਦੀ ਕਹਾਉਣ ਵਾਲਾ ਯੂਰਪ ਕਈ ਸਦੀਆਂ ਤੋਂ ਇਕਮਈ ਦਾ ਸ਼ੋਰ ਮਚਾ ਰਿਹਾ ਹੈ। ਉਹਨਾਂ ਬਰਾਬਰੀ ਦਾ ਐਲਾਨ ਅਮਰੀਕਾ ਅਤੇ ਫਰਾਂਸ ਦੇ ਇਨਕਲਾਬ ਵਿਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਦਾ ਭਿੰਨ ਭੇਦ ਮਿਟਾਉਣ ਦੀ ਖਾਤਰ ਇਕ ਮਈ ਦੇ ਅਸੂਲ 'ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲੇ ਅੱਜ ਵੀ ਅਸੀਂ ਇਸ ਗੱਲ 'ਤੇ ਜ਼ੋਰ ਨਾਲ ਬਹਿਸ ਕਰਕੇ ਕਿ ਕੀ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸ਼ਾਸਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ। ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿਚ ਸਾਡੇ ਨਾਲ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ, ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ ?

ਸਿੰਧ ਦੇ ਇਕ ਮੁਸਲਮਾਨ ਸੱਜਣ ਮਿ. ਨੂਰ ਮੁਹੰਮਦ ਮੈਂਬਰ ਬੰਬਈ ਕੌਂਸਲ ਨੇ ਇਸ ਮਾਮਲੇ 'ਤੇ 1926 ਵਿਚ ਖੂਬ ਕਿਹਾ ਸੀ–

"If the Hindu Society refuses to allow other human beings, fellow creatures so that to attend public schools, and if.... the President of local board representing so many lakhs of people in this house refuses to allow his fellow and brothers the elementary human right of having water to drink, what right have they to ask for more rights from the bureaucracy? Before we accuse people coming from other lands, we should see how we ourselves bahave toward our own people... How can we ask for greather politicial rights when we ourselves deny elementary rights of human beings."

ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇਕ ਇਨਸਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਹਨਾਂ ਨੂੰ ਮਦਰੱਸੇ ਵਿਚ ਪੜ੍ਹਨ ਵੀ ਨਹੀਂ ਦਿੰਦੇ ਤਾਂ ਤੁਹਾਡਾ ਕੀ ਹੱਕ ਹੈ ਕਿ ਆਪਣੇ ਵਾਸਤੇ ਹੋਰ ਹਕੂਕ ਮੰਗੋ ? ਜਦ ਤੁਸੀਂ ਇਕ ਇਨਸਾਨ ਦੇ ਸਧਾਰਨ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ, ਤਾਂ ਤੁਸੀਂ ਹੋਰ ਪੁਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿੱਥੋਂ ਬਣ ਗਏ ? ਗੱਲ ਬੜੀ ਸੱਚੀ ਹੈ, ਪਰ ਇਹ ਕਿਉਂਕਿ ਇਕ ਮੁਸਲਮਾਨ ਨੇ ਕਹੀ ਹੈ, ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ, ਦੇਖੋ ਜੀ, ਉਹ ਉਹਨਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿਚ ਰਲਾਉਣਾ ਚਾਹੁੰਦੇ ਹਨ। ਉਹਨਾਂ ਤੇ ਸਾਫ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਹਨਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਰਿਆ ਸਮਝੋਗੇ ਤੇ ਉਹ ਜ਼ਰੂਰ ਹੀ ਦੂਜਿਆਂ ਮਜ਼੍ਹਬਾਂ ਵਿਚ ਜਾ ਸ਼ਾਮਲ ਹੋਣਗੇ। ਜਿਹਨਾਂ ਵਿਚ ਕਿ ਉਹਨਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿੱਥੇ ਕਿ ਉਹਨਾਂ ਨਾਲ ਆਦਮੀਆਂ ਵਾਲਾ ਸਲੂਕ ਕੀਤਾ ਜਾਵੇਗਾ। ਫਿਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫਜ਼ੂਲ ਹੋਵੇਗਾ।

ਕਿੱਡੀ ਸੱਚੀ ਗੱਲ ਹੈ ਪਰ ਇਹ ਸੁਣ ਕੇ ਸਾਰੇ ਤੜਪ ਉੱਠਦੇ ਹਨ। ਖੈਰ! ਠੀਕ ਇਸੇ ਗੱਲ ਦਾ ਫਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਿਤ ਵੀ ਕੁਝ ਕੁ ਇਸ ਮਸਲੇ 'ਤੇ ਸੋਚਣ ਲੱਗੇ। ਵਿਚ ਵਿਚ ਬੜੇ "ਯੁੱਗ ਪਲਟਾਊ" ਕਹਾਉਣ ਵਾਲੇ ਵੀ ਸ਼ਾਮਲ ਹੋਏ। ਪਟਨਾ ਹਿੰਦੂ ਮਹਾਂ ਸਭਾ ਹੋਈ। ਲਾਲਾ ਲਾਜਪਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ–ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ ਕਿ ਕੀ ਅਛੂਤਾਂ ਨੂੰ ਯਗੋ–ਪਵੀਤ (ਜਨੇਊ) ਪਾਉਣ ਦਾ ਹੱਕ ਹੈ ? ਤੇ ਕੀ ਉਹਨਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ ? ਬੜੇ ਬੜੇ ਸਮਾਜ ਸੁਧਾਰਕ ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ ਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰਕੇ ਹਿੰਦੂ ਧਰਮ ਦੀ ਲਾਜ ਰੱਖ ਲਈ। ਨਹੀਂ ਤਾਂ ਕਿੱਥੇ ਠਿਕਾਣਾ ਸੀ, ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ, ਫੇਰ ਤਾਂ ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮ ਹੋਰ ਵੀ ਨਾ ਜਾਣੇ ਕੀ ਕੀ ਪਹਿਲੋਂ ਇਕ ਚੂਹੜੇ ਦੇ ਹੱਕੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲਾ ਰੱਬ! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉਥੇ ਅਗਰ ਉਹ ਗਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ ਸਮਾਨਤਾ ਜਾਂ ਬਰਾਬਰੀ ਦੇ ਨਾਂ 'ਤੇ ਝਗੜਦੇ ਚੰਗੇ ਲੱਗਦੇ ਹਾਂ ? ਫਿਰ ਸਾਡੇ ਇਸ ਰਵੱਈਏ ਵਿਚ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ, ਉਹਨਾਂ ਨੂੰ ਹੀ ਅਸੀਂ ਪਰ੍ਹੇ–ਪਰ੍ਹੇ ਕਰਦੇ ਹਾਂ।



ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ ?

ਅੱਜ ਇਸ ਸਵਾਲ 'ਤੇ ਬਹੁਤ ਸ਼ੋਰ ਹੋ ਰਿਹਾ ਹੈ : ਉਹਨਾਂ ਵਿਚਾਰਿਆਂ ਵੱਲ ਅੱਜ–ਕੱਲ੍ਹ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਮੁਲਕ ਵਿਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿਚ ਫਿਰਕਾਵਾਰਾਨਾ ਨਿਆਬੁਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫਾਘਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਬਣਾ ਕੇ ਆਪਣੇ ਬਰਾਬਰ ਦਾ ਇਨਸਾਨ ਬਣਾ ਕੇ ਉਹਨਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜਿੱਦ ਵਧੀ। ਫਸਾਦ ਵੀ ਹੋਏ। ਖੈਰ! ਹੌਲੀ ਹੌਲੀ ਸਿੱਖਾਂ ਵਿਚ ਵੀ ਖਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ। ਉਹਨਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ ਸਿੱਖਾਂ ਵਿਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ 'ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਹਨਾਂ ਨੂੰ ਆਪਣੇ–ਆਪਣੇ ਵੱਲ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ ਸ਼ਰਾਬਾ ਹੈ। ਉਧਰ ਇਸਾਈ ਚੁੱਪ ਚਾਪ ਉਹਨਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲਚਲ ਨਾਲ ਹਿੰਦੋਸਤਾਨ ਦੀ ਲਾਅਨਤ ਦੂਰ ਹੋ ਰਹੀ ਹੈ।

ਇੱਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖਾਤਰ ਇਹਨਾਂ ਵਿਚ ਫਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਆਪਣੀ ਖੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਿਤ ਹੋਈਏ। ਇਸੇ ਖਿਆਲ ਨੂੰ ਸੁਰ ਕਰਨ ਵਿਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਕ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਉਸ ਦ ਪ੍ਰਚਾਰ ਵਿਚ ਸਰਕਾਰੀ ਆਦਮੀਆਂ ਦਾ ਵੀ ਕਾਫ਼ੀ ਹੱਦ ਹੈ ਸੀ। ਆਦਿ ਧਰਮ ਮੰਡਲ ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

ਹੁਣ ਇਕ ਸਵਾਲ ਹੋਰ ਉੱਠਦਾ ਹੈ ਕਿ ਇਸ ਮਸਲੇ ਦਾ ਠੀਕ ਠੀਕ ਹੱਲ ਕੀ ਹੈ ? ਇਸ ਦਾ ਜਵਾਬ ਬੜਾ ਸੈਹਲ ਹੈ। ਸਭ ਤੋਂ ਪਹਿਲੋਂ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ ਅਤੇ ਨਾ ਤੇ ਜਨਮ ਨਾਲ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮਕਾਜ ਨਾਲ। ਯਾਨਿ ਚੂੰਕਿ ਇਕ ਆਦਮੀ ਗਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ ਕਰੇਗਾ ਤੇ ਦੁਨੀਆ ਵਿਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫਜ਼ੂਲ ਹਨ। ਇਹਨਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਨ੍ਹਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫਿਕਰ ਪਿਆ ਕਿ ਇਹ ਬਗਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲਾਸਫ਼ੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ ? ਚੁੱਪ ਕਰਕੇ ਗੁਜ਼ਾਰਾ ਕਰੋ।

ਇਸ ਤਰ੍ਹਾਂ ਉਨ੍ਹਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀਂ ਇਨ੍ਹਾਂ ਨੂੰ ਚਿਰ ਵਾਸਤੇ ਚੁੱਪ ਕਰਾ ਗਏ। ਪਰ ਉਨ੍ਹਾਂ ਬੜਾ ਪਾਪ ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮਵਿਸ਼ਵਾਸ ਅਤੇ ਆਤਮ–ਨਿਰਭਰਤਾ ਦਾ ਭਾਵ ਮਾਰ ਸੁੱਟਿਆ ਬੜਾ ਜ਼ੁਲਮ ਤੇ ਕਹਿਰ ਕਮਾਇਆ। ਖੈਰ ਅੱਜ ਉਸ ਦੇ ਪ੍ਰਾਸ਼ਚਿਤ ਦਾ ਵੇਲਾ ਹੈ। ਇਸ ਦੇ ਨਾਲ ਹੀ ਇਕ ਹੋਰ ਖਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿਚ ਜ਼ਰੂਰੀ ਕੰਮਾਂ ਵਾਸਤੇ ਘ੍ਰਿਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰ੍ਹੇ ਦੁਰਕਾਰ ਦਿੱਤਾ ਤੇ ਅੱਜ ਕੱਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਯੂ. ਪੀ. ਵੱਲ ਕਹਾਰ ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ ਬੜੀ ਖਰਾਬੀ ਪੈਦਾ ਹੋ ਗਈ ਜਿਸ ਨਾਲ ਕਿ ਸਾਡੀ ਤਰੱਕੀ ਵਿਚ ਬੜੀ ਰੁਕਾਵਟ ਪੈਂਦੀ ਹੈ।

ਇਹਨਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਅਗਾਂਹਾਂ ਵਧੀਏ। ਇਹਨਾਂ ਨੂੰ ਅਛੂਤ ਨਾ ਕਹੀਏ ਤੇ ਨਾ ਸਮਝੀਏ। ਬੱਸ ਮੁਆਮਲਾ ਸਾਫ ਹੋ ਜਾਂਦਾ ਹੈ। ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਹਨਾਂ ਭਰਾਵਾਂ ਨੂੰ ਅੱਜ ਤੀਕ ਅਛੂਤ ਅਛੂਤ ਕਿਹਾ ਕਰਦੇ ਸਾਂ, ਉਹਨਾਂ ਕੋਲੋਂ ਆਪਣੇ ਇਸ ਪਾਪ ਵਾਸਤੇ ਖਿਮਾ ਮੰਗਣੀ ਅਤੇ ਉਹਨਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪੋ ਵਿਚ ਖਿੱਚਾ ਧੂਹੀ ਕਰਨੀ ਤੇ ਅਮਲ ਵਿਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ। ਜਦੋਂ ਪਿੰਡਾਂ ਵਿਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ, ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਉਂਦੇ ਸਨ ਕਿ ਦੇਖੋ ਇਹ ਚੂਹੜਿਆਂ ਚੱਪੜਿਆਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਉਂਦੇ ਹਨ। ਬੱਸ ਜੱਟ ਇੰਨੇ ਵਿਚ ਹੀ ਭੂਤ ਪਏ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹਨਾਂ ਦੀ ਹਾਲਤ ਉਨਾ ਚਿਰ ਨਹੀਂ ਸੁਰਦ ਸਕਦੀ, ਜਿੰਨਾ ਚਿਰ ਕਿ ਉਹ ਇਨ੍ਹਾਂ ਗਰੀਬਾਂ ਨੂੰ ਕਮੀਨ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਕਿਹਾ ਜਾਂਦਾ ਹੈ ਕਿ ਉਹ ਸਾਫ ਨਹੀਂ ਰਹਿੰਦੇ ? ਇਸ ਦਾ ਜਵਾਬ ਸਾਫ ਹੈ, ਉਹ ਗਰੀਬ ਹਨ। ਗਰੀਬੀ ਦਾ ਇਲਾਜ ਕਰੋ। ਉੱਚੀਆਂ–ਉੱਚੀਆਂ ਕੁਲਾਂ ਦੇ ਗਰੀਬ ਲੋਕੀਂ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ ਕਰਨ ਨਾਲ ਚੂਹੜੀਆਂ ਤੇ ਅਛੂਤ ਨਹੀਂ ਹੋ ਜਾਂਦੀਆਂ। ਪਰ ਇਹ ਕੰਮ ਉਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਿਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਆਪਣੇ ਆਪ ਨੂੰ ਵੱਖਰਾ ਜਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰਕੇ ਉਹਨਾਂ ਦੇ ਬਰਾਬਰ ਹੱਕ ਹਕੂਕ ਮੰਗਣਾ ਬੜੀ ਆਸ਼ਾ ਜਨਕ ਤਹਿਰੀਕ ਹੈ। ਜਾਂ ਤੇ ਫਿਰਕਾਵਾਰਾਨਾ ਨਿਆਬੁਤ ਦਾ ਟੰਟਾ ਹੀ ਮੁਕਾਓ ਨਹੀਂ ਤੇ ਉਹਨਾਂ ਦੇ ਵੱਖਰੇ ਹਕੂਕ ਉਹਨਾਂ ਨੂੰ ਦੇਵੋ। ਕੌਂਸਲਾਂ ਤੇ ਅਸੈਂਬਲੀਆਂ ਦਾ ਫਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਨ੍ਹਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਹਨਾਂ ਨੂੰ ਖੂਹਾਂ ਤੇ ਚੜ੍ਹਾਉਣ, ਨਾਲ ਲੈ ਜਾ ਕੇ ਉਹਨਾਂ ਦੇ ਮੁੰਡਿਆਂ ਨੂੰ ਮਦਰੱਸਿਆਂ ਵਿਚ ਭਰਤੀ ਕਰਾਉਣ। ਪਰ ਜਿਸ ਲੈਜਿਸਲੈਟਿਵ ਵਿਚ ਛੋਟੀ ਉਮਰ ਦੇ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿਲ ਤੇ ਮਜ਼ਹਬ ਦੇ ਬਹਾਨੇ ਲੈ ਕੇ ਹਾਏ ਤੌਬਾ ਮਚਾ ਦਿੱਤੀ ਜਾਂਦੀ ਹੈ, ਉਥੇ ਅਛੂਤਾਂ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ। ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਉਹਨਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉੱਠੋ ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉੱਠੋ। ਆਪਣਾ ਇਤਿਹਾਸ ਦੇਖੋ। ਗੁਰੂ ਗੋਬਿੰਦ ਸਿੰਘ ਦੀ ਫੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਇਹ ਸਭ ਕੁਝ ਕਰ ਸਕਿਆ, ਜਿਸ ਨਾਲ ਕਿ ਅੱਜ ਉਸ ਦਾ ਨਾਂ ਜਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਸਨ। ਤੁਸੀਂ ਜੋ ਨਿੱਤ ਸੇਵਾ ਕਰਕੇ ਕੌਮ ਦੇ ਸੁਖ ਵਿਚ ਵਾਧਾ ਕਰਕੇ ਅਤੇ ਜ਼ਿੰਦਗੀ ਮੁਮਕਿਨ ਬਣਾ ਕੇ ਇਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕੀਂ ਨਹੀਂ ਸਮਝਦੇ। (ਲੈਂਡ ਐਲੀਨੇਸ਼ਨ ਐਕਟ) ਇੰਤਕਾਲੇ ਅਰਾਜ਼ੀ ਐਕਟ ਦੇ ਮੁਤਾਬਕ ਤੁਸੀਂ ਪੈਸੇ ਇਕੱਠੇ ਕਰਕੇ ਵੀ ਜ਼ਮੀਨ ਨਹੀਂ ਖਰੀਦ ਸਕਦੇ। ਤੁਹਾਡੇ 'ਤੇ ਇੰਨਾ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ (less than men) ਮਨੁੱਖਾਂ ਨਾਲੋਂ ਬਹੁਤ ਹੇਠਾਂ ਕਹਿੰਦੀ ਹੈ। ਉੱਠੋ ਆਪਣੀ ਤਾਕਤ ਪਛਾਣੋ। ਜਥੇਬੰਦ ਹੋ ਜਾਓ। ਅਸਲ ਵਿਚ ਤੇ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ। (Those who would be free must themselves stike the blow) ਆਜ਼ਾਦੀ ਦੀ ਖਾਤਰ ਆਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦੀ ਹੌਲੀ–ਹੌਲੀ ਕੁਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਹਨਾਂ 'ਤੇ ਉਸ ਦਾ ਆਪਣਾ ਦਬਦਬਾ ਹੋਵੇ, ਉਨ੍ਹਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫਿਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ। ਪਰ ਖਿਆਲ ਰੱਖਣਾ, ਨੌਕਰਸ਼ਾਹੀ ਦੇ ਝਾਂਸੇ ਵਿਚ ਵੀ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ। ਬਲਕਿ ਤੁਹਾਨੂੰ ਆਪਣਾ ਟੂਲ ਬਣਾਉਣਾ ਚਾਹੁੰਦੀ ਹੈ। ਇਹ ਸਰਮਾਏਦਾਰ ਨੌਕਰਸ਼ਾਹੀ ਤੁਹਾਡੀ ਗੁਲਾਮੀ ਤੇ ਗਰੀਬੀ ਦਾ ਮੁੱਖ ਕਾਰਨ ਹੈ। ਇਸੇ ਕਰਕੇ ਉਸ ਨਾਲ ਤੁਸੀਂ ਨਾ ਮਿਲਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬੱਸ ਫਿਰ ਸਾਰਾ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉੱਠੋ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜ੍ਹੀ ਕਰ ਦਿਓ। ਹੌਲੀ–ਹੌਲੀ ਸੁਧਾਰ ਤੇ ਰਿਫਾਰਮ ਨਾਲ ਕੁਝ ਨਹੀਂ ਬਣ ਸਕਦਾ। ਸਮਾਜਿਕ ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਪੁਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਵੋ। ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ, ਉੱਠੋ ਸੁੱਤੇ ਹੋਏ ਸ਼ੇਰੋ, ਵਿਦਰੋਹੀਓ ਵਿਪੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ।

**-ਵਿਦਰੋਹੀ**

# ਗੌਰੀ ਲੰਕੇਸ਼ ਪੱਤ੍ਰਿਕਾ ਦਾ ਨਾਮ ਹੈ

## 16 ਪੰਨਿਆਂ ਦੀ ਇਹ ਪੱਤ੍ਰਿਕਾ ਹਰ ਹਫ਼ਤੇ ਨਿਕਲਦੀ ਹੈ

-ਬੂਟਾ ਸਿੰਘ ਨਵਾਂਸ਼ਹਿਰ
94634-74342

ਗੌਰੀ ਲੰਕੇਸ਼ ਪੱਤ੍ਰਿਕਾ ਦਾ ਨਾਮ ਹੈ। 16 ਪੰਨਿਆਂ ਦੀ ਇਹ ਪੱਤ੍ਰਿਕਾ ਹਰ ਹਫ਼ਤੇ ਨਿਕਲਦੀ ਹੈ। 15 ਰੁਪਏ ਮੁੱਲ ਹੁੰਦਾ ਹੈ। 13 ਸਤੰਬਰ ਦਾ ਅੰਕ ਆਖ਼ਰੀ ਸੀ ਜੋ ਗੌਰੀ ਲੰਕੇਸ਼ ਨੇ ਸੰਪਾਦਤ ਕੀਤਾ ਅਤੇ ਇਸ ਲਈ ਲਿਖੀ ਉਨ੍ਹਾਂ ਦੀ ਸੰਪਾਦਕੀ ਆਖ਼ਿਰੀ ਸਾਬਤ ਹੋਈ। ਮਸ਼ਹੂਰ ਪੱਤਰਕਾਰ ਰਵੀਸ਼ ਕੁਮਾਰ ਜੀ ਨੇ ਆਪਣੇ ਕਿਸੇ ਮਿੱਤਰ ਦੀ ਮਦਦ ਨਾਲ ਉਨ੍ਹਾਂ ਦੇ ਇਸ ਆਖ਼ਿਰੀ ਸੰਪਾਦਕੀ ਦਾ ਹਿੰਦੀ ਵਿਚ ਅਨੁਵਾਦ ਕਰਵਾਇਆ। ਰਵੀਸ਼ ਕੁਮਾਰ ਜੀ ਦੀ ਬਦੌਲਤ ਇਹ ਉਨ੍ਹਾਂ ਪਾਠਕਾਂ ਲਈ ਪੜ੍ਹਨਾ ਸੰਭਵ ਹੋਇਆ ਜਿਹੜੇ ਕੰਨੜ ਨਹੀਂ ਪੜ੍ਹ ਸਕਦੇ। ਅਸੀਂ ਅਦਾਰਾ ਦੋ-ਮਾਸਿਕ ਲੋਕ ਕਾਫ਼ਲਾ ਨੇ ਇਸ ਨੂੰ ਪੰਜਾਬੀ ਪਾਠਕਾਂ ਲਈ ਅਨੁਵਾਦ ਕੀਤਾ ਹੈ। ਇਸ ਨੂੰ ਪੜ੍ਹਕੇ ਪਤਾ ਲਗਦਾ ਹੈ ਕਿ ਕੰਨੜ ਵਿਚ ਲਿਖਣ ਵਾਲੀ ਇਸ ਦਲੇਰ ਪੱਤਰਕਾਰ ਦੀ ਲੇਖਣੀ ਕਿਹੋ ਜਹੀ ਸੀ, ਉਸਦੀ ਧਾਰ ਕਿਹੋ ਜਹੀ ਸੀ। ਹਰ ਅੰਕ ਵਿਚ ਗੌਰੀ 'ਕੰਡਾ ਹਾਗੇ' ਨਾਂ ਨਾਲ ਕਾਲਮ ਲਿਖਦੀ ਸੀ। ਕੰਡਾ ਹਾਗੇ ਦਾ ਭਾਵ ਹੁੰਦਾ ਹੈ ਜਿਵੇਂ ਮੈਂ ਦੇਖਿਆ। ਉਨ੍ਹਾਂ ਦਾ ਸੰਪਾਦਕੀ ਪੱਤ੍ਰਿਕਾ ਦੇ ਤੀਸਰੇ ਪੰਨੇ ਉੱਪਰ ਛਪਦਾ ਸੀ। ਇਸ ਵਾਰ ਦਾ ਸੰਪਾਦਕੀ ਫੇਕ ਨਿਊਜ਼ ਉੱਪਰ ਸੀ ਅਤੇ ਉਸਦਾ ਸਿਰਲੇਖ ਸੀ- 'ਫੇਕ ਨਿਊਜ਼ ਦੇ ਜ਼ਮਾਨੇ ਵਿਚ'। ਇਹ ਸੰਪਾਦਕੀ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ - ਅਦਾਰਾ ਲੋਕ ਕਾਫ਼ਲਾ]

'ਫੇਕ ਨਿਊਜ਼ ਦੇ ਜ਼ਮਾਨੇ ਵਿਚ

ਇਸ ਹਫ਼ਤੇ ਦੇ ਅੰਕ ਵਿਚ ਮੇਰੇ ਦੋਸਤ ਡਾ. ਵਾਸੂ ਨੇ ਗੋਇਬਲਜ਼ ਦੀ ਤਰ੍ਹਾਂ ਇੰਡੀਆ ਵਿਚ ਫੇਕ ਨਿਊਜ਼ ਬਣਾਉਣ ਦੀ ਫੈਕਟਰੀ ਦੇ ਬਾਰੇ ਵਿਚ ਲਿਖਿਆ ਹੈ। ਝੂਠ ਦੀਆਂ ਐਸੀਆਂ ਫੈਕਟਰੀਆਂ ਜ਼ਿਆਦਾਤਰ ਮੋਦੀ ਭਗਤ ਹੀ ਚਲਾਉਂਦੇ ਹਨ। ਝੂਠ ਦੀ ਫੈਕਟਰੀ ਨਾਲ ਜੋ ਨੁਕਸਾਨ ਹੋ ਰਿਹਾ ਹੈ ਮੈਂ ਉਸਦੇ ਬਾਰੇ ਵਿਚ ਆਪਣੇ ਸੰਪਾਦਕੀ ਵਿਚ ਦੱਸਣ ਦਾ ਯਤਨ ਕਰਾਂਗੀ। ਅਜੇ ਪਰਸੋਂ ਹੀ ਗਣੇਸ਼ ਚਤੁਰਥੀ ਸੀ। ਉਸ ਦਿਨ ਸੋਸ਼ਲ ਮੀਡੀਆ ਵਿਚ ਇਕ ਝੂਠ ਫੈਲਾਇਆ ਗਿਆ। ਫੈਲਾਉਣ ਵਾਲੇ ਸੰਘ ਦੇ ਲੋਕ ਸਨ। ਇਹ ਝੂਠ ਕੀ ਸੀ? ਝੂਠ ਇਹ ਹੈ ਕਿ ਕਰਨਾਟਕਾ ਸਰਕਾਰ ਜਿਥੇ ਕਹੇਗੀ ਗਣੇਸ਼ ਜੀ ਦੀ ਮੂਰਤੀ ਉੱਥੇ ਸਥਾਪਤ ਕਰਨੀ ਹੈ, ਉਸ ਤੋਂ ਪਹਿਲਾਂ ਦਸ ਲੱਖ ਡਿਪਾਜ਼ਿਟ ਕਰਨਾ ਹੋਵੇਗਾ, ਮੂਰਤੀ ਦੀ ਉਚਾਈ ਕਿੰਨੀ ਹੋਵੇਗੀ, ਇਸਦੇ ਲਈ ਸਰਕਾਰ ਤੋਂ ਮਨਜ਼ੂਰੀ ਲੈਣੀ ਪਵੇਗੀ, ਦੂਸਰੇ ਧਰਮ ਦੇ ਲੋਕ ਜਿਥੇ ਰਹਿੰਦੇ ਹਨ ਉਨ੍ਹਾਂ ਰਸਤਿਆਂ ਤੋਂ ਜਲ-ਪ੍ਰਵਾਹ ਕਰਨ ਦੇ ਲਈ ਨਹੀਂ ਲਿਜਾ ਸਕਦੇ। ਪਟਾਕੇ ਵਗੈਰਾ ਨਹੀਂ ਚਲਾ ਸਕਦੇ। ਸੰਘ ਦੇ ਲੋਕਾਂ ਨੇ ਇਸ ਝੂਠ ਨੂੰ ਖ਼ੂਬ ਫੈਲਾਇਆ। ਇਹ ਝੂਠ ਐਨਾ ਜ਼ੋਰ ਨਾਲ ਫੈਲ ਗਿਆ ਕਿ ਅੰਤ ਵਿਚ ਕਰਨਾਟਕਾ ਦੇ ਪੁਲਿਸ ਮੁਖੀ ਆਰ. ਕੇ. ਦੱਤਾ ਨੂੰ ਪ੍ਰੈੱਸ ਕਾਨਫਰੰਸ ਸੱਦਣੀ ਪਈ ਅਤੇ ਸਫ਼ਾਈ ਦੇਣੀ ਪਈ ਕਿ ਸਰਕਾਰ ਨੇ ਐਸਾ ਕੋਈ ਨਿਯਮ ਨਹੀਂ ਬਣਾਇਆ ਹੈ। ਇਹ ਸਭ ਝੂਠ ਹੈ।

ਜਦੋਂ ਅਸੀਂ ਇਸ ਝੂਠ ਦਾ ਸੋਰਸ ਪਤਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਜਾ ਪਹੁੰਚਿਆ। ਨਾਮ ਦੀ ਵੈੱਬਸਾਈਟ ਉੱਪਰ। ਇਹ ਵੈੱਬਸਾਈਟ ਪੱਕੇ ਹਿੰਦੂਤਵਵਾਦੀਆਂ ਦੀ ਹੈ। ਇਸਦਾ ਕੰਮ ਆਏ ਦਿਨ ਫੇਕ ਨਿਊਜ਼ ਬਣਾ ਬਣਾਕੇ ਸੋਸ਼ਲ ਮੀਡੀਆ ਵਿਚ ਫੈਲਾਉਣਾ ਹੈ। 11 ਅਗਸਤ ਨੂੰ ਇਕ ਹੈਡਿੰਗ ਲਗਾਇਆ ਗਿਆ। ਕਰਨਾਟਕ ਵਿਚ ਤਾਲਿਬਾਨ ਸਰਕਾਰ। ਇਸ ਹੈਡਿੰਗ ਦੇ ਸਹਾਰੇ ਪੂਰੇ ਰਾਜ ਵਿਚ ਝੂਠ ਫੈਲਾਉਣ ਦੀ ਕੋਸ਼ਿਸ ਹੋਈ। ਸੰਘ ਦੇ ਲੋਕ ਇਸ ਵਿਚ ਕਾਮਯਾਬ ਵੀ ਹੋਏ। ਜੋ ਲੋਕ ਕਿਸੇ ਨਾ ਕਿਸੇ ਵਜ੍ਹਾ ਨਾਲ ਸਿਦਾਰਮੱਈਆ ਸਰਕਾਰ ਤੋਂ ਨਾਰਾਜ਼ ਰਹਿੰਦੇ ਹਨ ਉਨ੍ਹਾਂ ਲੋਕਾਂ ਨੇ ਇਸ ਫੇਕ ਨਿਊਜ਼ ਨੂੰ ਆਪਣਾ ਹਥਿਆਰ ਬਣਾ ਲਿਆ। ਸਭ ਤੋਂ ਹੈਰਾਨੀ ਅਤੇ ਅਫ਼ਸੋਸ ਦੀ ਗੱਲ ਹੈ ਕਿ ਲੋਕਾਂ ਨੇ ਵੀ ਬਗ਼ੈਰ ਸੋਚੇ ਸਮਝੇ ਇਸ ਨੂੰ ਸਹੀ ਮੰਨ ਲਿਆ। ਆਪਣੇ ਕਾਨ, ਨੱਕ ਅਤੇ ਦਿਮਾਗ ਦਾ ਇਸਤੇਮਾਲ ਨਹੀਂ ਕੀਤਾ।



ਪਿਛਲੇ ਹਫ਼ਤੇ ਜਦੋਂ ਕੋਰਟ ਨੇ ਰਾਮ ਰਹੀਮ ਨਾਮ ਦੇ ਇਕ ਢੌਂਗੀ ਬਾਬੇ ਨੂੰ ਬਲਾਤਕਾਰ ਦੇ ਮਾਮਲੇ ਵਿਚ ਸਜ਼ਾ ਸੁਣਾਈ ਤਾਂ ਉਸਦੇ ਨਾਲ ਬੀਜੇਪੀ ਦੇ ਆਗੂਆਂ ਦੀਆਂ ਕਈ ਤਸਵੀਰਾਂ ਸੋਸ਼ਲ ਮੀਡੀਆ ਵਿਚ ਵਾਇਰਲ ਹੋਣ ਲੱਗੀਆਂ। ਇਸ ਢੌਂਗੀ ਬਾਬਾ ਦੇ ਨਾਲ ਮੋਦੀ ਦੇ ਨਾਲ-ਨਾਲ ਹਰਿਆਣਾ ਦੇ ਬੀਜੇਪੀ ਵਿਧਾਇਕਾਂ ਦੀਆਂ ਫ਼ੋਟੋ ਅਤੇ ਵੀਡੀਓ ਵਾਇਰਲ ਹੋਣ ਲੱਗੀਆਂ। ਇਸ ਨਾਲ ਬੀਜੇਪੀ ਅਤੇ ਸੰਘ ਪਰਿਵਾਰ ਪ੍ਰੇਸ਼ਾਨ ਹੋ ਗਏ। ਇਸ ਨੂੰ ਕਾਊਂਟਰ ਕਰਨ ਲਈ ਗੁਰਮੀਤ ਬਾਬਾ ਦੇ ਬਗਲ ਵਿਚ ਕੇਰਲਾ ਦੇ ਸੀਪੀਐੱਮ ਦੇ ਮੁੱਖ ਮੰਤਰੀ ਪਿਨਰਾਈ ਵਿਜੇਅਨ ਦੇ ਬੈਠੇ ਹੋਣ ਦੀ ਤਸਵੀਰ ਵਾਇਰਲ ਕਰਵਾ ਦਿੱਤੀ ਗਈ। ਇਹ ਤਸਵੀਰ ਫ਼ੋਟੋਸ਼ਾਪ ਕੀਤੀ ਹੋਈ ਸੀ। ਅਸਲੀ ਤਸਵੀਰ ਵਿਚ ਕਾਂਗਰਸ ਦੇ ਆਗੂ ਓਮਨ ਚਾਂਡੀ ਬੈਠੇ ਹਨ ਲੇਕਿਨ ਉਨ੍ਹਾਂ ਦੇ ਧੜ ਉੱਪਰ ਵਿਜੇਅਨ ਦਾ ਸਿਰ ਲਗਾ ਦਿੱਤਾ ਗਿਆ ਅਤੇ ਸੰਘ ਦੇ ਲੋਕਾਂ ਨੇ ਇਸ ਨੂੰ ਸੋਸ਼ਲ ਮੀਡੀਆ ਵਿਚ ਫੈਲਾ ਦਿੱਤਾ। ਸ਼ੁਕਰ ਹੈ ਸੰਘ ਦਾ ਇਹ ਤਰੀਕਾ ਕਾਮਯਾਬ ਨਹੀਂ ਹੋਇਆ ਕਿਉਂਕਿ ਕੁਝ ਲੋਕ ਤੁਰੰਤ ਹੀ ਇਸਦਾ ਅਸਲੀ ਫ਼ੋਟੋ ਕੱਢ ਲਿਆਏ ਅਤੇ ਸੋਸ਼ਲ ਮੀਡੀਆ ਵਿਚ ਸਚਾਈ ਪੇਸ਼ ਕਰ ਦਿੱਤੀ।

ਐਕਚੂਅਲੀ ਪਿਛਲੇ ਸਾਲ ਤਕ ਰਾਸ਼ਟਰੀ ਸੋਇਮਸੇਵਕ ਸੰਘ ਦੇ ਫ਼ੇਕ ਨਿਊਜ਼ ਪ੍ਰਾਪੇਗੰਡਾ ਨੂੰ ਰੋਕਣ ਜਾਂ ਸਾਹਮਣੇ ਲਿਆਉਣ ਵਾਲਾ ਕੋਈ ਨਹੀਂ ਸੀ। ਹੁਣ ਬਹੁਤ ਸਾਰੇ ਲੋਕ ਇਸ ਤਰ੍ਹਾਂ ਦੇ ਕੰਮ ਵਿਚ ਜੁੱਟ ਗਏ ਹਨ, ਜੋ ਕਿ ਚੰਗੀ ਗੱਲ ਹੈ। ਪਹਿਲਾਂ ਇਸ ਤਰ੍ਹਾਂ ਦੀਆਂ ਫ਼ੇਕ ਨਿਊਜ਼ ਹੀ ਚਲਦੀਆਂ ਰਹਿੰਦੀਆਂ ਸਨ ਲੇਕਿਨ ਹੁਣ ਫ਼ੇਕ ਨਿਊਜ਼ ਦੇ ਨਾਲ-ਨਾਲ ਅਸਲੀ ਨਿਊਜ ਵੀ ਆਉਣੀ ਸ਼ੁਰੂ ਹੋ ਗਈ ਹੈ ਅਤੇ ਲੋਕ ਪੜ੍ਹ ਵੀ ਰਹੇ ਹਨ।

ਮਿਸਾਲ ਦੇ ਲਈ 15 ਅਗਸਤ ਦੇ ਦਿਨ ਜਦੋਂ ਲਾਲ ਕਿਲੇ ਤੋਂ ਪ੍ਰਧਾਨ ਮੰਤਰੀ ਮੋਦੀ ਨੇ ਭਾਸ਼ਣ ਦਿੱਤਾ ਤਾਂ ਉਸਦਾ ਇਕ ਵਿਸ਼ਲੇਸ਼ਣ 17 ਅਗਸਤ ਨੂੰ ਖ਼ੂਬ ਵਾਇਰਲ ਹੋਇਆ। ਧਰੁਵ ਰਾਠੀ ਨੇ ਉਸਦਾ ਵਿਸ਼ਲੇਸ਼ਣ ਕੀਤਾ ਸੀ। ਧਰੁਵ ਰਾਠੀ ਦੇਖਣ ਵਿਚ ਕਾਲਜ ਦੇ ਮੁੰਡੇ ਵਰਗਾ ਹੈ ਲੇਕਿਨ ਉਹ ਪਿਛਲੇ ਕਈ ਮਹੀਨਿਆਂ ਤੋਂ ਮੋਦੀ ਦੇ ਝੂਠ ਦੀ ਪੋਲ ਸੋਸ਼ਲ ਮੀਡੀਆ ਵਿਚ ਖੋਲ੍ਹ ਦਿੰਦਾ ਹੈ। ਪਹਿਲਾਂ ਇਹ ਵੀਡੀਓ ਸਾਡੇ ਵਰਗੇ ਲੋਕਾਂ ਨੂੰ ਹੀ ਦਿਸ ਰਿਹਾ ਸੀ, ਆਮ ਆਦਮੀ ਤਕ ਨਹੀਂ ਪਹੁੰਚ ਰਿਹਾ ਸੀ ਲੇਕਿਨ 17 ਅਗਸਤ ਦਾ ਵੀਡੀਓ ਇਕ ਦਿਨ ਵਿਚ ਇਕ ਲੱਖ ਤੋਂ ਜ਼ਿਆਦਾ ਲੋਕਾਂ ਤਕ ਪਹੁੰਚ ਗਿਆ। (ਗੌਰੀ ਲੰਕੇਸ਼ ਅਕਸਰ ਮੋਦੀ ਨੂੰ ਬੂਸੀ ਬਸੀਆ ਲਿਖਿਆ ਕਰਦੀ ਸੀ ਜਿਸਦਾ ਭਾਵ ਹੈ ਜਦੋਂ ਵੀ ਮੂੰਹ ਖੋਲੇਗਾ ਝੂਠ ਹੀ ਬੋਲੇਗਾ)। ਧਰੁਵ ਰਾਠੀ ਨੇ ਦੱਸਿਆ ਕਿ 'ਬੂਸੀ ਬਸੀਆ' ਦੀ ਸਰਕਾਰ ਨੇ ਰਾਜ ਸਭਾ ਵਿਚ ਮਹੀਨਾ ਪਹਿਲਾਂ ਕਿਹਾ ਕਿ 33 ਲੱਖ ਨਵੇਂ ਕਰ ਦਾਤਾ ਆਏ ਹਨ। ਉਸ ਤੋਂ ਪਹਿਲਾਂ ਵਿੱਤ ਮੰਤਰੀ ਜੇਟਲੀ ਨੇ 91 ਲੱਖ ਨਵੇਂ ਕਰ ਦਾਤਾਵਾਂ ਦੇ ਜੁੜਨ ਦੀ ਗੱਲ ਕਹੀ ਸੀ। ਅੰਤ ਵਿਚ ਆਰਥਕ ਸਰਵੇ ਵਿਚ ਕਿਹਾ ਗਿਆ ਕਿ ਸਿਰਫ਼ 5 ਲੱਖ 40 ਹਜ਼ਾਰ ਨਵੇਂ ਕਰ ਦਾਤਾ ਜੁੜੇ ਹਨ। ਤਾਂ ਇਸ ਵਿਚ ਕਿਹੜੀ ਗੱਲ ਸੱਚ ਹੈ, ਇਹੀ ਸਵਾਲ ਧਰੁਵ ਰਾਠੀ ਨੇ ਆਪਣੇ ਵੀਡੀਓ ਵਿਚ ਉਠਾਇਆ ਹੈ।

ਅੱਜ ਦਾ ਮੇਨਸਟਰੀਮ ਮੀਡੀਆ ਕੇਂਦਰ ਸਰਕਾਰ ਅਤੇ ਬੀਜੇਪੀ ਦੇ ਦਿੱਤੇ ਅੰਕੜਿਆਂ ਨੂੰ ਹੂ ਬ ਹੂ ਵੇਦ ਦੇ ਸ਼ਲੋਕਾਂ ਦੀ ਤਰ੍ਹਾਂ ਫੈਲਾਉਂਦਾ ਰਹਿੰਦਾ ਹੈ। ਮੇਨਸਟਰੀਮ ਮੀਡੀਆ ਦੇ ਲਈ ਸਰਕਾਰ ਦਾ ਬੋਲਿਆ ਵੇਦ ਸ਼ਲੋਕ ਬਣ ਗਿਆ ਹੈ। ਉਸ ਵਿਚ ਵੀ ਜੋ ਟੀ ਵੀ ਚੈਨਲ ਹਨ, ਉਹ ਇਸ ਕੰਮ ਵਿਚ ਦਸ ਕਦਮ ਅੱਗੇ ਹਨ। ਮਿਸਾਲ ਵਜੋਂ, ਜਦੋਂ ਰਾਮਨਾਥ ਕੋਵਿੰਦ ਨੇ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕੀ ਤਾਂ ਉਸ ਦਿਨ ਬਹੁਤ ਸਾਰੇ ਅੰਗਰੇਜ਼ੀ ਟੀਵੀ ਚੈਨਲਾਂ ਨੇ ਖ਼ਬਰ ਚਲਾਈ ਕਿ ਸਿਰਫ਼ ਇਕ ਘੰਟੇ ਵਿਚ ਟਵਿੱਟਰ ਉੱਪਰ ਰਾਸ਼ਟਰਪਤੀ ਕੋਵਿੰਦ ਦੇ ਫੌਲੋਅਰ ਦੀ ਗਿਣਤੀ 30 ਲੱਖ ਹੋ ਗਈ ਹੈ। ਉਹ ਚੀਕਦੇ ਰਹੇ ਕਿ 30 ਲੱਖ ਵਧ ਗਿਆ ਹੈ, 30 ਲੱਖ ਵਧ ਗਿਆ। ਉਨ੍ਹਾਂ ਦਾ ਮਕਸਦ ਇਹ ਦੱਸਣਾ ਸੀ ਕਿ ਕਿੰਨੇ ਲੋਕ ਕੋਵਿੰਦ ਦੀ ਸੁਪਰੋਟ ਕਰ ਰਹੇ ਹਨ। ਬਹੁਤ ਸਾਰੇ ਟੀ ਵੀ ਚੈਨਲ ਅੱਜ ਰਾਸ਼ਟਰੀ ਸੋਇਮਸੇਵਕ ਸੰਘ ਦੀ ਟੀਮ ਦੀ ਤਰ੍ਹਾਂ ਬਣ ਗਏ ਹਨ। ਸੰਘ ਦਾ ਹੀ ਕੰਮ ਕਰਦੇ ਹਨ। ਜਦੋਂਕਿ ਸੱਚ ਇਹ ਸੀ ਕਿ ਉਸ ਦਿਨ ਰਾਸ਼ਟਰਪਤੀ ਪ੍ਰਣਵ ਮੁਖਰਜੀ ਦਾ ਸਰਕਾਰੀ ਅਕਾਊਂਟ ਨਵੇਂ ਰਾਸ਼ਟਰਪਤੀ ਦੇ ਨਾਮ ਹੋ ਗਿਆ। ਜਦੋਂ ਇਹ ਬਦਲਾਓ ਹੋਇਆ ਤਾਂ ਰਾਸ਼ਟਰਪਤੀ ਭਵਨ ਦੇ ਫੌਲੋਅਰ ਹੁਣ ਕੋਵਿੰਦ ਦੇ ਫੌਲੋਅਰ ਹੋ ਗਏ। ਇਸ ਵਿਚ ਇਕ ਗੱਲ ਹੋਰ ਵੀ ਗ਼ੌਰ ਕਰਨ ਵਾਲੀ ਹੈ ਕਿ ਪ੍ਰਣਵ ਮੁਖਰਜੀ ਨੂੰ ਵੀ ਤੀਹ ਲੱਖ ਤੋਂ ਜ਼ਿਆਦਾ ਲੋਕ ਟਵਿੱਟਰ ਉੱਪਰ ਫੌਲੋ ਕਰਦੇ ਸਨ।

ਅੱਜ ਸੋਇਮਸੇਵਕ ਸੰਘ ਦੇ ਇਸ ਤਰ੍ਹਾਂ ਦੇ ਫੈਲਾਏ ਗਏ ਫ਼ੇਕ ਨਿਊਜ਼ ਦੀ ਸਚਾਈ ਸਾਹਮਣੇ ਲਿਆਉਣ ਲਈ ਬਹੁਤ ਸਾਰੇ ਲੋਕ ਸਾਹਮਣੇ ਆ ਚੁੱਕੇ ਹਨ। ਧਰੁਵ ਰਾਠੀ ਵੀਡੀਓ ਦੇ ਮਾਧਿਅਮ ਨਾਲ ਇਹ ਕੰਮ ਕਰ ਰਹੇ ਹਨ। ਪ੍ਰਤੀਕ . ਨਾਮ ਦੀ ਵੈੱਬਸਾਈਟ ਦੁਆਰਾ ਇਹ ਕੰਮ ਕਰ ਰਹੇ ਹਨ। ਹੋਕਸ ਸਲੇਅਰ, ਬੂਮ ਐਂਡ ਫੈਕਟ ਚੈੱਕ ਨਾਮ ਦੀਆਂ ਵੈੱਬਸਾਈਟ ਵੀ ਇਹੀ ਕੰਮ ਕਰ ਰਹੀਆਂ ਹਨ। ਨਾਲ ਦੀ ਨਾਲ ., ., ., . ਵਰਗੀਆਂ ਵੈੱਬਸਾਈਟ ਵੀ ਸਰਗਰਮ ਹਨ। ਮੈਂ ਜਿਨ੍ਹਾਂ ਲੋਕਾਂ ਦੇ ਨਾਂ ਦੱਸੇ ਹਨ, ਉਨ੍ਹਾਂ ਸਾਰਿਆਂ ਨੇ ਹਾਲ ਹੀ ਵਿਚ ਕਈ ਫ਼ੇਕ ਨਿਊਜ਼ ਦੀ ਸਚਾਈ ਉਜਾਗਰ ਕੀਤੀ ਹੈ। ਇਨ੍ਹਾਂ ਦੇ ਕੰਮ ਨਾਲ ਸੰਘ ਦੇ ਲੋਕ ਕਾਫ਼ੀ ਪ੍ਰੇਸ਼ਾਨ ਹੋ ਗਏ ਹਨ। ਇਸ ਵਿਚ ਹੋਰ ਵੀ ਮਹੱਤਵ ਦੀ ਗੱਲ ਇਹ ਹੈ ਕਿ ਇਹ ਲੋਕ ਪੈਸੇ ਦੇ ਲਈ ਕੰਮ ਨਹੀਂ ਕਰ ਰਹੇ ਹਨ। ਇਨ੍ਹਾਂ ਦਾ ਇਕ ਹੀ ਮਕਸਦ ਹੈ ਕਿ ਫਾਸ਼ਿਸਟ ਲੋਕਾਂ ਦੇ ਝੂਠ ਦੀ ਫੈਕਟਰੀ ਨੂੰ ਲੋਕਾਂ ਦੇ ਸਾਹਮਣੇ ਲਿਆਉਣਾ।

ਕੁਝ ਹਫ਼ਤੇ ਪਹਿਲਾਂ ਬੰਗਲੁਰੂ ਵਿਚ ਜ਼ੋਰਦਾਰ ਬਾਰਿਸ਼ ਹੋਈ। ਉਸ ਵਕਤ ਉੱਪਰ ਸੰਘ ਦੇ ਲੋਕਾਂ ਨੇ ਇਕ ਫ਼ੋਟੋ ਵਾਇਰਲ ਕੀਤਾ। ਕੈਪਸ਼ਨ ਵਿਚ ਲਿਖਿਆ ਸੀ ਕਿ ਨਾਸਾ ਨੇ ਮੰਗਲ ਗ੍ਰਹਿ ਉੱਪਰ ਲੋਕਾਂ ਦੇ ਘੁੰਮਦੇ ਹੋਣ ਦਾ ਫ਼ੋਟੋ ਜਾਰੀ ਕੀਤਾ ਹੈ। ਬੰਗਲੁਰੂ ਨਗਰਪਾਲਿਕਾ ਬੀਬੀਐੱਮਸੀ ਨੇ ਬਿਆਨ ਦਿੱਤਾ ਕਿ ਇਹ ਮੰਗਲ ਗ੍ਰਹਿ ਦਾ ਫ਼ੋਟੋ ਨਹੀਂ ਹੈ। ਸੰਘ ਦਾ ਮਕਸਦ ਸੀ, ਮੰਗਲ ਗ੍ਰਹਿ ਦਾ ਦੱਸਕੇ ਬੰਗਲੁਰੂ ਦਾ ਮਜ਼ਾਕ ਉਡਾਉਣਾ। ਜਿਸ ਤੋਂ ਲੋਕ ਇਹ ਸਮਝਣ ਕਿ ਬੰਗਲੁਰੂ ਵਿਚ ਸਿਦਾਰਮੱਈਆ ਦੀ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ, ਇੱਥੋਂ ਦੇ ਰਸਤੇ ਖ਼ਰਾਬ ਹੋ ਗਏ ਹਨ, ਇਸ ਦੇ ਪ੍ਰਾਪੇਗੰਡਾ ਕਰਕੇ ਝੂਠੀ ਖ਼ਬਰ ਫੈਲਾਉਣਾ ਸੰਘ ਦਾ ਮਕਸਦ ਸੀ। ਲੇਕਿਨ ਇਹ ਉਨ੍ਹਾਂ ਨੂੰ ਮਹਿੰਗਾ ਪਿਆ ਸੀ ਕਿਉਂਕਿ ਫ਼ੋਟੋ ਬੰਗਲੁਰੂ ਦੀ ਨਹੀਂ, ਮਹਾਰਾਸ਼ਟਰ ਦੀ ਸੀ, ਜਿਥੇ ਭਾਜਪਾ ਦੀ ਸਰਕਾਰ ਹੈ।

ਹਾਲ ਹੀ ਵਿਚ ਪੱਛਮੀ ਬੰਗਾਲ ਵਿਚ ਜਦੋਂ ਦੰਗੇ ਹੋਏ ਤਾਂ ਆਰ ਐੱਸ ਐੱਸ. ਦੇ ਲੋਕਾਂ ਨੇ ਦੋ ਪੋਸਟਰ ਜਾਰੀ ਕੀਤੇ। ਇਕ ਪੋਸਟਰ ਦਾ ਕੈਪਸ਼ਨ ਸੀ, ਬੰਗਾਲ ਜਲ ਰਿਹਾ ਹੈ, ਉਸ ਵਿਚ ਪ੍ਰਾਪਰਟੀ ਦੇ ਸੜਨ ਦੀ ਤਸਵੀਰ ਸੀ। ਦੂਸਰੇ ਫ਼ੋਟੋ ਵਿਚ ਇਕ ਔਰਤ ਦਾ ਸਾੜ੍ਹੀ ਖਿੱਚੀ ਜਾ ਰਹੀ ਸੀ ਅਤੇ ਕੈਪਸ਼ਨ ਹੈ ਬੰਗਾਲ ਵਿਚ ਹਿੰਦੂ ਔਰਤਾਂ ਦੇ ਨਾਲ ਜ਼ੁਲਮ ਹੋ ਰਿਹਾ ਹੈ। ਬਹੁਤ ਛੇਤੀ ਹੀ ਇਸ ਫ਼ੋਟੋ ਦਾ ਸੱਚ ਸਾਹਮਣੇ ਆ ਗਿਆ। ਪਹਿਲੀ ਤਸਵੀਰ 2002 ਦੇ ਗੁਜਰਾਤ ਦੰਗਿਆਂ ਦੀ ਸੀ ਜਦੋਂ ਮੁੱਖ ਮੰਤਰੀ ਮੋਦੀ ਹੀ ਸਰਕਾਰ ਵਿਚ ਸਨ। ਦੂਸਰੀ ਤਸਵੀਰ ਵਿਚ ਭੋਜਪੁਰੀ ਸਿਨੇਮਾ ਦੇ ਇਕ ਸੀਨ ਦੀ ਸੀ।

ਸਿਰਫ਼ ਆਰ ਐੱਸ ਐੱਸ ਹੀ ਨਹੀਂ ਬੀਜੇਪੀ ਦੇ ਕੇਂਦਰੀ ਮੰਤਰੀ ਵੀ ਐਸੇ ਫ਼ੇਕ ਨਿਊਜ਼ ਫੈਲਾਉਣ ਵਿਚ ਮਾਹਰ ਹਨ। ਮਿਸਾਲ ਵਜੋਂ, ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਫ਼ੋਟੋ ਸ਼ੇਅਰ ਕੀਤੀ ਜਿਸ ਵਿਚ ਕੁਝ ਲੋਕ ਤਿਰੰਗੇ ਨੂੰ ਅੱਗ ਲਗਾ ਰਹੇ ਸਨ। ਫ਼ੋਟੋ ਦੀ ਕੈਪਸ਼ਨ ਉੱਪਰ ਲਿਖਿਆ ਸੀ - ਗਣਤੰਤਰ ਦੇ ਦਿਵਸ ਹੈਦਰਾਬਾਦ ਵਿਚ ਤਿਰੰਗੇ ਨੂੰ ਅੱਗ ਲਗਾਈ ਜਾ ਰਹੀ ਹੈ। ਹੁਣ ਗੂਗਲ ਇਮੇਜ ਸਰਚ ਇਕ ਨਵਾਂ ਐਪਲੀਕੇਸ਼ਨ ਆਇਆ ਹੈ, ਉਸ ਵਿਚ ਤੁਸੀਂ ਕਿਸੇ ਵੀ ਤਸਵੀਰ ਨੂੰ ਪਾਕੇ ਜਾਣ ਸਕਦੇ ਹੋ ਕਿ ਇਹ ਕਿੱਥੇ ਦੀ ਅਤੇ ਕਦੋਂ ਦੀ ਹੈ। ਪ੍ਰਤੀਕ ਸਿਨਹਾ ਨੇ ਇਹੀ ਕੰਮ ਕੀਤਾ ਅਤੇ ਉਸ ਐਪਲੀਕੇਸ਼ਨ ਦੇ ਜ਼ਰੀਏ ਗਡਕਰੀ ਦੀ ਸ਼ੇਅਰ ਕੀਤੀ ਫ਼ੋਟੋ ਦੀ ਸਚਾਈ ਉਜਾਗਰ ਕਰ ਦਿੱਤੀ। ਪਤਾ ਲੱਗਿਆ ਕਿ ਇਹ ਫ਼ੋਟੋ ਹੈਦਰਾਬਾਦ ਦੀ ਨਹੀਂ, ਪਾਕਿਸਤਾਨ ਦੀ ਹੈ ਜਿਥੇ ਇਕ ਪਾਬੰਦੀਸ਼ੁਦਾ ਕੱਟੜਪੰਥੀ ਜਥੇਬੰਦੀ ਭਾਰਤ ਦੇ ਵਿਰੋਧ ਵਿਚ ਤਿਰੰਗੇ ਨੂੰ ਸਾੜ ਰਹੀ ਹੈ।

ਇਸੇ ਤਰ੍ਹਾਂ ਇਕ ਟੀ ਵੀ ਚੈਨਲ ਦੀ ਡਿਸਕਸ਼ਨ ਵਿਚ ਬੀਜੇਪੀ ਦੇ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ ਕਿ ਸਰਹੱਦ ਉੱਪਰ ਫ਼ੌਜੀਆਂ ਨੂੰ ਤਿਰੰਗਾ ਲਹਿਰਾਉਣ ਵਿਚ ਕਿੰਨੀਆਂ ਮੁਸ਼ਕਲਾਂ ਆਉਂਦੀਆਂ ਹਨ, ਫਿਰ ਜੇ ਐੱਨ ਯੂ ਵਰਗੀਆਂ ਯੂਨੀਵਰਸਿਟੀਆਂ ਵਿਚ ਤਿਰੰਗਾ ਲਹਿਰਾਉਣ ਵਿਚ ਕੀ ਸਮੱਸਿਆ ਹੈ। ਇਹ ਸਵਾਲ ਪੁੱਛਕੇ ਸੰਬਿਤ ਨੇ ਇਕ ਤਸਵੀਰ ਦਿਖਾਈ। ਬਾਅਦ ਵਿਚ ਪਤਾ ਲੱਗਿਆ ਕਿ ਇਹ ਇਕ ਮਸ਼ਹੂਰ ਤਸਵੀਰ ਹੈ ਪਰ ਇਸ ਵਿਚ ਭਾਰਤੀ ਨਹੀਂ, ਅਮਰੀਕੀ ਫ਼ੌਜੀ ਹਨ। ਦੂਜੇ ਵਿਸ਼ਵ ਯੁੱਧ ਦੇ ਦੌਰਾਨ ਅਮਰੀਕੀ ਫ਼ੌਜੀਆਂ ਨੇ ਜਦੋਂ ਜਪਾਨ ਦੇ ਇਕ ਦੀਪ ਉੱਪਰ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਆਪਣਾ ਝੰਡਾ ਲਹਿਰਾਇਆ ਸੀ। ਪਰ ਫ਼ੋਟੋਸ਼ਾਪ ਦੇ ਜ਼ਰੀਏ ਸੰਬਿਤ ਪਾਤਰਾ ਲੋਕਾਂ ਨੂੰ ਧੋਖਾ ਦੇ ਰਹੇ ਸਨ। ਲੇਕਿਨ ਇਹ ਉਨ੍ਹਾਂ ਨੂੰ ਕਾਫ਼ੀ ਮਹਿੰਗਾ ਪਿਆ। ਟਵਿੱਟਰ ਉੱਪਰ ਸੰਬਿਤ ਪਾਤਰਾ ਦਾ ਲੋਕਾਂ ਨੇ ਕਾਫ਼ੀ ਮਜ਼ਾਕ ਉਡਾਇਆ।

ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਹਾਲ ਹੀ ਵਿਚ ਇਕ ਤਸਵੀਰ ਸਾਂਝੀ ਕੀਤੀ। ਲਿਖਿਆ ਕਿ ਭਾਰਤ 50,000 ਕਿਲੋਮੀਟਰ ਰਸਤਿਆਂ ਉੱਪਰ ਸਰਕਾਰ ਨੇ ਤੀਹ ਲੱਖ ਐੱਲ ਈ ਡੀ ਬਲਬ ਲਗਾ ਦਿੱਤੇ ਹਨ। ਪਰ ਜੋ ਤਸਵੀਰ ਉਨ੍ਹਾਂ ਨੇ ਲਗਾਈ ਉਹ ਫੇਕ ਨਿਕਲੀ। ਇਹ ਭਾਰਤ ਦੀ ਨਹੀਂ, 2009 ਵਿਚ ਜਪਾਨ ਦੀ ਤਸਵੀਰ ਸੀ। ਇਸੇ ਗੋਇਲ ਨੇ ਪਹਿਲਾਂ ਵੀ ਇਕ ਟਵੀਟ ਕੀਤਾ ਸੀ ਕਿ ਕੋਲੇ ਦੀ ਸਪਲਾਈ ਵਿਚ ਸਰਕਾਰ ਨੇ 25,000 ਕਰੋੜ ਦੀ ਬਚਤ ਕੀਤੀ ਹੈ। ਉਸ ਟਵੀਟ ਦੀ ਤਸਵੀਰ ਵੀ ਝੂਠੀ ਨਿਕਲੀ।

ਛੱਤੀਸਗੜ੍ਹ ਦੇ ਪੀ ਡਬਲਯੂ ਡੀ ਮੰਤਰੀ ਰਾਜੇਸ਼ ਮੂਣਤ ਨੇ ਇਕ ਪੁਲ ਦੀ ਫ਼ੋਟੋ ਸ਼ੇਅਰ ਕੀਤੀ। ਆਪਣੀ ਸਰਕਾਰ ਦੀ ਕਾਮਯਾਬੀ ਦੱਸੀ। ਉਸ ਟਵੀਟ ਨੂੰ 2000 ਲਾਈਕ ਮਿਲੇ। ਬਾਦ ਵਿਚ ਪਤਾ ਲੱਗਿਆ ਕਿ ਉਹ ਤਸਵੀਰ ਛੱਤੀਸਗੜ੍ਹ ਦੀ ਨਹੀਂ ਵੀਅਤਨਾਮ ਦੀ ਹੈ।

ਐਸੇ ਫ਼ੇਕ ਨਿਊਜ਼ ਫੈਲਾਉਣ ਵਿਚ ਸਾਡੇ ਕਰਨਾਟਕਾ ਦੇ ਆਰ ਐੱਸ ਐੱਸ ਅਤੇ ਬੀਜੇਪੀ ਦੇ ਆਗੂ ਵੀ ਕੋਈ ਘੱਟ ਨਹੀਂ ਹਨ। ਕਰਨਾਟਕਾ ਦੇ ਸਾਂਸਦ ਪ੍ਰਤਾਪ ਸਿਨਹਾ ਨੇ ਇਕ ਰਿਪੋਰਟ ਸ਼ੇਅਰ ਕੀਤੀ, ਕਿਹਾ ਕਿ ਇਹ ਟਾਈਮਜ਼ ਆਫ ਇੰਡੀਆ ਵਿਚ ਆਈ ਹੈ। ਉਸਦੀ ਹੈੱਡਲਾਈਨ ਇਹ ਸੀ ਕਿ ਹਿੰਦੂ ਕੁੜੀ ਨੂੰ ਮੁਸਲਮਾਨ ਨੇ ਚਾਕੂ ਮਾਰਕੇ ਹੱਤਿਆ ਕਰ ਦਿੱਤੀ। ਦੁਨੀਆ ਭਰ ਨੂੰ ਨੈਤਿਕਤਾ ਦਾ ਗਿਆਨ ਦੇਣ ਵਾਲੇ ਪ੍ਰਤਾਪ ਸਿਨਹਾ ਨੇ ਸਚਾਈ ਜਾਨਣ ਦੀ ਜ਼ਰਾ ਵੀ ਕੋਸ਼ਿਸ਼ ਨਹੀਂ ਕੀਤੀ। ਕਿਸੇ ਵੀ ਅਖ਼ਬਾਰ ਨੇ ਇਹ ਨਿਊਜ਼ ਨਹੀਂ ਛਾਪੀ ਸੀ ਬਲਕਿ ਫ਼ੋਟੋਸ਼ਾਪ ਦੇ ਜ਼ਰੀਏ ਕਿਸੇ ਹੋਰ ਨਿਊਜ਼ ਵਿਚ ਹੈੱਡਲਾਈਨ ਲਗਾ ਦਿੱਤੀ ਗਈ ਸੀ ਅਤੇ ਹਿੰਦੂ ਮੁਸਲਿਮ ਰੰਗਤ ਦੇ ਦਿੱਤੀ ਗਈ। ਇਸ ਦੇ ਲਈ ਟਾਈਮਜ਼ ਆਫ ਇੰਡੀਆ ਦਾ ਨਾਮ ਇਸਤੇਮਾਲ ਕੀਤਾ ਗਿਆ। ਜਦੋਂ ਹੰਗਾਮਾ ਹੋਇਆ ਕਿ ਇਹ ਤਾਂ ਫ਼ੇਕ ਨਿਊਜ਼ ਹੈ ਤਾਂ ਸਾਂਸਦ ਦੇ ਡਿਲੀਟ ਕਰ ਦਿੱਤੀ ਪਰ ਮਾਫ਼ੀ ਨਹੀਂ ਮੰਗੀ। ਫਿਰਕੂ ਝੂਠ ਫੈਲਾਉਣ ਉੱਪਰ ਕੋਈ ਪਛਤਾਵਾ ਜ਼ਾਹਿਰ ਨਹੀਂ ਕੀਤਾ।

ਜਿਵੇਂ ਕਿ ਮੇਰੇ ਦੋਸਤ ਵਾਸੂ ਨੇ ਇਸ ਵਾਰ ਦੇ ਕਾਲਮ ਵਿਚ ਲਿਖਿਆ ਹੈ, ਮੈਂ ਵੀ ਬਿਨਾ ਸਮਝੇ ਇਕ ਫ਼ੇਕ ਨਿਊਜ਼ ਸ਼ੇਅਰ ਕਰ ਦਿੱਤੀ। ਪਿਛਲੇ ਐਤਵਾਰ ਪਟਨਾ ਦੀ ਆਪਣੀ ਰੈਲੀ ਦੀ ਤਸਵੀਰ ਲਾਲੂ ਯਾਦਵ ਨੇ ਫ਼ੋਟੋਸ਼ਾਪ ਕਰਕੇ ਸਾਂਝੀ ਕਰ ਦਿੱਤੀ। ਥੋੜ੍ਹੀ ਦੇਰ ਵਿਚ ਦੋਸਤ ਸ਼ਸ਼ੀਧਰ ਨੇ ਦੱਸਿਆ ਕਿ ਇਹ ਫ਼ੋਟੋ ਫਰਜ਼ੀ ਹੈ। ਨਕਲੀ ਹੈ। ਮੈਂ ਤੁਰੰਤ ਹਟਾ ਦਿੱਤੀ ਅਤੇ ਗ਼ਲਤੀ ਵੀ ਮੰਨੀ। ਇਹੀ ਨਹੀਂ ਫ਼ੇਕ ਅਤੇ ਅਸਲੀ ਤਸਵੀਰ ਦੋਨਾਂ ਨੂੰ ਇਕੱਠੀਆਂ ਛਾਪਕੇ ਟਵੀਟ ਕੀਤਾ। ਇਸ ਗ਼ਲਤੀ ਦੇ ਪਿੱਛੇ ਮਨਸ਼ਾ ਫਿਰਕੂ ਤੌਰ 'ਤੇ ਭੜਕਾਉਣ ਜਾਂ ਪ੍ਰਾਪੇਗੰਡਾ ਕਰਨ ਦੀ ਨਹੀਂ ਸੀ। ਫਾਸ਼ਿਸਟਾਂ ਦੇ ਖ਼ਿਲਾਫ਼ ਲੋਕ ਜੁੜ ਰਹੇ ਸਨ, ਇਸਦਾ ਸੰਦੇਸ਼ ਦੇਣਾ ਹੀ ਮੇਰਾ ਮਕਸਦ ਸੀ। ਫਾਈਨਲੀ, ਜੋ ਵੀ ਫ਼ੇਕ ਨਿਊਜ਼ ਨੂੰ ਐਕਸਪੋਜ਼ ਕਰਦੇ ਹਨ, ਉਨ੍ਹਾਂ ਨੂੰ ਸਲਾਮ। ਮੇਰੀ ਖ਼ਵਾਇਸ਼ ਹੈ ਕਿ ਉਨ੍ਹਾਂ ਦੀ ਗਿਣਤੀ ਹੋਰ ਵੀ ਜ਼ਿਆਦਾ ਹੋਵੇ।

# ਉਮੀਦਵਾਰ ਦੀ ਜ਼ਿੰਮੇਵਾਰੀ ਬਣੇ ਲੋਕਾਂ ਦੀ ਆਵਾਜ਼

ਉਮੀਦਵਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕਾਂ ਦੀ ਆਵਾਜ਼ ਬਣੇ ਜਦੋਂ ਉਹਨਾਂ ਨੂੰ ਜਰੂਰਤ ਹੁੰਦੀ ਹੈ। ਮੈਂ ਅੱਜ ਕੁੱਝ ਮੱਦਿਆਂ ਤੇ ਗੱਲ ਕਰੂੰਗਾ ਅਤੇ ਆਉਣ ਵਾਲੇ ਸਮਿਆਂ ਵਿੱਚ ਇਹਨਾਂ ਮੁੱਦਿਆਂ 'ਤੇ ਕੁੱਝ ਹੋਰ ਵੀ ਮੁੱਦਿਆਂ 'ਤੇ ਕਰਨ ਨੂੰ ਤਿਆਰ ਹਾਂ, 'ਮੈਂ ਤਿੰਨ ਬੱਚਿਆਂ ਦਾ ਪਿਤਾ ਇੱਕ ਦਲੇਰ ਮਾਂ ਦਾ ਪੁੱਤਰ ਅਤੇ ਇੱਕ ਦਲੇਰ ਪਤਨੀ ਦਾ ਪਤੀ ਹੋਣ ਦੇ ਨਾਂ ਤੇ ਹੀ ਵਿਸ਼ਵਾਸ਼ ਰੱਖਦਾ ਹਾਂ ਕਿ ਔਰਤਾਂ ਨੂੰ ਬਰਾਬਰਤਾ ਦਾ ਹੱਕ ਮਿਲਣਾ ਚਾਹੀਦਾ ਹੈ। ਤਾਂ ਜੋ ਉਹ ਸਮਾਜ ਵਿੱਚ ਇੱਜਤ ਨਾਲ ਵਿਚਰਦਿਆਂ ਬਿਨਾਂ ਕਿਸੇ ਡਰ ਭੈਅ ਦੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਸਕਣ।

● **ਨਸ਼ਿਆਂ ਨੂੰ ਰੋਕਣ ਸਬੰਧੀ** :- ਨਸ਼ਿਆਂ ਦੀ ਵਰਤੋਂ ਕਰਨ ਵਾਲੇ ਵਿਅਕਤੀ ਅਤੇ ਬਹੁਤ ਸਾਰੇ ਪਰਿਵਾਰ ਬਰਬਾਦ ਹੋ ਰਹੇ ਹਨ। ਹੁਣ ਕੈਨੇਡਾ ਅਤੇ ਅਮਰੀਕਾ ਵਿੱਚ ਵੀ ਸਭ ਤੋਂ ਵੱਡੀ ਸਮੱਸਿਆ ਨਸ਼ੇ ਦੀ ਹੈ। ਨਸ਼ੇ ਦੀ ਜ਼ਿਆਦਾ ਮਾਤਰਾ ਵਿੱਚ ਵਰਤੋਂ ਕਰਨ ਦੇ ਕਾਰਨ ਪੁਲਿਸ, ਫਾਇਰਫਾਈਟਰ ਅਤੇ ਪੈਰਾਮੈਡੀਕਸ ਨੂੰ ਬਹੁਤ ਹੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਮਿਊਨਟੀ ਲੀਡਰ ਤੇ ਇਲੈਕਟਿਡ ਅਫਸਰਾਂ ਨੂੰ ਪੁਲਿਸ, ਫਾਇਰਫਾਈਟਰ ਅਤੇ ਪੈਰਾਮੈਡੀਕਸ ਨੂੰ ਸਹਿਯੋਗ ਦੇਣ ਦੇ ਨਾਲ-ਨਾਲ ਪ੍ਰਭਵਿਤ ਪਰਿਵਾਰਾਂ ਨੂੰ ਵੀ ਸਹਿਯੋਗ ਦੇਣਾ ਚਾਹੀਦਾ ਹੈ। ਮੈਂ ਪੰਜਾਬੀ ਕਮਿਊਨਿਟੀ ਹੈਲਥ ਸਰਵਿਸ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਜੋ ਕੌਂਸਲਿਗ ਰਾਹੀਂ ਪ੍ਰਭਾਵਿਤ ਪਰਿਵਾਰਾਂ ਨੂੰ ਸਹਾਰਾ ਦਿੰਦੇ ਹਨ। ਡਰੱਗ ਅਵੇਅਰਨੈਸ ਫਾਊਡੇਸ਼ਨ ਵਾਲੇ ਵੀ ਵਧਾਈ ਦੇ ਪਾਤਰ ਹਨ ਜੋ ਸਮਾਜ ਵਿਚ ਨਸ਼ੇ ਪ੍ਰਤੀ ਜਾਗਰੂਕਤਾ ਪੈਦਾ ਕਰਦੇ ਹਨ।

● **ਬੱਸ ਪਾਸ ਸਬੰਧੀ**:- ਮੈਂ ਕੈਲਗਰੀ ਟਰਾਂਜ਼ਿਟ ਵਿੱਚ 70 ਸਾਲ ਤੋਂ ਵੱਧ ਬਜ਼ੁਰਗ ਅਤੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੁਫਤ ਸੇਵਾ ਕਰਨ ਦੀ ਹਾਮੀ ਭਰੀ ਹੈ। ਇਸ ਬਾਰੇ ਲੰਮੀ ਅਤੇ ਸੰਤੁਲਿਤ ਖੋਜ ਕਰਨ ਤੋਂ ਬਾਅਦ ਮੈਂ ਇਹ ਮਹਿਸੂਸ ਕੀਤਾ ਹੈ ਕਿ ਇਹ ਸੇਵਾ ਮੁਫਤ ਕੀਤੀ ਜਾ ਸਕਦੀ ਹੈ।

● **ਜੈਨੇਸਿਸ ਸੈਂਟਰ ਸਬੰਧੀ**:- ਜੈਨੇਸਿਸ ਸੈਂਟਰ ਸਾਡੀ ਕਮਿਊਨਟੀ ਦੀ ਖਿੱਚ ਦਾ ਕੇਂਦਰ ਹੈ। ਇਥੇ ਮਿਲਦੀਆਂ ਸਹੂਲਤਾਂ ਵਿੱਚ ਵਾਧਾ ਹੋਣਾ ਜ਼ਰੂਰੀ ਹੈ ਤਾਂ ਜੋ ਹਰ ਉਮਰ ਵਰਗ ਦੇ ਲੋਕ ਬੱਚੇ ਬਜ਼ੁਰਗ ਅਤੇ ਔਰਤਾਂ ਆਪਣੀ ਸੁਵਿਧਾ ਦੇ ਅਨੁਸਾਰ ਵਰਤੋਂ ਕਰ ਸਕਣ। ਇਸ ਦਿਸ਼ਾ ਵਿੱਚ ਪਹਿਲ ਦੇ ਆਧਾਰ ਤੇ ਮੇਰਾ ਕੰਮ ਹੈ ਕਿ ਜੈਨੇਸਿਸ ਸੈਂਟਰ ਦੇ ਅੰਦਰ ਜਿੰਮਨੇਜ਼ੀਅਮ ਅਤੇ ਬਾਹਰਲੇ ਕੇਂਦਰ ਵਿੱਚ ਸਪੋਰਟਸ ਸੈਂਟਰ ਬਣਾਇਆ ਜਾਵੇ। ਤਾਂ ਕਿ ਨੈਲਸਨ ਮੰਡੇਲਾ ਹਾਈ ਸਕੂਲ ਦੇ ਵਿਦਿਆਰਥੀ ਅਤੇ ਆਮ ਜਨਤਾ ਇਹਨਾਂ ਸਹੂਲਤਾਂ ਦਾ ਪੂਰਾ ਲਾਭ ਲੈ ਸਕਣ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਅਰਨੈਸਟ ਮੈਨਿੰਗ ਹਾਈ ਸਕੂਲ ਵਿੱਚ ਇਹ ਸਹੂਲਤਾਂ ਪਹਿਲਾਂ ਹੀ ਮੌਜੂਦ ਹਨ। ਇਸ ਕੰਮ ਨੂੰ ਪੂਰਾ ਕਰਨ ਵਾਸਤੇ ਸਾਰੇ ਹੀ ਸਰਕਾਰੀ ਅਦਾਰੇ ਅਤੇ ਪਬਲਿਕ ਸਕੂਲ ਟਰੱਸਟੀ ਮਿਲ ਕੇ ਕੰਮ ਕਰਨ ਤਾਂ ਜੋ ਸਾਨੂੰ ਸਾਡਾ ਬਣਦਾ ਹੱਕ ਮਿਲ ਸਕੇ। ਮੈਂ ਇਹ ਨਹੀਂ ਚਾਹੁੰਦਾ ਕਿ ਸਾਡੇ ਮਿਹਨਤਕਸ਼ ਅਧਿਆਪਕ ਅਤੇ ਵਲੰਟੀਅਰ ਆਪਣੀ ਜੇਬ ਵਿੱਚੋਂ ਪੈਸੇ ਖਰਚ ਕਰਨ। ਇਸ ਪ੍ਰਜੈਕਟ ਨੂੰ ਸਹੀ ਤਰੀਕੇ ਨਾਲ ਕਰਨ ਲਈ ਮੈਂ ਆਪਣੀ ਪੜ੍ਹਾਈ ਅਤੇ ਤਜ਼ਰਬੇ ਨਾਲ ਉਸ ਯੋਜਨਾ ਦੀ ਵਰਤੋਂ ਕਰਾਂਗਾ ਜਿਸ ਨਾਲ ਸਾਰੇ ਹੀ ਹਿੱਤਾਂ ਦਾ ਖਿਆਲ ਰੱਖਿਆ ਜਾ ਸਕੇ, ਤਾਂ ਕਿ ਇਥੋਂ ਦੇ ਰਹਿਣ ਵਾਲੇ ਸਾਰੇ ਹੀ ਵਸਨੀਕਾਂ ਦੀ ਜ਼ਰੂਰਤ ਦਾ ਧਿਆਨ ਰੱਖਦਿਆਂ ਹੋਇਆਂ ਇਸਦਾ ਡਿਜ਼ਾਇਨ ਤਿਆਰ ਕੀਤਾ ਜਾ ਸਕੇ। ਇਸ ਤਰ੍ਹਾਂ ਦੇ ਪ੍ਰੋਗਰਾਮ ਸਾਡੇ ਬੱਚਿਆਂ ਨੂੰ ਨਾ ਸਿਰਫ ਚੰਗੀ ਸਿਹਤ ਅਤੇ ਤੰਦਰੁਸਤੀ ਦਿੰਦੇ ਹਨ ਬਲਕਿ ਨਸ਼ੇ ਤੋਂ ਦੂਰ ਰੱਖਣ ਵਿੱਚ ਵੀ ਸਹਾਈ ਹੁੰਦੇ ਹਨ।

● **ਐਫੋਰਡੇਵਿਲਜ਼ ਹੋਮਜ਼ ਅਤੇ ਸੀਨੀਅਰ ਸੈਂਟਰ ਸਬੰਧੀ**:- ਮੇਰਾ ਦੂਸਰੇ ਭਾਈਚਾਰੇ ਦੇ ਲੋਕਾਂ ਨਾਲ ਮਿਲ ਕੇ ਕੰਮ ਕਰਨ ਦਾ ਢੰਗ ਤਜ਼ਰਬਾ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਸਾਡੇ ਬਜ਼ੁਰਗਾਂ ਲਈ ਸਹੀ ਤਰੀਕੇ ਨਾਲ ਸੀਨੀਅਰ ਹਾਊਸਿੰਗ ਫੈਸਿਲਟੀ ਪ੍ਰਜੈਕਟ ਬਣੇ ਜਿਸ ਤਰ੍ਹਾਂ ਚੀਨੀ ਭਾਈਚਾਰੇ ਨੇ ਬਣਾਇਆ ਹੈ। ਜਿਸ ਵਿੱਚ ਆਪਣੇ ਸੱਭਿਆਚਾਰ ਅਨੁਸਾਰ ਰਵਾਇਤੀ ਭੋਜਨ ਅਤੇ ਬੋਲੀ ਬੋਲਣ ਵਾਲੇ ਡਾਕਟਰ ਨਰਸਾਂ ਦਾ ਪ੍ਰਬੰਧ ਹੋਵੇ। ਸਿਟੀ ਆਫ ਕੈਲਗਰੀ ਨੇ ਜੈਨੇਸਿਸ ਕੇਂਦਰ ਵਿੱਚ ਅਟੇਨਏਬਲ ਹੋਮਜ ਦੀ ਡਿਵਲਪਮੈਂਟ ਦਾ ਪ੍ਰਜੈਕਟ ਪਾਸ ਕੀਤਾ ਹੈ। ਜਿਸ ਵਿਚ ਥੋੜ੍ਹਾ ਭੁਗਤਾਨ ਕਰ ਕੇ ਘਰ ਜਾਂ ਅਪਾਰਟਮੈਂਟ ਖਰੀਦਿਆ ਜਾ ਸਕਦਾ ਹੈ। ਕੈਨੇਡਾ ਵਿੱਚ ਆਉਣ ਵਾਲੇ ਹਰ ਪਰਿਵਾਰ ਦੀ ਸੱਚੀ ਕਹਾਣੀ ਵਾਂਗੂੰ ਮੇਰੇ ਮਾਤਾ ਪਿਤਾ ਦੀ ਸਭ ਤੋਂ ਪਹਿਲਾਂ ਰਿਹਾਇਸ ਇੱਕ ਛੋਟਾ ਜਿਹਾ ਕਮਰਾ ਸੀ ਜਿਸ ਵਿੱਚ ਰਹਿੰਦਿਆਂ ਹੋਇਆਂ ਉਹਨਾਂ ਨੇ ਸਖਤ ਮਿਹਨਤ ਕਰ ਕੇ ਸਾਨੂੰ ਪੜ੍ਹਾ ਲਿਖਾ ਕੇ ਕਾਮਯਾਬ ਬਣਾਇਆ। ਹੁਣ ਮੈਨੂੰ ਮੇਰੀ ਜ਼ਿੰਮੇਵਾਰੀ ਅਹਿਸਾਸ ਦਿਵਾਉਂਦੀ ਹੈ ਕਿ ਜੋ ਵੀ ਪਰਿਵਾਰ ਦੂਸਰੇ ਦੇਸ਼ਾਂ ਅਤੇ ਦੂਸਰੇ ਸਹਿਰਾਂ ਵਿੱਚੋਂ ਆਉਂਦੇ ਹਨ ਉਹਨਾਂ ਨੂੰ ਘਰ ਦੀ ਕੋਈ ਵੀ ਸਮੱਸਿਆ ਨਾ ਆਵੇ ਤਾਂ ਜੋ ਜਦੋਂ ਉਹ ਕੈਲਗਰੀ ਵਿੱਚ ਆਉਣ ਤੇ ਆਪਣੀ ਪੂੰਜੀ ਅਨੁਸਾਰ ਸਸਤੇ ਅਤੇ ਵਧੀਆ ਘਰ ਲੈ ਸਕਣ। ਹਾਊਸਿੰਗ ਅਫੋਰਡਏਬਲਟੀ ਦੇ ਉੱਪਰ ਮੇਰਾ ਇਹ ਵੀ ਉਪਰਾਲਾ ਹੋਵੇਗਾ ਕਿ ਮਨਜ਼ੂਰਸ਼ੁਦਾ ਬੇਸਮੈਂਟਾਂ ਹੋਣ ਅਤੇ ਉਹਨਾਂ ਦੀ ਪ੍ਰਵਾਨਗੀ ਦਾ ਤਰੀਕਾ ਸਰਲ ਸਪੱਸਟ ਤੇ ਪਾਰਦਰਸ਼ਤਾ ਵਾਲਾ ਹੋਵੇ ਤਾਂ ਜੋ ਬਿਨੈਕਾਰਾਂ ਦੀ ਮੁਸ਼ਕਿਲਾਂ ਘੱਟ ਤੋਂ ਘੱਟ ਹੋ ਸਕਣ। ਮੈਂ ਇਹ ਨਹੀਂ ਚਾਹੁੰਦਾ ਕਿ ਸਸਤੇ ਕਫਾਇਤੀ ਘਰਾਂ ਦੀ ਕੋਈ ਸਮੱਸਿਆ ਕੈਲਗਰੀ ਵਿੱਚ ਹੋਵੇ ਜਿਸ ਤਰ੍ਹਾਂ ਇਹ ਸਮੱਸਿਆ ਬੀ ਸੀ (ਸਰੀ) ਅਤੇ ਟਰਾਂਟੋ ਏਰੀਆ ਵਿੱਚ ਹੋਈ ਹੈ।

● **ਮੇਰੇ ਆਪਣੇ ਬਾਰੇ**:- ਮੈਂ ਨਾਰਥ ਈਸਟ ਏਰੀਆ ਕੈਲਗਰੀ ਦਾ ਹੀ ਜੰਮਪਲ ਹਾਂ ਅਤੇ ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਸਾਲ ਇਸ ਇਲਾਕੇ ਦੇ ਵਿੱਚ ਕੱਢੇ ਹਨ। ਇਸ ਇਲਾਕੇ ਦੇ ਵਿੱਚ ਰਹਿੰਦਿਆਂ ਆਪਣੀ ਸਿਟੀ ਪਲੈਨਿੰਗ ਦੀ ਮਾਸਟਰ ਡਿਗਰੀ ਯੂਨੀਵਰਸਿਟੀ ਆਫ ਕੈਲਗਰੀ ਤੋਂ ਪਾਸ ਕੀਤੀ ਹੈ। ਇਸ ਤੋਂ ਇਲਾਵਾ ਮੈਂ ਪਲੈਨਿੰਗ ਫਾਰ ਐਥਨਿਕ ਡਿਵਰਸਿਟੀ (ਨਸਲੀ ਭੇਦਭਾਵ) ਨਾਲ ਸਬੰਧਿਤ ਪੰਜਾਬੀ ਸਿੱਖ ਕਮਿਊਨਟੀ ਅਤੇ ਨਿਊ ਮਾਡਲ ਆਫ ਹਾਊਸਿੰਗ ਅਫੋਰਡਏਬਲਟੀ ਦੇ ਖੇਤਰ ਵਿੱਚ ਖੋਜ ਕੀਤੀ ਹੈ। ਇਸ ਬਾਰੇ ਇੱਕ ਕਿਤਾਬ ਮੈਂ ਲਿਖੀ ਹੈ ਉਹ ਗੁਰਦੁਆਰਾ ਦਸ਼ਮੇਸ਼ ਕਲਚਰ ਦੀ ਲਾਇਬ੍ਰੇਰੀ ਵਿੱਚ ਮੌਜੂਦ ਹੈ।

● **ਮੇਰੀ ਬੇਨਤੀ**:- ਮੈਂ ਜੌਰਜ ਚਾਹਲ ਤੁਹਾਡੇ ਸਾਰਿਆਂ ਦਾ ਸਹਿਯੋਗ ਲੈਣ ਵਾਸਤੇ ਅਪੀਲ ਕਰਦਾ ਹਾਂ ਕਿ ਆਉਣ ਵਾਲੀਆਂ ਮਿਊਂਸੀਪਲ ਚੋਣਾਂ ਵਿੱਚ ਆਪਣਾ ਇੱਕ ਇੱਕ ਕੀਮਤੀ ਵੋਟ ਪਾ ਕੇ ਮੈਨੂੰ ਕਾਮਯਾਬ ਬਣਾਉ ਤਾਂ ਜੋ ਮੈਂ ਸਿਟੀ ਆਫ ਕੈਲਗਰੀ ਵਿੱਚ ਤੁਹਾਡੀ ਅਗਵਾਈ ਕਰਦਿਆਂ ਹੋਇਆਂ ਉੱਤਰ ਪੂਰਬ ਇਲਾਕੇ ਨੂੰ ਬਣਦੇ ਹੱਕ ਦਿਵਾ ਸਕਾ ਅਤੇ ਵਾਰਡ ਦੇ ਅਧੂਰੇ ਕੰਮਾਂ ਨੂੰ ਸਹੀ ਢੰਗ ਨਾਲ ਪੂਰਾ ਕਰ ਸਕਾਂ।



# ਸਿਟੀ ਕੌਂਸਿਲ ਚੋਣਾਂ : ਵਿਚਾਰ ਆਪੋ-ਆਪਣਾ

'ਸਰੋਕਾਰਾਂ ਦੀ ਆਵਾਜ਼' ਵਲੋਂ ਕੈਲਗਰੀ ਸਿਟੀ ਕੌਂਸਿਲ ਚੋਣਾਂ ਬਾਰੇ ਮੱਦਿਆਂ ਬਾਰੇ ਲੋਕ ਰਾਏ ਜਾਨਣ ਲਈ ਕੁਝ ਮਾਹਿਰਾਂ ਨਾਲ਼ ਗੱਲਬਾਤ ਕੀਤੀ ਗਈ। ਉਹਨਾਂ ਦੇ ਵਿਚਾਰ ਪਾਠਕਾਂ ਲਈ ਪੇਸ਼ ਕਰ ਰਹੇ ਹਾਂ :



**ਤਰਨਜੀਤ ਔਜਲਾ:** ਕੈਲਗਰੀ ਦੇ ਉਘੇ ਵਕੀਲ ਅਤੇ ਚਿੰਤਕ ਤਰਨਜੀਤ ਔਜਲਾ ਦਾ ਮੰਨਣਾ ਹੈ ਕਿ ਇਸ ਵਾਰ ਵਾਰਡ ਨੰਬਰ-5 ਦੀ ਚੋਣ ਲੋਕਲ ਸਿਆਸਤ ਵਿੱਚ ਨਵੇਂ ਮਾਪਦੰਡ ਤਹਿ ਕਰੇਗੀ। ਇਸ ਵਾਰ ਮੋਹਰੀ ਉਮੀਦਵਾਰ ਪੰਜਾਬੀ ਭਾਈਚਾਰੇ 'ਚੋਂ ਹੋਣ ਕਾਰਨ ਵੋਟਰਾਂ ਵਿੱਚ ਉਤਸ਼ਾਹ ਵੱਧ ਹੈ। ਉਹਨਾਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਪੰਜਾਬੀ ਭਾਈਚਾਰੇ ਚੋਂ ਇੱਕ ਉਮੀਦਵਾਰ ਹੋਣਾ ਚਾਹੀਦਾ ਸੀ ਤਾਂ ਕਿ ਇਸ ਜਿੱਤ ਨੂੰ ਇਸ ਭਾਈਚਾਰੇ ਲਈ ਯਕੀਨੀ ਬਣਾਇਆ ਜਾ ਸਕੇ। ਉਹਨਾਂ ਟੋਰਾਂਟੋ ਸ਼ਹਿਰ ਦੀ ਮਿਸਾਲ ਦਿੰਦਿਆਂ ਆਖਿਆ ਕਿ ਉਥੇ ਪੰਜਾਬੀ ਕੌਂਸਲਰ ਦੇ ਆਉਣ ਨਾਲ਼ ਸਿਟੀ ਕੌਂਸਿਲ ਵਿੱਚ ਇਸ ਭਾਈਚਾਰੇ ਦੀ ਪ੍ਰਤੀਨਧਤਾ ਦੇ ਬੜੇ ਚੰਗੇ ਨਤੀਜੇ ਨਿਕਲ਼ੇ ਹਨ।

ਤਰਨਜੀਤ ਨੇ ਇਹ ਗੱਲ ਵੀ ਮਹਿਸੂਸ ਕੀਤੀ ਹੈ ਕਿ ਕੈਲਗਰੀ ਵਿੱਚ ਇੱਕ ਅਜਿਹੀ ਸੰਸਥਾ ਹੋਣੀ ਚਾਹੀਦੀ ਹੈ ਜਿਹੜੀ ਕਿਸੇ ਗਰੁੱਪ, ਪਾਰਟੀ ਜਾਂ ਧਰਮ ਤੋਂ ਉਪਰ ਉਠ ਕੇ ਸਾਡੇ ਮੁੱਦਿਆਂ ਬਾਰੇ ਗੰਭੀਰਤਾ ਨਾਲ਼ ਸੋਚੇ। ਇਹ ਸੰਸਥਾ ਹੀ ਅਜਿਹੀ ਸਥਿਤੀ ਪੈਦਾ ਕਰ ਸਕਦੀ ਹੈ ਕਿ ਕੌਂਸਿਲ ਚੋਣਾਂ ਵਿੱਚ ਭਾਈਚਾਰੇ ਵਲੋਂ ਇੱਕ ਉਮੀਦਵਾਰ ਹੀ ਖੜ੍ਹਾਇਆ ਜਾ ਸਕੇ। ਉਹਨਾਂ ਕਿਹਾ ਕਿ ਹੁਣ ਤੱਕ ਕੈਲਗਰੀ ਵਿੱਚ ਪੰਜਾਬੀ ਭਾਈਚਾਰੇ ਦਾ ਰੁਝਾਨ ਐਮ.ਪੀ. ਜਾਂ ਐਮ.ਐਲ.ਏ. ਦੀਆਂ ਚੋਣਾਂ ਤੱਕ ਹੀ ਜ਼ਿਆਦਾ ਸੀਮਿਤ ਸੀ ਪਰ ਇਸ ਵਾਰ ਦੀਆਂ ਚੋਣਾਂ ਤੋਂ ਬਾਅਦ ਲੋਕਲ ਸਿਆਸਤ ਵੱਲ ਇੱਕ ਵੱਖਰਾ ਰੁਝਾਨ ਪੈਦਾ ਹੋਵੇਗਾ।



**ਡੈਨ ਸਿੱਧੂ:** ਰੇਡੀਓ ਪ੍ਰੋਗਰਾਮ 'ਲੋਕ ਸੱਥ' ਦੇ ਸੰਚਾਲਕ ਡੈਨ ਸਿੱਧੂ ਨੇ ਮੇਅਰ ਦੇ ਅਹੁਦੇ ਦੇ ਦਾਅਵੇਦਾਰ ਉਮੀਦਵਾਰਾਂ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਨਾਹੀਦ ਨੈਨਸ਼ੀ ਨੇ ਆਪਣੇ ਚੋਣ ਫੰਡਾਂ ਦੇ ਸਰੋਤਾਂ ਬਾਰੇ ਖੁਲਾਸਾ ਕਰ ਦਿੱਤਾ ਹੈ ਪਰ ਦੋ ਉਮੀਦਵਾਰਾਂ ਬਿੱਲ ਸਮਿੱਥ ਅਤੇ ਐਂਡਰੇ ਸ਼ਭੋਅ ਨੇ ਇਸ ਬਾਰੇ ਅਜੇ ਤੱਕ ਟਾਲ਼ਾ ਵੱਟਿਆ ਹੋਇਆ ਹੈ। ਕੁਝ ਉਮੀਦਵਾਰਾਂ ਵਲੋਂ ਇਸ ਤਰਾਂ ਦਾ ਵਤੀਰਾ ਰੱਖਣਾ ਇੱਕ ਗਲਤ ਰੁਝਾਨ ਹੈ। ਵਾਰਡ ਨੰਬਰ-5 ਦੀ ਚੋਣ ਮੁਹਿੰਮ ਬਾਰੇ ਉਹਨਾਂ ਕਿਹਾ ਕਿ ਲੋੜ ਤੋਂ ਵੱਧ ਸਾਈਨ ਬੋਰਡ ਲਾਉਣੇ ਇੱਕ ਮਾੜਾ ਰੁਝਾਨ ਹੈ। ਅਜਿਹਾ ਕਰਨ ਨਾਲ਼ ਸ਼ਹਿਰ ਦੇ ਬਾਕੀ ਹਿੱਸਿਆਂ ਵਿੱਚ ਸਾਡੇ ਬਾਰੇ ਇੱਕ ਗਲਤ ਸੁਨੇਹਾ ਜਾਂਦਾ ਹੈ। ਉਹਨਾਂ ਇਸ ਗੱਲ ਤੇ ਵੀ ਚਿੰਤਾ ਪ੍ਰਗਟ ਕੀਤੀ ਕਿ ਜਾਤ, ਧਰਮ ਜਾਂ ਇਲਾਕੇ ਦੇ ਆਧਾਰ ਤੇ ਵੋਟਾਂ ਮੰਗਣਾ ਵੀ ਬਹੁਤੀ ਉਸਾਰੂ ਸੋਚ ਵਾਲ਼ਾ ਕੰਮ ਨਹੀਂ ਸਗੋਂ ਉਮੀਦਵਾਰ ਦੀ ਚੋਣ ਉਸ ਦੀ ਕੰਮ ਕਰਨ ਦੀ ਯੋਗਤਾ ਦੇ ਆਧਾਰ ਤੇ ਹੋਣੀ ਚਾਹੀਦੀ ਹੈ।



**ਹਰੀਪਾਲ :** ਲੇਖਕ ਅਤੇ ਚਿੰਤਕ ਹਰੀਪਾਲ ਨੇ ਕਿਹਾ ਕਿ ਪਹਿਲਾਂ ਸਰਕਾਰਾਂ ਨੇ ਸਕੂਲਾਂ ਨੂੰ ਦੋ ਵਰਗਾਂ ਪਬਲਿਕ ਅਤੇ ਪ੍ਰਾਈਵੇਟ ਵਿੱਚ ਵੰਡਿਆ ਤੇ ਹੁਣ ਸਿਆਸਤ ਵੀ ਲੋਕਾਂ ਨੂੰ ਵੰਡਣ ਤੇ ਤੁਲੀ ਹੋਈ ਹੈ। ਕੁਝ ਉਮੀਦਵਾਰਾਂ ਤੇ ਟਿੱਪਣੀ ਕਰਦਿਆਂ ਉਹਨਾਂ ਕਿਹਾ ਕਿ ਬਹੁਤੇ ਉਮੀਦਵਾਰਾਂ ਬਾਰੇ ਉਹਨਾਂ ਨੂੰ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਪਤਾ ਲੱਗਾ। ਅਜਿਹੇ ਉਮੀਦਵਾਰ ਬਰਸਾਤੀ ਡੱਡੂਆਂ ਵਾਂਗ ਹਨ ਜੋ ਸਿਰਫ ਚੋਣਾਂ ਮੌਕੇ ਹੀ ਦਿਸਦੇ ਹਨ। ਹਰੀਪਾਲ ਜੀ ਨੇ ਕਿਹਾ ਕਿ ਉਹਨਾਂ ਨੂੰ ਲਗਦਾ ਹੈ ਕਿ ਸਿਆਸਤ ਹੁਣ ਲੋਕ ਸੇਵਾ ਦੀ ਜਗ੍ਹਾ ਪੈਸੇ ਕਮਾਉਣ ਦੀ ਹੋੜ ਜਿਹੀ ਲਗਦੀ ਹੈ। ਮੁੱਦਿਆਂ ਬਾਰੇ ਉਹਨਾਂ ਕਿਹਾ ਕਿ ਜਿਹੜਾ ਵਿਅਕਤੀ ਲੱਖਾਂ ਡਾਲਰ ਖਰਚ ਕੇ ਜੇ ਇੱਕ ਘਰ ਬਣਾ ਸਕਦਾ ਹੈ ਤਾਂ ਉਸ ਨੂੰ ਸੀਮਿਤ ਹੱਦਾਂ ਵਿੱਚ ਰਹਿ ਕੇ ਬੇਸਮੈਂਟ ਬਣਾਉਣ ਦਾ ਵੀ ਪੂਰਾ ਹੱਕ ਹੋਣਾ ਚਾਹੀਦਾ ਹੈ ਤੇ ਸਿਟੀ ਦੀ ਪ੍ਰਵਾਨਗੀ ਵਾਲ਼ਾ ਬੇਲੋੜਾ ਝੰਜਟ ਲੋਕਾਂ ਸਿਰ ਮੜਨਾ ਠੀਕ ਨਹੀਂ।



**ਬਲਜਿੰਦਰ ਸੰਘਾ :** ਨੌਜਵਾਨ ਲੇਖਕ ਤੇ ਪੱਤਰਕਾਰ ਬਲਜਿੰਦਰ ਸੰਘਾ ਨੇ ਇਸ ਤੇ ਚਿੰਤਾ ਪ੍ਰਗਟਾਈ ਕਿ ਵੋਟਰਾਂ ਨੂੰ ਵਾਅਦਿਆਂ ਦੇ ਭਰਮ ਜਾਲ ਵਿੱਚ ਫਸਾਉਣਾ ਠੀਕ ਨਹੀਂ ਜਦ ਕਿ ਸਿਟੀ ਕੌਂਸਿਲ ਵਿੱਚ ਕਿਸੇ ਵੀ ਫੈਸਲੇ ਨੂੰ ਲਾਗੂ ਕਰਵਾਉਣ ਦਾ ਅਧਿਕਾਰ ਇੱਕ ਕੌਂਸਲਰ ਕੋਲ਼ ਨਹੀਂ ਸਗੋਂ ਅਜਿਹੇ ਫੈਸਲੇ ਤਾਂ ਵੋਟਿੰਗ ਰਾਹੀਂ ਹੁੰਦੇ ਹਨ। ਉਹਨਾਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਮੀਦਵਾਰਾਂ ਨੂੰ ਚੋਣ ਵਾਅਦਿਆਂ ਦੀ ਵਜਾਏ ਆਪਣੇ ਕੀਤੇ ਹੋਏ ਕੰਮਾਂ ਦੇ ਆਧਾਰ ਤੇ ਵੋਟਾਂ ਦੀ ਮੰਗ ਕਰਨੀ ਚਾਹੀਦੀ ਹੈ। ਸ੍ਰੀ ਸੰਘਾ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਕੈਨੇਡਾ ਸਿਆਸਤ ਨੂੰ ਇਸ ਮੁਲਕ ਦੇ ਸਿਸਟਮ ਅਨੁਸਾਰ ਹੀ ਚਲਾਉਣਾ ਠੀਕ ਹੈ। ਕਈ ਵਾਰ ਉਮੀਦਵਾਰ ਪੰਜਾਬ ਵਾਲ਼ੀ ਸਿਆਸਤ ਮੁਤਾਬਿਕ ਚੋਣ ਲੜਦੇ ਹਨ ਜੋ ਕਿ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਚੰਗਾ ਰੁਝਾਨ ਨਹੀਂ ਹੈ।



# ਨਾਰਥ-ਈਸਟ ਸਿਟੀ ਨੂੰ ਟੈਕਸ ਦੇਣ 'ਚ ਸਭ ਤੋਂ ਅੱਗੇ ਪਰ ਸਹੂਲਤਾਂ 'ਚ ਸਭ ਤੋਂ ਪਿੱਛੇ : ਪਰੀਤ ਬੈਦਵਾਨ

## ਰਿਕਾਰਡ ਤੋੜ ਇਕੱਠ ਵਲੋਂ ਪਰੀਤ ਬੈਦਵਾਨ ਨੂੰ ਜਿਤਾਉਣ ਦੀ ਅਪੀਲ







ਕੈਲਗਰੀ : ਕੈਲਗਰੀ ਸਿਟੀ ਕੌਂਸਿਲ ਦੀਆਂ ਚੋਣਾਂ ਲਈ ਵਾਰਡ ਨੰਬਰ-5 ਤੋਂ ਉਮੀਦਵਾਰ ਸਰਬਦੀਪ (ਪਰੀਤ) ਬੈਦਵਾਨ ਦੀ ਟੀਮ ਵਲੋਂ ਫਾਲਕਿੰਨਰਿੱਜ-ਕੈਸਲਰਿੱਜ ਕਮਿਊਨਿਟੀ ਹਾਲ ਵਿੱਚ ਬਾਰਬੀ ਕਿਊ ਕਰਵਾਇਆ ਗਿਆ ਜਿਸ ਵਿੱਚ ਰਿਕਾਰਡ ਤੋੜ ਇਕੱਠ ਨੇ ਪਰੀਤ ਬੈਦਵਾਨ ਨੂੰ ਵੱਡੇ ਫਰਕ ਨਾਲ਼ ਜਿਤਾਉਣ ਦੀ ਹਾਮੀ ਭਰ ਦਿੱਤੀ। ਪਰੀਤ ਟੀਮ ਦੇ ਸੱਦੇ ਉਪਰ ਲੋਕ ਐਨੀ ਵੱਡੀ ਗਿਣਤੀ ਵਿੱਚ ਪੁੱਜੇ ਕਿ ਹਾਲ ਪੂਰੀ ਤਰ੍ਹਾਂ ਭਰ ਗਿਆ ਤੇ ਕੁਝ ਲੋਕਾਂ ਨੂੰ ਖੜ੍ਹੇ ਹੋ ਕੇ ਬੁਲਾਰਿਆਂ ਨੂੰ ਸੁਣਨਾ ਪਿਆ।

ਪਰੀਤ ਬੈਦਵਾਨ ਨੇ ਕਿਹਾ ਕਿ ਨਾਰਥ-ਈਸਟ ਵਿੱਚ ਵਸੋਂ ਸੰਘਣੀ ਹੋਣ ਕਰਕੇ ਇਹ ਇਲਾਕਾ ਸ਼ਹਿਰ ਦੇ ਕੁੱਲ ਟੈਕਸ ਦਾ ਇੱਕ ਤਿਹਾਈ ਹਿੱਸਾ ਦਿੰਦਾ ਹੈ ਪਰ ਕੈਲਗਰੀ ਸਿਟੀ ਵਲੋਂ ਇਸ ਇਲਾਕੇ ਨੂੰ ਸਹੂਲਤਾਂ ਸਭ ਤੋਂ ਘੱਟ ਦਿੱਤੀਆਂ ਜਾਂਦੀਆਂ ਹਨ। ਪਰੀਤ ਬੈਦਵਾਨ ਨੇ ਇਹ ਵੀ ਦੱਸਿਆ ਕਿ ਅੰਕੜੇ ਇਹ ਦੱਸਦੇ ਨੇ ਕਿ ਮਾਰਟਿਨਡੇਲ ਸ਼ਹਿਰ ਦੀਆਂ ਸ਼ਹਿਰ ਦੀਆਂ ਸੰਘਣੀ ਵਸੋਂ ਵਾਲ਼ੀਆਂ ਕਮਿਊਨਿਟੀਆਂ ਵਿੱਚੋਂ ਇੱਕ ਹੈ ਤੇ ਨਾਰਥ ਈਸਟ ਦੀਆਂ ਬਾਕੀ ਕਮਿਊਨਿਟੀਆਂ ਦੀ ਆਬਾਦੀ ਵੀ ਆਮ ਨਾਲ਼ੋਂ ਸੰਘਣੀ ਹੈ। ਆਬਾਦੀ ਦੇ ਜ਼ਿਆਦਾ ਅਨੁਪਾਤ ਹੋਣ ਕਰਕੇ ਟੈਕਸ ਵੀ ਇਸ ਇਲਾਕੇ ਚੋਂ ਜ਼ਿਆਦਾ ਇਕੱਤਰ ਹੁੰਦਾ ਹੈ ਪਰ ਸਹੂਲਤਾਂ ਦੇਣ ਮੌਕੇ ਸਿਟੀ ਵਲੋਂ ਇਸ ਇਲਾਕੇ ਨਾਲ਼ ਹਮੇਸ਼ਾ ਪੱਖਪਾਤ ਕੀਤਾ ਜਾਂਦਾ ਹੈ।

ਨਾਰਥ-ਈਸਟ ਵਿੱਚ ਖੇਡ ਸਹੂਲਤਾਂ ਦਾ ਮੁੱਦਾ ਇਸ ਸਮਾਗਮ ਵਿੱਚ ਵੱਡੀ ਪੱਧਰ ਤੇ ਉਭਰਿਆ। ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੇ ਪ੍ਰਧਾਨ ਨਰਿੰਦਰਪਾਲ ਸਿੰਘ ਔਜਲਾ ਨੇ ਕਿਹਾ ਪਿਛਲੇ ਸਾਲਾਂ ਦੌਰਾਨ ਅਲਬਰਟਾ ਸੂਬੇ ਦੀਆਂ ਫੀਲਡ ਹਾਕੀ ਟੀਮਾਂ ਨੇ ਕੌਮੀ ਪੱਧਰ ਤੇ ਵੱਡੀਆਂ ਮੱਲਾਂ ਮਾਰੀਆਂ ਹਨ ਜਿਸ ਵਿੱਚ ਪੰਜਾਬੀ ਭਾਈਚਾਰੇ ਦਾ ਵੱਡਾ ਯੋਗਦਾਨ ਹੈ। ਉਹਨਾਂ ਕਿਹਾ ਕਿ ਇਸ ਸਮੇਂ ਨਾਰਥ-ਈਸਟ ਇਲਾਕੇ ਵਿੱਚ ਐਸਟਰੋਟਰਫ ਦੀ ਵੱਡੀ ਲੋੜ ਹੈ। ਰੇਡੀਓ ਹੋਸਟ ਜਤਿੰਦਰ ਸਹੇੜੀ ਨੇ ਵੀ ਮੰਗ ਕੀਤੀ ਕਿ ਇਸ ਇਲਾਕੇ ਵਿੱਚ ਸਪੋਰਟਸ ਮਲਟੀ ਕੰਪਲੈਕਸ ਬਣਾਇਆ ਜਾਵੇ ਤਾਂ ਕਿ ਸਾਡੀਆਂ ਖੇਡਾਂ ਦੀ ਮੇਜ਼ਬਾਨੀ ਨੂੰ ਵੱਡਾ ਹੁਲਾਰਾ ਮਿਲ ਸਕੇ। ਦਵਿੰਦਰ ਤੂਰ ਨੇ ਕਿਹਾ ਕਿ ਸਿਟੀ ਹਾਲ ਵਿੱਚ ਪੰਜਾਬੀ ਭਾਈਚਾਰੇ ਦੀ ਨੁਮਾਇੰਦਗੀ ਕਰਨ ਦਾ ਇਸ ਤੋਂ ਵਧੀਆ ਮੌਕਾ ਹੋਰ ਕੋਈ ਹੋ ਸਕਦਾ ਤੇ ਇਸ ਲਈ ਪਰੀਤ ਬੈਦਵਾਨ ਤੋਂ ਬਿਹਤਰ ਵਿਅਕਤੀ ਹੋਰ ਕੋਈ ਨਹੀਂ ਹੋ ਸਕਦਾ।

ਗੁਰਮੀਤ ਭਾਟੀਆ ਨੇ ਜੈਨਸਿਸ ਪਾਰਕ ਬਚਾਓ ਕਮੇਟੀ ਦੇ ਸੰਘਰਸ਼ ਬਾਰੇ ਚਾਨਣਾ ਪਾਇਆ। ਰਵੀ ਪ੍ਰਕਾਸ਼ ਜਨਾਗਲ ਨੇ ਇਸ ਮੌਕੇ ਇੱਕ ਗੀਤ ਪੇਸ਼ ਕੀਤਾ। ਮੰਚ ਸੰਬੋਧਨ ਕਰਨ ਵਾਲ਼ਿਆਂ ਵਿੱਚ ਹਰਬਰਿੰਦਰ ਸਿੰਘ, ਹਰਪਿੰਦਰ ਗਿੱਲ, ਰੌਬਰਟ, ਸੈਮ, ਐਲਵਿਕ ਤੇ ਡਾ. ਅਬਦੁੱਲਾ ਵੀ ਸ਼ਾਮਲ ਸਨ। ਇਸ ਮੌਕੇ ਵਲੰਟੀਅਰ ਟੀਮ ਨੇ ਬਹੁਤ ਹੀ ਵਧੀਆ ਕੰਮ ਕੀਤਾ ਤੇ ਸਾਰੀਆਂ ਡਿਊਟੀਆਂ ਬਾਖੂਬੀ ਨਿਭਾਈਆਂ।

# ਹਜ਼ਾਰਾਂ ਕਿਸਾਨਾਂ ਦੇ ਪਰਿਵਾਰਾਂ ਸਮੇਤ ਹੋਏ ਇਕੱਠ ਵਿੱਚ ਪਰਾਲੀ ਨੂੰ ਅੱਗ ਲਾ ਕੇ ਕੀਤਾ ਅਗਲੇ ਸੰਘਰਸ਼ ਦਾ ਐਲਾਨ





7 ਕਿਸਾਨ ਜੱਥੇਬੰਦੀ ਦੇ ਧਰਨੇ ਦੇ ਪੰਜਵੇਂ ਅਤੇ ਆਖਰੀ ਦਿਨ ਔਰਤਾਂ ਸਮੇਤ ਹਜਾਰਾਂ ਕਿਸਾਨ ਅੰਦੋਲਨ ਵਿੱਚ ਸ਼ਾਮਿਲ ਹੋਏ। ਪੰਜਾਬ ਸਰਕਾਰ ਦੇ ਕਿਸਾਨ ਵਿਰੋਧੀ ਵਤੀਰੇ ਖਿਲਾਫ ਗੁੱਸੇ ਅਤੇ ਰੋਸ ਨੂੰ ਜਾਹਿਰ ਕਰਦੇ ਕਿਸਾਨ ਅਤੇ ਔਰਤਾਂ ਦੇ ਵੱਡੇ-ਵੱਡੇ ਜੱਥੇ ਨਾਅਰੇਬਾਜੀ ਕਰਕੇ ਲਗਾਤਾਰ ਇਕੱਠ ਵਿੱਚ ਸ਼ਾਮਿਲ ਹੁੰਦੇ ਰਹੇ।

ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਜੋਗਿੰਦਰ ਸਿੰਘ ਉਗਰਾਹਾਂ, ਬੀ.ਕੇ.ਯੂ. ਏਕਤਾ ਡਕੌਂਦਾ ਦੇ ਬੂਟਾ ਸਿੰਘ ਬੁਰਜ ਗਿੱਲ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਕੰਵਲਪ੍ਰੀਤ ਸਿੰਘ ਪੰਨੂੰ, ਕਿਰਤੀ ਕਿਸਾਨ ਯੂਨੀਅਨ ਦੇ ਨਿਰਭੈ ਸਿੰਘ ਢੁਡੀਕੇ, ਬੀ.ਕੇ.ਯੂ. ਕ੍ਰਾਂਤੀਕਾਰੀ ਦੇ ਸੁਰਜੀਤ ਸਿੰਘ ਫੂਲ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਹਰਜੀਤ ਸਿੰਘ ਝੀਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਗੁਰਮੀਤ ਸਿੰਘ ਮਹਿਮਾ ਨੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਬੈਂਕਾਂ, ਆੜ੍ਹਤੀਆਂ, ਸੂਦਖੋਰਾਂ ਦੇ ਕਿਸੇ ਵੀ ਤਰ੍ਹਾਂ ਦੇ ਕਰਜੇ ਦੀ ਜਬਰੀ ਉਗਰਾਹੀ ਨਹੀਂ ਕਰਨ ਦਿੱਤੀ ਜਾਵੇਗੀ। ਇਸਦਾ ਕਿਸਾਨ ਜੱਥੇਬੰਦੀਆਂ ਡੱਟਵਾ ਵਿਰੋਧ ਕਰਨਗੀਆਂ। ਪੰਜਾਬ ਸਰਕਾਰ ਨੇ ਝੋਨੇ ਉਪਰ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦਾ ਐਲਾਨ ਨਹੀਂ ਕੀਤਾ ਅਤੇ ਨਾ ਹੀ ਕੋਈ ਠੋਸ ਹੱਲ ਪੇਸ਼ ਕੀਤਾ ਹੈ। 7 ਕਿਸਾਨ ਜੱਥੇਬੰਦੀਆਂ ਨੇ ਵੱਡੇ ਇਕੱਠ ਵਿੱਚ ਸੰਕੇਤਕ ਤੌਰ ਤੇ ਪਰਾਲੀ ਦੇ ਢੇਰ ਨੂੰ ਅੱਗ ਲਾ ਕੇ ਐਲਾਨ ਕੀਤਾ ਕਿ ਕਿਸਾਨ ਅਗਲੀ ਫਸਲ ਦੀ ਤਿਆਰੀ ਲਈ ਪਰਾਲੀ ਨੂੰ ਅੱਗ ਲਾਉਣਗੇ। ਆਗੂਆਂ ਨੇ ਕਿਹਾ ਕਿ ਸਰਕਾਰ ਅਵਾਰਾ ਪਸ਼ੂਆਂ ਕੁੱਤਿਆਂ ਦਾ ਪੱਕਾ ਪ੍ਰਬੰਧ ਕਰੇ। ਅਬਾਦਕਾਰ ਕਿਸਾਨਾਂ ਦੀਆਂ ਜਮੀਨਾਂ ਦੇ ਮਾਲਕੀ ਹੱਕ ਦਿੱਤੇ ਜਾਣ। ਕਾਸ਼ਤਕਾਰ ਕਿਸਾਨਾਂ ਦੇ ਨਾ ਗਿਰਦਾਵਰੀਆਂ ਕੀਤੀਆਂ ਜਾਣ। ਹੜ ਪੀੜਤ ਕਿਸਾਨਾਂ ਨੂੰ ਫਸਲਾਂ ਦੀ ਬਰਬਾਦੀ ਦਾ ਮੁਆਵਜਾ ਤੁਰੰਤ ਦਿੱਤਾ ਜਾਵੇ। ਨੌਜਵਾਨਾਂ ਲਈ ਰੋਜਗਾਰ ਦਾ ਪੱਕਾ ਪ੍ਰਬੰਧ ਕੀਤਾ ਜਾਵੇ। ਜੱਥੇਬੰਦੀਆਂ ਦੇ ਆਗੂਆਂ ਨੇ ਐਲਾਨ ਕਰਦਿਆਂ ਕਿਹਾ ਕਿ ਸਰਕਾਰ ਨੂੰ ਮੰਗਾਂ ਮਸਲਿਆਂ ਦੇ ਹੱਲ ਲਈ ਇੱਕ ਮਹੀਨਾ ਦਿੱਤਾ ਜਾਦਾ ਹੈ। 27 ਅਕਤੂਬਰ ਨੂੰ ਜੱਥੇਬੰਦੀਆਂ ਅੰਦੋਲਨ ਦੇ ਅਗਲੇ ਪੜਾਅ ਦਾ ਐਲਾਨ ਕਰਨਗੀਆਂ। 16 ਸਤੰਬਰ ਤੋਂ ਘਰਾਂ ਵਿੱਚੋਂ ਛਾਪੇਮਾਰੀ ਕਰਕੇ ਗ੍ਰਿਫਤਾਰ ਕੀਤੇ ਗਏ ਲਗਭਗ 200 ਕਿਸਾਨਾਂ ਨੂੰ 7 ਕਿਸਾਨ ਜੱਥੇਬੰਦੀਆਂ ਵੱਲੋਂ ਸਨਮਾਨਿਤ ਕੀਤਾ ਗਿਆ।

ਵਾਰਾਨਸੀ (ਯੂ.ਪੀ.) ਵਿੱਚ ਭਗਤ ਸਿੰਘ ਕਾਲਜ ਦੇ ਵਿਦਿਆਰਥੀਆਂ ਲੜਕੀਆਂ ਨਾਲ ਕੀਤੀਆਂ ਜਾਂਦੀਆਂ ਛੇੜਖਾਨੀਆਂ ਖਿਲਾਫ ਮੁਜਾਹਰਾ ਕਰ ਰਹੇ ਸਨ ਪੁਲਿਸ ਨੇ ਲਾਠੀਚਾਰਜ ਕੀਤਾ। ਇਕੱਠ ਇਸਦੀ ਨਿਖੇਧੀ ਕਰਦਾ ਹੈ। ਇਸ ਮੌਕੇ ਬੀ.ਕੇ.ਯੂ. ਏਕਤਾ ਡਕੌਂਦਾ ਦੇ ਮਨਜੀਤ ਸਿੰਘ ਧੰਨੇਰ, ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਕਾਰਜ ਸਿੰਘ ਘਰਿਆਲਾ, ਬੀ.ਕੇ.ਯੂ. ਕ੍ਰਾਂਤੀਕਾਰੀ ਦੇ ਸੁਰਮੁੱਖ ਸਿੰਘ ਸੇਲਬਰਾਹ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਸੁਰਿੰਦਰ ਬੈਂਸ ਵੀ ਹਾਜ਼ਰ ਸਨ।

ਪੰਜ ਦਿਨ ਚੱਲੇ ਇਸ ਦਿਨ ਰਾਤ ਦੇ ਧਰਨੇ ਵਿੱਚ ਜੋ ਕਿਸਾਨ ਜਖਮੀ ਹੋਏ, ਇੱਕ ਦੀ ਮੌਤ ਵੀ ਹੋਈ, ਅਤੇ ਕੱਲ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪ੍ਰਧਾਨ ਸ਼ਿੰਦਰ ਸਿੰਘ ਨੱਥੂਵਾਲਾ ਜੋ ਪਰਸੋ ਜੇਲ ਵਿੱਚੋ ਰਿਹਾ ਹੋ ਕੇ ਸਿੱਧੇ ਧਰਨੇ ਵਿੱਚ ਪਹੁੰਚੇ ਸਨ ਉਨ੍ਹਾਂ ਦਾ ਅਚਾਨਕ ਬਲੱਡ ਪ੍ਰੈਸ਼ਰ ਘਟਣ ਕਰਕੇ ਉਹ ਡਿੱਗ ਪਏ ਸਨ। ਜਿਨ੍ਹਾਂ ਨੂੰ ਰਜਿੰਦਰਾ ਹਸਪਤਾਲ ਤੇ ਬਾਅਦ ਵਿੱਚ ਅਮਰ ਹਸਪਤਾਲ ਵਿੱਚ ਭਰਤੀ ਕਰਵਾਉਣਾ ਪਿਆ। ਬੁਲਾਰਿਆਂ ਨੇ ਉਨ੍ਹਾਂ ਸਾਰੇ ਕਿਸਾਨਾਂ ਦੇ ਜੋ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਸਰਕਾਰੀ ਤੌਰ 'ਤੇ ਇਲਾਜ ਕਰਵਾਇਆ ਜਾਵੇ।

# ਕੈਲਗਰੀ ਹਾਕਸ ਦੀ ਫੇਅਰ ਫੀਲਡ ਹਾਕੀ ਟੂਰਨਾਮੈਂਟ 'ਚ ਖਿਤਾਬੀ ਜਿੱਤ

## ਜੱਗਾ ਲੋਪੋ ਟੂਰਨਾਮੈਂਟ ਦਾ ਬਿਹਤਰੀਨ ਖਿਡਾਰੀ ਬਣਿਆ

**ਸੁਖਵੀਰ ਗਰੇਵਾਲ**

ਕੈਲਗਰੀ : ਅਮਰੀਕਾ ਦੇ ਫੇਅਰਫੀਲਡ ਈਗਲਜ਼ ਹਾਕੀ ਕਲੱਬ ਵਲੋਂ ਪਿਛਲੇ ਦਿਨੀਂ ਗੁਰੂ ਨਾਨਕ ਸਿੱਖ ਟੈਂਪਲ ਦੇ ਖੇਡ ਮੈਦਾਨ ਵਿੱਚ ਇੱਕ ਫੀਲਡ ਹਾਕੀ ਟੂਰਨਾਮੈਂਟ ਕਰਵਾਇਆ ਗਿਆ ਜਿਸ ਅਮਰੀਕਾ ਅਤੇ ਕੈਨੇਡਾ ਤੋਂ 9 ਟੀਮਾਂ ਨੇ ਭਾਗ ਲਿਆ। ਕੈਲਗਰੀ ਹਾਕਸ ਨੂੰ ਇਸ ਟੂਰਨਾਮੈਂਟ ਵਿੱਚ ਭਾਗ ਲੈਣ ਲਈ ਬੁਲਾਇਆ ਗਿਆ ਤੇ ਕੈਲਗਰੀ ਹਾਕਸ ਦੀ ਟੀਮ ਖਿਤਾਬ ਜਿੱਤ ਕੇ ਪਰਤੀ। ਕੈਨੇਡਾ ਵਿੱਚ ਕਈ ਟੂਰਨਾਮੈਂਟ ਜਿੱਤ ਚੁੱਕੀ ਕੈਲਗਰੀ ਹਾਕਸ ਦੀ ਅਮਰੀਕਾ ਦੀ ਧਰਤੀ ਤੇ ਇਹ ਪਹਿਲੀ ਖਿਤਾਬੀ ਜਿੱਤ ਹੈ।





ਕੈਲਗਰੀ ਹਾਕਸ ਦੀ ਟੀਮ ਟਰਾਫੀ ਨਾਲ਼ ਅਤੇ ਕੈਲਗਰੀ ਏਅਰਪੋਰਟ ਤੇ ਸਵਾਗਤ ਕਰਨ ਦਾ ਦ੍ਰਿਸ਼।

ਕੈਲਗਰੀ ਹਾਕਸ ਦੀ ਟੀਮ ਦਾ ਏਅਰ ਪੋਰਟ ਤੇ ਪੁੱਜਣ ਤੇ ਹਾਰਾਂ ਨਾਲ਼ ਸ਼ਾਨਦਾਰ ਸਵਾਗਤ ਕੀਤਾ ਗਿਆ। ਟੀਮ ਮੈਂਬਰ ਦੇ ਪਰਿਵਾਰਾਂ ਤੇ ਕਲੱਬ ਮੈਂਬਰਾਂ ਨੇ ਏਅਰ ਪੋਰਟ ਪੁੱਜ ਕੇ ਇਸ ਖੁਸ਼ੀ ਵਿੱਚ ਹੋਰ ਵੀ ਵਾਧਾ ਕਰ ਦਿੱਤਾ। ਕੈਲਗਰੀ ਆਪਣੇ ਪੂਲ ਵਿੱਚ ਪਹਿਲਾ ਮੈਚ ਫਰਿਜ਼ਨੋ ਦੀ ਟੀਮ ਵਿਰੁੱਧ ਖੇਡਿਆ ਜਿਹੜਾ ਹਾਕਸ ਨੇ 5-0 ਦੇ ਫਰਕ ਨਾਲ਼ ਜਿੱਤ ਲਿਆ। ਦੂਜੇ ਮੈਚ ਵਿੱਚ ਹਾਕਸ ਨੇ ਮੇਜ਼ਬਾਨ ਟੀਮ ਫੇਅਰਫੀਲਡ ਕਲੱਬ ਦੀ 'ਬੀ' ਟੀਮ ਨੂੰ 5-1 ਦੇ ਫਰਕ ਨਾਲ਼ ਅਤੇ ਤੀਜੇ ਮੈਚ ਵਿੱਚ ਇਸੇ ਕਲੱਬ ਦੀ 'ਏ' ਟੀਮ ਨੂੰ 1-0 ਦੇ ਫਰਕ ਨਾਲ਼ ਹਰਾਇਆ। ਇਹਨਾਂ ਜਿੱਤਾਂ ਸਦਕਾ ਹਾਕਸ ਦੀ ਟੀਮ ਆਪਣੇ ਪੂਲ ਵਿੱਚੋਂ ਪਹਿਲੇ ਸਥਾਨ ਤੇ ਰਹੀ।

ਕੈਲਗਰੀ ਹਾਕਸ ਦਾ ਸੈਮੀਫਾਈਨਲ ਮੈਚ ਲਾਸ ਏਂਜਲਸ ਨਾਲ਼ ਹੋਇਆ ਜੋ ਕਿ ਬਹੁਤ ਹੀ ਦਿਲਚਸਪ ਰਿਹਾ। ਇਹ ਮੈਚ ਹਾਕਸ ਨੇ ਪੈਨਲਟੀ ਸ਼ੂਟ-ਆਊਟ ਦੌਰਾਨ ਜਿੱਤਿਆ। ਫਾਈਨਲ ਮੈਚ ਵਿੱਚ ਮਨਵੀਰ ਗਿੱਲ ਦੇ ਗੋਲ਼ ਸਦਕਾ ਕੈਲਗਰੀ ਹਾਕਸ ਨੇ ਯੁਬਾ ਸਿਟੀ ਨੂੰ 1-0 ਦੇ ਫਰਕ ਨਾਲ਼ ਹਰਾ ਕੇ ਖਿਤਾਬ ਤੇ ਕਬਜ਼ਾ ਕਰ ਲਿਆ। ਸਾਰੇ ਮੈਚਾਂ ਵਿੱਚ ਕੈਲਗਰੀ ਹਾਕਸ ਦੇ ਗੋਲਕੀਪਰ ਜਗਜੀਤ ਜੱਗਾ ਲੋਪੋਂ ਦੀ ਖੇਡ ਕਾਬਲੇ ਤਾਰੀਫ ਰਹੀ ਜਿਸ ਕਰਕੇ ਉਸ ਨੂੰ ਟੂਰਨਾਮੈਂਟ ਦਾ ਬਿਹਤਰੀਨ ਖਿਡਾਰੀ ਐਲਾਨਿਆ ਗਿਆ ਤੇ ਇਸੇ ਤਰ੍ਹਾਂ ਹਾਕਸ ਦੇ ਗੁਰਵਿੰਦਰ ਰੰਧਾਵਾ ਨੂੰ ਫਾਈਨਲ ਮੈਚ ਲਈ ਮੈਨ ਆਫ ਦਾ ਮੈਚ ਘੋਸ਼ਿਤ ਕੀਤਾ ਗਿਆ। ਟੀਮ ਦਾ ਕੈਲਗਰੀ ਏਅਰਪੋਰਟ ਤੇ ਪੁੱਜਣ ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਸਵਾਗਤ ਕਰਨ ਵਾਲ਼ਿਆਂ ਵਿੱਚ ਮੋਹਰ ਸਿੰਘ ਗਿੱਲ ਮਾਣੂਕੇ, ਇੰਦਰਜੀਤ ਸਿੰਘ ਹਾਂਸ, ਗੁਰਮੇਲ ਸਿੰਘ ਧਾਲੀਵਾਲ, ਚੇਤਨ ਮਹਿਤਾ, ਸਤਨਾਮ ਸਿੰਘ ਸੰਧੂ, ਕੰਵਰ ਪੰਨੂ, ਪਰਮਿੰਦਰ ਪਿੰਦੀ ਬਰਾੜ, ਕਮਲਜੀਤ ਗਰਚਾ, ਗੋਲਡੀ ਬਰਾੜ, ਬਲਜਿੰਦਰ ਸਿੰਘ ਢੁੱਡੀਕੇ ਰਵਿੰਦਰ ਧਾਲੀਵਾਲ ਤੇ ਹੋਰ ਹਾਜ਼ਰ ਸਨ।

**ਕੈਲਗਰੀ ਹਾਕਸ ਟੀਮ** : ਮਨਵੀਰ ਸਿੰਘ ਗਿੱਲ, ਕਿਰਪਾਲ ਸਿੰਘ ਸਿੱਧੂ, ਗੁਰਲਾਲ ਗਿੱਲ ਮਾਣੂਕੇ, ਗੁਰਵਿੰਦਰ ਰੰਧਾਵਾ, ਗੁਰਦੀਪ ਹਾਂਸ, ਰੁਪਿੰਦਰ ਸਿੰਘ ਰੂਪ, ਲਖਵਿੰਦਰ ਸਿੰਘ ਲੱਖਣ, ਗੁਰਮੀਤ ਹਠੂਰ, ਮਨਮੋਹਨ ਗਿੱਲ ਮਾਣੂਕੇ, ਸੁਖਦੀਪ ਭੀਮ ਗਿੱਲ ਮਾਣੂਕੇ, ਮਨਦੀਪ ਝੱਲੀ, ਜਗਜੀਤ ਜੱਗਾ ਲੋਪੋਂ ਅਤੇ ਸੁਖਦੀਪ ਸੁੱਖਾ ਬਾਰਦੇਕੇ।

## ਮੈਂ ਜੈਨਸਿਸ ਪਾਰਕ 'ਚ ਘਰਾਂ ਦੀ ਉਸਾਰੀ ਨਹੀਂ ਹੋਣ ਦੇਵਾਂਗਾ : ਪਰੀਤ ਬੈਦਵਾਨ

**ਵਾਰਡ ਨੰਬਰ-5 ਤੋਂ ਸਰਬਦੀਪ (ਪਰੀਤ) ਬੈਦਵਾਨ ਇੱਕ ਸਰਗਰਮ ਉਮੀਦਵਾਰ ਹਨ। ਜੈਨਸਿਸ ਪਾਰਕ ਨੂੰ ਬਚਾਉਣ ਲਈ ਚਲਾਈ ਮੁਹਿੰਮ ਕਰਕੇ ਉਹ ਲੋਕਾਂ ਵਿੱਚ ਹਰਮਨ ਪਿਆਰੇ ਹੋ ਗਏ। ਵੱਖ-ਵੱਖ ਮੁੱਦਿਆਂ ਬਾਰੇ ਉਹਨਾਂ ਨਾਲ਼ ਹੋਈ ਗੱਲਬਾਤ ਪਾਠਕਾਂ ਲਈ ਪੇਸ਼ ਕਰ ਰਹੇ ਹਾਂ:**

**ਜੈਨਸਿਸ ਪਾਰਕ** : ਜੈਨਸਿਸ ਪਾਰਕ ਬਚਾਓ ਕਮੇਟੀ ਵਲੋਂ ਇਸ ਪਾਰਕ ਨੂੰ ਬਚਾਉਣ ਦਾ ਮੁੱਦਾ ਇਸੇ ਕਰਕੇ ਚੁੱਕਿਆ ਗਿਆ ਸੀ ਕਿਉਂਕਿ ਇਹ ਬੱਚਿਆਂ ਦਾ ਭਵਿੱਖ ਨਾਲ਼ ਸਿੱਧੇ ਰੂਪ ਵਿੱਚ ਜੁੜਿਆ ਹੋਇਆ ਸੀ। ਨਾਰਥ-ਈਸਟ ਵਿੱਚ ਆਬਾਦੀ ਪਹਿਲਾਂ ਹੀ ਬਹੁਤ ਸੰਘਣੀ ਹੈ। ਜੈਨਸਿਸ ਸੈਂਟਰ ਦੇ ਨਾਲ਼ ਘਰ ਬਣਨ ਨਾਲ਼ ਇਸ ਇਲਾਕੇ ਵਿੱਚ ਟਰੈਫਿਕ ਦੇ ਨਾਲ਼-ਨਾਲ਼ ਹੋਰ ਸਮੱਸਿਆਵਾਂ ਬਹੁਤ ਵੱਧ ਜਾਣਗੀਆਂ।

ਸਿਟੀ ਕੌਂਸਿਲ ਨੇ ਚੁੱਪ ਚਪੀਤੇ ਹੀ ਇਹਨਾਂ ਘਰਾਂ ਦਾ ਐਲਾਨ ਕਰਕੇ ਸਾਡੇ ਉਪਰ ਥੋਪਣ ਦੀ ਕੋਸ਼ਿਸ਼ ਕੀਤੀ।ਇਸ ਬਾਰੇ ਸਮੇਂ ਤੋਂ ਪਹਿਲਾਂ ਓਪਨ ਹਾਊਸ ਨਹੀਂ ਕਰਵਾਏ ਗਏ। ਸਾਡੀ ਟੀਮ ਨੇ ਇਸ ਬਾਰੇ ਲੰਮੀ ਲੜਾਈ ਲੜੀ ਹੈ। ਇਸ ਮੁੱਦੇ ਬਾਰੇ ਅਸੀਂ ਦੋ ਵਾਰ ਬੱਸਾਂ ਭਰ ਕੇ ਸਿਟੀ ਹਾਲ ਵਿੱਚ ਪੁੱਜੇ। ਲੋਕਾਂ ਦਾ ਰੋਹ ਦੇਖ ਕੇ ਸਿਟੀ ਕੌਂਸਿਲ ਨੇ ਇਹ ਮੁੱਦਾ ਦੋ ਵਾਰ ਮੁਲਤਵੀ ਕੀਤਾ। ਇਸ ਸੰਘਰਸ਼ ਵਿੱਚ ਸਾਡੀ ਹੁਣ ਤੱਕ ਦੀ ਪ੍ਰਾਪਤੀ ਇਹ ਰਹੀ ਕਿ ਸਿਟੀ ਕੌਂਸਿਲ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਨਾਰਥ-ਈਸਟ ਦੇ ਲੋਕ ਹੁਣ ਜਾਗ੍ਰਿਤ ਹੋ ਰਹੇ ਹਨ। ਕਿਹਾ ਕਿ ਹੁਣ ਭਾਵੇਂ ਸਿਟੀ ਕੌਂਸਿਲ ਨੇ ਇਹ ਮਤਾ ਪਾਸ ਕਰ ਦਿੱਤਾ ਹੈ ਪਰ ਅਸੀਂ ਇਸ ਸੰਘਰਸ਼ ਨੂੰ ਅੰਤ ਤੱਕ ਲੜਾਂਗੇ।

ਦੂਜੀ ਗੱਲ ਇਹ ਕਿ ਘਰਾਂ ਦੇ ਨਾਮ ਤੋਂ ਅਜਿਹਾ ਭੁਲੇਖਾ ਪੈਂਦਾ ਹੈ ਕਿ ਸ਼ਾਇਦ ਇਹ ਆਰਥਿਕ ਤੌਰ 'ਤੇ ਪਛੜੇ ਲੋਕਾਂ ਲਈ ਬਣਾਏ ਜਾ ਰਹੇ ਹਨ ਪਰ ਅਜਿਹਾ ਨਹੀਂ ਹੈ। ਇਹਨਾਂ ਘਰਾਂ ਲਈ ਪਰਿਵਾਰਿਕ ਆਮਦਨ 90 ਹਜ਼ਾਰ ਸਲਾਨਾ ਰੱਖੀ ਗਈ ਹੈ ਜਦ ਕਿ ਐਨੀ ਆਮਦਨ ਵਾਲ਼ੇ ਪਰਿਵਾਰ ਕਦੇ ਵੀ ਗਰੀਬ ਨਹੀਂ ਹੋ ਸਕਦੇ।

**ਟੈਕਸ** : ਅਸੀਂ ਵੋਟ ਪਾਉਣ ਵੇਲ਼ੇ ਅਸਲ ਤੱਥਾਂ ਨੂੰ ਅਕਸਰ ਅਣਗੌਲ਼ਿਆਂ ਕਰ ਦਿੰਦੇ ਹਾਂ। ਸ਼ਹਿਰ ਵਾਸੀਆਂ ਉਪਰ ਟੈਕਸ ਦਾ ਬੋਝ ਪਿਛਲੇ ਸਾਲਾਂ ਦੌਰਾਨ ਵੱਧਦਾ ਹੀ ਜਾ ਰਿਹਾ ਹੈ। ਪਿਛਲੇ ਛੇ ਸਾਲਾਂ ਦੌਰਾਨ ਪ੍ਰਾਪਰਟੀ ਟੈਕਸ ਵਿੱਚ 51 ਫੀਸਦੀ ਵਾਧਾ ਹੋਇਆ ਹੈ ਜਦ ਕਿ ਛੋਟੇ ਵਪਾਰਿਕ ਅਦਾਰਿਆਂ ਉਪਰ ਟੈਕਸ ਪਿਛਲੇ ਛੇ ਸਾਲ ਦੌਰਾਨ 60 ਤੋਂ 70 ਫੀਸਦੀ ਵੱਧ ਚੁੱਕਿਆ ਹੈ। ਇਹਨਾਂ ਟੈਕਸਾਂ ਦੇ ਬੋਝ ਦਾ ਵੱਡਾ ਕਾਰਨ ਸਿਟੀ ਕੌਂਸਿਲ ਵਲੋਂ ਪਿਛਲੇ ਕਈ ਸਾਲਾਂ ਤੋਂ ਕੀਤੀ ਜਾ ਰਹੀ ਫਜ਼ੂਲ ਖਰਚੀ ਹੈ। ਸ਼ਹਿਰ ਦੇ ਕਈ ਆਰਟ ਪ੍ਰਾਜੈਕਟਾਂ ਨੂੰ ਉਪਰ ਕੀਤਾ ਗਿਆ ਖਰਚਾ ਇਸ ਗੱਲ ਦਾ ਸਬੂਤ ਹੈ ਕਿ ਸ਼ਹਿਰ ਵਾਸੀਆਂ ਦੇ ਟੈਕਸ ਤੋਂ ਵਸੂਲ ਡਾਲਰਾਂ ਦਾ ਸਹੀ ਇਸਤੇਮਾਲ ਨਹੀਂ ਹੋ ਰਿਹਾ ਹੈ। ਇਹਨਾਂ ਪ੍ਰਾਜੈਕਟਾਂ ਨੂੰ ਪੂਰਾ ਕਰਨ ਲਈ ਆਰਟਿਸਟ ਬਾਹਰਲੇ ਮੁਲਕ ਤੋਂ ਮੰਗਵਾਏ ਗਏ। ਇਸ ਫਜ਼ੂਲ ਖਰਚੀ ਦੀ ਵੱਡੀ ਮਿਸਾਲ ਜੈਨਸਿਸ ਸੈਂਟਰ ਦੀ ਪਾਰਕਿੰਗ ਅਲਾਟ ਦੇ ਇੱਕ ਖੂੰਜੇ ਵਿੱਚ ਸਥਾਪਤ ਕੀਤੀ ਗਲੋਬਲ ਬਾਲ ਸੀ ਜੋ ਕਿ ਪਿਛਲੇ ਕਈ ਮਹੀਨਿਆਂ ਤੋਂ ਗਾਇਬ ਹੈ। ਹੁਣ ਇਸ ਨੂੰ ਸਿਟੀ ਕੌਂਸਿਲ ਨੇ ਹਟਾ ਦਿੱਤਾ ਹੈ ਜਦ ਕਿ ਇਸ ਉਪਰ ਅੱਠ ਲੱਖ ਦੇ ਕਰੀਬ ਖਰਚਾ ਆਇਆ ਸੀ।

**ਖੇਡਾਂ** : ਖੇਡ ਸਹੂਲਤਾਂ ਨੂੰ ਵਿਕਸਿਤ ਕਰਨ ਲਈ ਸਿਟੀ ਕੌਂਸਿਲ ਦੁਆਰਾ ਬਣਾਈਆਂ ਜਾਂਦੀਆਂ ਯੋਜਨਾਵਾਂ ਵਿੱਚ ਇਕਸਾਰਤਾ ਨਹੀਂ। ਸ਼ਹਿਰ ਵਲੋਂ ਵਿੰਟਰ ਉਲੰਪਿਕ ਦੀ ਮੇਜ਼ਬਾਨੀ ਦਾ ਪਤਾ ਲਗਾਉਣ ਲਈ ਹੀ ਸਿਟੀ ਕੌਂਸਿਲ ਨੇ ਲੱਖਾਂ ਡਾਲਰ ਰੋੜ ਦਿੱਤੇ। ਆਈਸ ਹਾਕੀ ਏਰੀਨਾ ਬਣਾਉਣ ਲਈ ਛਿੜਿਆ ਵਿਵਾਦ ਕਿਸੇ ਪਾਸੇ ਨਹੀਂ ਲੱਗ ਰਿਹਾ। ਇਸ ਦਾ ਦੂਜਾ ਪਹਿਲੂ ਇਹ ਹੈ ਕਿ ਵਾਰਡ ਨੰਬਰ-5 ਸਾਰੀਆਂ ਖੇਡ ਗਤੀਵਿਧੀਆਂ ਦਾ ਕੇਂਦਰ ਜੈਨਸਿਸ ਸੈਂਟਰ ਉਪਰ ਇਸ ਸਮੇਂ ਬੋਝ ਲੋੜ ਤੋਂ ਜ਼ਿਆਦਾ ਹੈ ਜਿਸ ਕਰਕੇ ਫੀਲਡ ਹਾਕੀ ਖਿਡਾਰੀਆਂ ਨੂੰ ਸਰਦੀਆਂ ਦੌਰਾਨ ਜੈਨਸਿਸ ਸੈਂਟਰ ਵਿੱਚ ਬੁਕਿੰਗ ਲਈ ਇੰਤਜ਼ਾਰ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਸੌਕਰ ਅਤੇ ਅਥਲੈਟਿਕਸ ਲਈ ਵੀ ਢੁਕਵੇਂ ਸਟੇਡੀਅਮ ਨਾ ਹੋਣ ਕਾਰਨ ਨਾਰਥ-ਈਸਟ ਦੇ ਖਿਡਾਰੀਆਂ ਨੂੰ ਕਾਫੀ ਖੱਜਲ ਹੋਣਾ ਪੈਂਦਾ ਹੈ। ਮੇਰੀ ਖਾਹਿਸ਼ ਹੈ ਕਿ ਦੱਖਣੀ ਏਸ਼ਿਆਈ ਭਾਈਚਾਰੇ ਦੇ ਬੱਚੇ ਖੇਡਾਂ ਵਿੱਚ ਕੌਮਾਂਤਰੀ ਪੱਧਰ ਤੇ ਮੱਲਾਂ ਮਾਰਨ।

**ਕਰਾਈਮ** : ਨਾਰਥ-ਈਸਟ ਵਿੱਚ ਅਪਰਾਧ ਦੀਆਂ ਘਟਨਾਵਾਂ ਵਿੱਚ ਹੋ ਰਿਹਾ ਵਾਧਾ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹੈ। ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਰੱਖਣ ਲਈ ਇਸ ਦੇ ਪੱਕੇ ਹੱਲ ਦੀ ਜ਼ਰੂਰਤ ਹੈ। ਕੈਲਗਰੀ ਪੁਲੀਸ ਨਾਲ਼ ਮਿਲ ਕੇ ਸਕੂਲਾਂ ਵਿੱਚ ਪ੍ਰੋਗਰਾਮ ਚਲਾਉਣ ਦੀ ਲੋੜ ਹੈ ਜਿਸ ਨਾਲ਼ ਨੌਜਵਾਨ ਪੀੜ੍ਹੀ ਨੂੰ ਸੁਚੇਤ ਕੀਤਾ ਜਾ ਸਕੇ। ਇਸੇ ਤਰ੍ਹਾਂ ਹਰੇਕ ਕਮਿਊਨਿਟੀ ਵਿੱਚ ਨੇਬਰਹੁੱਡ ਵਾਚ ਪ੍ਰੋਗਰਾਮ ਦੀ ਲੋੜ ਹੈ ਤਾਂ ਲੋਕ ਆਪਣੀ ਸੁਰੱਖਿਆ ਬਾਰੇ ਸੁਚੇਤ ਹੋ ਸਕਣ।

**ਟਰਾਂਸਪੋਰਟ ਢਾਂਚਾ** : ਸਿਟੀ ਕੌਂਸਿਲ ਵਲੋਂ ਸ਼ਹਿਰ ਦਾ ਟਰਾਂਸਪੋਰਟ ਢਾਂਚਾ ਸਥਾਪਤ ਕਰਨ ਲਈ ਨਾਰਥ-ਈਸਟ ਨਾਲ਼ ਹਮੇਸ਼ਾ ਪੱਖਪਾਤ ਕੀਤਾ ਜਾਂਦਾ ਰਿਹਾ ਹੈ। ਨਾਰਥ-ਈਸਟ ਦੇ ਵਿੱਚ ਜਿਆਦਾ ਨਵੇਂ ਇਮੀਗਰਾਂਟ ਹੋਣ ਕਾਰਨ ਇਸ ਇਲਾਕੇ ਦੇ ਲੋਕ ਬੱਸ ਅਤੇ ਟਰੇਨ ਦੀ ਵਰਤੋਂ ਜਿਆਦਾ ਕਰਦੇ ਹਨ। ਨਾਰਥ-ਈਸਟ ਵਿੱਚ ਬਣੇ ਐਲ. ਆਰ. ਟੀ. ਸਟੇਸ਼ਨਾਂ ਦਾ ਮਿਆਰ ਸ਼ਹਿਰ ਦੇ ਬਾਕੀ ਇਲਾਕਿਆਂ ਦੇ ਮੁਕਾਬਲੇ ਕਾਫੀ ਨੀਵਾਂ ਹੈ। ਸਰਦੀ ਦੌਰਾਨ ਸਾਨੂੰ ਕਈ ਵਾਰ ਬੱਸ ਸਟਾਪ ਤੇ ਕਾਫੀ ਦੇਰ ਖੜਨਾ ਪੈਂਦਾ ਹੈ। ਮੇਰੀ ਇਹ ਕੋਸ਼ਿਸ਼ ਰਹੇਗੀ ਕਿ ਬੱਸ ਸ਼ੈਲਟਰਾਂ ਵਿੱਚ ਹੀਟਿੰਗ ਸਿਸਟਮ ਲਗਾਇਆ ਜਾਵੇ ਤਾਂ ਕਿ ਸਵਾਰੀਆਂ ਨੂੰ ਕੜਾਕੇ ਦੀ ਠੰਢ ਦੌਰਾਨ ਬੱਸ ਦਾ ਇੰਤਜ਼ਾਰ ਕਰਨ ਵਿੱਚ ਕੋਈ ਮੁਸ਼ਕਲ ਨਾ ਆਵੇ।

**ਸੈਟੇਲਾਈਟ ਦਫਤਰ** : ਮੈਂ ਨਾਰਥ-ਈਸਟ ਵਿੱਚ ਲੰਮੇ ਅਰਸੇ ਤੋਂ ਰਹਿ ਰਿਹਾ ਹਾਂ ਤੇ ਮੈਂ ਇਹ ਮਹਿਸੂਸ ਕੀਤਾ ਹੈ ਕਿ ਇਸ ਇਲਾਕੇ ਦੇ ਲੋਕ ਆਪਣੀਆਂ ਮੁਸ਼ਕਿਲਾਂ ਦੇ ਹੱਲ ਲਈ ਸਿਟੀ ਹਾਲ ਜਾਣ ਤੋਂ ਗੁਰੇਜ਼ ਕਰਦੇ ਹਨ। ਮੇਰੀ ਕੋਸ਼ਿਸ਼ ਰਹੇਗੀ ਕਿ ਇੱਕ ਸੈਟੇਲਾਈਟ ਦਫਤਰ ਵਾਰਡ ਨੰਬਰ-5 ਵਿੱਚ ਖੋਲ੍ਹਿਆ ਜਾਵੇ ਤਾਂ ਕਿ ਲੋਕ ਉਸ ਜਗ੍ਹਾ ਤੇ ਆ ਕੇ ਆਪਣੀ ਭਾਸ਼ਾ ਵਿੱਚ ਆਪਣੀ ਮੁਸ਼ਕਲ ਦੱਸ ਸਕਣ। ਸਾਡੀ ਵਲੰਟੀਅਰ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਵੀ ਮਾਹਿਰ ਹੈ ਜਿਹੜੀ ਇਸ ਪ੍ਰੋਗਰਾਮ ਵਿੱਚ ਇੱਕ ਕੜੀ ਦਾ ਕੰਮ ਕਰੇਗੀ। ਇਸ ਟੀਮ ਸਿਟੀ ਹਾਲ ਤੋਂ ਲੋਕਾਂ ਦੀ ਮੁਸ਼ਕਲ ਹੱਲ ਕਰਵਾਏਗੀ।

**ਜਾਗਰੂਕਤਾ** : ਲੋਕਾਂ ਦੇ ਸਹਿਯੋਗ ਨਾਲ਼ ਅਸੀਂ ਜੈਨਸਿਸ ਪਾਰਕ ਨੂੰ ਬਚਾਉਣ ਲਈ ਲੰਮੀ ਲੜਾਈ ਲੜੀ ਹੈ। ਹੁਣ ਭਾਵੇਂ ਸਿਟੀ ਕੌਂਸਿਲ ਨੇ ਜੈਨਸਿਸ ਪਾਰਕ ਵਿੱਚ ਘਰ ਬਣਾਉਣ ਦੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਪਰ ਨਿੱਜੀ ਤੌਰ 'ਤੇ ਮੈਨੂੰ ਇਸ ਸੰਘਰਸ਼ ਦੀ ਅਗਵਾਈ ਕਰਕੇ ਬਹੁਤ ਤਸੱਲੀ ਹੋਈ ਹੈ। ਇਸ ਸੰਘਰਸ਼ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਕੈਲਗਰੀ ਸਿਟੀ ਦੇ ਦਫਤਰ ਨੂੰ ਇਸ ਅਹਿਸਾਸ ਹੋ ਗਿਆ ਕਿ ਨਾਰਥ-ਈਸਟ ਦੇ ਲੋਕ ਹੁਣ ਜਾਗਣ ਲੱਗ ਪਏ ਹਨ। ਭਵਿੱਖ ਵਿੱਚ ਕੋਈ ਵੀ ਪ੍ਰਾਜੈਕਟ ਇਸ ਇਲਾਕੇ ਵਿੱਚ ਲਿਆਉਣ ਤੋਂ ਪਹਿਲਾਂ ਸਿਟੀ ਕੌਂਸਿਲ ਇਥੋਂ ਦੇ ਲੋਕਾਂ ਨਾਲ਼ ਉਹਨਾਂ ਦੀ ਭਾਸ਼ਾ ਵਿੱਚ ਗੱਲਬਾਤ ਜ਼ਰੂਰ ਕਰੇਗੀ।

**ਅਪੀਲ** : ਜਦ ਤੱਕ ਕੈਲਗਰੀ ਸਿਟੀ ਕੌਂਸਿਲ ਦੇ ਦਫਤਰ ਵਿੱਚ ਸਾਡੇ ਭਾਈਚਾਰੇ ਚੋਂ ਕੋਈ ਵੀ ਕੌਂਸਲਰ ਚੁਣ ਕੇ ਨਹੀਂ ਜਾਂਦਾ ਤਦ ਤੱਕ ਸਾਡੀਆਂ ਮੁਸ਼ਕਲਾਂ ਦਾ ਪੱਕਾ ਹੱਲ ਨਹੀਂ ਹੋ ਸਕਦਾ। ਮੈਨੂੰ ਆਪਣੇ ਭਾਈਚਾਰੇ ਦੀ ਬੋਲੀ ਅਤੇ ਸੱਭਿਆਚਾਰ ਬਾਰੇ ਪੂਰਾ ਗਿਆਨ ਹੈ। ਮੈਂ ਵੋਟਰਾਂ ਨਾਲ਼ ਇਸ ਵਾਅਦਾ ਕਰਦਾ ਹਾਂ ਕਿ ਉਹਨਾਂ ਦੀ ਹਰ ਮੁਸ਼ਕਲ ਦਾ ਹੱਲ ਕੱਢਣ ਲਈ ਪੂਰੀ ਵਾਹ ਲਾਵਾਂਗਾ। ਸੋ ਮੇਰੀ ਅਪੀਲ ਹੈ ਕਿ ਮੈਨੂੰ ਵੋਟ ਪਾ ਪਾਓ ਤਾਂ ਕਿ ਨਾਰਥ-ਈਸਟ ਇਲਾਕੇ ਦੀਆਂ ਮੁਸ਼ਕਲਾਂ ਦਾ ਪੱਕਾ ਹੱਲ ਕੱਢਿਆ ਜਾ ਸਕੇ।



ਐਨਾ ਲੂਈ ਸਟਰੌਂਗ

# ਸਟਾਲਿਨ ਯੁੱਗ

## ਮਹਾਨ ਅਕਤੂਬਰ ਇਨਕਲਾਬ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ



ਰਣਜੀਤ ਲਹਿਰਾ

100 ਸਾਲ ਪਹਿਲਾਂ, ਕਾਮਰੇਡ ਲੈਨਿਨ ਦੀ ਅਗਵਾਈ ਹੇਠ 'ਮਹਾਨ ਅਕਤੂਬਰ ਇਨਕਲਾਬ' ਨੂੰ ਨੇਪਰੇ ਚਾੜ੍ਹਦਿਆਂ ਰੂਸ ਦੇ ਕਰੋੜਾਂ ਮਜ਼ਦੂਰਾਂ-ਕਿਸਾਨਾਂ ਨੇ ਸਮਾਜਵਾਦ ਉਸਾਰਨ ਦਾ ਜਿਹੜਾ ਸੁਨਹਿਰੀ ਸੁਪਨਾ ਲਿਆ ਸੀ, 'ਸਟਾਲਿਨ ਯੁੱਗ' ਉਸ ਸੁਪਨੇ ਦੇ ਪਹਿਲੀ ਵਾਰ ਸਾਕਾਰ ਰੂਪ ਧਾਰਨ ਦਾ ਯੁੱਗ ਸੀ। ਕਾ. ਸਟਾਲਿਨ ਦੀ ਅਗਵਾਈ 'ਚ ਸੋਵੀਅਤ ਯੂਨੀਅਨ ਅੰਦਰ ਕਰੋੜਾਂ-ਕਰੋੜ ਮਜ਼ਦੂਰ-ਕਿਸਾਨਾਂ ਦਾ ਇੱਕ ਅਜਿਹਾ ਤੂਫ਼ਾਨ ਉੱਠਿਆ ਜਿਸ ਨੇ ਦੇਖਦਿਆਂ ਹੀ ਦੇਖਦਿਆਂ ਅਤਿ-ਪਛੜੇ ਤੇ ਮੱਧ-ਯੁਗੀਨ ਰੂਸ ਨੂੰ ਦੁਨੀਆ ਦਾ ਇੱਕ ਵਿਕਸਤ ਤੇ ਸ਼ਕਤੀਸ਼ਾਲੀ ਦੇਸ਼ ਬਣਾ ਦਿੱਤਾ। 'ਮੰਡੀ ਦੀਆਂ ਲੋੜਾਂ' ਦੀ ਥਾਂ 'ਲੋਕਾਈ ਦੀਆਂ ਲੋੜਾਂ' ਲਈ ਯੋਜਨਾਬੱਧ ਵਿਕਾਸ ਦੇ ਖੁੱਲ੍ਹੇ ਰਾਹਾਂ ਨੇ ਸਿਹਤ ਤੋਂ ਲੈ ਕੇ ਸਿੱਖਿਆ, ਕਲਾ ਤੋਂ ਲੈ ਕੇ ਖੇਡਾਂ, ਜ਼ਮੀਨ ਤੋਂ ਲੈ ਕੇ ਆਸਮਾਨ ਅਤੇ ਵਿਗਿਆਨ ਤੋਂ ਲੈ ਕੇ ਤਕਨਾਲੌਜੀ ਤੱਕ ਸਭ ਕੁੱਝ ਨੂੰ ਜਨ-ਜਨ ਦੀ ਪਹੁੰਚ ਵਿੱਚ ਲਿਆ ਦਿੱਤਾ। ਯੋਜਨਾਬੱਧ ਵਿਕਾਸ ਦੇ ਨਵੇਂ ਲਾਂਘੇ ਭੰਨਦਿਆਂ ਜਦੋਂ ਸੋਵੀਅਤ ਯੂਨੀਅਨ ਨੇ 'ਪਹਿਲੀ ਪੰਜ-ਸਾਲਾ ਯੋਜਨਾ' ਦਾ ਐਲਾਨ ਕੀਤਾ ਤਾਂ ਪੱਛਮ ਦੇ ਸਾਮਰਾਜਵਾਦੀਆਂ ਨੇ ਇਸ ਨੂੰ ਸਟਾਲਿਨ ਦਾ ਹਵਾਈ ਕਿਲ੍ਹਾ ਕਰਾਰ ਦਿੱਤਾ, ਪਰ ਜਦੋਂ ਸਟਾਲਿਨ ਨੇ ਪਹਿਲੀ ਪੰਜ-ਸਾਲਾ ਯੋਜਨਾ ਦੇ ਅਖ਼ੀਰ 'ਤੇ ਪੰਜਾਂ ਸਾਲਾਂ ਦੇ ਵਿਕਾਸ ਦੀਆਂ ਬਰਕਤਾਂ ਗਿਣਾਉਂਦਿਆਂ ਸੋਵੀਅਤ ਯੂਨੀਅਨ ਨੂੰ 'ਖੇਤੀ ਪ੍ਰਧਾਨ' ਦੇਸ਼ ਦੀ ਥਾਂ ਵਿਕਸਤ ਸਨਅਤੀ ਦੇਸ਼ ਐਲਾਨਿਆ ਤਾਂ ਸਾਮਰਾਜਵਾਦੀ ਦੁਨੀਆ ਦੰਗ ਰਹਿ ਗਈ। ਹੋਰ ਵੀ ਹੈਰਾਨੀ ਦੀ ਗੱਲ ਇਹ ਸੀ ਕਿ ਸੋਵੀਅਤ ਯੂਨੀਅਨ ਪੈਦਾਵਾਰ ਤੇ ਵਿਕਾਸ ਵਿੱਚ ਇਹ ਮੱਲਾਂ ਉਨ੍ਹਾਂ ਦਿਨਾਂ ਵਿੱਚ ਮਾਰ ਰਿਹਾ ਸੀ ਜਿਨ੍ਹਾਂ ਦਿਨਾਂ ਵਿੱਚ ਸਾਮਰਾਜਵਾਦੀ ਦੁਨੀਆ 1929 ਦੇ ਮਹਾਂ-ਮੰਦਵਾੜੇ ਹੇਠ ਛਟਪਟਾ ਰਹੀ ਸੀ। ਕਾ. ਸਟਾਲਿਨ ਦੀ ਰਹਿਨੁਮਾਨੀ ਹੇਠ ਉੱਠ ਖੜ੍ਹੇ ਹੋਏ ਜਨ-ਸੈਲਾਬ ਨੇ ਨਾ ਸਿਰਫ਼ ਸੋਵੀਅਤ ਰੂਸ ਦੀ ਹੀ ਕਾਇਆ-ਕਲਪ ਕੀਤੀ ਸਗੋਂ ਇਸ ਨੇ ਬਸਤੀਵਾਦ ਵਿਰੁੱਧ ਲੜ ਰਹੀਆਂ ਕੌਮਾਂ ਦੇ ਮੁਕਤੀ ਸੰਗਰਾਮਾਂ ਨੂੰ ਨਵਾਂ ਵੇਗ ਪ੍ਰਦਾਨ ਕਰਕੇ ਅਤੇ ਨਵ-ਅਜ਼ਾਦ ਦੇਸ਼ਾਂ ਨੂੰ ਪੈਰਾਂ-ਸਿਰ ਖੜ੍ਹਾ ਹੋਣ ਵਿੱਚ ਮੱਦਦ ਕਰਕੇ ਸੰਸਾਰ ਸਾਮਰਾਜਵਾਦ ਨੂੰ ਸਿਧਮ-ਸਿੱਧੀ ਚੁਣੌਤੀ ਪੇਸ਼ ਕੀਤੀ। ਸਰਮਾਏਦਾਰਾ ਜਗਤ ਦੇ ਕਿਰਤੀ-ਕਾਮਿਆਂ ਅਤੇ ਬਸਤੀਆਂ ਦੇ ਦੱਬੇ-ਕੁਚਲੇ ਲੋਕਾਂ ਲਈ ਸੋਵੀਅਤ ਯੂਨੀਅਨ ਚਾਨਣ-ਮੁਨਾਰਾ ਬਣ ਗਿਆ। ਸੋਵੀਅਤ ਸਮਾਜਵਾਦ ਦੀਆਂ ਬਰਕਤਾਂ ਨੇ ਇੱਕ-ਤਿਹਾਈ ਦੁਨੀਆ ਵਿੱਚ ਮਜ਼ਦੂਰ ਜਮਾਤ ਦੀ ਅਗਵਾਈ ਹੇਠ ਅਸਲੀ ਅਰਥਾਂ ਵਿੱਚ 'ਅਜ਼ਾਦੀ-ਬਰਾਬਰੀ-ਭਾਈਚਾਰੇ' ਦੇ ਪ੍ਰਤੀਕ ਲਾਲ ਪਰਚਮ ਲਹਿਰਾਉਣ ਦੇ ਰਾਹ ਖੋਲ੍ਹਣ ਵਿੱਚ ਅਹਿਮ ਭੂਮਿਕਾ ਨਿਭਾਈ। ਇੰਝ ਕਰਦਿਆਂ ਸੋਵੀਅਤ ਯੂਨੀਅਨ ਨੇ ਜਿੱਥੇ ਸਾਮਰਾਜਵਾਦ ਨੂੰ ਪਿੱਛੇ ਹਟਣ ਲਈ ਮਜਬੂਰ ਕੀਤਾ, ਉੱਥੇ ਨਾਲ ਹੀ ਫਾਸ਼ੀਵਾਦ ਦੇ ਉਸ ਜ਼ਹਿਰੀ ਨਾਗ ਦੀ ਸਿਰੀ ਵੀ ਚਿੱਪੀ, ਜਿਹੜਾ ਹਿਟਲਰ ਦੀ ਅਗਵਾਈ ਵਿੱਚ ਦੁਨੀਆ ਨੂੰ ਜਿੱਤਣ ਦੀਆਂ ਬੜ੍ਹਕਾਂ ਮਾਰ ਰਿਹਾ ਸੀ ਅਤੇ ਜਿਸ ਦੀਆਂ ਬੜ੍ਹਕਾਂ ਤੋਂ ਡਰ ਕੇ ਅਮਰੀਕਾ-ਬ੍ਰਿਟੇਨ-ਫਰਾਂਸ ਵਰਗੇ ਸਾਮਰਾਜਵਾਦੀਆਂ ਨੇ ਹਿਟਲਰ ਖ਼ਿਲਾਫ਼ ਉਦੋਂ ਤੱਕ 'ਦੂਜਾ ਮੋਰਚਾ' ਨਹੀਂ ਸੀ ਖੋਲ੍ਹਿਆ ਜਦੋਂ ਤੱਕ ਲਾਲ ਫ਼ੌਜ ਨੇ ਹਿਟਲਰ ਨੂੰ ਨਿਰਣਾਇਕ ਤੌਰ 'ਤੇ ਪਿਛਾਂਹ ਹਟਣ ਲਈ ਮਜ਼ਬੂਰ ਨਹੀਂ ਸੀ ਕਰ ਦਿੱਤਾ।


ਨਿਸ਼ਚੇ ਹੀ ਸੋਵੀਅਤ ਯੂਨੀਅਨ ਵਿੱਚ ਸਮਾਜਵਾਦ ਵੱਲੋਂ ਮਾਰੀਆਂ ਮੱਲਾਂ ਅਤੇ ਦੂਜੀ ਸੰਸਾਰ ਜੰਗ ਵਿੱਚ ਹਿਟਲਰ ਨੂੰ ਹਰਾ ਕੇ ਦੁਨੀਆ ਦਾ ਭਵਿੱਖ-ਨਕਸ਼ਾ ਬਦਲਣ ਦਾ ਸਿਹਰਾ ਸਟਾਲਿਨ ਦੇ ਸਿਰ ਬੱਝਦਾ ਹੈ। ਇਸ ਤੂਫ਼ਾਨ ਦਾ ਰੂਹੇ-ਰਵਾਂ ਕਾ. ਸਟਾਲਿਨ ਹੀ ਸੀ।

ਕਿਉਂ ਜੋ ਸਟਾਲਿਨ ਅਤੇ ਸਮਾਜਵਾਦ ਦਾ ਏਜੰਡਾ ਸਾਮਰਾਜਵਾਦੀ ਦੁਨੀਆ ਦੇ ਸੀਨੇ ਸੱਲ੍ਹ ਪਾ ਰਿਹਾ ਸੀ ਇਸ ਲਈ ਸਾਮਰਾਜਵਾਦ ਤੇ ਉਸ ਦੇ ਪਿੱਠੂਆਂ ਦੀ ਇਹ ਅਣਸਰਦੀ ਲੋੜ ਬਣ ਗਈ ਕਿ ਉਹ ਸਟਾਲਿਨ ਅਤੇ ਸੋਵੀਅਤ ਸਮਾਜਵਾਦ ਬਾਰੇ ਕੂੜ-ਪ੍ਰਚਾਰ ਦੀ ਵਿਆਪਕ ਮੁਹਿੰਮ ਛੇੜ ਦੇਣ। ਉਨ੍ਹਾਂ ਨੇ ਅਜਿਹਾ ਹੀ ਕੀਤਾ। ਕੂੜ-ਪ੍ਰਚਾਰ ਦੀ ਮੁਹਿੰਮ ਸਿਰਫ਼ ਉਨ੍ਹਾਂ ਨੇ ਹੀ ਨਾ ਚਲਾਈ ਸਗੋਂ ਤਤਕਾਲੀ ਸਮਾਜਵਾਦੀ ਸੋਵੀਅਤ ਯੂਨੀਅਨ ਦੇ ਗ਼ੱਦਾਰਾਂ ਤੇ ਭਗੌੜਿਆਂ ਨੇ ਅੰਦਰੋਂ ਸੰਨ੍ਹ ਲਾ ਕੇ ਉਨ੍ਹਾਂ ਦੇ ਪਾਪਾਂ 'ਚ ਆਪਣਾ ਬਣਦਾ-ਸਰਦਾ ਹਿੱਸਾ ਪਾਇਆ। ਕਾ. ਸਟਾਲਿਨ ਦੀ ਮੌਤ ਉਪਰੰਤ 'ਸੋਵੀਅਤ ਯੂਨੀਅਨ ਦਾ ਰੰਗ' ਬਦਲਣ ਤੋਂ ਬਾਅਦ ਰਾਜਕੀ ਇਜ਼ਾਰੇਦਾਰ ਸਰਮਾਏਦਾਰੀ ਦੇ ਨੁਮਾਇੰਦਿਆਂ ਦੇ ਰੂਪ 'ਚ ਖਰੁਸ਼ਚੇਵ ਵਰਗਿਆਂ ਨੇ ਇਹ ਕੰਮ ਖੁੱਲ੍ਹੇ ਰੂਪ 'ਚ ਕੀਤਾ। ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ 20ਵੀਂ ਕਾਂਗਰਸ (1956) ਦੇ ਡੈਲੀਗੇਟਾਂ ਸਾਹਮਣੇ ਖਰੁਸ਼ਚੇਵ ਨੇ ਆਪਣੇ ਗੁਪਤ ਭਾਸ਼ਣ ਵਿੱਚ ਕਾ. ਸਟਾਲਿਨ ਖ਼ਿਲਾਫ਼ ਖੁੱਲ੍ਹ ਕੇ ਜ਼ਹਿਰ ਉਗ਼ਲੀ ਅਤੇ ਭੰਡੀ-ਪ੍ਰਚਾਰ ਕੀਤਾ। ਗੁਪਤ ਕਹੇ ਗਏ ਇਸ ਭਾਸ਼ਣ ਨੂੰ ਕੁੱਝ ਹੀ ਦਿਨਾਂ ਬਾਅਦ ਅਮਰੀਕੀ ਬਦੇਸ਼ ਵਿਭਾਗ ਨੇ ਪ੍ਰਕਾਸ਼ਿਤ ਵੀ ਕਰ ਦਿੱਤਾ। ਜ਼ਾਹਿਰ ਹੈ ਕਾ. ਸਟਾਲਿਨ ਖ਼ਿਲਾਫ਼ ਖਰੁਸ਼ਚੇਵ ਦੇ ਕੂੜ-ਪ੍ਰਚਾਰ ਨੇ ਸਾਮਰਾਜਵਾਦ ਨੂੰ ਖ਼ੂਬ ਰਾਹਤ ਪਹੁੰਚਾਈ ਤੇ ਖ਼ੁਸ਼ੀ ਪ੍ਰਦਾਨ ਕੀਤੀ। ਐਨਾ ਲੂਈ ਸਟਰੌਂਗ ਦੀ ਹੱਥਲੀ ਪੁਸਤਕ ਖਰੁਸ਼ਚੇਵ ਦੇ ਉਸੇ ਗੁਪਤ ਭਾਸ਼ਣ ਦੀ ਤੱਥਾਤਮਕ ਚੀਰ-ਫਾੜ ਕਰਦੀ ਹੈ ਅਤੇ ਸਮਾਜਵਾਦ ਦੇ ਉਸ ਪਹਿਲੇ ਤਜ਼ਰਬੇ ਨੂੰ ਬੁਲੰਦ ਕਰਦੀ ਹੈ, ਘਾਟਾਂ-ਕਮਜ਼ੋਰੀਆਂ 'ਤੇ ਉਂਗਲ ਧਰਦੀ ਹੈ ਅਤੇ ਇਸ ਦੀਆਂ ਸਮੱਸਿਆਵਾਂ ਦੀ ਚਰਚਾ ਕਰਦੀ ਹੈ।

ਐਨਾ ਲੂਈ ਸਟਰੌਂਗ ਇੱਕ ਅਮਰੀਕਣ ਪੱਤਰਕਾਰ ਸੀ ਜਿਸ ਨੇ ਆਪਣੀ ਜ਼ਿੰਦਗੀ ਦਾ ਲੰਮਾ ਸਮਾਂ ਸਟਾਲਿਨ ਕਾਲੀਨ ਸੋਵੀਅਤ ਯੂਨੀਅਨ ਵਿੱਚ ਇੱਕ ਪੱਤਰਕਾਰ ਦੇ ਤੌਰ 'ਤੇ ਗੁਜ਼ਾਰਿਆ। ਉਹ ਉਸ ਯੁੱਗ ਦੀਆਂ ਸੱਚਾਈਆਂ ਨਾਲ ਸਿੱਧੇ ਰੂਪ 'ਚ ਜੁੜੀ ਹੋਈ ਸੀ ਅਤੇ ਇੱਕ ਪੱਤਰਕਾਰ ਦੇ ਰੂਪ 'ਚ ਉਸ ਦਾ ਨਜ਼ਰੀਆ ਹਕੀਕਤਮੁਖੀ ਸੀ। ਇਸੇ ਲਈ ਉਸ ਦੀ ਇਹ ਪੁਸਤਕ ਸਟਾਲਿਨ ਦੇ ਯੁੱਗ ਦੇ ਇਤਿਹਾਸ 'ਤੇ ਇੱਕ ਪੰਛੀ ਝਾਤ ਮਾਰਦਿਆਂ, ਉਸ ਯੁੱਗ ਦੇ ਸਬੰਧ 'ਚ ਕਈ ਅਹਿਮ ਖੁਲਾਸੇ ਕਰਦੀ ਹੈ। ਉਸ ਨਾਲ ਜਾਣ-ਪਛਾਣ ਕਰਾਉਂਦੀ ਹੈ ਤੇ ਪਾਠਕ ਨੂੰ ਉਸ ਦੌਰ ਦੀ ਡੂੰਘੇਰੀ ਸੱਚਾਈ ਜਾਨਣ ਅਤੇ ਸਮਝਦਾਰੀ ਬਨਾਉਣ ਲਈ ਪ੍ਰੇਰਿਤ ਕਰਦੀ ਹੈ। ਸਟਾਲਿਨ ਦੀ ਮੌਤ ਤੋਂ ਬਾਅਦ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ 20ਵੀਂ ਕਾਂਗਰਸ ਵਿੱਚ ਖਰੁਸ਼ਚੇਵ ਵੱਲੋਂ ਆਪਣੇ ਗੁਪਤ ਭਾਸ਼ਣ ਰਾਹੀਂ ਸਟਾਲਿਨ ਖ਼ਿਲਾਫ਼ ਕੀਤੇ ਭੰਡੀ-ਪ੍ਰਚਾਰ ਨੇ ਸੋਵੀਅਤ ਯੂਨੀਅਨ ਦੇ ਲੋਕਾਂ ਤੇ ਪਾਰਟੀ ਸਮੇਤ ਕਮਿਊਨਿਸਟ ਲਹਿਰ ਤੇ ਸਮਾਜਵਾਦੀ ਖੇਮੇ ਵਿਚਕਾਰ ਵਿਆਪਕ ਭੰਬਲਭੂਸਾ ਖੜ੍ਹਾ ਕਰਕੇ ਆਪਣੀ ਉਲਟ-ਇਨਕਲਾਬੀ ਯੋਜਨਾ ਨੂੰ ਅੰਜ਼ਾਮ ਦਿੱਤਾ ਗਿਆ। ਫਰਵਰੀ, 1956 ਵਿੱਚ ਹੋਈ ਇਸ ਕਾਂਗਰਸ ਤੋਂ ਕੁੱਝ ਮਹੀਨੇ ਬਾਅਦ ਹੀ (ਨਵੰਬਰ, 1956) ਵਿੱਚ ਐਨਾ ਆਪਣੀ ਪੁਸਤਕ 'ਸਟਾਲਿਨ ਯੁੱਗ' ਲੈ ਕੇ ਹਾਜ਼ਰ ਹੋਈ। ਇਸ ਤੁਰਤ-ਪੈਰੀ ਪ੍ਰਤੀਕ੍ਰਿਆ ਨੇ ਕਮਿਊਨਿਸਟ ਤੇ ਸਮਾਜਵਾਦੀ ਲਹਿਰ ਦੇ ਹਾਮੀਆਂ ਦੇ ਹੱਥ ਵਿੱਚ ਇੱਕ ਅਜਿਹਾ ਦਸਤਾਵੇਜ਼ ਦੇ ਦਿੱਤਾ ਜਿਸ ਨਾਲ ਖਰੁਸ਼ਚੇਵ ਦੇ ਕੁ-ਤਰਕਾਂ ਨੂੰ ਕਾਰਗਰ ਤਰੀਕੇ ਨਾਲ ਕਾਟ ਕੀਤਾ ਜਾ ਸਕਦਾ ਸੀ। ਅਜਿਹੇ ਦਸਤਾਵੇਜ਼ ਦੀ ਲੋੜ ਵੀ ਸੀ ਕਿਉਂਕਿ ਉਸ ਸਮੇਂ ਤੀਕ ਕੌਮਾਂਤਰੀ ਕਮਿਊਨਿਸਟ ਲਹਿਰ ਵੱਲੋਂ ਖਰੁਸ਼ਚੇਵ ਦੇ ਕੁ-ਤਰਕਾਂ ਤੇ ਸਿਧਾਂਤਕ ਪੁਜੀਸ਼ਨਾਂ ਦੀ ਭਰਵੀਂ ਚੀਰ-ਫਾੜ ਖੁੱਲ੍ਹੇ ਰੂਪ 'ਚ ਸਾਹਮਣੇ ਨਹੀਂ ਸੀ ਆਈ। ਇਸ ਪੁਸਤਕ ਦਾ ਇਤਿਹਾਸਕ ਯੋਗਦਾਨ ਤੇ ਮਹੱਤਤਾ ਵੀ ਇਸੇ ਗੱਲ ਵਿੱਚ ਸੀ ਤੇ ਹੈ। ਇਸ ਪੁਸਤਕ ਦੀ ਪ੍ਰਸੰਗਿਕਤਾ ਅੱਜ ਵੀ ਬਰਕਰਾਰ ਹੈ ਕਿਉਂਕਿ ਇਸ ਦੀ ਆਪਣੀ ਵਿਲੱਖਣ ਪ੍ਰਮਾਣਿਕਤਾ ਹੈ ਤੇ ਇਹ ਪ੍ਰਮਾਣਿਕਤਾ ਇਸ ਲਈ ਵੀ ਹੈ ਕਿ ਲੇਖਿਕਾ ਨੂੰ ਖ਼ੁਦ ਸਟਾਲਿਨ ਦੇ ਦੌਰ ਵਿੱਚ ਗ੍ਰਿਫ਼ਤਾਰੀ ਤੇ ਜਲਾਵਤਨੀ ਭੋਗਣੀ ਪਈ ਸੀ।

ਇਸ ਪੁਸਤਕ ਦੀਆਂ ਆਪਣੀਆਂ ਕੁੱਝ ਸੀਮਾਵਾਂ ਵੀ ਹਨ। 'ਸਟਾਲਿਨ ਯੁੱਗ' ਦੇ ਜਿਨ੍ਹਾਂ ਅੱਤਿਆਚਾਰਾਂ ਦੀਆਂ ਕਹਾਣੀਆਂ ਸਾਮਰਾਜਵਾਦੀ ਮੀਡੀਏ ਵੱਲੋਂ ਹੁਣ ਤੱਕ ਮਿਰਚ-ਮਸਾਲੇ ਲਾ ਕੇ ਪੇਸ਼ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਅੱਤਿਆਚਾਰਾਂ ਤੇ ਜ਼ਿਆਦਤੀਆਂ ਦੇ ਸੱਚ ਨੂੰ ਐਨਾ ਨੇ ਬਹੁਤ ਨੇੜਿਓਂ ਅੱਖੀਂ ਤੱਕਿਆ ਸੀ। ਲੇਖਿਕਾ ਨੇ ਇਸ ਪੁਸਤਕ ਨੂੰ ਸ਼ੁੱਧ ਇਤਿਹਾਸਕਾਰੀ ਦੇ ਇਰਾਦੇ ਨਾਲ ਨਹੀਂ ਲਿਖਿਆ ਸੀ। ਉਸਦਾ ਇਰਾਦਾ ਖੜ੍ਹੇ-ਪੈਰ ਪ੍ਰਤੀਕ੍ਰਿਆ ਦੇਣ ਦਾ ਸੀ। ਇਸ ਲਈ ਸਮੇਂ ਦੀ ਘਾਟ ਕਾਰਨ ਲੇਖਿਕਾ ਬਹੁਤ ਸਾਰੇ ਤੱਥਾਂ ਦੀ ਡੂੰਘੀ ਪੜਤਾਲ ਨਹੀਂ ਕਰ ਪਾਈ ਤੇ ਕਿਤੇ-ਕਿਤੇ ਉਸ ਦੀ ਪਹੁੰਚ ਨਾਕਾਰਤਮਕ ਵੀ ਹੋਈ। ਇਹਦੇ ਨਾਲ-ਨਾਲ ਲੇਖਿਕਾ ਨੇ ਉਸ ਦੌਰ ਦੇ ਨਕਾਰਾਤਮਕ ਅਨੁਭਵਾਂ ਨੂੰ ਪੇਸ਼ ਕਰਦੇ ਹੋਏ, ਉਸ ਸਮੇਂ ਦੀਆਂ ਸੀਮਤਾਈਆਂ ਨੂੰ ਸਮਝਦੇ ਹੋਏ ਇੱਕ ਸੰਤੁਲਿਤ ਪਹੁੰਚ ਬਨਾਉਣ ਦੀ ਕੋਸ਼ਿਸ਼ ਕੀਤੀ ਹੈ। ਕੁੱਲ ਮਿਲਾ ਕੇ ਪੁਸਤਕ ਸਟਾਲਿਨ ਦੇ ਇਤਿਹਾਸਕ ਯੋਗਦਾਨ ਅਤੇ ਸਮਾਜਵਾਦ ਦੇ ਪ੍ਰੋਜੈਕਟ ਨੂੰ ਬੁਲੰਦ ਕਰਦੀ ਹੈ।

ਸਟਾਲਿਨ ਦੀ ਅਗਵਾਈ 'ਚ ਸੋਵੀਅਤ ਯੂਨੀਅਨ ਦੇ ਲੋਕਾਂ ਨੇ ਸਮਾਜਵਾਦ ਦੀ ਸਿਰਜਣਾ ਦੇ ਸੁਪਨੇ ਨੂੰ ਧਰਤੀ 'ਤੇ ਪਹਿਲੀ ਵਾਰ ਸਾਕਾਰ ਕਰਕੇ ਇੱਕ ਇਤਿਹਾਸਕ ਤੇ ਹਾਂ-ਪੱਖੀ ਕਾਰਨਾਮਾ ਕੀਤਾ ਸੀ। ਸਮਾਜਵਾਦ ਦੀ ਉਸਾਰੀ ਲਈ ਸਟਾਲਿਨ ਤੇ ਉਸ ਦੇ ਸਾਥੀ ਅਣਦੇਖੇ ਤੇ ਅਣਗਾਹੇ ਰਾਹਾਂ 'ਤੇ ਚੱਲੇ ਸਨ। ਉਨ੍ਹਾਂ ਕੋਲ ਰਾਹ ਦਰਸਾਵੇ ਲਈ ਨਾ ਪਹਿਲਾਂ ਦਾ ਕੋਈ ਤਜ਼ਰਬਾ ਸੀ ਤੇ ਨਾ ਕਿਸੇ ਤਜ਼ਰਬੇ ਤੋਂ ਹਾਸਲ ਹੋਏ ਸਬਕ ਸਨ। ਅਜਿਹੀ ਹਾਲਤ ਵਿੱਚ ਸਾਰੀਆਂ ਨੇਕ-ਇੱਛਾਵਾਂ ਦੇ ਬਾਵਜੂਦ ਘਾਟਾਂ ਰਹਿਣੀਆਂ, ਗ਼ਲਤੀਆਂ ਹੋਣੀਆਂ ਤੇ ਪਛਾੜਾਂ ਲੱਗਣੀਆਂ ਸੁਭਾਵਿਕ ਸਨ। ਮਾਰਗ-ਦਰਸ਼ਕ ਦੇ ਰੂਪ 'ਚ ਉਨ੍ਹਾਂ ਕੋਲ ਮਾਰਕਸਵਾਦ-ਲੈਨਿਨਵਾਦ ਦਾ ਸਿਧਾਂਤ ਹੈ ਸੀ, ਪਰ ਕਿਸੇ ਵੀ ਸਿਧਾਂਤ ਜਾਂ ਸੁਪਨੇ ਨੂੰ ਲਾਗੂ ਕਰਨ ਜਾਂ ਹਕੀਕਤ ਵਿੱਚ ਸਾਕਾਰ ਕਰਨ ਦੇ ਅਮਲ ਦੀ ਪ੍ਰਕ੍ਰਿਆ ਅਣਦੇਖੀਆਂ ਤੇ ਅਣਸੁਲਝੀਆਂ ਸਮੱਸਿਆਵਾਂ ਨੂੰ ਸਾਹਮਣੇ ਲਿਆਉਂਦੀ ਹੈ, ਜਿਨ੍ਹਾਂ ਦੇ ਹੱਲ ਲਈ ਪਹਿਲਾਂ ਤੋਂ ਵਿਕਸਤ ਸਿਧਾਂਤ ਅਧੂਰੇ ਸਾਬਤ ਹੁੰਦੇ ਹਨ। ਉਨ੍ਹਾਂ ਸਿਧਾਂਤਾਂ ਨੂੰ ਅੱਗੇ ਹੋਰ ਵਿਕਸਤ ਕਰਨ ਦੀ ਲੋੜ ਪੈਂਦੀ ਹੈ। ਸਿਧਾਂਤ ਤੇ ਅਮਲ ਇੱਕ-ਦੂਜੇ ਨੂੰ ਇਸੇ ਤਰ੍ਹਾਂ ਅਮੀਰ ਬਣਾਉਂਦੇ ਰਹਿੰਦੇ ਹਨ। ਸਟਾਲਿਨ ਤੇ ਉਸ ਦੇ ਸਾਥੀਆਂ ਦੀਆਂ ਕੁੱਝ ਸੀਮਤਾਈਆਂ ਉਸ ਇਤਿਹਾਸਕ ਦੌਰ ਅਤੇ ਸਮਾਜਵਾਦ ਦੇ ਪਹਿਲੇ ਤਜ਼ਰਬੇ ਦੀਆਂ ਸਨ। ਮਸਲਨ, ਇਨਕਲਾਬ ਤੋਂ ਬਾਅਦ ਸਮਾਜਵਾਦ ਦੇ ਲੰਮੇ ਸੰਗਰਾਂਦੀ ਦੌਰ ਵਿੱਚ ਜਮਾਤੀ ਸੰਘਰਸ਼ ਕਿਵੇਂ ਅਹਿਮ ਭੂਮਿਕਾ ਨਿਭਾਏਗਾ, ਸਮਾਜਵਾਦ ਦੇ ਅੰਦਰ ਪੂੰਜੀਪਤ ਮਾਰਗੀਆਂ ਦੇ ਕਿਲੇ ਕਿਵੇਂ ਉੱਸਰਦੇ ਤੇ ਕਾਇਮ ਰਹਿੰਦੇ ਹਨ, ਕਮਿਊਨਿਸਟ ਪਾਰਟੀ ਤੇ ਉਸ ਦੀ ਲੀਡਰਸ਼ਿਪ ਕਿਵੇਂ ਆਤਮਘਾਤੀ ਰਾਹ 'ਤੇ ਚੱਲ ਸਕਦੇ ਹਨ, ਆਰਥਕ ਆਧਾਰ ਅਤੇ ਉਸਾਰ ਦੇ ਦਵੰਦਵਾਦੀ ਰਿਸ਼ਤੇ ਵਿੱਚ ਸਮਾਜਵਾਦ ਦੌਰਾਨ ਉਸਾਰ ਕਿਵੇਂ ਮੁੱਖ ਭੂਮਿਕਾ ਨਿਭਾਉਂਦਾ ਹੈ, ਪੈਦਾਵਾਰ ਦੇ ਸਾਧਨਾਂ 'ਤੇ ਸਮੂਹਿਕ ਮਾਲਕੀ ਸਥਾਪਤ ਹੋਣ ਤੋਂ ਬਾਅਦ ਵੀ ਸਮਾਜਿਕ ਪੈਦਾਵਾਰ ਦੀ ਵੰਡ ਆਰਥਕ ਪਾੜੇ ਨੂੰ ਕਿਵੇਂ ਬਰਕਰਾਰ ਰੱਖਦੀ ਹੈ, ਆਦਿ ਵਰਗੇ ਸਵਾਲਾਂ ਬਾਰੇ ਵਿਗਿਆਨਕ ਸਮਝਦਾਰੀ ਪੂਰੀ ਤਰ੍ਹਾਂ ਵਿਕਸਤ ਤੇ ਸਪਸ਼ਟ ਨਹੀਂ ਸੀ। 'ਖੱਪੇ ਪੱਖੀ ਕਮਿਊਨਿਜ਼ਮ-ਇੱਕ ਬਚਕਾਨਾ ਰੋਗ' ਵਿੱਚ ਲੈਨਿਨ ਨੇ ਸਮਾਜਵਾਦੀ ਸਮਾਜ ਵਿੱਚ ਸਰਮਾਏਦਾਰ ਜਮਾਤਾਂ ਦੇ ਪਨਪਣ ਦੇ ਸਮਾਜਿਕ ਆਧਾਰ ਬਾਰੇ ਅਤੇ ਪ੍ਰੋਲੇਤਾਰੀ ਦੀ ਸੱਤ੍ਹਾ ਵਿੱਚ ਨੌਕਰਸ਼ਾਹ ਪ੍ਰਵਿਰਤੀਆਂ ਅਤੇ ਸਰਮਾਏਦਾਰਾ ਵਿਗਾੜ ਪੈਦਾ ਹੁੰਦੇ ਰਹਿਣ ਵੱਲ ਧਿਆਨ ਦਿਵਾਇਆ ਸੀ, ਪਰ ਲੈਨਿਨ ਵੱਲੋਂ ਕੀਤੇ ਇਸ਼ਾਰਿਆਂ ਨੂੰ ਪਕੜ ਕੇ ਸਿਧਾਂਤ ਦੇ ਰੂਪ 'ਚ ਵਿਕਸਤ ਕਰਨ ਦਾ ਕੰਮ ਸਟਾਲਿਨ ਦੇ ਦੌਰ 'ਚ ਨਹੀਂ ਹੋ ਪਾਇਆ। ਇਹੋ ਹੀ ਸਟਾਲਿਨ ਯੁੱਗ ਦੀ ਵੱਡੀ ਕਮਜ਼ੋਰੀ ਰਹੀ। ਸਮਾਜਵਾਦ ਦਾ ਦੌਰ ਇੱਕ ਲੰਮਾ ਸੰਗਰਾਂਦੀ ਦੌਰ ਹੈ, ਜਿਹੜਾ ਕਈ ਸਦੀਆਂ ਵੀ ਚੱਲ ਸਕਦਾ ਹੈ, ਇਸ ਦੌਰ ਵਿੱਚ ਪ੍ਰੋਲੇਤਾਰੀ ਜਮਾਤ ਦੀ ਸਰਦਾਰੀ ਵਾਲੇ ਰਾਜ ਨੇ ਉਹ ਸਾਰੇ ਜਮਾਤੀ ਵਿਰੋਧ, ਸਾਰੇ ਆਰਥਕ ਸਬੰਧ ਜਿਨ੍ਹਾਂ ਵਿੱਚੋਂ ਜਮਾਤੀ ਵਿਰੋਧ ਪੈਦਾ ਹੁੰਦੇ ਹਨ, ਸਾਰੇ ਸਮਾਜਿਕ ਸਬੰਧ ਜਿਹੜੇ ਇਨ੍ਹਾਂ ਆਰਥਕ ਸਬੰਧਾਂ 'ਤੇ ਆਧਾਰਿਤ ਹੁੰਦੇ ਹਨ, ਸਾਰੇ ਵਿਚਾਰ ਜਿਹੜੇ ਇਨ੍ਹਾਂ ਸਮਾਜਿਕ ਸਬੰਧਾਂ ਨਾਲ ਮੇਲ ਖਾਂਦੇ ਹਨ, ਨੂੰ ਖ਼ਤਮ ਕਰਨ ਦੀ ਸੇਧ ਅਖਤਿਆਰ ਕਰਨੀ ਹੁੰਦੀ ਹੈ ਅਤੇ ਬੁਰਜੂਆ ਹੱਕ ਨੂੰ ਲਗਾਤਾਰ ਸੀਮਤ ਕਰਦੇ ਹੋਏ ਇਸ ਨੂੰ ਖ਼ਤਮ ਕਰਨ ਵੱਲ ਵਧਣਾ ਹੁੰਦਾ ਹੈ। ਇਸ ਸਾਰੇ ਦੌਰ ਵਿੱਚ ਕਮਿਊਨਿਸਟ ਪਾਰਟੀ ਅਤੇ ਪ੍ਰੋਲੇਤਾਰੀਏ ਦੇ ਰਾਜ ਦੀ ਸੇਧ ਸਰੀਰਕ ਕਿਰਤ ਅਤੇ ਮਾਨਸਿਕ ਕਿਰਤ, ਸ਼ਹਿਰ ਅਤੇ ਪਿੰਡ, ਵਿਕਸਤ ਅਤੇ ਪਛੜੇ ਅਤੇ ਮਜ਼ਦੂਰ ਤੇ ਕਿਸਾਨ ਦਰਮਿਆਨ ਦੇ ਵਿਰੋਧਾਂ ਨੂੰ ਲਗਾਤਾਰ ਘੱਟ ਕਰਦੇ ਜਾਣ ਵਾਲੀ ਰਹਿੰਦੀ ਹੈ।




ਉਪ੍ਰੋਕਤ ਸਿਧਾਂਤਕ ਸੀਮਤਾਈਆਂ ਦੇ ਚੱਲਦਿਆਂ ਸਟਾਲਿਨ ਦੌਰ ਦੌਰਾਨ ਸਮਾਜਵਾਦ ਨੂੰ ਪਿੱਛਲ-ਮੋੜੇ ਅਤੇ ਸਰਮਾਏਦਾਰਾ ਮੁੜ-ਬਹਾਲੀ ਦੀਆਂ ਸੰਭਾਵਨਾਵਾਂ ਨਾਲ ਨਜਿੱਠਣ ਲਈ ਲੋੜੀਂਦਾ ਸਿਧਾਂਤਕ ਆਧਾਰ ਨਹੀਂ ਸੀ। ਸਰਮਾਏਦਾਰਾ ਮੁੜ-ਬਹਾਲੀ ਨੂੰ ਰੋਕ ਸਕਣਾ ਮੁਮਕਿਨ ਨਹੀਂ ਸੀ। ਇਸੇ ਲਈ ਸਟਾਲਿਨ ਦੀ ਮੌਤ ਤੋਂ ਬਾਅਦ ਖਰੁਸ਼ਚੇਵ ਦੀ ਅਗਵਾਈ 'ਚ ਸੋਧਵਾਦੀਆਂ ਤੇ ਪੂੰਜੀਪਤ ਮਾਰਗੀਆਂ ਨੇ ਪਾਰਟੀ, ਰਾਜ ਸੱਤ੍ਹਾ ਅਤੇ ਸਮਾਜ 'ਤੇ ਆਪਣਾ ਗਲਬਾ ਜਮਾ ਕੇ ਸੋਵੀਅਤ ਯੂਨੀਅਨ ਵਿੱਚ ਮੁੜ ਤੋਂ ਸਰਮਾਏਦਾਰੀ ਬਹਾਲ ਕਰ ਦਿੱਤੀ।

ਇਸ ਸਿਧਾਂਤਕ ਅਤੇ ਅਮਲੀ ਤਜ਼ਰਬੇ ਨੂੰ ਵਿਕਸਤ ਕਰਨ ਦਾ ਇਤਿਹਾਸਕ ਕਾਰਜ਼ ਮਾਓ ਜੇ ਤੁੰਗ ਨੇ ਅਗਾਂਹ ਤੋਰਿਆ। ਮਾਓ ਨੇ ਸੋਵੀਅਤ ਸਮਾਜਵਾਦ ਦੇ ਹਾਂ ਪੱਖੀ ਤੇ ਨਾਂਹ ਪੱਖੀ ਤਜ਼ਰਬੇ ਅਤੇ ਸਰਮਾਏਦਾਰਾ ਮੁੜ-ਬਹਾਲੀ ਤੋਂ ਸਬਕ ਗ੍ਰਹਿਣ ਕਰਕੇ ਅਤੇ ਮਾਰਕਸਵਾਦ-ਲੈਨਿਨਵਾਦ ਨੂੰ ਸਜਿੰਦ ਰੂਪ 'ਚ ਲਾਗੂ ਕਰਕੇ ਸਮਾਜਵਾਦ ਦੌਰਾਨ 'ਨਿਰੰਤਰ ਇਨਕਲਾਬ' ਦਾ ਸਿਧਾਂਤ ਵਿਕਸਤ ਕੀਤਾ ਅਤੇ ਨਿਰੰਤਰ ਇਨਕਲਾਬ ਦੇ ਸਿਧਾਂਤ ਨੂੰ 'ਸੱਭਿਆਚਾਰਕ ਇਨਕਲਾਬ' ਜ਼ਰੀਏ ਚੀਨ ਅੰਦਰ ਲਾਗੂ ਕੀਤਾ ਅਤੇ ਪ੍ਰੋਲੇਤਾਰੀਏ ਦੇ ਰਾਜ ਵਿੱਚ ਸਥਾਪਤ ਬੁਰਜੂਆ ਹੈੱਡ ਕੁਆਰਟਰ ਉਡਾਉਣ ਦਾ ਚੀਨੀ ਲੋਕਾਂ ਨੂੰ ਸੱਦਾ ਦਿੱਤਾ।

ਸਟਾਲਿਨ ਦਾ ਯੁੱਗ ਪੂਰੀ ਮਨੁੱਖ ਜਾਤੀ ਦੇ ਇਤਿਹਾਸ ਦਾ ਸ਼ਾਨਦਾਰ ਧਰੋਹਰ ਹੈ। 20ਵੀਂ ਸਦੀ ਦੇ ਪਹਿਲੇ ਅੱਧ ਨੂੰ ਜਿੰਨਾ ਪ੍ਰਭਾਵਿਤ ਸਟਾਲਿਨ ਨੇ ਕੀਤਾ ਉਨਾ ਕਿਸੇ ਵੀ ਹੋਰ ਨੇ ਨਹੀਂ ਕੀਤਾ। ਉਸ ਯੁੱਗ ਦੀ ਦਰੁੱਸਤ ਸਮਝਦਾਰੀ ਵਿਕਸਤ ਕਰਨਾ ਅਤੇ ਠੀਕ ਸਿੱਟੇ ਕੱਢਣਾ ਕਮਿਊਨਿਸਟ ਇਨਕਲਾਬੀ ਲਹਿਰ, ਸਮਾਜਵਾਦ ਦੇ ਹਾਮੀਆਂ ਅਤੇ ਇਤਿਹਾਸ ਦੇ ਵਿਦਿਆਰਥੀਆਂ ਲਈ ਬੇਹੱਦ ਜ਼ਰੂਰੀ ਹੈ। ਪਰ ਪੰਜਾਬੀ ਵਿੱਚ ਇਸ ਵਿਸ਼ੇ ਬਾਰੇ ਸਾਹਿਤ ਦੀ ਬੇਹੱਦ ਘਾਟ ਹੈ। ਇਸ ਪੁਸਤਕ ਦਾ ਪੰਜਾਬੀ ਅਨੁਵਾਦ ਇਸੇ ਮਕਸਦ ਨੂੰ ਲੈ ਕੇ ਕੀਤਾ ਗਿਆ ਹੈ। ਮੈਂ ਆਪਣੇ ਸਿਆਸੀ ਜੀਵਨ ਦੇ ਸ਼ੁਰੂਆਤੀ ਦਿਨਾਂ 'ਚ, ਦੋ-ਢਾਈ ਦਹਾਕੇ ਪਹਿਲਾਂ, ਜਦੋਂ ਇਹ ਪੁਸਤਕ ਪੜ੍ਹੀ ਸੀ ਤਾਂ ਇਸ ਨੇ ਮੇਰੇ ਦਿਲੋ-ਦਿਮਾਗ਼ 'ਤੇ ਅਮਿੱਟ ਛਾਪ ਛੱਡੀ ਸੀ। ਪਰ ਉਸ ਵਕਤ ਇਹ ਨਹੀਂ ਸੀ ਪਤਾ ਕਿ ਇਸ ਪੁਸਤਕ ਨੂੰ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਕਰਨਾ ਮੇਰੇ ਹਿੱਸੇ ਹੀ ਆਵੇਗਾ। ਮਹਾਨ ਅਕਤੂਬਰ ਇਨਕਲਾਬ ਦੇ 100 ਸਾਲਾ ਜਸ਼ਨ ਮਨਾਏ ਜਾ ਰਹੇ ਹਨ, ਅਜਿਹੇ ਮੌਕੇ ਇਸ ਪੁਸਤਕ ਨੂੰ ਪੰਜਾਬੀ ਪਾਠਕਾਂ ਦੇ ਸਨਮੁਖ ਪੇਸ਼ ਕਰਕੇ ਬੇਹੱਦ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਇਹ ਕਾਰਜ਼ ਸ਼ਾਇਦ ਨੇਪਰੇ ਨਾ ਚੜ੍ਹਦਾ ਜੇਕਰ ਸਾਥੀ ਬੂਟਾ ਸਿੰਘ ਨਵਾਂ ਸ਼ਹਿਰ, ਸਾਥੀ ਮੁਖਤਿਆਰ ਪੂਹਲਾ ਅਤੇ ਨਰਾਇਣ ਦੱਤ ਕੀਮਤੀ ਰਾਵਾਂ ਨਾ ਦਿੰਦੇ ਅਤੇ ਮੇਰੀ ਬੇਟੀ ਅਰਸ਼ਦੀਪ ਅਰਸ਼ੀ ਇੰਗਲਿਸ਼ ਤੇ ਪੰਜਾਬੀ, ਦੋਵੇਂ ਜ਼ੁਬਾਨਾਂ, 'ਤੇ ਬਿਹਤਰ ਪਕੜ ਨਾਲ ਅਨੁਵਾਦ ਵਿੱਚ ਮੱਦਦ ਨਾ ਕਰਦੀ।

# ਸਾਡਾ ਉਦੇਸ਼ : ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼

## ਸਿਖਰਾਂ ਛੂਹ ਗਿਆ ਦੇਸ਼ ਵਿਆਪੀ ਲੌਂਗ ਮਾਰਚ




ਹੁਸੈਨੀਵਾਲਾ (ਫਿਰੋਜ਼ਪੁਰ) : ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਅਤੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਸ਼ੁਰੂ ਕੀਤੇ 60 ਦਿਨਾ ਦੇਸ਼ ਵਿਆਪੀ ਲੌਂਗ ਮਾਰਚ ਦਾ ਸਿਖਰਲਾ ਸਮਾਗਮ ਅੱਜ ਜੰਗੇ ਆਜ਼ਾਦੀ ਦੇ ਮਹਾਨ ਸ਼ਹੀਦਾਂ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਕੀਤਾ ਗਿਆ। 15 ਜੁਲਾਈ ਕੰਨਿਆ ਕੁਮਾਰੀ (ਤਾਮਿਲਨਾਡੂ) ਤੋਂ ਦੇਸ਼ ਵਿਚ ਹਰ ਇਕ ਲਈ ਮੁਫਤ, ਲਾਜ਼ਮੀ ਤੇ ਵਿਗਿਆਨਿਕ ਸਿੱਖਿਆ ਦੇਣ, ਧਰਮ ਨਿਰਪਖਤਾ, ਜਨਤਕ ਅਦਾਰਿਆਂ ਦੀ ਸੁਰੱਖਿਆ, ਦੇਸ਼ ਵਿਚ ਚੋਣ ਪ੍ਰਣਾਲੀ ਵਿਚ ਸੁਧਾਰ ਲਿਆਉਣ, ਪ੍ਰਾਈਵੇਟ ਅਦਾਰਿਆਂ ਵਿਚ ਵੀ ਰਾਖਵਾਂਕਰਨ ਯਕੀਨੀ ਬਣਾਉਣ ਅਤੇ ਦਲਿਤਾਂ, ਆਦਿਵਾਸੀਆਂ ਅਤੇ ਘੱਟ ਗਿਣਤੀਆਂ 'ਤੇ ਕੀਤੇ ਜਾ ਰਹੇ ਨਜਾਇਜ਼ ਹਮਲਿਆਂ ਨੂੰ ਰੋਕਣ ਵਰਗੇ ਮੁੱਦਿਆਂ 'ਤੇ ਸ਼ੁਰੂ ਕੀਤਾ ਦੇਸ਼ ਵਿਆਪੀ ਲੌਂਗ ਮਾਰਚ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਸਫਲਤਾ ਪੂਰਵਕ ਜਾਗਰੂਕਤਾ ਪੈਦਾ ਕਰਦਾ ਹੋਇਆ ਮੰਗਲਵਾਰ ਨੂੰ ਸ਼ਹੀਦਾਂ ਦੀ ਮਹਾਨ ਇਨਕਲਾਬੀ ਧਰਤੀ ਹੁਸੈਨੀਵਾਲਾ ਵਿਖੇ ਸਿਖਰਾਂ ਨੂੰ ਛੋਹ ਕੇ ਸਮਾਪਤ ਹੋ ਗਿਆ। ਇਸ ਸਿਖਰਲੇ ਸਮਾਗਮ ਨੂੰ ਅੱਜ ਪ੍ਰਤਿੱਗਿਆ ਦਿਵਸ ਵਜੋਂ ਮਨਾਇਆ ਗਿਆ।

ਇਸ ਸਮਾਗਮ ਵਿਚ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਸੈਂਕੜੇ ਡੈਲੀਗੇਟਾਂ ਸਮੇਤ ਪੰਜਾਬ ਭਰ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਪਰਮਗੁਣੀ ਭਗਤ ਸਿੰਘ ਦੇ ਫੋਟੋ ਵਾਲੀ ਵਿਸ਼ੇਸ਼ ਟੀ-ਸ਼ਰਟ ਪਹਿਨ ਕੇ ਸ਼ਮੂਲੀਅਤ ਕੀਤੀ, ਉਥੇ ਆਮ ਲੋਕਾਂ ਅਤੇ ਨੌਜਵਾਨਾਂ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਵੱਧ-ਚੜ੍ਹ ਕੇ ਸ਼ਮੂਲੀਅਤ ਕੀਤੀ। ਲੌਂਗ ਮਾਰਚ ਦੇ ਜੋਸ਼ੀਲੇ ਸਵਾਗਤ ਲਈ ਫਿਰੋਜ਼ਪੁਰ ਛਾਉਣੀ ਤੋਂ ਲੈ ਕੇ ਹੁਸੈਨੀਵਾਲਾ ਦੇ ਰਸਤੇ ਨੂੰ ਸਵਾਗਤੀ ਗੇਟਾਂ, ਜੱਥੇਬੰਦੀਆਂ ਦੇ ਝੰਡਿਆਂ-ਝੰਡੀਆਂ ਨਾਲ ਸਜਾਇਆ ਹੋਇਆ ਸੀ। ਦੇਸ਼ ਵਿਆਪੀ ਇਸ ਵਿਸ਼ੇਸ਼ ਸਿਖਰਲੇ ਸਮਾਗਮ ਵਿਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਆਗੂ ਅਤੇ ਦਿੱਲੀ ਦੀ ਜਵਾਹਰ ਲਾਲ ਯੂਨੀਵਰਸਿਟੀ ਦੇ ਸਾਬਕਾ ਪ੍ਰਧਾਨ ਸਾਥੀ ਕਨ੍ਹੱਈਆ ਕੁਮਾਰ, ਬਿਨੋਏ ਵਿਸ਼ਵਮ ਦੇਸ਼ ਵਿਆਪੀ ਲੌਂਗ ਮਾਰਚ ਦੇ ਕੌਮੀ ਮੁੱਖ ਸਲਾਹਕਾਰ, ਕੌਮੀ ਪ੍ਰਧਾਨ ਸਯੱਦ ਵਲੀ ਉਲਾ ਕਾਦਰੀ, ਕੌਮੀ ਸਕੱਤਰ ਵਿਸ਼ਵਜੀਤ ਕੁਮਾਰ, ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਅਫਤਾਬ ਆਲਮ, ਕੌਮੀ ਸਕੱਤਰ ਰਮਨ ਥਿਰੂਮਲਾਏ, ਹਰਦੇਵ ਸਿੰਘ ਅਰਸ਼ੀ ਸੂਬਾ ਸਕੱਤਰ ਸੀ.ਪੀ.ਆਈ ਅਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਸੂਬਾ ਮੁੱਖ ਸਲਾਹਕਾਰ ਸਾਥੀ ਜਗਰੂਪ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਜਵਾਹਰ ਲਾਲ ਯੂਨੀਵਰਸਿਟੀ ਦੇ ਸਾਬਕਾ ਪ੍ਰਧਾਨ ਕਨ੍ਹੱਈਆ ਕੁਮਾਰ ਨੇ ਮਹਾਨ ਸ਼ਹੀਦਾਂ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਨੂੰ ਅਤੇ ਉਹਨਾਂ ਦੇ ਸ਼ਹੀਦੀ ਇਨਕਲਾਬੀ ਧਰਤੀ ਹੁਸੈਨੀਵਾਲਾ ਨੂੰ ਸਲਾਮ ਕਰਦਿਆਂ ਕਿਹਾ ਕਿ ਦੇਸ਼ ਦੀ ਇਨਕਲਾਬੀ ਧਰਤੀ ਤੋਂ ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਦੇਸ਼ ਪੱਧਰ ਦੇ ਸੰਘਰਸ਼ ਦਾ ਅਗਲਾ ਪੜਾਅ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਬਨੇਗਾ ਕਾਨੂੰਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ। ਬਨੇਗਾ ਦੀ ਮਹੱਤਤਾ 'ਤੇ ਗਲਬਾਤ ਕਰਦਿਆਂ ਸਾਥੀ ਕਨ੍ਹੱਈਆ ਨੇ ਕਿਹਾ ਕਿ ਬਨੇਗਾ ਦਾ ਅਮਲ ਦੇਸ਼ ਵਿਚ ਫੈਲੀ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਦਾ ਸਥਾਈ ਹੱਲ ਕਰੇਗਾ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਵਿਦਿਆਰਥੀਆਂ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਏ.ਆਈ.ਐਸ.ਐਫ. ਦੇ ਕੌਮੀ ਜਨਰਲ ਸਕੱਤਰ ਵਿਸ਼ਵਜੀਤ ਕੁਮਾਰ ਅਤੇ ਏ.ਆਈ. ਵਾਈ.ਐਫ. ਦੇ ਕੌਮੀ ਜਨਰਲ ਸਕੱਤਰ ਰਮਨ ਥਿਰੂਮਲਾਈ ਨੇ ਕਿਹਾ ਕਿ 15 ਜੁਲਾਈ ਤੋਂ ਚੱਲੇ ਦੇਸ਼ ਵਿਆਪੀ ਲੌਂਗ ਮਾਰਚ ਦੇਸ਼ ਦੇ ਵੱਖ ਵੱਖ ਸੂਬਿਆਂ ਦੇ ਲੱਖਾਂ ਵਿਦਿਆਰਥੀਆਂ ਨੌਜਵਾਨਾਂ ਨੂੰ ਸਫਲਤਾ ਪੂਰਵਕ ਬਨੇਗਾ ਪ੍ਰਤੀ ਜਾਗਰੂਕ ਕਰਦਿਆਂ ਹਜ਼ਾਰਾਂ ਕਿਲੋਮੀਟਰ ਦਾ ਸਫਰ ਤੈਅ ਕਰਕੇ ਅੱਜ ਇਤਿਹਾਸਕ ਧਰਤੀ 'ਤੇ ਸਿਖਰਲਾ ਸਮਾਗਮ ਕਰ ਰਿਹਾ ਹੈ। ਅੱਜ ਪੂਰੇ ਦੇਸ਼ ਵਿਚ ਫਿਰਕੂ ਮੁਦਿਆਂ 'ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਲੋਕਾਂ ਨੂੰ ਆਪਣੇ ਹੱਕ ਮੰਗਣ ਅਤੇ ਸੰਘਰਸ਼ ਕਰਨ ਤੋਂ ਰੋਕਿਆਂ ਜਾ ਰਿਹਾ ਹੈ, ਪਰ ਅੱਜ ਦਾ ਇਹ ਇਤਿਹਾਸਕ ਸਿਖਰਲਾ ਸਮਾਗਮ ਅਤੇ ਪ੍ਰਤਿੱਗਿਆ ਦਿਵਸ ਭਾਰਤ ਬਦਲੋ ਭਾਰਤ ਬਚਾਓ ਦਾ ਭਵਿਖੀ ਪ੍ਰੋਗਰਾਮ ਦਾ ਐਲਾਨ ਕਰਦਾ ਹੈ ਕਿ ਸਭ ਲਈ ਰੁਜ਼ਗਾਰ ਦੀ ਗਰੰਟੀ ਕਰਦਾ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਹੀ ਦੇਸ਼ ਦੀ ਜਵਾਨੀ ਲਈ ਮੁੱਖ ਏਜੰਡਾ ਹੋਵੇਗਾ, ਜੋ ਸਰਮਾਏਦਾਰੀ ਦੇ ਭੁਲਾਵੇਂ ਅਖੌਤੀ ਮੁੱਦਿਆਂ ਨੂੰ ਕੁਚਲ ਦੇਵੇਗਾ। ਇਸ ਮੌਕੇ ਏ.ਆਈ.ਐਸ.ਐਫ. ਦੇ ਕੌਮੀ ਪ੍ਰਧਾਨ ਵਲੀ ਉਲਾ ਕਾਦਰੀ ਅਤੇ ਏ.ਆਈ. ਵਾਈ.ਐਫ. ਦੇ ਅਫਤਾਬ ਆਲਮ ਖਾਨ ਨੇ ਕਿਹਾ ਕਿ ਦੇਸ਼ ਵਿਆਪੀ ਲੌਂਗ ਮਾਰਚ ਰਾਹੀਂ ਬਨੇਗਾ ਵਰਗੇ ਮੁੱਖ ਮੁੱਦਿਆਂ ਤੋਂ ਇਲਾਵਾ ਪੂਰੇ ਦੇਸ਼ ਵਿਚ ਹਰ ਇਕ ਲਈ ਮੁਫਤ, ਲਾਜ਼ਮੀ ਤੇ ਵਿਗਿਆਨਕ ਸਿੱਖਿਆ ਯਕੀਨੀ ਬਣਾਉਣ, ਅਸੰਪਰਦਾਇਕਤਾ, ਜਨਤਕ ਅਦਾਰਿਆਂ ਦੀ ਸੁਰੱਖਿਆ ਅਤੇ ਦੇਸ਼ ਵਿਚ ਚੋਣ ਪ੍ਰਣਾਲੀ ਵਿਚ ਸੁਧਾਰ ਲਿਆਉਣ ਲਈ ਦੇਸ਼ ਦੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਹੈ। ਮਾੜੀ ਆਰਥਿਕਤਾ ਅਤੇ ਅਤਿ ਦੀ ਗਰੀਬੀ ਨਾਲ ਜੂਝ ਰਹੀ ਦੇਸ਼ ਦੀ ਜਨਤਾ ਲਈ ਦੇਸ਼ ਵਿਆਪੀ ਲੌਂਗ ਮਾਰਚ ਆਸ ਦੀ ਕਿਰਨ ਲੈ ਆਇਆ ਹੈ ਅਤੇ ਲੋਕਾਂ ਲੇ ਲੌਂਗ ਮਾਰਚ ਦਾ ਦਿਲ ਖੋਲ੍ਹ ਦੇ ਭਰਵਾਂ ਸਵਾਗਤ ਕੀਤਾ ਹੈ। ਇਸ ਏ.ਆਈ. ਐਸ.ਐਫ. ਦੇ ਪੰਜਾਬ ਪ੍ਰਧਾਨ ਚਰਨਜੀਤ ਸਿੰਘ ਛਾਂਗਾ ਰਾਏ ਅਤੇ ਏ.ਆਈ. ਵਾਈ. ਐਫ. ਦੇ ਸੂਬਾ ਸਕੱਤਰ ਸੁਖਜਿੰਦਰ ਮਹੇਸ਼ਰੀ ਨੇ ਕਿਹਾ ਕਿ 23 ਮਾਰਚ 2014 ਤੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਸ਼ੁਰੂਆਤ ਇਸ ਇਤਿਹਾਸਕ ਧਰਤੀ ਤੋਂ ਕੀਤੀ ਗਈ ਸੀ, ਉਹਨਾਂ ਮਾਨ ਮਹਿਸੂਸ ਕਰਦਿਆਂ ਕਿ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਅੱਜ ਪੂਰੇ ਦੇਸ਼ ਦੀ ਜਵਾਨੀ ਦੀ ਆਵਾਜ਼ ਬਣ ਚੁੱਕਾ ਹੈ।

ਪੂਰੇ ਦੇਸ਼ ਵਿਚ ਲੌਂਗ ਮਾਰਚ ਦੇ ਭਰਵੇਂ ਸਵਾਗਤ ਇਸ ਗੱਲ ਦਾ ਸਬੂਤ ਹਨ ਕਿ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ, ਜਿਸ ਤਹਿਤ ਅਣ ਸਿੱਖਿਅਤ ਨੂੰ 20,000/-, ਅਰਧ ਸਿੱਖਿਅਤ ਨੂੰ 25,000/-, ਸਿੱਖਿਅਤ ਨੂੰ 30,000/- ਅਤੇ ਉਚ ਸਿੱਖਿਅਤ ਨੂੰ 35,000/- ਪ੍ਰਤੀ ਤਨਖਾਹ ਦੇਸ਼ ਬਦਲਣ ਦੀ ਤਾਕਤ ਰਖਦਾ ਹੈ। ਇਸ ਤੋਂ ਇਲਾਵਾ ਕੌਮੀ ਆਗੂ ਤਪਸ ਸਿਨਹਾ, ਸੁਭਾਸ਼ਨੀ ਭਦਰੋ, ਪੰਕਜ ਚੋਹਾਨ, ਲੈਨਿਨ ਬਾਬੂ, ਸਟਾਲਿਨ, ਸ੍ਰੀਮਾਨ ਕੁਮਾਰ, ਅਪਰਾਜਿਤਾ ਰਾਜਾ, ਪੀ. ਸੰਤੋਸ਼, ਸਵਰਨਜੀਤ ਸਿੰਘ ਦਲਿਓਂ ਸੂਬਾ ਪ੍ਰਧਾਨ ਜਨਵਾਦੀ ਨੌਜਵਾਨ ਸਭਾ, ਪ੍ਰੋਫੈਸਰ ਜਗਮੋਹਨ ਸਿੰਘ, ਪ੍ਰੋਫੈਸਰ ਸਦਗੋਪਾਲ, ਸਾਬਕਾ ਵਿਦਿਆਰਥੀ ਆਗੂ ਬੰਤ ਬਰਾੜ, ਰਾਹਿਲਾ ਪ੍ਰਵੀਨ, ਅਮ੍ਰਿਤਾ, ਪੰਜਾਬ ਪ੍ਰਧਾਨ ਪਰਮਜੀਤ ਸਿੰਘ ਢਾਬਾਂ, ਸੂਬਾ ਸਕੱਤਰ ਵਿੱਕੀ ਮਹੇਸ਼ਰੀ, ਕੌਮੀ ਗਰਲ ਕਨਵੀਨਰ ਕਰਮਵੀਰ ਕੌਰ ਬੱਧਨੀ, ਸੂਬਾ ਕੈਸ਼ੀਅਰ ਨਰਿੰਦਰ ਕੌਰ ਸੋਹਲ, ਹਰਭਜਨ ਛਪੜੀਵਾਲਾ, ਪਿਆਰਾ ਮੇਘਾ, ਸਤੀਸ਼ ਛਪੜੀਵਾਲਾ, ਮੰਗਤ ਰਾਏ, ਜਸਪ੍ਰੀਤ ਕੌਰ, ਰਜਨੀ ਅੰਮ੍ਰਿਤਸਰ, ਇਕਬਾਲ ਤਖਾਣਬੱਧ, ਸੁਰਜੀਤ ਮੇਘਾ, ਗੋਰਾ ਪਿਪਲੀ, ਗੁਰਮੁੱਖ ਸਿੰਘ, ਸੰਦੀਪ ਫਾਜ਼ਿਲਕਾ, ਕੇਵਲ ਛਾਂਗਾ ਰਾਏ, ਹੰਸ ਰਾਜ ਗੋਲਡਨ ਭਗਵਾਨਦਾਸ ਬਹਾਦਰਕੇ, ਕੁਲਦੀਪ ਭੋਲਾ, ਸੁਰਿੰਦਰ ਢੰਡੀਆਂ, ਕਸ਼ਮੀਰ ਗਦਾਈਆ, ਡਾਕਟਰ ਮਹਿੰਦਰ ਧਾਲੀਵਾਲ, ਪ੍ਰਿਥੀਪਾਲ ਮਾੜੀਮੇਘਾ ਆਦਿ ਨੇ ਸੰਬੋਧਨ ਕੀਤਾ।

## ਸ਼ਹੀਦ ਅਮਰ ਸਿੰਘ ਅਚਰਵਾਲ, ਗਦਰੀ ਬਾਬਿਆਂ ਤੇ ਕੂਕਾ ਲਹਿਰ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ ਨੇ ਧਾਰਿਆ ਵਿਸ਼ਾਲ ਮੇਲੇ ਦਾ ਰੂਪ

### ਫਿਰਕੂ ਫਾਸ਼ੀਵਾਦ ਦਾ ਮੂੰਹ ਤੋੜ ਜਵਾਬ ਦੇਣ ਲਈ ਵਿਸ਼ਾਲ ਏਕਤਾ ਦੀ ਲੋੜ



ਪੰਜਾਬ ਦੀ ਨਕਸਲਬਾੜੀ ਲਹਿਰ ਦੇ ਨਾਇਕ ਅਤੇ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਆਗੂ ਸ਼ਹੀਦ ਅਮਰ ਸਿੰਘ ਅਚਰਵਾਲ ਅਤੇ ਗਦਰ ਲਹਿਰ ਦੇ ਸ਼ਹੀਦਾਂ ਦੀ ਯਾਦ ਵਿੱਚ ਅਜ ਨੇੜਲੇ ਪਿੰਡ ਅਚਰਵਾਲ ਵਿਖੇ ਦੇਸ਼ ਭਗਤ ਯਾਦਗਾਰ ਕਮੇਟੀ ਅਚਰਵਾਲ ਵਲੋਂ ਸ਼ਹੀਦੀ ਕਾਨਫਰੰਸ ਅਤੇ ਇਨਕਲਾਬੀ ਨਾਟਕ ਮੇਲਾ ਕਰਵਾਇਆ ਗਿਆ। ਸਮਗਮ ਦੀ ਸ਼ੁਰੂਆਤ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਤੇ ਸ਼ਹੀਦੀ ਸਥਾਨ ਤੇ ਝੰਡਾ ਲਹਿਰਾਉਣ ਨਾਲ ਅਤੇ ਗਗਨ ਆਜਾਦ ਲੌਂਗੋਵਾਲ ਦੇ ਸ਼ਰਧਾਂਜਲੀ ਗੀਤ ਨਾਲ ਹੋਈ। ਕਾਨਫਰੰਸ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਗੁਰਮੀਤ ਸਿੰਘ ਢੱਡਾ ਡਾਕਟਰ ਰਘਵੀਰ ਕੌਰ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਆਗੂ ਸੁਖਦਰਸ਼ਨ ਨਤ ਹਰਭਗਵਾਨ ਭੀਖੀ ਆਰ ਐਮ ਪੀ ਆਈ ਦੇ ਮੰਗਤ ਰਾਮ ਪਾਸਲਾ ਸੀ ਪੀ ਆਈ ਐੱਮ ਐੱਲ ਨਿਊ ਡੈਮੋਕਰੇਸੀ ਦੇ ਅਜਮੇਰ ਸਿੰਘ ਪਲਸ ਮੰਚ ਦੇ ਅਮੋਲਕ ਸਿੰਘ ਡਾਕਟਰ ਅਰੀਤ ਚੰਡੀਗੜ੍ਹ ਪੰਜਾਬ ਕਿਸਾਨ ਯੂਨੀਅਨ ਦੇ ਪਰਧਾਨ ਰੁਲਦੂ ਸਿੰਘ ਮਾਨਸਾ ਕਿਰਤੀ ਕਿਸਾਨ ਯੂਨੀਅਨ ਦੇ ਨਿਰਭੈ ਸਿੰਘ ਇਨਕਲਾਬੀ ਕੇਂਦਰ ਪੰਜਾਬ ਦੇ ਕੰਵਲਜੀਤ ਖੰਨਾ ਰੈਡ ਸਟਾਰ ਦੇ ਲਾਭ ਸਿੰਘ ਅਕਲੀਆ ਇਨਕਲਾਬੀ ਨੌਜਵਾਨ ਸਭਾ ਦੇ ਲਾਡੀ ਜਟਾਣਾ ਸਾਬਕਾ ਸਰਪੰਚ ਗੁਰਚਰਨ ਸਿੰਘ ਅਚਰਵਾਲ ਇਕਬਾਲ ਅਚਰਵਾਲ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਕਰਜ਼ੇ ਭੁੱਖਮਰੀ ਤੇ ਬੇਰੁਜ਼ਗਾਰੀ ਚ ਫਸੇ ਲੋਕਾਂ ਨੂੰ ਡੇਰਿਆਂ ਧਰਮਾਂ ਪਸ਼ੂਆਂ ਦੇ ਨਾਂਅ ਉੱਤੇ ਲੜਾਇਆ ਜਾ ਰਿਹਾ ਹੈ ਦੇਸ਼ ਅੰਦਰ ਫਿਰਕੂ ਤਾਕਤਾਂ ਪ੍ਰਗਤੀਸ਼ੀਲ ਧਾਰਾ ਉਪਰ ਹਮਲੇ ਕਰ ਰਹੀਆਂ ਹਨ ਜਿਸ ਦਾ ਠੋਕਵਾਂ ਜਵਾਬ ਦੇਣਾ ਹੋਵੇਗਾ। ਬੁਲਾਰਿਆਂ ਨੇ ਖੱਬੀਆਂ ਧਿਰਾਂ ਦੇਸ਼ ਭਗਤ ਅਗਾਂਹਵਧੂ ਤੇ ਬੁੱਧੀਜੀਵੀ ਵਰਗ ਨੂੰ ਇਕ ਮੰਚ ਤੇ ਆਉਣਾ ਚਾਹੀਦਾ ਹੈ। ਇਸ ਮੌਕੇ ਮੁੱਲਾਂਪੁਰ ਦੀ ਟੀਮ ਵਲੋਂ ਅਗ ਦੇ ਸਫੇ ਤੇ ਨਾਟਕ ਪੇਸ਼ ਕੀਤਾ ਗਿਆ ਤੇ ਜਗਸੀਰ ਜੀਦਾ ਰਸੂਲਪੁਰ ਦੇ ਕਵੀਸ਼ਰ ਜਥਾ ਲਾਡੀ ਜਟਾਣਾ ਰਾਮ ਹਠੂਰ ਸੁਮਨ ਹਮੀਦੀ ਵਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਇਸ ਮੌਕੇ ਸ਼ਹੀਦ ਅਮਰ ਸਿੰਘ ਅਚਰਵਾਲ ਦੇ ਪਰਿਵਾਰ ਤੇ ਬੇਟੀਆਂ ਹਰਬੰਸ ਕੌਰ ਅਚਰਵਾਲ ਤੇ ਰਾਣੀ ਅਚਰਵਾਲ ਨੂੰ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਇਕਬਾਲ ਸਿੰਘ ਹਰਵਿੰਦਰ ਦੀਵਾਨਾ ਤੇ ਹਰਭਗਵਾਨ ਭੀਖੀ ਵਲੋਂ ਕੀਤਾ ਗਿਆ।

## ਜੇ ਐੱਨ ਯੂ ਵਿਦਿਆਰਥੀ ਚੋਣਾਂ 'ਚ ਝੂਲਿਆ ਲਾਲ ਫਰੇਰਾ



ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਚੋਣਾ 'ਚ ਆਇਸਾ, ਏ ਐੱਸ ਐੱਫ ਆਈ ਅਤੇ ਡੀ ਐੱਸ ਐੱਫ 'ਤੇ ਅਧਾਰਤ ਖੱਬੇ-ਪੱਖੀ ਗੱਠਜੋੜ ਲੈੱਫ਼ਟ ਯੂਨਿਟੀ ਨੇ ਚਾਰੇ ਸੀਟਾਂ 'ਤੇ ਕਬਜ਼ਾ ਕਰ ਲਿਆ ਹੈ। ਹਰਿਆਣਾ ਦੀ ਰਹਿਣ ਵਾਲੀ ਗੀਤਾ ਕੁਮਾਰੀ ਸਟੂਡੈਂਟਸ ਯੂਨੀਅਨ ਦੀ ਪ੍ਰਧਾਨ ਚੁਣੀ ਗਈ। ਜਿੱਤ ਮਗਰੋਂ ਯੂਨੀਵਰਸਿਟੀ 'ਚ ਐੱਮ ਫਿਲ ਕਰ ਰਹੀ ਗੀਤਾ ਕੁਮਾਰੀ ਨੇ ਕਿਹਾ ਕਿ ਮੈਂ ਇਸ ਜਸ਼ਨ ਦੇ ਮੌਕੇ ਦਾ ਸਿਹਰਾ ਜੇ ਐੱਨ ਯੂ ਦੇ ਵਿਦਿਆਰਥੀਆਂ ਨੂੰ ਦਿੰਦੀ ਹਾਂ, ਜਿਨ੍ਹਾਂ ਦਾ ਮੰਨਣਾ ਹੈ ਕਿ ਅਜਿਹੀ ਲੋਕਤੰਤਰੀ ਥਾਂ ਨੂੰ ਬਚਾਈ ਰੱਖਣ ਦੀ ਜ਼ਰੂਰਤ ਹੈ। ਮੈਂ ਆਪਣੇ ਪ੍ਰਚਾਰ ਦੌਰਾਨ ਜੇ ਐੱਨ ਯੂ 'ਚ ਸੀਟਾਂ 'ਚ ਕਟੌਤੀ, ਨਜੀਬ ਦੀ ਗੁੰਮਸ਼ੁਦਗੀ, ਨਵੇਂ ਹੋਸਟਲ ਅਤੇ ਦਾਖ਼ਲਾ ਪ੍ਰਕ੍ਰਿਆ ਨਾਲ ਜੁੜੇ ਮੁੱਦਿਆਂ ਨੂੰ ਉਠਾਇਆ। ਖੱਬੀਆਂ ਧਿਰਾਂ ਦੀ ਸਾਂਝੀ ਉਮੀਦਵਾਰ ਗੀਤਾ ਕੁਮਾਰੀ ਨੂੰ 1506 ਵੋਟਾਂ ਮਿਲੀਆਂ ਅਤੇ ਉਨ੍ਹਾਂ ਏ ਬੀ ਵੀ ਪੀ ਦੀ ਨਿਧੀ ਤ੍ਰਿਪਾਠੀ ਨੂੰ ਹਰਾਇਆ, ਜਿਨ੍ਹਾ ਨੂੰ 1042 ਵੋਟਾਂ ਮਿਲੀਆਂ। ਮੀਤ ਪ੍ਰਧਾਨ ਦੇ ਅਹੁਦੇ ਲਈ ਸਿਮੋਨ ਜੋਇਆ ਖਾਨ ਨੇ 1876 ਵੋਟਾਂ ਪ੍ਰਾਪਤ ਕਰਕੇ ਏ ਬੀ ਵੀ ਪੀ ਦੇ ਦੁਰਗੇਸ਼ ਨੂੰ ਹਰਾਇਆ, ਜਿਨ੍ਹਾ ਨੂੰ 1028 ਵੋਟਾਂ ਮਿਲੀਆਂ। ਦੁਗਿਰਾਲਾ ਸ੍ਰੀਕ੍ਰਿਸ਼ਨ 2082 ਵੋਟਾਂ ਲੈ ਕੇ ਯੂਨੀਅਨ ਦੇ ਜਨਰਲ ਸਕੱਤਰ ਚੁਣੇ ਗਏ। ਉਨ੍ਹਾਂ ਏ ਬੀ ਵੀ ਪੀ ਦੇ ਨਿਕੁੰਜ ਮਕਵਾਨਾ ਨੂੰ ਹਰਾਇਆ, ਜਿਨ੍ਹਾਂ ਨੂੰ 975 ਵੋਟਾਂ ਹੀ ਪ੍ਰਾਪਤ ਹੋਈਆਂ। ਸੰਯੁਕਤ ਸਕੱਤਰ ਦੇ ਅਹੁਦੇ ਲਈ ਹੋਈ ਚੋਣ 'ਚ ਸੁਭਾਸ਼ ਸਿੰਘ ਨੇ 1755 ਵੋਟਾਂ ਪ੍ਰਾਪਤ ਕਰਕੇ ਜਿੱਤ ਹਾਸਲ ਕੀਤੀ ਅਤੇ ਉਨ੍ਹਾ ਦੇ ਵਿਰੋਧੀ ਏ ਬੀ ਵੀ ਪੀ ਦੇ ਪੰਕਜ ਕੇਸਰੀ ਨੂੰ 920 ਵੋਟਾਂ ਹੀ ਪ੍ਰਾਪਤ ਹੋ ਸਕੀਆਂ। ਜ਼ਿਕਰਯੋਗ ਹੈ ਕਿ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਦੇ ਅਹੁਦੇ ਦੀ ਚੋਣ ਲਈ 7 ਉਮੀਦਵਾਰ ਮੈਦਾਨ 'ਚ ਸਨ। ਇਥੇ ਇਹ ਵੀ ਖਾਸ ਗੱਲ ਹੈ ਕਿ ਪਿਛਲੀ ਚੋਣ 'ਚ ਵੀ ਪ੍ਰਧਾਨਗੀ ਅਹੁਦੇ 'ਤੇ ਆਇਸਾ ਦਾ ਹੀ ਕਬਜ਼ਾ ਸੀ ਅਤੇ ਇਸ ਵਾਰ ਪ੍ਰਧਾਨ ਚੁਣੀ ਗਈ ਗੀਤਾ ਵੀ ਆਇਸਾ ਦੀ ਮੈਂਬਰ ਹੈ।

ਪਰਦੇ ਦੀਆਂ ਪਰਤਾਂ-4

# ਸੁਨਹਿਰੀ ਪਰਦਾ ਅਤੇ ਸੰਤਾਲੀ ਦੇ ਕਹਿਰ ਦਾ ਬਿਰਤਾਂਤ



ਕੁਲਦੀਪ ਕੌਰ
98554-04330


1947 ਦੀ ਵੰਡ ਬਾਰੇ ਭੀਸ਼ਮ ਸਾਹਨੀ ਦੁਆਰਾ ਲਿਖੇ ਡਰਾਮੇ 'ਤਮਸ', ਸੁਆਦਤ ਹਸਨ ਮੰਟੋ ਦੁਆਰਾ ਲਿਖੀ ਕਹਾਣੀ 'ਟੋਬਾ ਟੇਕ ਸਿੰਘ' ਅਤੇ ਸਵਰਗਵਾਸੀ ਨਿਰਦੇਸ਼ਕ ਮਨੋਜ ਪੁੰਜ ਦੁਆਰਾ ਨਿਰਦੇਸ਼ਤ ਫਿਲਮ 'ਸ਼ਹੀਦੇ-ਮੁਹੱਬਤ ਬੂਟਾ ਸਿੰਘ' ਵਿੱਚ ਇੱਕ ਸਾਝਾਂ ਨੁਕਤਾ ਤਿੰਨਾਂ ਦੁਆਰਾ ਵੰਡ ਦੇ ਸਮੇਂ ਦੀ ਵਹਿਸ਼ਤ ਅਤੇ ਫਿਰਕੂ ਪਾਗਲਪਣ ਦੇ ਮਨੋਵਿਗਿਆਨ ਦਾ ਦਰਸ਼ਨ ਸਮਝਾਉਣ ਲਈ ਅਜਿਹੇ ਕਿਰਦਾਰਾਂ ਦੀ ਵਰਤੋਂ ਕਰਨਾ ਹੈ ਜਿਹਨਾਂ ਨੂੰ ਤਥਾਕਥਿਤ ਸੱਭਿਅਕ ਸਮਾਜ 'ਪਾਗਲ' ਕਰਾਰ ਦੇ ਚੁੱਕਾ ਹੁੰਦਾ ਹੈ। ਡਰਾਮੇ 'ਤਮਸ' ਵਿਚਲਾ ਹਰਨਾਮ ਸਿੰਘ, ਕਹਾਣੀ 'ਟੋਬਾ ਟੇਕ ਸਿੰਘ' ਵਿਚਲਾ ਬਿਸ਼ਨ ਸਿੰਘ ਅਤੇ ਫਿਲਮ 'ਸ਼ਹੀਦੇ-ਮੁਹੱਬਤ ਬੂਟਾ ਸਿੰਘ' ਵਿਚਲਾ ਰਮਜ਼ਾਨਾ ਬੇਘਰੇ,ਬੇਦਰੇ ਤੇ ਸਮਾਜ ਦੇ ਲਿਤਾੜੇ ਵਰਗਾਂ ਨਾਲ ਸਬੰਧਿਤ ਕਿਰਦਾਰ ਹਨ ਜੋ ਮਾਨਵਵਾਦੀ ਕਦਰਾਂ-ਕੀਮਤਾਂ ਲਈ ਆਪਣੀ ਜਾਨ ਦੀ ਬਾਜ਼ੀ ਲਗਾ ਦਿੰਦੇ ਹਨ।ਉਹ ਉਸ ਸਮਾਜ ਦੀ ਸ਼ੰਵੇਦਨਸ਼ੀਲਤਾ ਅਤੇ ਹਿੰਸਾ ਦੀਆਂ ਪਰਤਾਂ ਦੀਆਂ ਨਿਸ਼ਾਨਦੇਹੀ ਕਰਨ ਲਈ ਆਪਣਾ ਤਾਣ ਲਗਾਉਂਦੇ ਹਨ ਜਿਹੜਾ ਉਹਨਾਂ ਦੀ ਹੋਂਦ ਨੂੰ ਹੀ ਮੰਨਣ ਤੋਂ ਹੀ ਇਨਕਾਰੀ ਹੈ।



1947 ਦੀ ਵੰਡ ਸਾਹਿਤ, ਕਲਾਵਾਂ ਅਤੇ ਜਨ-ਸੰਚਾਰ ਮਾਧਿਅਮਾਂ ਵਿੱਚ ਅਨੇਕਾਂ ਢੰਗਾਂ ਨਾਲ ਪੇਸ਼ ਹੋਈ ਹੈ। ਫਿਲਮਾਂ ਦੇ ਖੇਤਰ ਵਿੱਚ ਵੀ ਕਈ ਅਜਿਹੀਆਂ ਡਾਕੂਮੈਂਟਰੀਆਂ, ਡਾਕੂ-ਡਰਾਮਾ ਸੀਰੀਜ਼, ਫੀਚਰ-ਫਿਲਮਾਂ ਆਦਿ ਦਾ ਨਿਰਮਾਣ ਹੋਇਆ ਹੈ ਜਿਹਨਾਂ ਨੇ ਵੰਡ ਨਾਲ ਸਬੰਧਿਤ ਸਿਆਸਤ, ਆਰਥਿਕਤਾ, ਸਮਾਜਿਕਤਾ ਅਤੇ ਸੱਭਿਆਚਾਰਕ ਤੱਥਾਂ ਨੂੰ ਸਾਂਭਣ ਦਾ ਯਤਨ ਕੀਤਾ ਹੈ।

ਵੰਡ ਨੇ ਤਤਕਾਲੀ ਤੌਰ 'ਤੇ ਬੰਗਾਲ ਤੇ ਪੰਜਾਬ ਦੇ ਦੋ ਭੂਗੋਲਿਕ ਟੋਟੇ ਕੀਤੇ। ਸਾਲ-ਦਰ-ਸਾਲ ਇਸ ਸਿਆਸੀ ਕਾਹਲੀ ਦੀਆਂ ਖਿੱਤੇ ਦੇ ਆਵਾਮ ਤੇ ਪਈਆਂ ਲਾਸਾਂ ਨਵੇਂ ਸਿਰਿਉਂ ਉਭਰ ਰਹੀਆ ਹਨ। ਇਸ ਵੰਡ ਦਾ ਤਰਾਸਦਿਕ ਪੱਖ ਵੰਡ ਦਾ ਸਿਰਫ਼ 1947 ਦੇ ਵਰ੍ਹੇ ਤੱਕ ਸੀਮਤ ਨਾ ਰਹਿਕੇ ਸਮਾਂ ਅਤੇ ਸਥਾਨ ਦੀਆਂ ਵਿੱਥਾਂ ਤੋਂ ਪਾਰ ਫੈਲ ਜਾਣਾ ਹੈ। ਬੰਗਾਲੀ ਫਿਲਮਸਾਜ਼ ਤਨਵੀਰ ਮੋਕੂਮਲ ਆਪਣੀ ਨਿਰਦੇਸ਼ਿਤ ਫਿਲਮ 'ਸਵਪਨਭੂਮੀ/ਦੀ ਪ੍ਰੋਮਸ਼ਡ ਲੈਂਡ' ਵਿੱਚ 'ਉਰਦੂ ਭਾਸ਼ੀ' ਤੇ 'ਬਿਹਾਰੀ ਭਾਸ਼ੀ' ਫ਼ਿਰਕਿਆਂ ਦੀ ਆਪਸੀ ਕਸ਼ਮਕਸ਼ ਦੇ ਨਤੀਜੇ ਵਜੋਂ 1971 ਵਿੱਚ ਬੰਗਲਾਦੇਸ਼ ਦੇ ਨਿਰਮਾਣ ਸਬੰਧੀ ਸਵਾਲ ਉਠਾਉਂਦਾ ਹੈ। ਉਸ ਅਨੁਸਾਰ ਭਾਸ਼ਾ ਦੀ ਕੋਈ ਸਾਂਝ ਨਾ ਹੋਣ ਵਰਗਾ ਮਹਤੱਵਪੂਰਣ ਨੁਕਤਾ ਵੰਡ ਸਮੇਂ ਕਿਸੇ ਦੇ ਧਿਆਨ ਵਿੱਚ ਨਾ ਆਉਣ ਨੇ ਵੰਡ ਦੀ ਪ੍ਰਕ੍ਰਿਆਂ ਨੂੰ ਕਈ ਦਹਾਕਿਆਂ ਲੰਬੀ ਖਿੱਚ ਦਿੱਤਾ। ਫਿਲਮਸਾਜ਼ 1947 ਦੀ ਵੰਡ ਤੋਂ 1971 ਦੇ ਬੰਗਲਾਦੇਸ਼ ਬਣਨ ਤੱਕ ਦੇ ਸਮੇਂ ਨੂੰ ਵੀ 'ਸੰਤਾਲੀ ਦਾ ਕਹਿਰ' ਦੇ ਤੌਰ 'ਤੇ ਪ੍ਰੀਭਾਸ਼ਿਤ ਕਰਦਾ ਹੈ। ਉਸ ਅਨੁਸਾਰ 1947 ਦੀ ਵੰਡ ਭੂਗੋਲਿਕ ਨਾਲੋਂ ਮਨੋਵਿਗਿਆਨਕ ਅਤੇ ਸੱਭਿਆਚਾਰਕ ਵੱਧ ਹੈ। ਇਹ ਦੁਖਾਂਤ ਪੀੜ੍ਹੀ-ਦਰ-ਪੀੜ੍ਹੀ ਲਗਾਤਾਰ ਹਰ ਦੌਰ ਵਿੱਚ ਦੱਖਣ-ਏਸ਼ੀਆਈ ਖਿੱਤੇ ਦੀ ਤਤਕਾਲੀ ਸਿਆਸਤ ਨੂੰ ਪ੍ਰਭਾਵਿਤ ਕਰ ਰਿਹਾ ਹੈ।

1940 ਵਿੱਚ ਬਣੀ ਹਿੰਦੀ ਫਿਲਮ 'ਸ਼ਹੀਦ' ਵਿੱਚ ਵੀ ਫਿਲਮ ਦਾ ਹੀਰੋ (ਦਲੀਪ ਕੁਮਾਰ) ਆਜ਼ਾਦੀ ਦੇ ਅੰਦੋਲਨ ਵਿੱਚ ਕੁੱਦ ਪੈਂਦਾ ਹੈ ਅਤੇ ਉਸ ਦੀ ਸ਼ਹੀਦੀ (ਫਾਂਸੀ ਲੱਗਣ ਦਾ ਕਾਰਨ) ਅਸਲ ਵਿੱਚ ਉਸ ਸਮੇਂ ਦੇ ਹਾਲਾਤ ਖ਼ਿਲਾਫ਼ ਲੜਣ ਦਾ ਨਤੀਜਾ ਹੁੰਦਾ ਹੈ। ਉਸ ਸਮੇਂ ਦੇ ਹਾਲਾਤਾਂ ਵਿੱਚ ਕੁੜੱਤਣ ਘੋਲਣ ਅਤੇ ਫਿਰਕੂ ਰੰਗ ਦੇਣ ਵਿੱਚ ਕਿਵੇਂ ਸਿਆਸੀ ਪਾਰਟੀਆਂ ਮੁਹੱਲਿਆਂ ਵਿੱਚ ਹੋਈਆ ਮਾਮੂਲੀ ਤਕਰਾਰਾਂ ਨੂੰ ਮਰਨ-ਮਰਾਉਣ ਦਾ ਮੁੱਦਾ ਬਣਾ ਲੈਂਦੀਆਂ ਹਨ, ਇਸ ਤੱਥ ਨੂੰ ਫਿਲਮਸ਼ਾਜ਼ ਖ਼ੂਬਸੂਰਤੀ ਨਾਲ ਬਿਆਨਦਾ ਹੈ ਰਮੇਸ਼ ਸਹਿਗਲ ਦੁਆਰਾ




ਨਿਰਦੇਸ਼ਿਤ ਇਸ ਫਿਲਮ ਵਿੱਚ 'ਭਾਰਤ ਛੱਡੋ ਅੰਦੋਲਨ' ਦੇ ਅਸਰ ਅਤੇ ਉਸ ਸਮੇਂ ਦੀਆਂ ਸਿਆਸੀ ਪਾਰਟੀਆਂ ਦੀ ਆਪਸੀ ਕਸ਼ਮਕਸ਼ ਨੂੰ ਵੀ ਦਰਸਾਇਆ ਗਿਆ ਹੈ।


ਵੰਡ ਦੀ ਤਰਾਸਦੀ ਦਾ ਇੱਕ ਵੱਖਰਾ ਪਹਿਲੂ ਹਿੰਦੀ ਫਿਲਮ 'ਗਰਮ ਹਵਾ' ਵਿੱਚ ਦੇਖਣ ਨੂੰ ਮਿਲਦਾ ਹੈ।'ਗਰਮ ਹਵਾ' ਫਿਲਮ ਵਿੱਚ ਇੱਕ ਅਜਿਹੇ ਹੱਸਦੇ-ਵੱਸਦੇ ਮੁਸਲਮਾਨ ਪਰਿਵਾਰ ਕਹਾਣੀ ਨੂੰ ਬਿਆਨਿਆ ਗਿਆ ਹੈ ਜਿਨ੍ਹਾਂ ਲਈ ਆਜ਼ਾਦੀ ਦਾ ਦਿਨ ਉਜਾੜੇ ਦਾ ਦਿਨ ਲੈ ਕੇ ਆਉਂਦਾ ਹੈ। ਮੁਸਲਮਾਨ ਪਰਿਵਾਰ ਜਿਹੜਾ ਸਦੀਆਂ ਤੋਂ ਇਸ ਜਗਹ ਤੋਂ ਰਹਿ ਰਿਹਾ ਹੈ, ਉਸ ਦਾ ਉਜੜਣਾ ਉਹ ਵੀ ਬਿਨਾਂ ਕਿਸੇ ਕਸੂਰ ਤੋਂ, ਵੰਡ ਦੀ ਸਾਰਥਿਕਤਾ ਤੇ ਕਈ ਸਵਾਲ ਖੜ੍ਹਾ ਕਰਦਾ ਹੈ। ਫਿਲਮ ਦੇ ਮੁੱਖ ਕਿਰਦਾਰ ਸਲੀਮ ਮਿਰਜ਼ਾ (ਬਲਰਾਜ) ਸਾਹਨੀ ਲਈ ਵੰਡ ਇੱਕ ਸਦਮੇ ਦੀ ਤਰ੍ਹਾਂ ਵਾਪਰਦੀ ਹੈ। ਉਹ ਆਪਣੇ ਕਾਰੋਬਾਰ ਨੂੰ ਬੇਬੱਸ ਹੋ ਕੇ ਡੁੱਬਦਿਆਂ ਦੇਖਦਾ ਹੈ। ਆਪਣੇ ਨਾਲ ਦੇ ਵਪਾਰੀਆਂ ਅਤੇ ਖੁਦ ਦੇ ਰਿਸ਼ਤੇਦਾਰਾਂ ਦੀਆਂ ਅੱਖਾਂ ਵਿੱਚ ਬੇਗਾਨਗੀ ਦੇਖ ਕੇ ਡੌਰ-ਭੌਰ ਹੋ ਜਾਂਦਾ ਹੈ। ਉਸ ਲਈ ਵੰਡ ਦਾ ਅਰਥ ਸਦੀਆਂ ਦੇ ਕਮਾਏ ਵਿਸ਼ਵਾਸ਼ਾਂ ਦਾ ਖੇਰੂ-ਖੇਰੂ ਹੋਣਾ ਅਤੇ ਇੱਕ ਸੱਭਿਆਚਾਰਕ ਖਿਲਾਅ ਵਿੱਚ ਲਟਕ ਜਾਣਾ ਹੈ ਜਿੱਥੇ ਜਿਊਣਾ ਇੱਕ ਰਵਾਇਤ ਵਿੱਚ ਵੱਟਕੇ ਰਹਿ ਜਾਂਦਾ ਹੈ। ਫਿਲਮ ਦੇ ਅੰਤ ਵਿੱਚ ਫਿਲਮਸ਼ਾਜ਼ ਉਸਦੀ ਜ਼ਿੰਦਗੀ ਦਾ ਰੁਖ ਇੱਕ ਸਮੂਹਿਕ ਸਮਝ ਵੱਲ ਨੂੰ ਮੋੜਦਾ ਹੈ ਜਿਸ ਦਾ ਰਸਤਾ ਸਾਂਝੇ ਸੰਘਰਸ਼ਾਂ ਵਿੱਚੋਂ ਹੋ ਕੇ ਨਿਕਲਦਾ ਹੈ।

ਦੀਪਾ ਮਹਿਤਾ ਦੁਆਰਾ ਸਲਮਾਨ ਰਸ਼ਦੀ ਦੇ ਨਾਵਲ 'ਮਿਡਨਾਈਟ ਚਿਲਡਰਨਜ਼' ਤੇ ਬਣਾਈ ਫਿਲਮ ਦੀ ਕਹਾਣੀ ਵੀ ਵੰਡ ਦੌਰਾਨ ਪੈਦਾ ਹੋਏ ਦਵੰਦਾਂ ਅਤੇ ਅੰਤਰ-ਵਿਰੋਧਾਂ ਦੀ ਕਹਾਣੀ ਹੈ। ਇਹ ਫਿਲਮ ਜਿੱਥੇ ਇੱਕ ਪਾਸੇ ਕਰੂਰਤਾ ਨਾਲ ਮਨੁੱਖਤਾ ਦੀਆਂ ਪਈਆਂ ਵੰਡੀਆਂ ਦੀ ਗੱਲ ਕਰਦੀ ਹੈ, ਉੱਥੇ ਵੰਡ ਕਾਰਨ ਰਾਜੇ ਤੋਂ ਰੰਕ ਅਤੇ ਰੰਕ ਤੋਂ ਰਾਜਾ ਬਣੇ ਲੋਕਾਂ ਦੀਆਂ ਕਹਾਣੀਆਂ ਰਾਹੀਂ ਤਰਾਸਦੀ ਦੇ ਅਗਲੇਰੇ ਪੜਾਵਾਂ ਦੀ ਗੱਲ ਤੋਰਦੀ ਹੈ। ਵੰਡ ਦਾ ਸ਼ਿਕਾਰ ਹੋਣ ਤੋਂ ਬਾਅਦ ਉੱਜੜੀ ਪੀੜ੍ਹੀ ਦੀਆਂ ਅਗਲੀਆਂ ਪੀੜ੍ਹੀਆਂ ਇਤਿਹਾਸ ਦੇ ਇਸ ਮੋੜ ਨੂੰ ਕਿਵੇਂ ਦੇਖਦੀਆਂ ਹਨ, ਇਹ



ਬੇਹੱਦ ਮਹੱਤਵਪੂਰਨ ਤੱਥ ਬਣਦਾ ਹੈ।ਇਹ ਯਾਦਾਂ ਅਤੇ ਹੇਰਵਿਆਂ ਦਾ ਨਾ ਮੁੱਕਣ ਵਾਲਾ ਸਿਲਸਿਲਾ ਵੀ ਹੋ ਸਕਦਾ ਹੈ ਅਤੇ ਇਤਿਹਾਸ ਤੋਂ ਸੇਧ ਲੈਕੇ ਚੰਗੇਰੇ ਭਵਿੱਖ ਲਈ ਸਬਕ ਸਿੱਖਣ ਦਾ ਤਰਦੱਦ ਵੀ ਹੋ ਸਕਦਾ ਹੈ। ਫਿਲਮਸਾਜ਼ ਮੁਤਾਬਿਕ ਅਸਲ ਮਸਲਾ ਇਤਿਹਾਸ ਦੇ ਪੰਨਿਆਂ ਤੇ ਉਕਰੀਆਂ ਇਬਾਰਤਾਂ ਨੂੰ ਤਤਕਾਲੀ ਮਸਲਿਆਂ ਨਾਲ ਜੋੜਕੇ ਸਮਝਣ ਦਾ ਹੈ।

1947 ਦੀ ਵੰਡ ਬਾਰੇ ਬਣੀ ਇਹ ਹੋਰ ਮਹੱਤਵਪੂਰਨ ਫਿਲਮ ਹੈ, 'ਖਾਮੋਸ਼ ਪਾਣੀ'। 'ਖਾਮੋਸ਼ ਪਾਣੀ' ਪਾਕਿਸਤਾਨੀ ਨਿਰਦੇਸ਼ਕਾ ਸਬੀਹਾ ਸਮਰ ਦੁਆਰਾ ਨਿਰਦੇਸ਼ਿਤ ਫਿਲਮ ਹੈ ਜਿਸ ਵਿੱਚ ਵੰਡ ਦੌਰਾਨ ਬਰਾਮਦ ਕੀਤੀਆਂ ਔਰਤਾਂ ਦੀ ਸਰਹੱਦ ਵਾਂਗ ਦੋ




ਹਿੱਸਿਆਂ ਵਿੱਚ ਵੰਡੀ ਗਈ ਜ਼ਿੰਦਗੀ ਨੂੰ ਦਰਸਾਇਆ ਗਿਆ ਹੈ। 'ਖਾਮੋਸ਼ ਪਾਣੀ' ਵਿੱਚ ਇੱਕ ਮੁਸਲਮਾਨ ਔਰਤ ਨੂੰ ਜ਼ਬਰਦਸਤੀ ਉਧਾਲਣ ਤੋਂ ਬਾਅਦ ਉਸ ਨੂੰ ਸਿੱਖ ਬਨਾਉਣ ਅਤੇ ਬਾਅਦ ਵਿੱਚ ਉਸ ਨੂੰ ਦੁਬਾਰਾ ਤੋਂ ਬਰਾਮਦ ਕਰਕੇ ਪਾਕਿਸਤਾਨ ਲਿਜਾਉਣ ਦਾ ਵੇਰਵਾ ਹੈ। ਇਸ ਤਰ੍ਹਾਂ ਔਰਤਾਂ ਦੀ ਹੋਣੀ ਸਮਿਆਂ ਦੀ ਸਿਆਸਤ ਦੁਆਰਾ ਲਿਖੇ ਜਾਣ ਦੀ ਗਾਥਾ ਇਸ ਫਿਲਮ ਵਿੱਚ ਦਰਸਾਈ ਗਈ ਹੈ ਜਿੱਥੇ ਸਮਾਜਿਕ ਤੌਰ 'ਤੇ ਉਨ੍ਹਾਂ ਦੀ ਸਥਿਤੀ ਧਾਰਮਿਕ ਫਤਵਿਆਂ ਅਤੇ ਹਿੰਸਾ ਕਾਰਨ ਬਦ ਤੋਂ ਬਦਤਰ ਹੋ ਜਾਂਦੀ ਹੈ। ਧਾਰਮਿਕ ਉਨਮਾਦ ਵਿੱਚ ਅੰਨੀਆਂ ਹੋਈਆਂ ਪੀੜ੍ਹੀਆਂ ਲਈ ਕਿਵੇਂ ਨਜ਼ਦੀਕੀ ਰਿਸ਼ਤੇ ਵੀ ਤਜਰਬਿਆਂ ਲਈ ਲੈਬੋਰਟਰੀ ਬਣ ਜਾਂਦੇ ਹਨ, ਇਸ ਦਾ ਮਾਰਮਿਕ ਚਿਤਰਣ ਇਸ ਫਿਲਮ ਵਿੱਚ ਕੀਤਾ ਗਿਆ ਹੈ।

1947 ਦੀ ਵੰਡ ਬਾਰੇ ਇੱਕ ਮਹਤੱਵਪੂਰਣ ਪਰ ਅਣਗੌਲੀ ਪੰਜਾਬੀ ਫਿਲਮ ਹੈ, 'ਚੌਧਰੀ ਕਰਨੈਲ ਸਿੰਘ'। ਫਿਲਮ 'ਚੌਧਰੀ ਕਰਨੈਲ ਸਿੰਘ' 1962 ਵਿੱਚ ਰਿਲੀਜ਼ ਹੋਈ। ਇਹ ਰਾਸ਼ਟਰੀ ਪੁਰਸਕਾਰਾਂ ਲਈ ਨਾਮਜ਼ਦ ਕੀਤੀ ਜਾਣ ਵਾਲੀ ਪਹਿਲੀ ਪੰਜਾਬੀ ਫਿਲਮ ਸੀ। ਇਸ ਫਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਕ੍ਰਿਸ਼ਨ ਕੁਮਾਰ ਸਨ। ਫਿਲਮ 1947 ਦੀ ਵੰਡ ਦੀ ਤਰਾਸਦੀ ਅਤੇ ਕਤਲੋਗਾਰਤ ਦੌਰਾਨ ਇੱਕ ਪਿੰਡ ਪ੍ਰਤਾਪਗੜ੍ਹ ਵਿੱਚ ਵਾਪਰੀਆਂ ਘਟਨਾਵਾਂ ਤੇ ਆਧਾਰਿਤ ਹੈ।ਫਿਲਮ ਦੀ ਕਹਾਣੀ ਪਿੰਡ ਪ੍ਰਤਾਪਗੜ੍ਹ ਦੇ ਸਰਪੰਚ ਚੌਧਰੀ ਕਰਨੈਲ



ਸਿੰਘ ਅਤੇ ਉਸ ਦੇ ਦੋ ਦੋਸਤਾਂ ਵਿਚਲੀ ਭਾਈਚਾਰਕ ਸਾਂਝ ਤੇ ਆਧਾਰਿਤ ਹੈ। ਚੌਧਰੀ ਕਰਨੈਲ ਸਿੰਘ, ਪੰਡਿਤ ਮੂਲਚੰਦ ਅਤੇ ਕਾਜ਼ੀ ਫ਼ਜ਼ਲਦੀਨ ਦਾ ਆਪਸ ਵਿੱਚ ਡੂੰਘਾ ਪਿਆਰ ਹੈ। ਜਦੋਂ ਕਾਜ਼ੀ ਫ਼ਜ਼ਲਦੀਨ ਦੀ ਕੁੜੀ ਪਿੰਡ ਵਿੱਚ ਰਹਿੰਦੇ ਸ਼ੇਰੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ ਤਾਂ ਰਿਸ਼ਤੇਦਾਰਾਂ ਅਤੇ ਪਿੰਡ ਵਾਲਿਆਂ ਦੀ ਵਿਰੋਧਤਾ ਦੇ ਬਾਵਜੂਦ ਪੰਡਿਤ ਅਤੇ ਕਾਜ਼ੀ ਸਰਪੰਚ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਇਸ ਰਿਸ਼ਤੇ ਲਈ ਹਾਮੀ ਭਰ ਦਿੰਦੇ ਹਨ। ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ।

ਇਸੇ ਦੌਰਾਨ 1947 ਦੀ ਵੰਡ ਨਾਲ ਸਬੰਧਿਤ ਖ਼ਬਰਾਂ ਅਤੇ ਅਫ਼ਵਾਹਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਕਤਲੇਆਮ, ਅਗਜ਼ਨੀ ਅਤੇ ਮਾਰਕੁੱਟ ਦੀਆਂ ਘਟਨਾਵਾਂ ਹੌਲੀ-ਹੌਲੀ ਪ੍ਰਤਾਪਗੜ੍ਹ ਨੂੰ ਆਪਣੀ ਚਪੇਟ ਵਿੱਚ ਲੈ ਲੈਂਦੀਆਂ ਹਨ। ਗੁਆਂਢੀ ਗੁਆਂਢੀ ਦਾ ਹੀ ਦੁਸ਼ਮਣ ਬਣ ਬੈਠਦਾ ਹੈ। ਦੰਗਿਆਂ ਦੌਰਾਨ ਹੀ ਸ਼ੇਰਾ ਆਪਣੀ ਮਾਂ ਨਾਲ ਪਾਕਿਸਤਾਨ ਜਾਣ ਦੀ ਠਾਣ ਲੈਂਦਾ ਹੈ। ਚੌਧਰੀ ਭਾਵੇਂ ਸਾਰੇ ਪਿੰਡ ਵਾਸੀਆਂ ਦੀ ਜਾਨ ਬਚਾਉਣ ਲਈ ਕਾਫ਼ੀ ਤਰੱਦਦ ਕਰਦਾ ਹੈ ਪਰ ਕਾਜ਼ੀ ਫ਼ਜ਼ਲਦੀਨ ਨੂੰ ਕੁਝ ਫ਼ਿਰਕੂ ਅਨਸਰ ਛੁਰਾ ਮਾਰਕੇ ਮਾਰ ਦਿੰਦੇ ਹਨ। ਕਾਜ਼ੀ ਫ਼ਜ਼ਲਦੀਨ ਮਰਨ ਤੋਂ ਪਹਿਲਾ ਆਪਣੀ ਕੁੜੀ ਨਾਜ਼ੀ ਦਾ ਹੱਥ ਚੌਧਰੀ ਨੂੰ ਸੌਂਪਕੇ ਉਸ ਦੇ ਵਿਆਹ ਦੀ ਜ਼ਿੰਮੇਵਾਰੀ ਦਾ ਵਚਨ ਲੈ ਕੇ ਮਰ ਜਾਂਦਾ ਹੈ। ਨਾਜ਼ੀ ਨੂੰ ਚੌਧਰੀ ਆਪਣੀ ਧੀ ਬਣਾਕੇ ਜਦੋਂ ਘਰ ਲੈ ਕੇ ਆਉਂਦਾ ਹੈ ਤਾਂ ਉਸ ਦਾ ਪੁੱਤਰ ਬੂਟਾ ਸਿੰਘ ਜੋ ਕਿ ਗਰਮ-ਖਿਆਲੀ ਸਿੱਖ ਸਿਆਸਤ ਦਾ ਧਾਰਨੀ ਹੈ, ਉਸ ਦੇ ਵਿਰੋਧ ਵਿੱਚ ਖੜ੍ਹਾ ਹੋ ਜਾਂਦਾ ਹੈ। ਚੌਧਰੀ ਸਾਹਮਣੇ ਇੱਕ ਨੈਤਿਕ ਦਵੰਦ ਖੜ੍ਹਾ ਹੋ ਜਾਂਦਾ ਹੈ। ਉਹ ਦੋਸਤ ਨੂੰ ਦਿੱਤਾ ਆਖ਼ਰੀ ਵਚਨ ਨਿਭਾਵੇ ਜਾਂ ਆਪਣਾ ਪਿਤਾ-ਧਰਮ? ਇਸੇ ਕਸ਼ਮਕਸ਼ ਵਿੱਚ ਉਹ ਪੰਡਿਤ ਮੂਲਚੰਦ ਦੀ ਮਦਦ ਨਾਲ ਨਾਜ਼ੀ ਨੂੰ ਪਾਕਿਸਤਾਨ ਛੱਡ ਆਉਣ ਦਾ ਫ਼ੈਸਲਾ ਲੈਂਦਾ ਹੈ। ਬੂਟਾ ਸਿੰਘ ਉਸੇ ਰਾਤ ਨਾਜ਼ੀ ਨੂੰ ਅਗਵਾ ਕਰ ਲੈਂਦਾ ਹੈ। ਬੂਟਾ ਸਿੰਘ ਜ਼ੋਰ-ਜ਼ਬਰਦਸਤੀ ਤੇ ਉੱਤਰ ਆਉਂਦਾ ਹੈ ਤਾਂ ਮਜਬੂਰਨ ਚੌਧਰੀ ਉਸ ਨੂੰ ਗੋਲੀ ਮਾਰ ਦਿੰਦਾ ਹੈ ਜੋ ਉਸ ਨੂੰ ਬਚਾਉਣ ਲਈ ਅੱਗੇ ਆਈ ਬੂਟਾ ਸਿੰਘ ਦੀ ਛੋਟੀ ਭੈਣ ਲਾਜੋ ਦੀ ਬਾਂਹ ਵਿੱਚੋਂ ਆਰ-ਪਾਰ ਹੋ ਜਾਂਦੀ ਹੈ। ਬੂਟਾ ਸਿੰਘ ਇੱਕਦਮ ਸੁੰਨ ਰਹਿ ਜਾਂਦਾ ਹੈ ਅਤੇ ਲਾਜੋ, ਆਪਣੇ ਪਿਤਾ ਅਤੇ ਨਾਜ਼ੀ ਤੋਂ ਮੁਆਫ਼ੀ ਮੰਗਦਾ ਹੈ। ਅੰਤ ਵਿੱਚ ਉਹ ਪੂਰੇ ਰਸਮਾਂ-ਰਿਵਾਜਾਂ ਨਾਲ ਛੋਟੀ ਭੈਣ ਦੀ ਤਰ੍ਹਾਂ ਨਾਜ਼ੀ ਨੂੰ ਪਾਕਿਸਤਾਨ ਸ਼ੇਰਾ ਦੇ ਹਵਾਲੇ ਕਰ ਆਉਂਦਾ ਹੈ। ਉਸ ਦੇ ਪਿਤਾ ਦਾ ਦਿੱਤਾ ਵਚਨ ਨੇਪਰੇ ਚੜ੍ਹ ਜਾਂਦਾ ਹੈ ਤੇ ਦੋਸਤੀ ਦੀ ਲਾਜ ਬਚ ਜਾਂਦੀ ਹੈ। ਇਹ ਫਿਲਮ ਧਰਮ-ਨਿਰਪੱਖਤਾ ਦੇ ਹੱਕ ਵਿੱਚ ਮਹੱਤਵਪੂਰਨ ਦਸਤਾਵੇਜ਼ ਹੈ।

ਜਿੱਥੇ 'ਚੌਧਰੀ ਕਰਨੈਲ ਸਿੰਘ' 1947 ਦੀ ਵੰਡ ਕਾਰਨ ਇੱਕ ਪਿੰਡ ਦੇ ਬਾਸ਼ਿੰਦਿਆਂ ਦੇ ਸਮਾਜਿਕ ਰਿਸ਼ਤਿਆਂ ਵਿੱਚ ਪਈਆਂ ਗੁੰਝਲਾਂ ਦੀ ਗੱਲ ਕਰਦੀ ਹੈ, ਉੱਥੇ ਬੀ.ਬੀ.ਸੀ. ਦੁਆਰਾ ਨਿਰਮਾਣਤ ਦਸਤਾਵੇਜ਼ੀ ਫਿਲਮ, "ਇੰਡੀਆ : ਦੀ ਬਰਾਈਟਿਸਟ ਜੈਵਲ" ਵਿੱਚ ਅੰਗਰੇਜ਼ੀ ਸ਼ਾਸਨ ਦੇ ਆਖ਼ਰੀ ਸਾਲਾਂ ਵਿੱਚ ਉਨ੍ਹਾਂ ਦੁਆਰਾ ਰਾਜਭਾਗ ਨੂੰ ਬਚਾਉਣ ਲਈ ਲਾਗੂ ਕੀਤੀਆਂ ਵੰਡ-ਪਾਊ ਨੀਤੀਆਂ ਨੂੰ ਤੱਥਾਂ ਸਹਿਤ ਪੇਸ਼ ਕੀਤਾ ਗਿਆ ਹੈ। ਇਹ ਫਿਲਮ ਇਸ ਲਈ ਵੀ ਮਹੱਤਵਪੂਰਨ ਹੈ ਕਿ ਫਿਲਮ ਉਸ ਸਮੇਂ ਦੇ ਦਫ਼ਤਰੀ ਵਸੀਲਿਆਂ ਅਤੇ ਸਰਕਾਰੀ ਕੰਮ ਕਾਰਜ ਦੀ ਪੜਚੋਲ ਦੁਆਰਾ ਵੰਡ ਦੇ ਪਿੱਛੇ ਦੀ ਕਹਾਣੀ ਬਿਆਨ ਕਰਦੀ ਹੈ। ਇਸ ਸੀਰੀਜ਼ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਦੂਜੇ ਵਿਸ਼ਵ-ਯੁੱਧ ਤੋਂ ਬਾਅਦ ਬਰਤਾਨੀਆਂ ਦੀ ਆਪਣੀਆਂ ਕਾਲੋਨੀਆਂ ਉੱਪਰ ਪ੍ਰਾਸ਼ਸਕੀ ਪਕੜ ਢਿੱਲੀ ਹੋ ਰਹੀ ਸੀ ਤੇ ਉਹਨਾਂ ਲਈ ਭਾਰਤ ਨੂੰ ਆਜ਼ਾਦ ਕਰਨਾ ਇੱਕ ਸਿਆਸੀ ਮਜਬੂਰੀ ਬਣ ਚੁੱਕਿਆ ਸੀ।

2007 ਵਿੱਚ ਰਿਲੀਜ਼ ਹੋਈ ਕੇਨ ਮੈਕਮਿਲਨ ਦੁਆਰਾ ਨਿਰਦੇਸ਼ਿਤ ਕੀਤੀ ਫਿਲਮ 'ਪਾਰਟੀਸ਼ਨ' ਵਿੱਚ ਵੀ ਬਹੁਤ ਹੱਦ ਤੱਕ ਮਨੋਜ ਪੁੰਜ ਦੁਆਰਾ ਨਿਰਦੇਸ਼ਿਤ ਕੀਤੀ ਫਿਲਮ 'ਸ਼ਹੀਦੇ-ਮੁਹੱਬਤ ਬੂਟਾ ਸਿੰਘ' ਨਾਲ ਮਿਲਦੀਆਂ-ਜੁਲਦੀਆਂ ਘਟਨਾਵਾਂ ਨੂੰ ਆਧਾਰ ਬਣਾਇਆ ਗਿਆ ਹੈ। ਇਹਨਾਂ ਦੋਵਾਂ ਫਿਲਮਾਂ ਦੇ ਕਥਾਨਿਕ ਨਾਲ ਮਿਲਦਾ-ਜੁਲਦਾ ਵੇਰਵਾ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ, 'ਕਿਹਰੂ ਦਸ ਨੰਬਰੀਆ' ਵਿੱਚ ਵੀ ਮਿਲਦਾ ਹੈ। ਇਸ ਸਾਰੀ ਪ੍ਰੇਮ-ਕਹਾਣੀ ਦਾ ਵਿਸਥਾਰਤ ਵੇਰਵਾ ਲੈਰੀ ਕੌਲਿਨ ਅਤੇ ਡੌਮੀਨਿਕ ਲੈਪਰੇ ਦੁਆਰਾ ਲਿਖੀ ਕਿਤਾਬ 'ਫ਼ਰੀਡਮ ਐਟ ਮਿਡਨਾਈਟ' ਵਿੱਚ ਆਉਂਦਾ ਹੈ। ਇਸੇ ਕਹਾਣੀ ਤੇ ਪਾਕਿਸਤਾਨੀ ਨਾਵਲਕਾਰਾਂ ਇਸਰਤ ਰਹਿਮਾਨੀ ਨੇ 'ਮੁਹੱਬਤ' ਨਾਮ ਦਾ ਨਾਵਲ ਲਿਖਿਆ।

ਪੰਜਾਬੀ ਫਿਲਮ 'ਸ਼ਹੀਦੇ-ਮੁਹੱਬਤ ਬੂਟਾ ਸਿੰਘ' ਫਿਲਮ ਇੱਕ ਦੁਖਾਂਤ ਨੂੰ ਸਿਰਜਦੀ ਹੈ। ਫਿਲਮ ਦਾ ਮੁੱਖ ਪਾਤਰ ਮੁਹੱਬਤ ਦੀ ਮੂੰਹ-ਜ਼ੋਰ ਬੇਬਸੀ ਅਤੇ ਕਾਨੂੰਨੀ ਪੇਚੀਦਗੀਆਂ ਦਾ ਸ਼ਿਕਾਰ ਬਣਦਾ ਹੈ। ਫਿਲਮ ਵਿੱਚ ਮਾਨਵੀ ਮੁੱਲਾਂ ਤੇ ਸਿਰਜੇ ਰਿਸ਼ਤਿਆਂ ਦੀ ਵਿਆਖਿਆ ਰਾਜ ਅਤੇ ਸਰਹੱਦੀ ਨੀਤੀਆਂ ਦੁਆਰਾ ਤਹਿ ਕਰਨ ਨੇ ਫਿਲਮ ਨੂੰ ਮੌਜੂਦਾ ਦੌਰ ਵਿੱਚ ਸਰਹੱਦੀ ਅਤੇ ਮਨੁੱਖੀ ਅਧਿਕਾਰਾਂ ਵਿਚਲੇ ਟਕਰਾਉ ਨਾਲ ਵੀ ਜੋੜਿਆ ਹੈ। ਪ੍ਰਸਿੱਧ ਚਿੰਤਕ ਐਡਵਰਡ ਸਈਅਦ ਅਨੁਸਾਰ, ਉਵੀਂਹਵੀ ਸਦੀ ਸਰਹੱਦਾਂ ਟੱਪਣ ਅਤੇ ਗ਼ੈਰ-ਕਾਨੂੰਨੀ ਲਾਂਘਿਆਂ ਦੀ ਸਦੀ ਹੈ।" ਇਸ ਦੇ ਪਿੱਛੇ ਕੰਮ ਕਰਦੇ ਸਿਆਸੀ ਵਰਤਾਰਿਆਂ ਅਤੇ ਧਾਰਮਿਕ ਕਾਰਨਾਂ ਨੂੰ ਵੀ ਇਸ ਫਿਲਮ ਵਿੱਚ ਪੜ੍ਹਿਆ ਜਾ ਸਕਦਾ ਹੈ। ਬੂਟਾ ਸਿੰਘ ਅਤੇ ਜ਼ੈਨਬ ਦੀ ਪ੍ਰੇਮ-ਕਹਾਣੀ ਜੇ ਵੰਡ ਤੋਂ ਬਿਨਾਂ ਕਿਸੇ ਹੋਰ ਕਾਲ-ਖੰਡ ਵਿੱਚ ਵਾਪਰਦੀ ਤਾਂ ਇਸ ਦਾ ਆਦਿ ਤੇ ਅੰਤ ਸੁਖਾਂਤ ਹੋ ਸਕਦਾ ਸੀ ਪਰ ਵੰਡ ਦਾ ਸਮਾਂ ਜਿੱਥੇ ਮਨੁੱਖੀ ਕਦਰਾਂ-ਕੀਮਤਾਂ ਦੇ ਘਾਣ ਦਾ ਸਮਾਂ ਸੀ, ਉੱਥੇ ਆਪਸੀ ਵਿਸ਼ਵਾਸ, ਪਿਆਰ ਅਤੇ ਭਾਈਚਾਰੇ ਦੀਆਂ ਤੰਦਾਂ ਵੀ ਤਿੜਕ ਰਹੀਆਂ ਸਨ। ਦੂਜੇ ਪਾਸੇ ਪਿਛਲੇ ਸਾਲ ਪਾਕਿਸਤਾਨੀ ਅਖਬਾਰ 'ਡਾਨ' ਦੇ ਇੱਕ ਪੱਤਰਕਾਰ ਨੇ ਬੂਟਾ ਸਿੰਘ ਦੀ ਕਬਰ ਅਤੇ ਖੁਦਕੁਸ਼ੀ ਵਾਲੀ ਜਗਹ ਨੂੰ ਫਿਰ ਤੋਂ ਜਾ ਲੱਭਿਆ। ਇਸ ਤੱਥ ਇਸ ਗੱਲ ਦੀ ਵੀ ਤਸਦੀਕ ਕਰਦਾ ਹੈ ਕਿ ਜਿੱਥੇ ਇੱਕ ਪਾਸੇ ਵੰਡ ਦੇ ਸਦਮਿਆਂ, ਵਿਛੋੜਿਆਂ, ਉਜਾੜਿਆਂ ਦੀਆ ਦਾਸਤਾਨਾਂ ਦਾ ਸਫਰ ਖਤਮ ਨਹੀਂ ਹੋਇਆ ਉੱਥੇ ਮਹੁੱਬਤਾਂ, ਜਜ਼ਬਾਤਾਂ ਅਤੇ ਮੋਹ ਦੀਆਂ ਕਹਾਣੀਆਂ ਵੀ ਨਹੀਂ ਮਰੀਆ।




ਮਾਈਕਲ ਵੁੱਡ ਦੁਆਰਾ ਨਿਰਦੇਸ਼ਿਤ ਫਿਲਮ 'ਦੀ ਸਟੋਰੀ ਔਫ ਇੰਡੀਆਜ਼ ਫਰੀਡਮ' ਵਿੱਚ ਨਿਰਦੇਸ਼ਕ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੁਆਰਾ ਭਾਰਤੀ ਖਿੱਤੇ ਵਿੱਚ ਮੌਜੂਦ ਰਾਜਾਂ ਨੂੰ ਹਥਿਆਉਣ ਲਈ ਕੀਤੀਆਂ ਸ਼ਾਜਿਸ਼ਾਂ, 1857 ਦੇ ਗ਼ਦਰ, ਭਾਰਤੀ ਆਜ਼ਾਦੀ ਅੰਦੋਲਨ ਅਤੇ 1947 ਦੀ ਵੰਡ ਦੀਆਂ ਘਟਨਾਵਾਂ ਨੂੰ ਸਿਲਸਿਲੇਵਾਰ ਪੇਸ਼ ਕਰਦਾ ਹੈ। ਇਸ ਫਿਲਮ ਵਿੱਚ ਭਾਰਤ ਦੀ ਵੰਡ ਨੂੰ ਗ਼ੈਰ-ਵਿਵਹਾਰਕ ਅਤੇ ਲੋਕਾਂ ਦਾ ਮਨੋਬਲ ਤੋੜਣ ਵਾਲੀ ਘਟਨਾ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਨਿਰਦੇਸ਼ਕ ਅਨੁਸਾਰ ਵੰਡ ਦੀ ਜ਼ਰੂਰਤ ਸਬੰਧੀ ਖੁਦ ਬਰਤਾਨਵੀ ਸਰਕਾਰ ਵੀ ਸ਼ੰਸ਼ੋਪੰਜ ਵਿੱਚ ਸੀ।

ਇਸੇ ਤਰ੍ਹਾਂ ਮੈਰੀ ਲੂਈਸ ਡੈਰੀਅਨ ਦੀ ਫਿਲਮ 'ਦੀ ਰੋਡ ਟੂੰ ਇੰਡੀਅਨ ਇਨਡਪੈਨਡਿਸ' ਵਿੱਚ ਦੰਗਿਆਂ ਦੀ ਸਿਆਸਤ ਅਤੇ ਉਸ ਦੇ ਖ਼ਿਲਾਫ਼ ਮਹਾਤਮਾ ਗਾਂਧੀ ਦੀ ਨਾ-ਮਿਲਵਰਤਣ ਲਹਿਰ ਦਾ ਜ਼ਿਕਰ ਬਹੁਤ ਵਿਸਥਾਰ ਨਾਲ ਕੀਤਾ ਗਿਆ ਹੈ। ਫਿਲਮ ਵਿੱਚ ਇਸ ਤੱਥ ਦੀ ਵੀ ਨਿਸ਼ਾਨਦੇਹੀ ਕੀਤੀ ਗਈ ਹੈ ਕਿ ਗਾਂਧੀ, ਨਹਿਰੂ ਅਤੇ ਆਜ਼ਾਦੀ ਅੰਦੋਲਨ ਨਾਲ ਜੁੜੇ ਬਹੁਤ ਸਾਰੇ ਨੇਤਾਵਾਂ ਦੀਆਂ ਸਿਰ ਤੋੜ ਕੋਸ਼ਿਸ਼ਾਂ ਦੇ ਬਾਵਜੂਦ ਧਰਮ ਨੇ ਫਿਰਕੂ ਲੀਹਾਂ ਤੇ ਹਿੰਦੋਸਤਾਨ ਅਤੇ ਪਾਕਿਸਤਾਨ ਦੋ ਵੱਖ-ਵੱਖ ਦੇਸ਼ਾਂ ਨੂੰ ਹੋਂਦ ਵਿੱਚ ਲੈ ਕੇ ਆਂਦਾ।

ਇੱਕ ਹੋਰ ਮਹਤੱਵਪੂਰਨ ਦਸਤਾਵੇਜ਼ੀ ਫਿਲਮ 'ਡਿਵੀਜ਼ਨਜ਼ ਆਫ ਹਾਰਟ' ਜਿਸ ਨੂੰ ਸਤੀ ਖੰਨਾ ਅਤੇ ਪੀਟਰ ਚੈਪਲ ਦੁਆਰਾ ਨਿਰਦੇਸ਼ਿਤ ਕੀਤਾ ਗਿਆ ਹੈ, ਵਿੱਚ ਇਸ ਇਤਿਹਾਸਕ ਘਟਨਾ ਨੂੰ ਟਾਂਗਾ ਚਲਾਉਣ ਵਾਲਿਆਂ, ਮਜ਼ਦੂਰਾਂ, ਵਪਾਰੀਆਂ ਅਤੇ ਕਿਸਾਨਾਂ ਦੁਆਰਾ ਸੁਣਾਈਆਂ ਆਪਬੀਤੀਆਂ/ਜੱਗਬੀਤੀਆਂ ਦੇ ਮਾਧਿਅਮ ਦੁਆਰਾ ਦਰਸਾਇਆ ਗਿਆ ਹੈ। ਇਸ ਫਿਲਮ ਵਿੱਚ ਵੰਡ ਦੇ ਉਜਾੜੇ ਅਤੇ ਇਸ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਆਮ ਲੋਕਾਂ ਦੇ ਨਜ਼ਰੀਏ ਤੋਂ ਸਮਝਾਉਣ ਦੀ ਵਧੀਆ ਕੋਸ਼ਿਸ਼ ਕੀਤੀ ਗਈ ਹੈ।

ਇਸ ਤੋਂ ਇਲਾਵਾ ਰਿਕਾਰਡੋ ਪਲਾਕ ਦੀ ਫਿਲਮ 'ਦੀ ਡੇਅ ਇੰਡੀਆ ਬਰਨਡ: ਪਾਰਟੀਸ਼ਨ' ਵਿੱਚ ਸ਼ਾਮਿਲ ਤੱਥਾਂ ਅਤੇ ਘਟਨਾਵਾਂ ਦਾ ਵੇਰਵਾ ਹਿੰਦੂ-ਮੁਸਲਮਾਨਾਂ-ਸਿੱਖਾਂ ਦੁਆਰਾ ਦਿੱਤੇ ਬਿਆਨਾਂ ਤੇ ਅਧਾਰਿਤ ਰੱਖਿਆ ਗਿਆ ਹੈ ਜਿਨ੍ਹਾਂ ਦੇ ਇਲਾਕਿਆਂ ਵਿੱਚ ਭਾਈਚਾਰਕ ਅਣਪੱਤ ਅਤੇ ਸਹਿਹੋਂਦ ਨੂੰ 1947 ਦੀ ਵੰਡ ਨੇ ਖੇਰੂ-ਖੇਰੂ ਕਰ ਦਿੱਤਾ। ਫਿਲਮ ਉਨ੍ਹਾਂ ਦੇ ਦਿਲਾਂ ਵਿੱਚ ਪਣਪੇ ਖਦਸ਼ਿਆਂ, ਸੰਸਿਆਂ ਅਤੇ ਅਵਿਸ਼ਵਾਸ ਨੂੰ ਜ਼ੁਬਾਨ ਦਿੰਦੀ ਹੈ।

1947 ਦੀ ਵੰਡ ਦਾ ਇੱਕ ਬੇਹੱਦ ਮਹੱਤਵਪੂਰਨ ਦਸਤਾਵੇਜ਼ ਹੈ, ਟੀ.ਵੀ. ਡਰਾਮਾ-'ਤਮਸ'। 'ਤਮਸ' ਦੇ ਨਿਰਦੇਸ਼ਕ ਪ੍ਰਸਿੱਧ ਹਿੰਦੀ ਨਿਰਦੇਸ਼ਕ ਗੋਵਿੰਦ ਨਿਹਲਾਨੀ ਸਨ। 'ਤਮਸ' ਜਾਣੀ 'ਅੰਧਕਾਰ' ਵਿੱਚ ਜਿੰਨੇ ਯਥਾਰਥਵਾਦੀ ਅਤੇ ਬਰੀਕ ਢੰਗ ਨਾਲ ਵੰਡ ਦੀ ਸਿਆਸਤ ਨੂੰ ਫ਼ੜਣ ਦਾ ਤਰੱਦਦ ਕੀਤਾ ਗਿਆ ਹੈ, ਉਹ ਕਾਬਲੇ-ਤਾਰੀਫ਼ ਹੈ। ਇਹ ਟੀ.ਵੀ ਡਰਾਮਾ ਲੇਖਕ ਤੀਸ਼ਮ ਸ਼ਾਹਨੀ ਦੁਆਰਾ ਇਸੇ ਨਾਮ ਦੇ ਨਾਵਲ 'ਤਮਸ' ਤੇ ਆਧਾਰਿਤ ਸੀ। ਭੀਸ਼ਮ ਸ਼ਾਹਨੀ ਖੁਦ ਵੰਡ ਸਮੇਂ ਉੱਜੜਕੇ ਆਏ ਸਨ ਅਤੇ ਉਨ੍ਹਾਂ ਨੇ ਰਾਵਲਪਿੰਡੀ ਅਤੇ ਨੇੜੇ ਦੇ ਇਲਾਕਿਆਂ ਵਿੱਚ ਵੰਡ ਦੀ ਦਹਿਸ਼ਤ ਤੇ ਵਹਿਸ਼ਤ ਨੂੰ ਅੱਖੀ ਦੇਖਿਆ ਸੀ। ਇਸ ਨੂੰ ਆਪਣੇ ਨਾਵਲ ਦਾ ਪਲਾਟ ਬਣਾਉਂਦਿਆ ਉਨ੍ਹਾਂ ਨੇ ਵੰਡ ਸਮੇਂ ਤਰਕ ਅਤੇ ਸਿਧਾਤਾਂ ਦਾ ਸਥਾਨ ਧਾਰਮਿਕ ਜਨੂੰਨ ਅਤੇ ਅਵਿਸ਼ਵਾਸ ਦੁਆਰਾ ਲੈ ਲੈਣ ਨੂੰ ਸੰਵੇਦਨਸ਼ੀਲ ਢੰਗ ਨਾਲ ਪਰਦੇ ਤੇ ਸਾਕਾਰ ਕੀਤਾ।









# HomeLife SilverCity
## Realty Inc., Brokerage

EACH OFFICE ENDEPENDENTLY OWNED & OPERATED



NEW LOCATION
OPEN TO SERVE
YOU BETTER
AIRPORT RD/DREW



**Now Hiring**

New / Experienced Real Estate Sales Representative / Brokers

Office: 905-913-8500

50 Cottrelle Blvd., Unit 29, Brampton

www.HomelifeSilvercityTeam.com



**Team of OVER 350 Realtors**

BALJIT GARCHA
BROKER OF RECORD

AJIT GARCHA
BROKER / PRESIDENT



www.homelifesilvercityteam.com

"All agents are Salespersons/Brokers/Unless otherwise stated. Not intended to solicit salespersons/brokers under contract. Some conditions apply."